Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Nineteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 19, Issue 15, April 14, 2018 20451 N. Plum Grove Rd., Palatine, IL 60074 Ph:847-359-0746, Fax:847-705-9388


# ਕੈਪਟਨ ਨੂੰ ਹੁਣ ਪੁਲਿਸ ਦਾ ਪੇਚਾ

## ਉਚ ਅਫਸਰਾਂ ਦੀ ਲੜਾਈ ਨੇ ਸਿਰਦਰਦੀ ਵਧਾਈ



### ਸਰਕਾਰ ਦੀ ਚੁੱਪ 'ਤੇ ਸਵਾਲ

ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਵੱਲੋਂ ਕੀਤੇ ਖੁਲਾਸਿਆਂ ਪਿੱਛੋਂ ਵਿਰੋਧੀ ਧਿਰਾਂ ਨੇ ਕੈਪਟਨ ਸਰਕਾਰ 'ਤੇ ਦਬਾਅ ਬਣਾਇਆ ਹੈ ਕਿ ਸਰਕਾਰ ਸੱਚ ਸਾਹਮਣੇ ਆਉਣ ਪਿੱਛੋਂ ਵੀ ਸਾਬਕਾ ਮੰਤਰੀ ਬਿਕਰਮ ਮਜੀਠੀਆ, ਪੁਲਿਸ ਮੁਖੀ ਸੁਰੇਸ਼ ਅਰੋੜਾ ਤੇ ਡੀ.ਜੀ.ਪੀ. (ਇੰਟੈਲੀਜੈਂਸ) ਦਿਨਕਰ ਗੁਪਤਾ ਖਿਲਾਫ ਕਾਰਵਾਈ ਕਰਨ ਤੋਂ ਟਾਲਾ ਵੱਟ ਰਹੇ ਹਨ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਹੈ ਕਿ ਕਈ ਭੇਤ ਖੁੱਲ੍ਹਣ ਦੇ ਬਾਵਜੂਦ ਮੁੱਖ ਮੰਤਰੀ ਅਨੁਸ਼ਾਸਨ ਭੰਗ ਕਰਨ ਦੀ ਆੜ ਹੇਠ ਚਟੋਪਾਧਿਆਏ ਵਰਗੇ ਅਧਿਕਾਰੀ ਨੂੰ ਨੁੱਕਰੇ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਪੁਲਿਸ ਦੇ ਸਿਖਰਲੇ ਅਧਿਕਾਰੀਆਂ ਦਰਮਿਆਨ ਛਿੜੀ ਖਾਨਾਜੰਗੀ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਕਸੂਤੀ ਫਸਾ ਦਿੱਤਾ ਹੈ। ਸਰਕਾਰ ਲਈ ਸਭ ਤੋਂ ਵੱਧ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਇਹ ਮਾਮਲਾ ਹੁਣ ਹਾਈ ਕੋਰਟ ਤੱਕ ਪੁੱਜ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੂੰ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਧੜੇਬੰਦੀ ਦਾ ਇਲਮ ਪਹਿਲਾਂ ਹੀ ਸੀ ਪਰ ਮੁੱਖ ਮੰਤਰੀ ਨੇ ਇਸ ਅਹਿਮ ਮਸਲੇ ਤੋਂ ਅੱਖਾਂ ਮੀਟੀ ਰੱਖੀਆਂ। ਅਸਲ ਵਿਚ ਸਾਰਾ ਕਲੇਸ਼ ਕੁਰਸੀ ਦਾ ਹੈ। ਕਾਂਗਰਸ ਸਰਕਾਰ ਬਣਨ ਪਿੱਛੋਂ ਕਈ ਸੀਨੀਅਰ ਅਧਿਕਾਰੀਆਂ ਨੂੰ ਉਮੀਦ ਸੀ ਕਿ ਕੈਪਟਨ ਸਭ ਤੋਂ ਪਹਿਲਾ ਕੰਮ, ਪੰਜਾਬ ਪੁਲਿਸ ਮੁਖੀ ਸੁਰੇਸ਼ ਅਰੋੜਾ ਨੂੰ ਕੁਰਸੀ ਤੋਂ ਲਾਂਭੇ ਕਰਨ ਦਾ ਕਰਨਗੇ; ਕਿਉਂਕਿ ਸੁਰੇਸ਼ ਅਰੋੜਾ ਨੂੰ ਬਾਦਲਾਂ ਦਾ ਖਾਸ ਸਮਝਿਆ ਜਾਂਦਾ ਹੈ ਪਰ ਕੈਪਟਨ ਨੇ ਪੰਜਾਬ ਪੁਲਿਸ ਦੇ ਇਸ ਟੀਸੀ ਵਾਲੇ ਅਹੁਦੇ ਵੱਲ ਨਜ਼ਰ ਗੱਡੀ ਬੈਠੇ ਸੀਨੀਅਰ ਅਫਸਰਾਂ ਦੇ ਸੁਪਨੇ ਚੂਰ ਕਰ ਦਿੱਤੇ। ਸੁਰੇਸ਼ ਅਰੋੜਾ ਤੋਂ ਇਲਾਵਾ ਬਾਦਲਾਂ ਦੇ ਕਰੀਬੀ ਹੋਰ ਸੀਨੀਅਰ ਅਫਸਰਾਂ ਦੀ ਅਦਲਾ-ਬਦਲੀ ਤੋਂ ਵੀ ਕਾਂਗਰਸ ਸਰਕਾਰ ਨੇ ਟਾਲਾ ਵੱਟ ਲਿਆ। ਕਾਂਗਰਸ ਦੇ ਆਪਣੇ ਮੰਤਰੀ ਅਤੇ ਵਿਧਾਇਕ ਕੈਪਟਨ ਕੋਲ ਪੁਲਿਸ ਅਧਿਕਾਰੀਆਂ ਦੇ ਅਕਾਲੀਆਂ ਦੇ ਹੱਕ ਵਿਚ ਭੁਗਤਣ ਬਾਰੇ ਸ਼ਿਕਾਇਤਾਂ ਲੈ ਕੇ ਗਏ ਪਰ ਮੁੱਖ ਮੰਤਰੀ ਨੇ ਸਿਰਫ ਹਦਾਇਤਾਂ ਦੇ ਕੇ ਹੀ ਬੁੱਤਾ ਸਾਰ ਦਿੱਤਾ। ਇਸ ਪਿੱਛੋਂ ਪੁਲਿਸ ਮੁਖੀ ਬਣਨ ਦਾ ਸੁਪਨਾ ਲਈ ਬੈਠੀ ਸੀਨੀਅਰ ਅਫਸਰਸ਼ਾਹੀ ਵੀ ਖਾਨਾਜੰਗੀ ਵਾਲੇ ਰਾਹ ਪੈ ਗਈ।

ਅੰਦਰੋ-ਅੰਦਰੀ ਚੱਲ ਰਹੀ ਖਿੱਚੋਤਾਣ ਉਦੋਂ ਬਾਹਰ ਆ ਗਈ ਜਦੋਂ ਅੰਮ੍ਰਿਤਸਰ ਦੇ ਇੰਦਰਪ੍ਰੀਤ ਸਿੰਘ ਚੱਢਾ ਖੁਦਕੁਸ਼ੀ ਮਾਮਲੇ ਵਿਚ ਆਈ.ਜੀ. ਐਲ.ਕੇ. ਯਾਦਵ ਨੇ ਐਸ. ਚਟੋਪਾਧਿਆਏ ਨੂੰ ਤਫਤੀਸ਼ ਵਿਚ ਸ਼ਾਮਲ ਹੋਣ ਲਈ ਕਿਹਾ। ਉਸ ਤੋਂ ਬਾਅਦ ਚਟੋਪਾਧਿਆਏ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਸਿੱਧਾ ਮੋਰਚਾ ਖੋਲ੍ਹ ਦਿੱਤਾ। ਇਸ ਅਧਿਕਾਰੀ (ਚਟੋਪਾਧਿਆਏ) ਨੇ ਹਾਈ ਕੋਰਟ ਵਿਚ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਬਾਰੇ ਅਜਿਹੇ ਖੁਲਾਸੇ ਕਰ ਦਿੱਤੇ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਇਨ੍ਹਾਂ ਦਾ ਮੂੰਹ ਬੰਦ ਕਰਵਾਉਣ ਲਈ ਸਿੱਧਾ ਦਖਲ ਦੇਣਾ ਪਿਆ। ਚਟੋਪਾਧਿਆਏ ਨੇ ਡੀ.ਜੀ.ਪੀ. ਸੁਰੇਸ਼ ਅਰੋੜਾ ਤੇ ਡੀ.ਜੀ.ਪੀ. (ਇੰਟੈਲੀਜੈਂਸ) ਦਿਨਕਰ ਗੁਪਤਾ ਨੂੰ ਨਸ਼ਿਆਂ ਦੇ ਕਾਰੋਬਾਰ ਦੇ ਮਾਮਲੇ 'ਚ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। ਇਸ ਅਧਿਕਾਰੀ ਦਾ ਇਹ ਵੀ ਦਾਅਵਾ ਹੈ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਿੱਟ (ਵਿਸ਼ੇਸ਼ ਜਾਂਚ ਟੀਮ) ਵੱਲੋਂ ਨਸ਼ਿਆਂ ਸਬੰਧੀ ਕੀਤੀ ਜਾ ਰਹੀ ਜਾਂਚ ਪੰਜਾਬ ਦੇ ਇਨ੍ਹਾਂ ਦੋ ਚੋਟੀ ਦੇ ਪੁਲਿਸ ਅਫਸਰਾਂ ਵੱਲ ਵਧ ਰਹੀ ਹੈ।

ਕੈਪਟਨ ਵੱਲੋਂ ਜਦੋਂ ਨਸ਼ਾ ਤਸਕਰੀ ਰੋਕਣ ਲਈ ਏ.ਡੀ.ਜੀ.ਪੀ. ਰੈਂਕ ਦੇ ਪੁਲਿਸ ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਵਿਸ਼ੇਸ਼


(ਬਾਕੀ ਸਫਾ 6 ਉਤੇ)


# ਜਾਤੀਵਾਦੀ ਵਲਗਣਾਂ ਵਿਚ ਆਪ ਹੀ ਫਸੀ ਮੋਦੀ ਸਰਕਾਰ

**ਲਖਨਊ:** ਲੋਕ ਸਭਾ ਚੋਣ ਤੋਂ ਤਕਰੀਬਨ ਪੌਣਾ ਕੁ ਸਾਲ ਪਹਿਲਾਂ ਤਿਆਰ ਹੋ ਰਿਹਾ ਸਿਆਸੀ ਪਿੜ ਭਾਜਪਾ ਨੂੰ ਸੋਚੀਂ ਪਾਉਣ ਵਾਲਾ ਹੈ। ਆਮ ਚੋਣਾਂ ਵਿਚ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਜਿਥੇ ਵਿਰੋਧੀ ਧਿਰਾਂ ਵੰਡੀਆਂ ਵਾਲੀ ਨੀਤੀ ਖਿਲਾਫ ਝੰਡਾ ਚੁੱਕੀ ਬੈਠੇ ਹਨ। ਪਤਾ ਲੱਗਾ ਹੈ ਕਿ ਭਾਜਪਾ ਇਸ ਮੁੱਦੇ 'ਤੇ ਇੰਨਾ ਡਰ ਗਈ ਹੈ ਕਿ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਇਸ ਮਸਲੇ 'ਤੇ ਮੁਲਾਕਾਤ



ਮਹਾਂਗੱਠਜੋੜ ਵੱਲ ਵਧ ਰਹੀਆਂ ਹਨ, ਉਥੇ ਭਗਵਾ ਧਿਰ ਦਾ ਫਿਰਕੂ ਏਜੰਡਾ ਹੀ ਇਸ ਦੇ ਰਾਹ ਵਿਚ ਰੋੜਾ ਬਣਦਾ ਜਾਪ ਰਿਹਾ ਹੈ। ਖਾਸਕਰ ਜਾਤੀਵਾਦ ਦੇ ਮੁੱਦੇ 'ਤੇ ਨਰੇਂਦਰ ਮੋਦੀ ਸਰਕਾਰ ਇਨ੍ਹੀਂ ਦਿਨੀਂ ਬੁਰੀ ਤਰ੍ਹਾਂ ਘਿਰੀ ਹੋਈ ਹੈ। ਭਗਵਾ ਧਿਰ ਲਈ ਫਿਕਰ ਵਾਲੀ ਗੱਲ ਇਹ ਹੈ ਕਿ ਇਸ ਦੇ ਆਪਣੇ ਸੀਨੀਅਰ ਆਗੂ ਜਾਤੀ ਲਈ ਮਜਬੂਰ ਹੋਣਾ ਪਿਆ।

ਉਤਰ ਪ੍ਰਦੇਸ਼ ਤੋਂ ਪਾਰਟੀ ਦੇ ਹੀ ਦਲਿਤ ਲੀਡਰਾਂ ਵੱਲੋਂ ਆਪਣੀ ਸਰਕਾਰ ਖਿਲਾਫ ਖੋਲ੍ਹਿਆ ਮੋਰਚਾ ਸਭ ਤੋਂ ਵੱਡੀ ਸਿਰਦਰਦੀ ਹੈ। ਯੋਗੀ ਅਦਿਤਿਆਨਾਥ ਸਰਕਾਰ ਖਿਲਾਫ਼ ਬਗਾਵਤ ਦਾ ਝੰਡਾ ਉਠਾਉਂਦਿਆਂ ਐਨ.ਡੀ.ਏ.


(ਬਾਕੀ ਸਫਾ 6 ਉਤੇ)


## ਪਾਠਕਾਂ ਨੂੰ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com


PUNJABI
MEGA
PACK
$14.99 PER MONTH
FOR 24 MONTHS
Save $240 over 2 years
PTC PUNJABI
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-0290
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 4/18/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

ਨਿਰਵਿਘਨ ਪ੍ਰਕਾਸ਼ਨ ਦੇ 19ਵੇਂ ਸਾਲ 'ਚ (ਪਹਿਲੀ ਜਨਵਰੀ 2000-2018)

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 18ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

**5 ਮਈ 2018 ਸਨਿਚਰਵਾਰ ਸ਼ਾਮੀ 6:30 ਵਜੇ**

**Atlantis Banquets**
1273 N. Rand Road,
Arlington Heights, IL 60004

ਮੁੱਖ ਮਹਿਮਾਨ



ਪ੍ਰੋ. ਜੋਗਿੰਦਰ ਸਿੰਘ ਰਮਦੇਵ

ਪਹੁੰਚ ਰਹੇ ਵਿਸ਼ੇਸ਼ ਬੁਲਾਰੇ



ਵਰਿਆਮ ਸਿੰਘ ਸੰਧੂ




ਪ੍ਰਿੰ. ਸਰਵਣ ਸਿੰਘ




ਡਾ. ਗੁਰਬਖਸ਼ ਸਿੰਘ ਭੰਡਾਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ




ਡਾ. ਗੁਰਦਿਆਲ ਸਿੰਘ ਬਸਰਾਨ



ਹਰਦਿਆਲ ਸਿੰਘ ਦਿਓਲ



ਡਾ. ਹਰਗੁਰਮੁਖਪਾਲ ਸਿੰਘ



ਹਰਜੀਤ ਸਿੰਘ ਸਾਹੀ



ਰਘਬੀਰ ਸਿੰਘ ਘੁੰਨ



ਜੈਦੇਵ ਸਿੰਘ ਭੱਠਲ



ਜਗਦੀਸ਼ਰ ਸਿੰਘ ਕਲੇਰ




ਡਾ. ਤੇਜਿੰਦਰ ਸਿੰਘ ਮੰਡੇਰ



ਦਰਸ਼ਨ ਸਿੰਘ ਦਰੜ



ਦਰਸ਼ਨ ਸਿੰਘ ਗਰੇਵਾਲ



ਬਲਵਿੰਦਰ ਸਿੰਘ ਸੰਧੂ




ਜੱਸੀ ਗਿੱਲ



ਸਰਵਣ ਸਿੰਘ ਟਿਵਾਣਾ



ਮਨਦੀਪ ਸਿੰਘ ਭੂਰਾ



ਅਯੁਧਿਆ ਸਲਵਾਨ



ਰਾਜਿੰਦਰ ਸਿੰਘ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਰਬਚਨ ਸਿੰਘ ਭੁੱਲਰ



ਤਰਲੋਚਨ ਸਿੰਘ ਦੁਪਾਲਪੁਰ




ਐਸ. ਅਸ਼ੋਕ ਭੌਰਾ



ਡਾ. ਗੁਰਨਾਮ ਕੌਰ



ਬੀਬੀ ਸੁਰਜੀਤ ਕੌਰ



ਬਲਜੀਤ ਬਾਸੀ



ਹਰਪਾਲ ਸਿੰਘ ਪੰਨੂ



ਜਤਿੰਦਰ ਪਨੂੰ



ਬੂਟਾ ਸਿੰਘ



ਮੇਜਰ ਕੁਲਾਰ



ਇਕਬਾਲ ਜੱਬੋਵਾਲ

**ਪੰਜਾਬ ਟਾਈਮਜ਼**

Ph: 847-359-0746

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

**Published simultaneously from Chicago, California & New York.**

*e-mail: punjabtimes1@gmail.com, website: www.punjabtimesusa.com*

## ਰਾਸ਼ਟਰਮੰਡਲ ਖੇਡਾਂ

# ਮਹਿਲਾ ਭਾਰਤੀ ਖਿਡਾਰੀਆਂ ਨੇ ਲਾਈ ਸੋਨੇ ਦੀ ਝੜੀ

**ਗੋਲਡ ਕੋਸਟ:** ਰਾਸ਼ਟਰਮੰਡਲ ਖੇਡਾਂ ਵਿਚ ਭਾਰਤੀ ਖਿਡਾਰੀਆਂ ਦਾ ਪ੍ਰਦਰਸ਼ਨ ਚੰਗਾ ਰਿਹਾ। ਖਾਸਕਰ ਮਹਿਲਾ ਖਿਡਾਰੀਆਂ ਨੇ ਭਾਰਤ ਲਈ ਸੋਨੇ ਦੇ ਮੈਡਲਾਂ ਦੀ ਝੜੀ ਲਾ ਦਿੱਤੀ। ਵੇਟਲਿਫਟਰ ਸਤੀਸ਼ ਕੁਮਾਰ ਅਤੇ ਵੈਂਕਟ ਰਾਹੁਲ ਰਗਾਲਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਭਾਰਤ ਦੀ ਝੋਲੀ ਸੋਨ ਤਗਮੇ ਪਾਏ ਹਨ। ਇਸ ਤੋਂ ਪਹਿਲਾਂ ਮਹਿਲਾ ਵਰਗ ਵਿਚ ਵੇਟਲਿਫਟਰ ਮੀਰਾਬਾਈ ਚਾਨੂ ਅਤੇ ਸੰਜੀਤਾ ਚਾਨੂ ਨੇ ਸੁਨਹਿਰੀ ਤਗਮੇ ਜਿੱਤੇ ਸਨ।

ਵਿਸ਼ਵ ਚੈਂਪੀਅਨ ਵੇਟਲਿਫਟਰ ਮੀਰਾਬਾਈ ਚਾਨੂ ਨੇ ਰਿਕਾਰਡਤੋੜ ਪ੍ਰਦਰਸ਼ਨ ਕਰਦਿਆਂ 21ਵੀਆਂ ਰਾਸ਼ਟਰਮੰਡਲ ਖੇਡਾਂ ਦੇ ਪਹਿਲੇ ਦਿਨ ਭਾਰਤ ਦੀ ਝੋਲੀ ਸੋਨ ਤਗਮਾ ਪਾਇਆ ਜਦਕਿ ਪੁਰਸ਼ ਵਰਗ ਵਿਚ ਛੁਪੇ ਰੁਸਤਮ ਸਾਬਤ ਹੋਏ ਪੀ.ਗੁਰੂਰਾਜਾ ਨੇ ਚਾਂਦੀ ਦਾ ਤਗਮਾ ਜਿੱਤ ਕੇ ਭਾਰਤ ਨੂੰ ਸ਼ਾਨਦਾਰ ਸ਼ੁਰੂਆਤ ਦਿਵਾਈ। ਚਾਨੂੰ ਨੇ ਗਲਾਸਗੋ ਵਿਚ ਪਿਛਲੀਆਂ ਰਾਸ਼ਟਰਮੰਡਲ ਖੇਡਾਂ ਵਿਚ ਚਾਂਦੀ ਦਾ ਤਗਮਾ ਜਿੱਤਿਆ ਸੀ।

ਹਰਿਆਣਾ ਦੇ ਦੀਪਕ ਲਾਠਰ ਨੂੰ ਕਾਂਸੀ ਦੇ ਤਗਮੇ ਨਾਲ ਸਬਰ ਕਰਨਾ ਪਿਆ, ਜਦਕਿ ਬੈਡਮਿੰਟਨ ਖਿਡਾਰੀਆਂ ਅਤੇ ਮੁੱਕੇਬਾਜ਼ਾਂ ਨੇ ਵੀ ਜਿੱਤਾਂ ਦਰਜ ਕੀਤੀਆਂ।

ਭਾਰਤੀ ਨਿਸ਼ਾਨੇਬਾਜ਼ ਹਿਨਾ ਸਿੱਧੂ ਨੇ ਭਾਰਤ ਦੀ ਝੋਲੀ ਸੋਨ ਤਗਮਾ ਪਾਇਆ। ਹਿਨਾ ਸਿੱਧੂ ਨੇ ਇਹ ਸੋਨ ਤਗਮਾ 25 ਮੀਟਰ ਏਅਰ ਪਿਸਟਲ ਮੁਕਾਬਲੇ 'ਚ ਨਵੇਂ ਰਾਸ਼ਟਰਮੰਡਲ ਰਿਕਾਰਡ ਨਾਲ ਹਾਸਲ ਕੀਤਾ। ਹਾਲਾਂਕਿ ਭਾਰਤੀ ਨਿਸ਼ਾਨੇਬਾਜ਼ ਅਨੂ ਸਿੰਘ ਨੂੰ ਇਸ ਮੁਕਾਬਲੇ 'ਚ ਨਿਰਾਸ਼ਾ ਹੱਥ ਲੱਗੀ, ਉਹ 6ਵੇਂ ਸਥਾਨ ਉਤੇ ਰਹੀ।

ਕਿਦੰਬੀ ਸ੍ਰੀਕਾਂਤ ਅਤੇ ਸਾਇਨਾ ਨੇਹਵਾਲ ਦੀ ਅਗਵਾਈ ਵਿਚ ਬੈਡਮਿੰਟਨ ਟੀਮ, ਅਚੰਤ ਸ਼ਰਤ ਕਮਲ ਦੀ ਅਗਵਾਈ ਵਿਚ ਪੁਰਸ਼ ਟੇਬਲ ਟੈਨਿਸ ਟੀਮ ਅਤੇ ਸਟਾਰ ਨਿਸ਼ਾਨੇਬਾਜ਼ ਜੀਤੂ ਰਾਏ ਦੇ ਸੁਨਹਿਰੀ ਪ੍ਰਦਰਸ਼ਨ ਨਾਲ ਭਾਰਤ ਨੇ 21ਵੀਆਂ ਰਾਸ਼ਟਰਮੰਡਲ ਖੇਡਾਂ ਵਿਚ ਸੋਨ ਤਗਮਿਆਂ ਦੀ ਗਿਣਤੀ ਵਧਾਈ।

ਵੇਟਲਿਫਟਰਾਂ ਨੇ ਆਪਣੀ ਸ਼ਾਨਦਾਰ ਮੁਹਿੰਮ ਦਾ ਅੰਤ ਪ੍ਰਦੀਪ ਸਿੰਘ (105 ਕਿਲੋ) ਦੇ ਚਾਂਦੀ ਦੇ ਤਗਮੇ ਨਾਲ ਕੀਤਾ। ਭਾਰਤ ਦੇ ਹੀ ਓਮ ਪ੍ਰਕਾਸ਼ ਮਿਠਾਰਵਲ ਨੇ ਨਿਸ਼ਾਨੇਬਾਜ਼ੀ ਵਿਚ ਕਾਂਸੀ ਦਾ ਤਗਮਾ ਜਿੱਤਿਆ ਅਥਲੈਟਿਕਸ ਦੀ ਪੁਰਸ਼ ਉਚੀ ਛਾਲ ਵਿਚ ਤੇਜਸਵਿਨ ਸ਼ੰਕਰ ਪੰਜਵੇਂ ਸਥਾਨ ਉਤੇ ਰਿਹਾ। ਮਹਿਲਾ 400 ਮੀਟਰ ਹਿਟਜ਼ ਵਿਚ ਪੂਵੱਮਾ ਰਾਜੂ ਮਾਚੇਤਿਰਾ ਪੰਜਵੇਂ, ਹਿਮਾ ਦਾਸ ਤੀਜੇ ਸਥਾਨ 'ਤੇ ਰਹੀਆਂ। ਪੁਰਸ਼ ਗੋਲਾ ਸੁੱਟਣ ਦੇ ਫਾਈਨਲ ਵਿਚ ਤੇਜਿੰਦਰ ਸਿੰਘ ਅੱਠਵੇਂ ਸਥਾਨ 'ਤੇ ਰਿਹਾ।

# ਜਸਟਿਸ ਜਸਵਿੰਦਰ ਬਸਰਾਨ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਬਣੇ

**ਓਟਵਾ:** ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਜੌਡੀ ਵਿਲਸਨ ਨੇ ਜਸਟਿਸ ਜਸਵਿੰਦਰ ਸਿੰਘ (ਬਿੱਲ) ਬਸਰਾਨ ਨੂੰ ਬ੍ਰਿਟਿਸ਼ ਕੋਲੰਬੀਆ ਦੀ ਵੈਨਕੂਵਰ ਸਥਿਤ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਹੈ। ਉਹ ਮੈਡਮ ਜਸਟਿਸ ਬੀ ਫਿਸ਼ਰ ਦਾ ਥਾਂ ਲੈਣਗੇ, ਜਿਨ੍ਹਾਂ ਨੂੰ 14 ਸਤੰਬਰ 2017 ਨੂੰ ਬ੍ਰਿਟਿਸ਼ ਕੋਲੰਬੀਆ ਦੀ ਕੋਰਟ ਆਫ ਅਪੀਲ ਲਈ ਨਿਯੁਕਤ ਕੀਤਾ ਗਿਆ ਸੀ। ਜਸਟਿਸ ਬਸਰਾਨ ਦੀ ਇਹ ਨਿਯੁਕਤੀ 20 ਅਕਤੂਬਰ 2016 ਨੂੰ ਐਲਾਨੇ ਗਏ ਨਵੇਂ ਨਿਆਂ ਨਿਯਮਾਂ ਤਹਿਤ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਜਸਟਿਸ ਬਸਰਾਨ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਡਾ. ਗੁਰਦਿਆਲ ਸਿੰਘ ਬਸਰਾਨ ਦੇ ਭਤੀਜੇ ਹਨ।

ਜਸਟਿਸ ਬਸਰਾਨ ਇਸ ਵੇਲੇ 'ਜਸਟਿਸ ਕੈਨੇਡਾ' ਵਿਭਾਗ ਦੇ ਰੀਜ਼ਨਲ ਡਾਇਰੈਕਟਰ ਜਨਰਲ ਅਤੇ ਸੀਨੀਅਰ ਜਨਰਲ ਕੌਂਸਲ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਯੂਨੀਵਰਸਿਟੀ ਆਫ ਸੈਸਕੇਚੇਵਨ ਤੋਂ ਕਾਮਰਸ (1989) ਅਤੇ ਲਾਅ



(1994) ਦੀ ਡਿਗਰੀ ਹਾਸਲ ਕੀਤੀ ਹੋਈ ਹੈ। ਵੈਨਕੂਵਰ ਵਿਚ 'ਕੈਂਪਨੇ ਐਂਡ ਮਰਫੀ' ਨਾਲ ਕੰਮ ਕਰਦਿਆਂ ਉਹ 1995 ਵਿਚ ਬ੍ਰਿਟਿਸ਼ ਕੋਲੰਬੀਆ ਬਾਰ ਤਕ ਪੁੱਜ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਵੈਨਕੂਵਰ ਵਿਚ ਹੀ ਜਸਟਿਸ ਕੈਨੇਡਾ ਵਿਭਾਗ ਵਿਚ ਪ੍ਰਵੇਸ਼ ਕਰ ਲਿਆ ਜਿਥੇ ਉਹ ਬੁਨਿਆਦੀ ਤੌਰ 'ਤੇ ਟੈਕਸ ਕੋਰਟ, ਫੈਡਰਲ ਕੋਰਟ ਅਤੇ ਫੈਡਰਲ ਕੋਰਟ (ਅਪੀਲ) ਵਿਚ ਕੰਮ ਕਰਦੇ ਸਨ।

ਸਾਲ 2004 ਵਿਚ ਜਸਟਿਸ ਬਸਰਾਨ ਬ੍ਰਿਟਿਸ਼ ਕੋਲੰਬੀਆ ਦੇ ਜਨਰਲ ਕੌਂਸਲ ਅਤੇ ਡਾਇਰੈਕਟਰ ਬਣ ਗਏ। ਇਸ ਅਹੁਦੇ 'ਤੇ ਬ੍ਰਿਟਿਸ਼ ਕੋਲੰਬੀਆ ਵਿਚ ਫੈਡਰਲ ਸਿਵਲ ਟੈਕਸ ਮੁਕੱਦਮੇਬਾਜੀ ਦੀ ਜਿੰਮੇਵਾਰੀ ਨਿਭਾਉਂਦੇ ਸਨ ਅਤੇ ਉਨ੍ਹਾਂ ਅਧੀਨ 60 ਵਕੀਲ ਅਤੇ ਹੋਰ ਸਟਾਫ ਕੰਮ ਕਰਦਾ ਸੀ। ਇਸੇ ਦੌਰਾਨ ਉਹ ਨੈਸ਼ਨਲ ਟੈਕਸ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਵੀ ਬਣ ਗਏ। 2007 ਵਿਚ ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਦਾ ਰੀਜ਼ਨਲ ਡਾਇਰੈਕਟਰ ਜਨਰਲ ਚੁਣਿਆ ਗਿਆ। ਉਥੇ ਉਨ੍ਹਾਂ ਅਧੀਨ 400 ਤੋਂ ਵੱਧ ਮੁਲਾਜ਼ਮ ਕਰਦੇ ਸਨ। 2007 ਤੋਂ 2016 ਤਕ ਉਹ ਜਸਟਿਸ ਐਗਜ਼ੀਕਿਊਟਿਵ ਕਮੇਟੀ ਵਿਭਾਗ ਦੇ ਮੈਂਬਰ ਰਹੇ। ਜਸਟਿਸ ਬਸਰਾਨ ਨੇ ਵਿਭਾਗ ਦੇ ਨੈਸ਼ਨਲ ਮੈਂਟਰਿੰਗ ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਅਹਿਮ ਯੋਗਦਾਨ ਪਾਇਆ। ਵਧੀਆ ਕਾਰਗੁਜ਼ਾਰੀ ਲਈ ਉਨ੍ਹਾਂ ਨੂੰ 2012 ਵਿਚ ਮਹਾਰਾਣੀ ਐਲਿਜ਼ਬੈਥ ਡਾਇਮੰਡ ਜੁਬਲੀ ਮੈਡਲ ਨਾਲ ਨਿਵਾਜਿਆ ਗਿਆ ਸੀ।

# ਯੂ.ਐਨ. ਦੀ ਅਤਿਵਾਦ ਬਾਰੇ ਸੂਚੀ 'ਚ ਪਾਕਿਸਤਾਨ ਨੂੰ ਧੱਕਾ

**ਇਸਲਾਮਾਬਾਦ:** ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਅਤਿਵਾਦੀਆਂ ਦੀ ਤਾਜ਼ਾ ਸੂਚੀ 'ਚ ਇਕੱਲੇ ਪਾਕਿਸਤਾਨ ਦੇ ਹੀ 139 ਨਾਗਰਿਕ ਹਨ, ਜਿਨ੍ਹਾਂ ਵਿਚ ਮੁੰਬਈ ਹਮਲਿਆਂ ਦੇ ਸਾਜਿਸ਼ਕਰਤਾ ਹਾਫ਼ਿਜ਼ ਸਈਦ ਦਾ ਨਾਂ ਵੀ ਸ਼ਾਮਲ ਹੈ। ਡਾਨ ਨਿਊਜ਼ ਦੀ ਖਬਰ ਅਨੁਸਾਰ ਸੂਚੀ 'ਚ ਚੋਟੀ ਉਤੇ ਓਸਾਮਾ ਬਿਨ ਲਾਦਿਨ ਦੇ ਉਤਰਾਅਧਿਕਾਰੀ ਆਇਮਾਨ ਅਲ-ਜਵਾਹਰੀ ਦਾ ਨਾਂ ਹੈ।

ਸੰਯੁਕਤ ਰਾਸ਼ਟਰ ਦੀ ਇਸ ਸੂਚੀ 'ਚ ਭਾਰਤੀ ਨਾਗਰਿਕ ਦਾਊਦ ਇਬਰਾਹਿਮ ਕਾਸਕਾਰ ਦਾ ਨਾਂ ਵੀ ਹੈ। ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਅਨੁਸਾਰ ਦਾਊਦ ਕੋਲ ਕਈ ਪਾਸਪੋਰਟ ਹਨ ਜੋ ਰਾਵਲਪਿੰਡੀ ਅਤੇ ਕਰਾਚੀ ਤੋਂ ਜਾਰੀ ਹੋਏ ਹਨ। ਰਿਪੋਰਟ ਅਨੁਸਾਰ ਲਸ਼ਕਰ ਆਪਣੇ ਵੱਖ-ਵੱਖ ਉਪਨਾਵਾਂ ਨਾਲ ਸੂਚੀਬੱਧ ਹੈ, ਜਿਵੇਂ ਕਿ ਅਲ-ਮਨਸੂਰੀਅਨ, ਪਾਸਬਾਨ-ਏ-ਕਸ਼ਮੀਰ, ਪਾਸਬਾਨ-ਏ-ਅਹਿਲ ਹਦੀਸ, ਜਮਾਤ-ਉਦ-ਦਾਅਵਾ ਅਤੇ ਫਲ੍ਹਾ-ਏ-ਇਨਸਾਨੀਅਤ। ਸੰਯੁਕਤ ਰਾਸ਼ਟਰ ਨੇ ਦਾਅਵਾ ਕੀਤਾ ਕਿ ਸੂਚੀ 'ਚ ਚੋਟੀ ਉਤੇ ਕਾਬਜ਼ ਅਲ-ਜਵਾਹਰੀ ਅਜੇ ਵੀ ਅਫਗਾਨਿਸਤਾਨ-ਪਾਕਿਸਤਾਨ ਸਰਹੱਦੀ ਇਲਾਕੇ 'ਚ ਕਿਤੇ ਲੁਕਿਆ ਹੋਇਆ ਹੈ।

# ਸੀਰਿਆਈ ਸ਼ਰਨਾਰਥੀਆਂ ਦੀ ਵਾਪਸੀ 'ਤੇ ਜ਼ੋਰ

**ਅੰਕਾਰਾ:** ਤੁਰਕੀ, ਇਰਾਨ ਤੇ ਰੂਸ ਦੇ ਆਗੂਆਂ ਨੇ ਸੀਰੀਆ ਦੀ ਖਾਨਾਜੰਗੀ ਕਾਰਨ ਉਥੋਂ ਉਜੜ ਕੇ ਹੋਰ ਦੇਸ਼ਾਂ ਵਿਚ ਜਾ ਵਸੇ ਲੋਕਾਂ ਦੀ ਦੇਸ਼ ਵਾਪਸੀ ਲਈ ਹਾਲਾਤ ਤਿਆਰ ਕਰਨ ਉਤੇ ਜ਼ੋਰ ਦਿੱਤਾ ਹੈ। ਤਿੰਨੇ ਆਗੂਆਂ ਨੇ ਅੰਕਾਰਾ ਵਿਚ ਤਿੰਨ ਧਿਰੀ ਵਾਰਤਾ ਤੋਂ ਬਾਅਦ ਜਾਰੀ ਕੀਤੇ ਇਕ ਸਾਂਝੇ ਐਲਾਨਨਾਮੇ ਵਿਚ ਇਹ ਮੁੱਦਾ ਉਭਾਰਿਆ ਹੈ। ਉਨ੍ਹਾਂ ਕਿਹਾ ਕਿ ਉਹ ਸੀਰੀਆ ਵਿਚ ਅਮਨ ਅਤੇ ਸਥਿਰਤਾ ਦੀ ਖਾਤਰ ਸਹਿਯੋਗ ਕਰਦੇ ਰਹਿਣਗੇ।

ਇਰਾਨ, ਰੂਸ ਤੇ ਤੁਰਕੀ ਦੇ ਰਾਸ਼ਟਰਪਤੀਆਂ ਨੇ ਛੇ ਮਹੀਨਿਆਂ ਵਿਚ ਦੂਜੀ ਵਾਰ ਤਿੰਨ ਧਿਰੀ ਵਾਰਤਾ ਰਚਾਈ ਤਾਂ ਜੋ ਸੀਰੀਆ ਲਈ ਅਮਨ ਵਾਰਤਾ ਵਿਚ ਤੇਜ਼ੀ ਲਿਆਂਦੀ ਜਾ ਸਕੇ ਤੇ ਉਸ ਮੁਲਕ ਵਿਚ ਆਪਣਾ ਅਸਰ ਰਸੂਖ ਵਧਾਇਆ ਜਾ ਸਕੇ। ਤੁਰਕੀ ਦੇ ਰਾਸ਼ਟਰਪਤੀ ਰਸਿਪ ਤਈਅਪ ਅਰਦੋਗਨ ਨੇ ਆਪਣੇ ਰੂਸੀ ਤੇ ਇਰਾਨੀ ਹਮਰੁਤਬਾ ਵਲਾਦੀਮੀਰ ਪੂਤਿਨ ਤੇ ਹਸਨ ਰੂਹਾਨੀ ਦੀ ਮੇਜ਼ਬਾਨੀ ਕੀਤੀ। ਇਸ ਤੋਂ ਪਹਿਲਾਂ ਇਹ ਤਿੰਨ ਧਿਰੀ ਵਾਰਤਾ ਪਿਛਲੇ ਸਾਲ ਨਵੰਬਰ ਵਿਚ ਕਾਲੇ ਸਾਗਰ ਉਤੇ ਸਥਿਤ ਸੋਚੀ ਵਿਚ ਹੋਈ ਸੀ। ਇਨ੍ਹਾਂ ਤਿੰਨਾਂ ਦੇਸ਼ਾਂ ਦਰਮਿਆਨ ਸਹਿਯੋਗ ਵਧਣ ਨਾਲ ਕੌਮਾਂਤਰੀ ਰਾਜਨੀਤੀ ਵਿਚ ਇਨ੍ਹਾਂ ਦਾ ਰੁਤਬਾ ਵਧਿਆ ਹੈ।



# ਦਸਤਾਰ ਦਿਵਸ: ਨਿਊ ਯਾਰਕ 'ਚ ਸਿੱਖਾਂ ਨੇ ਬਣਾਇਆ ਰਿਕਾਰਡ

**ਨਿਊ ਯਾਰਕ:** ਸਿੱਖ ਭਾਈਚਾਰੇ ਵੱਲੋਂ ਮਨਾਏ ਗਏ ਦਸਤਾਰ ਦਿਵਸ ਮੌਕੇ ਨਿਊ ਯਾਰਕ ਦਾ ਟਾਈਮਜ਼ ਸਕੁਏਅਰ ਵੱਖ-ਵੱਖ ਰੰਗਾਂ ਦੀਆਂ ਦਸਤਾਰਾਂ ਨਾਲ ਰੰਗਿਆ ਗਿਆ। ਇਸ ਮੌਕੇ ਦਸਤਾਰਧਾਰੀ ਸਿੱਖਾਂ ਨੇ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਕਾਇਮ ਕਰ ਦਿੱਤਾ। ਕੁਝ ਘੰਟਿਆਂ ਵਿਚ 9000 ਤੋਂ ਵੱਧ ਲੋਕਾਂ ਨੇ ਦਸਤਾਰਾਂ ਬੰਨ੍ਹ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ। ਸਿੱਖਜ਼ ਆਫ ਨਿਊ ਯਾਰਕ ਨੂੰ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵੱਲੋਂ ਇਕ ਪ੍ਰਮਾਣ ਪੱਤਰ ਦਿੱਤਾ ਗਿਆ।



ਦਸਤਾਰ ਦਿਵਸ ਮੌਕੇ ਸ਼ਹਿਰ ਦੇ ਟਾਈਮਜ਼ ਸਕੁਏਅਰ ਵਿਚ ਵੱਖ-ਵੱਖ ਰੰਗਾਂ ਦੀਆਂ ਪੱਗਾਂ ਦਾ ਸੈਲਾਬ ਆ ਗਿਆ। ਸਿੱਖ ਜਥੇਬੰਦੀਆਂ ਨੇ ਮਹਿਮਾਨਾਂ ਦੇ ਦਸਤਾਰਾਂ ਸਜਾਈਆਂ ਤੇ ਨਾਲ ਹੀ ਉਨ੍ਹਾਂ ਨੂੰ ਆਪਣੇ ਧਰਮ ਤੇ ਵਿਰਸੇ ਦੀ ਜਾਣਕਾਰੀ ਦਿੱਤੀ। ਸਮਝਿਆ ਜਾਂਦਾ ਹੈ ਕਿ ਅਮਰੀਕਾ ਵਿਚ ਅਜੇ ਵੀ ਸਿੱਖਾਂ ਬਾਰੇ ਕਈ ਤਰ੍ਹਾਂ ਦੇ ਭੁਲੇਖੇ ਬਣੇ ਹੋਏ ਹਨ। ਸਿੱਖਜ਼ ਆਫ ਨਿਊ ਯਾਰਕ ਦੇ ਇਸ ਸਮਾਗਮ ਦੇ ਇਕ ਪ੍ਰਬੰਧਕ ਗਗਨਦੀਪ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਕਰਾਉਣ ਦਾ ਮੰਤਵ ਇਹ ਚੇਤਨਾ ਫੈਲਾਉਣਾ ਹੈ ਕਿ ਸਿਰਾਂ ਉਤੇ ਦਸਤਾਰ ਸਜਾਉਣ ਵਾਲੇ ਲੋਕੀਂ ਸਿੱਖ ਅਖਵਾਉਂਦੇ ਹਨ। ਅਸੀਂ ਇਹ ਵੀ ਦੱਸਦੇ ਹਾਂ ਕਿ ਸਿੱਖ ਦਸਤਾਰ ਕਿਉਂ ਬੰਨ੍ਹਦੇ ਹਨ ਤੇ ਇਸ ਦਾ ਮਨੋਰਥ ਕੀ ਹੈ। ਇਹ ਤੁਹਾਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੀ ਹੈ। ਜੇ ਕੋਈ ਲੋੜਵੰਦ ਹੈ ਤਾਂ ਦਸਤਾਰਧਾਰੀ ਸਿੱਖ ਦਾ ਫਰਜ਼ ਹੈ ਕਿ ਉਸ ਦੀ ਮਦਦ ਕਰੇ।

ਉਨ੍ਹਾਂ ਦੱਸਿਆ ਕਿ ਇਹ ਛੇਵਾਂ ਸਮਾਗਮ ਕਰਾਇਆ ਗਿਆ ਹੈ ਤੇ ਲੋਕਾਂ ਦਾ ਹੁੰਗਾਰਾ ਜ਼ਬਰਦਸਤ ਰਿਹਾ ਹੈ।

ਦਸਤਾਰ ਦਿਵਸ ਸਮਾਗਮ ਵਿਚ ਹਿੱਸਾ ਲੈਣ ਵਾਲੀ ਇਕ ਨਾਗਰਿਕ ਹੱਕਾਂ ਦੀ ਜਥੇਬੰਦੀ ਸਿੱਖ ਕੁਲੀਸ਼ਨ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਭਾਈਚਾਰੇ ਦੇ ਮੈਂਬਰਾਂ ਖਿਲਾਫ਼ ਨਫਰਤੀ ਹਮਲੇ ਵਧੇ ਹਨ। ਜਥੇਬੰਦੀ ਨੇ ਪਿਛਲੇ ਮਹੀਨੇ ਕਿਹਾ ਸੀ ਕਿ 2018 ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਹਰ ਹਫਤੇ ਸਿੱਖਾਂ ਨੂੰ ਔਸਤਨ ਇਕ ਨਫਰਤੀ ਹਮਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸਲ ਵਿਚ ਨਫਰਤੀ ਹਮਲਿਆਂ ਦੀ ਗਿਣਤੀ ਕਿਤੇ ਜ਼ਿਆਦਾ ਹੈ ਕਿਉਂਕਿ ਬਹੁਤ ਸਾਰੇ ਪੀੜਤ ਅਜਿਹੇ ਹਮਲਿਆਂ ਦੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਜਾਂ ਸਿੱਖ ਕੁਲੀਸ਼ਨ ਨੂੰ ਇਤਲਾਹ ਨਹੀਂ ਦਿੰਦੇ।

ਅਮਰੀਕਨ ਮੀਡੀਆ ਨੇ ਆਮ ਲੋਕਾਂ ਦੇ ਮਨਾਂ ਵਿਚ ਇਹ ਭਰਮ ਬਿਠਾ ਦਿੱਤਾ ਹੈ ਕਿ ਦਸਤਾਰਧਾਰੀ ਲੋਕ ਦਹਿਸ਼ਤਪਸੰਦ ਹੁੰਦੇ ਹਨ ਤੇ ਇਸ ਦਾ ਸਭ ਤੋਂ ਵੱਧ ਖਮਿਆਜ਼ਾ ਸਿੱਖਾਂ ਨੂੰ ਹੀ ਭੁਗਤਣਾ ਪਿਆ ਹੈ। ਨੈਸ਼ਨਲ ਸਿੱਖ ਕੁਲੀਸ਼ਨ ਦੇ ਬਾਨੀ ਰਾਜਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਕਰਵਾਏ ਗਏ ਇਕ ਸਰਵੇਖਣ ਵਿਚ ਪਾਇਆ ਗਿਆ ਹੈ ਕਿ ਪੱਗ ਦੇਖ ਕੇ ਬਹੁਤ ਸਾਰੇ ਅਮਰੀਕੀਆਂ ਨੂੰ ਬੇਚੈਨੀ ਮਹਿਸੂਸ ਹੁੰਦੀ ਹੈ। ਉਨ੍ਹਾਂ ਕਿਹਾ ਕਿ ਬਹੁਤ ਜ਼ਿਆਦਾ ਲੋਕ (ਅਮਰੀਕੀ) ਨਹੀਂ ਜਾਣਦੇ ਕਿ ਇਸ (ਪੱਗ) ਦਾ ਮੰਤਵ ਕੀ ਹੈ। ਉਹ ਇਸ ਨੂੰ ਅਤਿਵਾਦ ਨਾਲ ਜੋੜ ਕੇ ਦੇਖਦੇ ਹਨ ਜਦਕਿ ਇਹ ਸਮਾਨਤਾ ਤੇ ਇਕਸੁਰਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਦਸਤਾਰ ਦਿਵਸ ਅਮਰੀਕੀਆਂ ਤੇ ਸਾਰੇ ਗੈਰ ਸਿੱਖਾਂ ਨੂੰ ਦਸਤਾਰ ਬੰਨ੍ਹਣ ਤੇ ਆਪਣੇ ਸਿੱਖ ਅਮਰੀਕੀਆਂ ਨਾਲ ਘੁਲਣ ਮਿਲਣ ਦਾ ਮੌਕਾ ਦਿੰਦਾ ਹੈ। ਵਿਸਾਖੀ ਮੌਕੇ ਦੇਸ਼ ਦੇ ਕਈ ਹੋਰ ਹਿੱਸਿਆਂ ਤੇ ਯੂਨੀਵਰਸਿਟੀਆਂ ਵਿਚ ਇਹ ਸਮਾਗਮ ਰਚਾਏ ਜਾ ਰਹੇ ਹਨ।

## ਕੁਵੈਤ ਨੇ 15 ਭਾਰਤੀਆਂ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਬਦਲੀ


**ਨਵੀਂ ਦਿੱਲੀ:** ਕੁਵੈਤ ਦੇ ਸੁਲਤਾਨ ਨੇ 15 ਭਾਰਤੀਆਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਹੈ। ਸਰਕਾਰ ਨੇ ਇਹ ਜਾਣਕਾਰੀ ਲੋਕ ਸਭਾ ਵਿਚ ਦਿੱਤੀ। ਵਿਦੇਸ਼ ਰਾਜ ਮੰਤਰੀ ਵੀ.ਕੇ. ਸਿੰਘ ਨੇ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਦੱਸਿਆ ਕਿ ਇਸ ਤੋਂ ਇਲਾਵਾ ਹੋਰ 119 ਭਾਰਤੀਆਂ ਦੀਆਂ ਸਜ਼ਾਵਾਂ ਨੂੰ ਵੀ ਘੱਟ ਕੀਤਾ ਗਿਆ ਹੈ। ਹਾਲਾਂਕਿ ਉਨ੍ਹਾਂ ਦੇ ਬਿਆਨ 'ਚ ਦੋਸ਼ੀਆਂ ਬਾਰੇ ਅਤੇ ਕਦੋਂ ਸਜ਼ਾਵਾਂ ਨੂੰ ਘਟਾਇਆ ਗਿਆ, ਜਾਣਕਾਰੀ ਨਹੀਂ ਦਿੱਤੀ ਗਈ।

119 ਭਾਰਤੀਆਂ ਵਿਚੋਂ 53 ਦੀ ਸਜ਼ਾ ਨੂੰ ਉਮਰ ਕੈਦ ਤੋਂ ਘਟਾ ਕੇ 20 ਸਾਲ ਤੱਕ ਕਰ ਦਿੱਤਾ ਗਿਆ ਹੈ। 22 ਭਾਰਤੀਆਂ ਨੂੰ ਤੁਰਤ ਰਿਹਾਅ ਕਰ ਦਿੱਤਾ ਹੈ ਜਦਕਿ 18 ਭਾਰਤੀਆਂ ਦੀ ਸਜ਼ਾ ਨੂੰ ਤਿੰਨ ਚੌਥਾਈ ਘਟਾ ਦਿੱਤਾ ਗਿਆ ਹੈ। 25 ਭਾਰਤੀਆਂ ਦੀ ਸਜ਼ਾ ਨੂੰ ਘਟਾ ਕੇ ਅੱਧੀ ਕਰ ਦਿੱਤਾ ਗਿਆ ਹੈ ਜਦਕਿ ਇਕ ਭਾਰਤੀ ਕੈਦੀ ਦੀ ਸਜ਼ਾ ਨੂੰ ਇਕ ਚੌਥਾਈ ਤੱਕ ਘਟਾ ਦਿੱਤਾ ਗਿਆ।


Auto & Home Insurance

Coverage you Deserve
Rates you can Afford

*Save up to $425
*Discounts for young drivers.
*Discount for new home buyers.
*Discount for Nurses.



Manjit Gill
Broker/Agent
CA Ins Lic# OB23990

Home, Life, Auto, Business & Health.

ਅੱਜ ਹੀ ਸੰਪਰਕ ਕਰੋ
ਫੋਨ: 510-888-1180
www.gillfinancial.com

Gill Financial & Insurance Services
31080 Union City Blvd, #201, Union City, CA 94587



ਵਾਜਬ ਕੀਮਤ 'ਤੇ ਘਰ ਖਰੀਦਣਾ ਚਾਹੁੰਦੇ ਹੋ! ਐਰੀਜ਼ੋਨਾ ਵਿਚ ਖਰੀਦੋ

ਬਹੁਤ ਵਧੀਆ ਇਲਾਕੇ ਵਿਚ
4-5 ਬੈਡਰੂਮ ਦੇ ਘਰ ਸਿਰਫ $300,000



Rupinder S Kaler

ਐਰੀਜ਼ੋਨਾ ਸਟੇਟ ਦਾ ਵਿਕਾਸ ਬਹੁਤ ਤੇਜੀ ਨਾਲ ਹੋ ਰਿਹਾ ਹੈ
ਫੇਰ ਸ਼ਾਇਦ ਇਸ ਭਾਅ ਘਰ ਨਾ ਮਿਲੇ

Buy very affordable homes in Arizona which is fast growing state.
Buy 4-5 bedroom homes under $300,000 in a Very Nice Area
Contact an experienced Realtor

(C): 623-229-1906 (O): 623-344-1000
rupinder.kaler@azmoves.com www.buysellmyazhome.com

Coldwell Banker Residential Brokerage
1616 N. Litchfield Rd., Ste 170, Goodyear, AZ 85395
REALTOR COLDWELL BANKER RESIDENTIAL BROKERAGE EQUAL HOUSING OPPORTUNITY



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਭਾਜਪਾ ਸਭ ਤੋਂ ਅਮੀਰ ਕੌਮੀ ਪਾਰਟੀ

**ਨਵੀਂ ਦਿੱਲੀ:** ਸੱਤ ਕੌਮੀ ਪਾਰਟੀਆਂ ਦੀ 2016-17 ਵਿਚ ਕੁੱਲ ਆਮਦਨ 1559.17 ਕਰੋੜ ਰੁਪਏ ਘੋਸ਼ਿਤ ਕੀਤੀ ਗਈ ਹੈ ਜਦੋਂ ਕਿ ਇਸ ਵਿਚ ਭਾਜਪਾ ਦੀ ਸਭ ਤੋਂ ਵਧ ਆਮਦਨ 1034.27 ਕਰੋੜ ਰੁਪਏ ਹੈ। 2016-17 ਦੌਰਾਨ ਕੌਮੀ ਪਾਰਟੀਆਂ ਦੀ ਕੁੱਲ ਆਮਦਨ ਦਾ ਇਹ 66.34 ਫੀਸਦੀ ਹਿੱਸਾ ਹੈ। ਇਹ ਰਿਪੋਰਟ ਦਿੱਲੀ ਆਧਾਰਤ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏ.ਡੀ.ਆਰ.) ਵੱਲੋਂ ਜਾਰੀ ਕੀਤੀ ਗਈ।

ਇੰਡੀਅਨ ਨੈਸ਼ਨਲ ਕਾਂਗਰਸ (ਆਈ. ਐਨ. ਸੀ.) ਦੀ ਕੁੱਲ ਆਮਦਨ 225.36 ਕਰੋੜ ਰੁਪਏ ਦਰਸਾਈ ਗਈ ਹੈ ਜੋ ਕਿ ਪਾਰਟੀਆਂ ਦੀ ਕੁੱਲ ਆਮਦਨ ਦਾ 14.45 ਫੀਸਦੀ ਬਣਦਾ ਹੈ। ਆਮਦਨ ਦੇ ਲਿਹਾਜ਼ ਨਾਲ ਸੀ.ਪੀ.ਆਈ. ਸਭ ਤੋਂ ਗਰੀਬ ਪਾਰਟੀ ਵਜੋਂ ਉਭਰੀ ਹੈ ਜਿਸ ਦੀ ਆਮਦਨ 2.08 ਕਰੋੜ ਦਰਸਾਈ ਗਈ ਹੈ।

# ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ ਸ਼੍ਰੋਮਣੀ ਕਮੇਟੀ ਦੇ ਰੁਖ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਿਲਮ ਨਾਨਕ ਸ਼ਾਹ ਫਕੀਰ ਉਤੇ ਰੋਕਾਂ ਲਾਉਣ ਦੀ ਸਖਤ ਨੁਕਤਾਚੀਨੀ ਕੀਤੀ ਹੈ। ਬੈਂਚ ਨੇ ਆਖਿਆ ਕਿ ਸੀ.ਬੀ.ਐਫ.ਸੀ. ਦਾ ਪ੍ਰਮਾਣ-ਪੱਤਰ ਮਿਲਣ ਤੋਂ ਬਾਅਦ ਕੋਈ ਗਰੁਪ, ਬਾਡੀ, ਸਭਾ ਜਾਂ ਵਿਅਕਤੀ ਫਿਲਮ ਦੀ ਨੁਮਾਇਸ਼ ਸਬੰਧੀ ਕਿਸੇ ਕਿਸਮ ਦਾ ਵਿਘਨ ਨਹੀਂ ਪਾ ਸਕਦਾ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਉਪਦੇਸ਼ਾਂ ਉਤੇ ਬਣੀ ਇਸ ਫਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਜੋ ਜਲ ਸੈਨਾ ਦੇ ਸਾਬਕਾ ਅਫਸਰ ਹਨ, ਨੇ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕਰ ਕੇ ਦੋਸ਼ ਲਾਇਆ ਸੀ ਕਿ ਸ਼੍ਰੋਮਣੀ ਕਮੇਟੀ ਨੇ ਫਿਲਮ ਉਤੇ ਗੈਰਕਾਨੂੰਨੀ ਢੰਗ ਨਾਲ ਪਾਬੰਦੀ ਲਾ ਦਿੱਤੀ ਹੈ ਹਾਲਾਂਕਿ ਸੀ.ਬੀ.ਐਫ.ਸੀ. ਨੇ ਇਸ ਨੂੰ 28 ਮਾਰਚ ਨੂੰ ਹਰੀ ਝੰਡੀ ਦੇ ਦਿੱਤੀ ਸੀ। ਬੈਂਚ ਨੇ ਕਿਹਾ ਕਿ ਇਹ ਰਿੱਟ ਪਟੀਸ਼ਨ ਕਿਸੇ ਲੇਖਕ ਦੀ ਤਲਿਸਮੀ ਪਰਦੇ 'ਤੇ ਆਪਣੇ ਖਿਆਲ ਦੀ ਤਸਵੀਰਕਸ਼ੀ ਦੇ ਹੱਕ ਉਪਰ ਕਿਸੇ ਪ੍ਰਾਈਵੇਟ ਸੰਸਥਾ ਵੱਲੋਂ ਹਾਵੀ ਹੋਣ ਦੀ ਇਕ ਹੋਰ ਮਿਸਾਲ ਹੈ ਕਿਉਂਕਿ ਉਹ ਸਮਝਦੇ ਹਨ ਕਿ ਜੇ ਇਹ ਫਿਲਮ ਸਿਨਮਿਆਂ ਵਿਚ ਰਿਲੀਜ਼ ਕੀਤੀ ਜਾਂਦੀ ਹੈ ਤਾਂ ਅਮਨ ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ। ਬੈਂਚ ਨੇ ਕਿਹਾ ਕਿ ਸੀ.ਬੀ.ਐਫ.ਸੀ. ਵੱਲੋਂ ਪ੍ਰਮਾਣ ਪੱਤਰ ਜਾਰੀ ਹੋਣ ਤੋਂ ਬਾਅਦ ਵੀ ਖਰੂਦ ਪਾਉਣਾ ਆਪਣੇ ਆਪ ਨੂੰ ਦੇਸ਼ ਦੇ ਕਾਨੂੰਨ ਤੋਂ ਉਪਰ ਦਰਸਾਉਣ ਦਾ ਯਤਨ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਜੇ ਇਸ ਕਿਸਮ ਦੀਆਂ ਸਰਗਰਮੀਆਂ ਨੂੰ ਹੱਲਾਸ਼ੇਰੀ ਮਿਲਦੀ ਰਹੀ ਤਾਂ ਅਰਾਜਕਤਾ ਫੈਲ ਜਾਵੇਗੀ ਤੇ ਬੋਲਣ ਤੇ ਸਵੈ ਪ੍ਰਗਟਾਵੇ ਦੀ ਆਜ਼ਾਦੀ ਖਤਰੇ ਵਿਚ ਪੈ ਜਾਵੇਗੀ। ਸ੍ਰੀ ਸਿੱਕਾ ਨੇ ਬੋਲਣ ਤੇ ਸਵੈ-ਪ੍ਰਗਟਾਵੇ ਦੀ ਆਜ਼ਾਦੀ ਤੇ ਧਾਰਮਿਕ ਵਿਚਾਰਾਂ ਦੇ ਪਸਾਰ ਦੇ ਹੱਕ ਦੀ ਰਾਖੀ ਦੀ ਫਰਿਆਦ ਲਾਈ ਸੀ। ਉਸ ਦਾ ਖਿਆਲ ਸੀ ਕਿ ਕੁਝ ਤਬਕੇ ਆਪਣੇ ਸਵਾਰਥ ਕਾਰਨ ਫਿਲਮ ਦੀ ਰਿਲੀਜ਼ ਰੋਕ ਕੇ ਉਸ ਦੇ ਹੱਕ ਕੁਚਲ ਰਹੇ ਹਨ। ਪਹਿਲਾਂ ਇਸ ਫਿਲਮ ਨੂੰ 30 ਮਾਰਚ 2015 ਵਿਚ ਸੀ.ਬੀ.ਐਫ.ਸੀ. ਤੋਂ ਹਰੀ ਝੰਡੀ ਮਿਲੀ ਸੀ ਪਰ ਪੰਜਾਬ ਵਿਚ ਦੋ ਮਹੀਨੇ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਣ ਤੋਂ ਬਾਅਦ ਇਸ ਦੀ ਰਿਲੀਜ਼ ਰੋਕ ਦਿੱਤੀ ਗਈ ਸੀ। ਸੀ.ਬੀ.ਐਫ.ਸੀ. ਨੇ ਲੰਘੀ 28 ਮਾਰਚ, 2018 ਨੂੰ ਦੁਬਾਰਾ ਫਿਲਮ ਨੂੰ ਹਰੀ ਝੰਡੀ ਦੇ ਦਿੱਤੀ ਪਰ ਸ਼੍ਰੋਮਣੀ ਕਮੇਟੀ ਨੇ 30 ਮਾਰਚ ਨੂੰ ਇਕ ਪੱਤਰ ਲਿਖ ਕੇ ਫਿਲਮ ਲਈ ਆਪਣੀ ਰਜ਼ਾਮੰਦੀ ਵਾਪਸ ਲੈਣ ਦੀ ਸੂਚਨਾ ਦਿੱਤੀ ਸੀ।

## ਸੱਜਣ ਤੇ ਟਾਈਟਲਰ ਨੂੰ ਸਟੇਜ ਤੋਂ ਲਾਹਿਆ

**ਨਵੀਂ ਦਿੱਲੀ:** ਕਾਂਗਰਸ ਵੱਲੋਂ ਭਾਜਪਾ ਸਰਕਾਰ ਖਿਲਾਫ਼ ਰਾਜਘਾਟ ਵਿਚ ਰੱਖੇ ਗਏ ਸਦਭਾਵਨਾ ਵਰਤ ਦੌਰਾਨ ਨਵੰਬਰ 1984 ਦੇ ਸਿੱਖ ਕਤਲੇਆਮ ਸਬੰਧੀ ਮੁਕੱਦਮਿਆਂ ਵਿਚ ਨਾਮਜ਼ਦ ਪਾਰਟੀ ਆਗੂਆਂ ਸੱਜਣ ਕੁਮਾਰ ਤੇ ਜਗਦੀਸ਼ ਟਾਈਲਰ ਨੂੰ ਮੰਚ ਤੋਂ ਉਤਰਨ ਲਈ ਆਖ ਦਿੱਤਾ ਗਿਆ।

ਸੀਨੀਅਰ ਆਗੂਆਂ ਦੇ ਆਖਣ 'ਤੇ ਸੱਜਣ ਕੁਮਾਰ ਤਾਂ ਉਥੋਂ ਚੱਲੇ ਗਏ ਪਰ ਜਗਦੀਸ਼ ਟਾਈਟਲਰ ਆਪਣੇ ਸਾਥੀਆਂ ਨਾਲ ਮੰਚ ਤੋਂ ਹੇਠਾਂ ਪਾਰਟੀ ਕਾਰਕੁਨਾਂ ਵਿਚ ਬੈਠ ਗਏ। ਜਦੋਂ ਪਾਰਟੀ ਤਰਜਮਾਨ ਰਣਦੀਪ ਸਿੰਘ ਸੁਰਜੇਵਾਲਾ ਨੂੰ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਭਾਜਪਾ ਦੇ ਕੁਝ ਸਾਜ਼ਿਸ਼ਕਾਰ ਹਰ ਛੋਟੀ ਜਾਂ ਵੱਡੀ ਗੱਲ ਵਿਚੋਂ ਅਰਥ ਕੱਢਣ ਦੀ ਕੋਸ਼ਿਸ਼ ਕਰਦੇ ਹਨ।

ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਨੂੰ ਕਿਹਾ ਹੈ ਕਿ ਉਹ 1984 ਕਤਲੇਆਮ ਦੇ ਦੋਸ਼ੀਆਂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਤੋਂ ਖੁਦ ਨੂੰ ਵੱਖ ਕਰਨ ਦਾ ਸਿਆਸੀ ਡਰਾਮਾ ਨਾ ਕਰੇ ਅਤੇ ਦੋਵਾਂ ਨੂੰ ਤੁਰਤ ਪਾਰਟੀ ਵਿਚੋਂ ਬਾਹਰ ਕੱਢੇ।

ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਦਿੱਲੀ ਵਿਚ ਧਰਨੇ ਵਾਲੀ ਥਾਂ, ਜਿਥੇ ਰਾਹੁਲ ਗਾਂਧੀ ਨੇ ਭੁੱਖ ਹੜਤਾਲ ਉਤੇ ਬੈਠਣਾ ਸੀ, ਟਾਈਟਲਰ ਅਤੇ ਸੱਜਣ ਕੁਮਾਰ ਨੂੰ ਚਲੇ ਜਾਣ ਲਈ ਆਖਣਾ ਡਰਾਮਾ ਹੀ ਸੀ। ਇਨ੍ਹਾਂ ਆਗੂਆਂ ਦਾ ਧਰਨੇ ਵਾਲੀ ਥਾਂ ਉਤੇ ਜਾਣਾ ਇਹ ਸਾਬਤ ਕਰਦਾ ਹੈ ਕਿ ਉਹ ਕਾਂਗਰਸ ਪਾਰਟੀ ਦੇ ਸਰਗਰਮ ਮੈਂਬਰ ਹਨ।

## ਜ਼ਕਰਬਰਗ ਨੇ ਅਮਰੀਕੀ ਸੰਸਦ ਤੋਂ ਮੰਗੀ ਮੁਆਫੀ

**ਵਾਸ਼ਿੰਗਟਨ:** ਫੇਸਬੁੱਕ ਦੇ ਅੱਠ ਕਰੋੜ ਸੱਤਰ ਲੱਖ ਵਰਤੋਂਕਾਰਾਂ ਦੀ ਨਿੱਜੀ ਜਾਣਕਾਰੀ ਨੂੰ ਸਾਂਭ ਨਾ ਸਕਣ ਅਤੇ ਇਸ ਦੀ ਦੁਰਵਰਤੋਂ ਨਾ ਰੋਕ ਸਕਣ ਕਾਰਨ ਫੇਸਬੁੱਕ ਦੇ ਮਾਲਕ ਮਾਰਕ ਜ਼ਕਰਬਰਗ ਨੇ ਅਮਰੀਕੀ ਸੰਸਦ ਤੋਂ ਮੁਆਫੀ ਮੰਗ ਲਈ ਹੈ। ਉਸ ਨੇ ਕੈਂਬਰਿਜ਼ ਐਨਾਲਾਈਟਿਕਾ ਸਕੈਂਡਲ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਅਮਰੀਕੀ ਸੰਸਦ ਦੀ ਕਮੇਟੀ ਵੱਲੋਂ ਜਾਰੀ ਕੀਤੇ ਕਬੂਲਨਾਮੇ ਅਨੁਸਾਰ ਕਮੇਟੀ ਅੱਗੇ ਪੇਸ਼ ਹੋਣ ਸਮੇਂ ਜ਼ਕਰਬਰਗ ਨੇ ਮੁਆਫੀ ਮੰਗਦਿਆਂ ਕਿਹਾ ਕਿ ਇਹ ਵੱਡੀ ਗਲਤੀ ਸੀ। ਜ਼ਕਰਬਰਗ ਨੇ ਕਿਹਾ ਕਿ ਉਸ ਨੇ ਫੇਸਬੁੱਕ ਸ਼ੁਰੂ ਕੀਤੀ ਹੈ । ਉਸ ਇਸ ਨੂੰ ਚਲਾਉਂਦਾ ਹੈ। ਹੁਣ ਇਹ ਸਪਸ਼ਟ ਹੈ ਕਿ ਮੈਂ ਇਸ ਦੀ ਘਾਤਕ ਦੁਰਵਰਤੋਂ ਨੂੰ ਰੋਕਣ ਲਈ ਕੁੱਝ ਨਹੀਂ ਕਰ ਸਕਿਆ।

# ਜਾਤੀਵਾਦੀ ਵਲਗਣਾਂ ਵਿਚ ਆਪ ਹੀ ਫਸੀ ਮੋਦੀ ਸਰਕਾਰ

*(ਸਫਾ ਇਕ ਦੀ ਬਾਕੀ)*

ਵਿਚ ਭਾਈਵਾਲ ਸੁਹੇਲਦੇਵ ਭਾਰਤੀਯ ਸਮਾਜ ਪਾਰਟੀ (ਐਸ.ਬੀ.ਐਸ.ਪੀ.) ਨੇ ਸਰਕਾਰ ਨੂੰ ਦਲਿਤਾਂ ਨਾਲ ਵਧੀਕੀਆਂ 'ਤੇ ਘੇਰਿਆ ਹੋਇਆ ਹੈ।

ਦਲਿਤਾਂ ਖਿਲਾਫ਼ ਵਧੀਕੀਆਂ ਦੇ ਮੁੱਦੇ ਉਤੇ ਪਾਰਟੀ ਮੁਖੀ ਅਤੇ ਯੂ.ਪੀ. ਦੇ ਮੰਤਰੀ ਓਮ ਪ੍ਰਕਾਸ਼ ਰਾਜਭਾਰ ਨੇ ਇਥੋਂ ਤੱਕ ਆਖ ਦਿੱਤਾ ਕਿ ਸੰਸਦ ਮੈਂਬਰ ਅਤੇ ਵਿਧਾਇਕ ਯੋਗੀ ਸਰਕਾਰ ਖਿਲਾਫ਼ ਨਾਰਾਜ਼ਗੀ ਦਰਸਾਉਣ ਲਈ ਦਿੱਲੀ ਕਿਉਂ ਜਾ ਰਹੇ ਹਨ। ਉਨ੍ਹਾਂ ਦਾ ਇਸ਼ਾਰਾ ਇਟਾਵਾ ਦੇ ਲੋਕ ਸਭਾ ਮੈਂਬਰ ਅਸ਼ੋਕ ਕੁਮਾਰ ਦੋਹਰੇ, ਨਗੀਨਾ ਦੇ ਸੰਸਦ ਮੈਂਬਰ ਯਸ਼ਵੰਤ ਸਿੰਘ, ਰੌਬਰਟਸਗੰਜ ਦੇ ਛੋਟੇਲਾਲ ਅਤੇ ਬਹਿਰਾਈਚ ਦੀ ਸੰਸਦ ਮੈਂਬਰ ਸਾਵਿਤਰੀ ਬਾਈ ਫੂਲੇ ਵੱਲ ਸੀ ਜਿਨ੍ਹਾਂ ਦਲਿਤਾਂ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਖਿਲਾਫ਼ ਹੋਏ ਪ੍ਰਦਰਸ਼ਨਾਂ ਮਗਰੋਂ ਜਨਤਕ ਤੌਰ 'ਤੇ ਆਪਣੀ ਨਾਰਾਜ਼ਗੀ ਜਤਾਈ ਸੀ। ਇਨ੍ਹਾਂ ਆਗੂਆਂ ਦਾ ਦੋਸ਼ ਹੈ ਕਿ ਭਾਜਪਾ ਦਾ 'ਸਭ ਕਾ ਸਾਥ, ਸਭ ਕਾ ਵਿਕਾਸ' ਨਾਅਰਾ ਸਿਰਫ ਉਚੀਆਂ ਜਾਤਾਂ ਵਾਲੇ ਭਾਜਪਾ ਆਗੂਆਂ ਦੇ ਰਿਸ਼ਤੇਦਾਰਾਂ ਨੂੰ ਤਾਇਨਾਤ ਕਰ ਕੇ ਲਾਗੂ ਕੀਤਾ ਜਾ ਰਿਹਾ ਹੈ।

ਦੱਸ ਦਈਏ ਕਿ ਐਸ.ਸੀ. ਐਕਟ ਨੂੰ ਕਮਜ਼ੋਰ ਕਰਨ ਦੇ ਰੋਸ ਵਜੋਂ ਭਾਜਪਾ ਖਿਲਾਫ ਦੇਸ਼ ਭਰ ਵਿਚ ਰੋਸ ਪ੍ਰਦਰਸ਼ਨ ਹੋ ਰਹੇ ਹਨ। ਨਰੇਂਦਰ ਮੋਦੀ ਸਰਕਾਰ ਦਾ ਭਾਵੇਂ ਇਹ ਦਾਅਵਾ ਹੈ ਕਿ ਐਸ.ਸੀ. ਐਕਟ ਬਾਰੇ ਫੈਸਲਾ ਸੁਪਰੀਮ ਕੋਰਟ ਦਾ ਹੈ ਤੇ ਉਹ ਦਲਿਤਾਂ ਦੇ ਨਾਲ ਹੈ ਪਰ ਸੁਪਰੀਮ ਕੋਰਟ ਦੇ ਫੈਸਲੇ ਖਿਲਾਫ 2 ਅਪਰੈਲ ਨੂੰ ਦਿੱਤੇ ਗਏ ਬੰਦ ਦੇ ਸੱਦੇ ਦੌਰਾਨ ਕਈ ਸੂਬਿਆਂ ਵਿਚ ਦਲਿਤਾਂ ਆਗੂਆਂ ਦੀ ਕੀਤੀ ਕੁੱਟ-ਮਾਰ ਨੇ ਭਾਜਪਾ ਖਿਲਾਫ ਰੋਸ ਵਧਾ ਦਿੱਤਾ।

ਉਧਰ, ਕਾਂਗਰਸ ਨੇ ਜਾਤੀਵਾਦ ਦੇ ਮੁੱਦੇ ਉਤੇ 'ਸਦਭਾਵਨਾ ਵਰਤ' ਰਾਹੀਂ ਮੋਦੀ ਸਰਕਾਰ ਨੂੰ ਘੇਰਿਆ ਹੋਇਆ ਹੈ। ਭਾਜਪਾ ਆਗੂ ਭਾਵੇਂ ਦਾਅਵਾ ਕਰ ਰਹੇ ਹਨ ਕਿ ਕਾਂਗਰਸ ਦੇ ਰੋਸ ਮੁਜ਼ਾਹਰੇ ਸਿਰਫ 'ਡਰਾਮਾ' ਹਨ ਪਰ ਭਾਜਪਾ ਖਿਲਾਫ ਇਸ ਰੋਹ ਨੂੰ ਮਿਲ ਰਹੇ ਹੁੰਗਾਰਾ ਨਵੇਂ ਸਿਆਸੀ ਸਮੀਕਰਨਾਂ ਵੱਲ ਸੰਕੇਤ ਕਰ ਰਹੇ ਹਨ। ਦੱਸ ਦਈਏ ਕਿ ਨਰੇਂਦਰ ਮੋਦੀ ਸਰਕਾਰ ਦੀ ਪਿਛਲੇ ਸਾਢੇ ਚਾਰ ਸਾਲਾਂ ਦੇ ਸ਼ਾਸਨ ਦੌਰਾਨ ਫਿਰਕੂ ਵੰਡੀਆਂ ਪਾਉਣ ਵਜੋਂ ਚਰਚਾ ਰਹੀ ਹੈ। ਪਿਛਲੇ ਤਿੰਨ ਸਾਲਾਂ ਵਿਚ ਹੋਈ ਫਿਰਕੂ ਹਿੰਸਾ ਨਾਲ 300 ਜਾਨਾਂ ਗਈਆਂ ਹਨ। ਇਨ੍ਹਾਂ ਵਿਚ ਇਕੱਲੇ ਸਾਲ 2017 ਵਿਚ 111 ਲੋਕਾਂ ਦੀ ਮੌਤ ਹੋਈ ਹੈ। ਸਾਲ 2017 ਵਿਚ ਫਿਰਕੂ ਹਿੰਸਾ ਦੀਆਂ 822 ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ 111 ਲੋਕਾਂ ਦੀ ਮੌਤ ਹੋਈ ਤੇ 2384 ਜ਼ਖ਼ਮੀ ਹੋਏ।

## ਸੀਤਲਵਾੜ ਦੀ ਗ੍ਰਿਫਤਾਰੀ 'ਤੇ ਰੋਕ ਵਧੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗਬਨ ਦੇ ਕੇਸ ਵਿਚ ਸਮਾਜਿਕ ਕਾਰਕੁਨ ਤੀਸਤਾ ਸੀਤਲਵਾੜ ਤੇ ਉਸ ਦੇ ਪਤੀ ਦੀ ਗ੍ਰਿਫਤਾਰੀ 'ਤੇ ਅੰਤਰਿਮ ਰੋਕ ਤੇ ਰਾਹਦਾਰੀ ਪੇਸ਼ਗੀ ਜ਼ਮਾਨਤ ਦੀ ਮਿਆਦ 2 ਮਈ ਤੋਂ ਵਧਾ ਕੇ 31 ਮਈ ਕਰ ਦਿੱਤੀ ਹੈ।

ਸੁਪਰੀਮ ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਤੀਸਤਾ ਤੇ ਉਸ ਦੇ ਪਤੀ ਨੂੰ ਜ਼ਮਾਨਤ ਦੀ ਅਰਜ਼ੀ ਲਈ ਗੁਜਰਾਤ ਜਾਣਾ ਪਵੇਗਾ ਤੇ ਕੇਸ ਗੁਜਰਾਤ ਪੁਲਿਸ ਨੇ ਦਰਜ ਕੀਤਾ ਸੀ। ਲਿਹਾਜ਼ਾ ਬੰਬਈ ਹਾਈ ਕੋਰਟ ਕੋਲ ਉਨ੍ਹਾਂ ਦੀ ਅਪੀਲ ਦਾਖਲ ਕਰਨ ਦਾ ਅਖਤਿਆਰ ਨਹੀਂ ਸੀ।

# ਕੈਪਟਨ ਨੂੰ ਹੁਣ ਪੁਲਿਸ ਦਾ ਪੇਚਾ

*(ਸਫਾ ਇਕ ਦੀ ਬਾਕੀ)*

ਟਾਸਕ ਫੋਰਸ ਕਾਇਮ ਕਰ ਕੇ ਸ੍ਰੀ ਸਿੱਧੂ ਨੂੰ ਡੀ.ਜੀ.ਪੀ. ਦੀ ਥਾਂ ਸਿੱਧੀ ਮੁੱਖ ਮੰਤਰੀ ਦਫਤਰ ਨੂੰ ਰਿਪੋਰਟ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ ਤਾਂ ਪੁਲਿਸ ਅਧਿਕਾਰੀਆਂ ਵਿਚਾਲੇ ਟਕਰਾਅ ਦਾ ਮੁੱਢ ਬੱਝ ਗਿਆ ਸੀ। ਸ਼ੁਰੂਆਤੀ ਦੌਰ 'ਚ ਮੁੱਖ ਮੰਤਰੀ ਨੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੂੰ ਅੱਖੋਂ-ਪਰੋਖੇ ਕਰ ਕੇ ਐਸ.ਟੀ.ਐਫ. ਦੇ ਮੁਖੀ ਦੇ ਸੁਝਾਅ ਮੁਤਾਬਕ ਫੈਸਲੇ ਵੀ ਲਏ। ਕੁਝ ਪੁਲਿਸ ਅਧਿਕਾਰੀ ਇਸ ਗੱਲੋਂ ਵੀ ਔਖੇ ਸਨ ਕਿ ਕੈਪਟਨ ਸਰਕਾਰ ਨੇ ਬਾਦਲ ਸਰਕਾਰ ਵੱਲੋਂ ਲਾਏ ਡੀ.ਜੀ.ਪੀ. (ਅਰੋੜਾ) ਨੂੰ ਹੀ ਕੁਰਸੀ ਉਤੇ ਕਾਇਮ ਰੱਖਿਆ ਹੈ। ਇਸ ਤੋਂ ਬਾਅਦ ਐਸ.ਟੀ.ਐਫ. ਨੇ ਜਦੋਂ 12 ਜੂਨ 2017 ਨੂੰ ਇੰਸਪੈਕਟਰ ਇੰਦਰਜੀਤ ਸਿੰਘ (ਹੁਣ ਬਰਖਾਸਤ) ਨੂੰ ਅਸਾਲਟ ਰਾਈਫਲ ਤੇ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕਰਨ ਤੋਂ ਬਾਅਦ ਮੋਗਾ ਦੇ ਐਸ.ਐਸ.ਪੀ. ਰਾਜਜੀਤ ਸਿੰਘ ਨੂੰ ਤਫਤੀਸ਼ 'ਚ ਸ਼ਾਮਲ ਕਰ ਕੇ ਪੁੱਛ-ਪੜਤਾਲ ਲਈ ਤਲਬ ਕੀਤਾ ਤਾਂ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਵਿਚਾਲੇ ਖਾਨਾਜੰਗੀ ਦਾ ਦੌਰ ਸ਼ੁਰੂ ਹੋ ਗਿਆ।

ਦੱਸਣਯੋਗ ਹੈ ਕਿ ਦੋ ਸੀਨੀਅਰ ਪੁਲਿਸ ਅਧਿਕਾਰੀਆਂ ਡੀ.ਜੀ.ਪੀ. ਸੁਰੇਸ਼ ਅਰੋੜਾ ਅਤੇ ਡੀ.ਜੀ.ਪੀ. ਦਿਨਕਰ ਗੁਪਤਾ ਉਪਰ ਰਾਜਜੀਤ ਸਿੰਘ ਦੀ ਮਦਦ ਦੇ ਦੋਸ਼ ਲੱਗ ਰਹੇ ਹਨ। ਐਸ.ਐਸ.ਪੀ. ਨੇ ਏ.ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ ਉਤੇ ਖੁੰਦਕ ਕੱਢਣ ਦੇ ਦੋਸ਼ ਲਾਉਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਮਾਮਲੇ ਦੀ ਨਿਰਪੱਖ ਜਾਂਚ ਲਈ ਪਹੁੰਚ ਕੀਤੀ। ਇਹ ਅਜਿਹਾ ਮੌਕਾ ਸੀ ਜਦੋਂ ਪੰਜਾਬ ਸਰਕਾਰ ਉਤੇ ਰਾਜਜੀਤ ਸਿੰਘ ਦਾ ਅਦਾਲਤ ਵਿਚ ਪੱਖ ਪੂਰਨ ਦੇ ਦੋਸ਼ ਵੀ ਲੱਗੇ ਸਨ। ਹੁਣ ਇਨ੍ਹਾਂ ਅਧਿਕਾਰੀਆਂ ਵੱਲੋਂ ਇਕ ਦੂਜੇ ਵੱਲ ਉਂਗਲਾਂ ਚੁੱਕਣ ਕਾਰਨ ਕੈਪਟਨ ਸਰਕਾਰ ਬੁਰੀ ਤਰ੍ਹਾਂ ਘਿਰੀ ਹੋਈ ਹੈ।

# ਕੈਪਟਨ ਦੇ ਸਮਾਰਟ ਫੋਨ ਬਾਰੇ ਐਲਾਨ ਨੂੰ ਚੁਣੌਤੀ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਵੱਲੋਂ ਚੋਣ ਮਨੋਰਥ ਪੱਤਰ 'ਚ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਦੇ ਦਾਅਵੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਸਰਕਾਰੀ ਪੈਸਾ ਲੋਕਾਂ ਦੇ ਟੈਕਸ ਦਾ ਹੈ ਤੇ ਇਸ ਪੈਸੇ ਦਾ ਇਸਤੇਮਾਲ ਸਮਾਰਟ ਫੋਨ ਦੇਣ ਉਤੇ ਖਰਚ ਨਹੀਂ ਕੀਤਾ ਜਾ ਸਕਦਾ। ਇਸ ਪੈਸੇ ਦੀ ਸਹੀ ਵਰਤੋਂ ਨੌਜਵਾਨਾਂ ਨੂੰ ਸਰਕਾਰੀ ਅਸਾਮੀਆਂ ਲਈ ਅਰਜ਼ੀਆਂ ਦੇਣ ਸਮੇਂ ਭਰੀ ਜਾਣ ਵਾਲੀ ਫੀਸ ਮੁਆਫ ਕਰ ਕੇ ਕੀਤੀ ਜਾ ਸਕਦੀ ਹੈ।

ਪਟੀਸ਼ਨ ਵਿਚ ਕਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 27 ਮਾਰਚ ਨੂੰ ਵਿਧਾਨ ਸਭਾ ਵਿਚ ਐਲਾਨ ਕੀਤਾ ਸੀ ਕਿ ਸੂਬਾ ਸਰਕਾਰ 18 ਤੋਂ 35 ਸਾਲਾਂ ਤੱਕ ਦੇ ਦਸਵੀਂ ਪਾਸ ਉਨ੍ਹਾਂ ਨੌਜਵਾਨਾਂ ਨੂੰ ਪੜਾਅ ਵਾਰ ਸਮਾਰਟ ਫੋਨ ਮੁਹੱਈਆ ਕਰਵਾਏਗੀ, ਜਿਨ੍ਹਾਂ ਦੇ ਪਰਿਵਾਰਾਂ ਦੀ ਸਾਲਾਨਾ ਆਮਦਨ ਛੇ ਲੱਖ ਰੁਪਏ ਹੋਵੇ। ਉਨ੍ਹਾਂ ਕਿਹਾ ਕਿ ਇਕ ਹਜ਼ਾਰ ਰੁਪਏ ਪ੍ਰਤੀ ਫੋਨ ਦੇ ਹਿਸਾਬ ਨਾਲ 15 ਲੱਖ ਸਮਾਰਟ ਫੋਨਾਂ 'ਤੇ ਸਰਕਾਰ 150 ਕਰੋੜ ਰੁਪਏ ਜਾਇਆ ਕਰੇਗੀ। ਇਕ ਪਾਸੇ ਸਰਕਾਰ ਨੇ ਸਾਲ 'ਚ 100 ਕਰੋੜ ਰੁਪਏ ਇਕੱਠਾ ਕਰਨ ਲਈ ਟੈਕਸ ਕਰਦਾਤਾਵਾਂ 'ਤੇ 200 ਰੁਪਏ ਮਹੀਨਾ ਦੇ ਹਿਸਾਬ ਨਾਲ ਵਿਕਾਸ ਟੈਕਸ ਲਾਉਣ ਦਾ ਫੈਸਲਾ ਲਿਆ ਹੈ, ਦੂਜੇ ਪਾਸੇ ਸਮਾਰਟ ਫੋਨਾਂ 'ਤੇ ਪੈਸਾ ਜਾਇਆ ਕੀਤਾ ਜਾਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਜਥੇਦਾਰ ਨੇ ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ ਮਾਰੀ ਪਲਟੀ

**ਅੰਮ੍ਰਿਤਸਰ:** ਵਿਵਾਦਿਤ ਫਿਲਮ 'ਨਾਨਕ ਸ਼ਾਹ ਫਕੀਰ' ਦੀ ਪਹਿਲਾਂ ਸ਼ਲਾਘਾ ਕਰ ਚੁੱਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ 'ਯੂ-ਟਰਨ' ਲੈਂਦਿਆਂ ਹੁਣ ਇਸ ਫਿਲਮ ਉਤੇ ਪੂਰਨ ਤੌਰ ਉਤੇ ਰੋਕ ਲਾਉਣ ਦੇ ਆਦੇਸ਼ ਜਾਰੀ ਕੀਤੇ ਹਨ।

ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਹ ਫਿਲਮ ਕਦਾਚਿਤ ਰਿਲੀਜ਼ ਨਹੀਂ ਹੋ ਸਕਦੀ। ਉਨ੍ਹਾਂ ਨੇ ਸਿੱਖ ਸੰਗਤ ਨੂੰ ਵੀ ਆਖਿਆ ਕਿ ਉਹ ਇਹ ਫਿਲਮ ਨਾ ਦੇਖਣ ਤੇ ਸ਼ਾਂਤਮਈ ਢੰਗ ਨਾਲ



*ਗਿਆਨੀ ਗੁਰਬਚਨ ਸਿੰਘ*

ਇਸ ਦਾ ਵਿਰੋਧ ਕਰਨ। ਫਿਲਮ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਦਾ ਸਮਰਥਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਫਿਲਮ ਸਬੰਧੀ ਪਹਿਲਾਂ ਜਾਰੀ ਕੀਤੇ ਸਾਰੇ ਪੱਤਰ ਰੱਦ ਕਰ ਦਿੱਤੇ ਗਏ ਹਨ, ਜਿਸ ਤੋਂ ਸਪੱਸ਼ਟ ਹੈ ਕਿ ਫਿਲਮ ਨੂੰ ਸਿੱਖ ਸੰਸਥਾ ਵੱਲੋਂ ਕੋਈ ਪ੍ਰਵਾਨਗੀ ਨਹੀਂ ਹੈ।



ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਇਸ ਫਿਲਮ ਉਤੇ ਰੋਕ ਲਾਉਣ ਲਈ ਦੇਸ਼ ਦੇ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ, ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਤੇ ਸੂਬੇ ਦੇ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਇਸ ਫਿਲਮ ਉਤੇ ਤੁਰਤ ਰੋਕ ਲਾਉਣੀ ਚਾਹੀਦੀ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਅਕਾਲ ਤਖਤ ਵੱਲੋਂ ਜਲਦੀ ਹੀ ਸਿੱਖ ਸੈਂਸਰ ਬੋਰਡ ਸਥਾਪਤ ਕੀਤਾ ਜਾਵੇਗਾ, ਜਿਸ ਵਿਚ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਸਿੱਖ ਇਤਿਹਾਸਕਾਰ, ਬੁੱਧੀਜੀਵੀ, ਧਾਰਮਿਕ ਸ਼ਖਸੀਅਤਾਂ, ਸਿੱਖ ਸੰਸਥਾਵਾਂ ਤੇ ਸੰਪਰਦਾਵਾਂ, ਸੰਤ ਸਮਾਜ ਅਤੇ ਫਿਲਮਾਂ ਬਣਾਉਣ ਵਾਲਿਆਂ ਵਿਚੋਂ ਨੁਮਾਇੰਦੇ ਲਏ ਜਾਣਗੇ ਤਾਂ ਜੋ ਸਿੱਖ ਧਰਮ ਨਾਲ ਸਬੰਧਤ ਫਿਲਮ ਬਣਾਉਣ ਤੋਂ ਪਹਿਲਾਂ ਫਿਲਮ ਦੀ ਸਕਰਿਪਟ ਸਬੰਧੀ ਪ੍ਰਵਾਨਗੀ ਲਈ ਜਾਵੇ। ਫਿਲਮ ਬਣਾਉਣ ਮਗਰੋਂ ਸਿੱਖ ਸੈਂਸਰ ਬੋਰਡ ਦੀ ਸਿਫਾਰਸ਼ ਉਪਰੰਤ ਹੀ ਅਕਾਲ ਤਖਤ ਵੱਲੋਂ ਅਜਿਹੀ ਫਿਲਮ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ।

ਦੱਸਣਯੋਗ ਹੈ ਕਿ 2015 ਵਿਚ ਅਕਾਲ ਤਖਤ ਵੱਲੋਂ ਇਸ ਫਿਲਮ ਲਈ ਪ੍ਰਸ਼ੰਸਾ ਪੱਤਰ ਜਾਰੀ ਕੀਤਾ ਗਿਆ ਸੀ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ 2016 ਵਿਚ ਇਸ ਫਿਲਮ ਨੂੰ ਪ੍ਰਵਾਨਗੀ ਪੱਤਰ ਦਿੱਤਾ ਗਿਆ ਸੀ। ਹੁਣ ਫਿਲਮ ਦੇ ਰਿਲੀਜ਼ ਸਮੇਂ ਪੈਦਾ ਹੋਏ ਸਿੱਖ ਰੋਹ ਨੂੰ ਦੇਖਦਿਆਂ ਇਹ ਸਾਰੇ ਪੱਤਰ ਵਾਪਸ ਲੈ ਲਏ ਗਏ ਹਨ।

### ਬਦਲੇ ਸਟੈਂਡ ਤੋਂ ਨਿਰਦੇਸ਼ਕ ਹੈਰਾਨ

ਫਿਲਮ ਦੇ ਨਿਰਮਾਤਾ ਨਿਰਦੇਸ਼ਕ ਹਰਿੰਦਰ ਸਿੰਘ ਸਿੱਕਾ ਨੇ ਆਖਿਆ ਕਿ ਉਹ ਹੈਰਾਨ ਹਨ ਕਿ ਹੁਣ ਕਿਸ ਮਜਬੂਰੀ ਹੇਠ ਸਿੱਖ ਸੰਸਥਾਵਾਂ ਵੱਲੋਂ ਆਪਣਾ ਫੈਸਲਾ ਬਦਲਿਆ ਗਿਆ ਹੈ। ਇਹ ਫਿਲਮ ਕਿਸੇ ਲਾਭ ਵਾਸਤੇ ਨਹੀਂ ਬਣਾਈ ਗਈ ਸਗੋਂ ਉਨ੍ਹਾਂ ਨੇ ਆਪਣੇ ਜੀਵਨ ਦੀ ਸਾਰੀ ਪੂੰਜੀ ਫਿਲਮ ਵਾਸਤੇ ਖਰਚ ਕੀਤੀ ਹੈ। ਫਿਲਮ ਬਣਾਉਣ ਤੋਂ ਪਹਿਲਾਂ ਹੀ ਤੈਅ ਹੋ ਗਿਆ ਸੀ ਕਿ ਇਸ ਫਿਲਮ ਤੋਂ ਇਕੱਠੀ ਹੋਣ ਵਾਲੀ ਮਾਇਆ ਨੂੰ ਭਲਾਈ ਦੇ ਕੰਮਾਂ ਲਈ ਖਰਚ ਕੀਤਾ ਜਾਵੇਗਾ।

### ਜਥੇਦਾਰ ਵੱਲੋਂ 'ਯੂ-ਟਰਨ' ਬਾਰੇ ਸਫਾਈ...

**ਪਟਿਆਲਾ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਰਿਲੀਜ਼ ਕਰਨ ਸਬੰਧੀ ਉਨ੍ਹਾਂ ਵੱਲੋਂ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਪਹਿਲਾਂ ਬਣਾਈ ਐਨੀਮੇਸ਼ਨ ਫਿਲਮ ਚਾਰ ਸਾਹਿਬਜ਼ਾਦੇ ਦਾ ਸੰਗਤਾਂ ਤੇ ਸਿੱਖੀ ਅਸੂਲਾਂ ਦਾ ਸ਼ਾਨਦਾਰ ਪ੍ਰਭਾਵ ਵੇਖਣ ਨੂੰ ਮਿਲਿਆ ਸੀ। ਇਸ ਦੇ ਮੱਦੇਨਜ਼ਰ ਜਦੋਂ ਪਤਾ ਲੱਗਾ ਕਿ ਨਾਨਕ ਸ਼ਾਹ ਫਕੀਰ ਨਾਂ ਦੀ ਵੀ ਫਿਲਮ ਬਣ ਰਹੀ ਹੈ ਤਾਂ ਅਸੀਂ ਇਸ ਉਪਰਾਲੇ ਦੀ ਸ਼ਲਾਘਾ ਸਬੰਧੀ ਪੱਤਰ ਲਿਖਿਆ ਸੀ।

### ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਜੰਮੂ 'ਚ ਪ੍ਰਦਰਸ਼ਨ

**ਜੰਮੂ:** ਜੰਮੂ ਦੇ ਬਿਕਰਮ ਚੌਕ ਵਿਚ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ ਅਤੇ ਹੋਰ ਵੱਖ-ਵੱਖ ਧਾਰਮਿਕ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਉਤੇ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ (ਬਾਦਲ), ਦੇਸ਼ ਭਗਤ ਯਾਦਗਾਰ ਕਮੇਟੀ ਤੇ ਹੋਰ ਜਥੇਬੰਦੀਆਂ ਦੇ ਆਗੂ ਵੀ ਇਸ ਰੋਸ ਪ੍ਰਦਰਸ਼ਨ ਵਿਚ ਸ਼ਾਮਲ ਰਹੇ।

ਸਟੇਟ ਗੁਰਦੁਆਰਾ ਪ੍ਰਬੰਧਕ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ 1984 ਵਿਚ ਪੂਰੇ ਭਾਰਤ ਅੰਦਰ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਦਿਨ-ਦਿਹਾੜੇ ਸਿੱਖ ਕਤਲ ਕੀਤੇ ਗਏ। ਜੰਮੂ-ਕਸ਼ਮੀਰ ਵਿਚ ਵੀ 1989 ਅਤੇ 2000 ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਗਈ। ਉਨ੍ਹਾਂ ਕੇਂਦਰ ਅਤੇ ਜੰਮੂ-ਕਸ਼ਮੀਰ ਸਰਕਾਰ ਤੋਂ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਜ਼ਾ ਦੇਣ ਮੰਗ ਕੀਤੀ। ਸੂਬਾ ਸਰਕਾਰ ਕੋਲੋਂ ਅੰਸਾਰੀ ਕਮਿਸ਼ਨ ਰਿਪੋਰਟ ਜਨਤਕ ਕਰਨ ਦੀ ਵੀ ਮੰਗ ਕੀਤੀ ਗਈ।


## Matrimonials

### ਵਰ ਦੀ ਲੋੜ

Looking for a suitable match for US citizen Punjabi Khatri girl, 31 years, 5' 2", well settled, divorced. The boy must be willing to stay in/near Cleveland, Ohio. Contact: Nsaw2018@gmail.com 14-17

### ਜੀਵਨ ਸਾਥਣ ਦੀ ਲੋੜ

Wanted suitable educated US citizen/green card holder Punjabi Sikh woman 30-38 yrs , for Jatt Sikh Gill clean shaven Divorced man 39 yrs, 5'-7" US citizen, belongs to educated family from Punjab. Email: Sukhkaran1978@outlook.com 14-17

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 12/4

## ਹਲਵਾਈ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

8-

## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਨਸ਼ੇ ਅਤੇ ਰੇਤ ਦੇ ਕਾਰੋਬਾਰ ਨੇ ਥੱਲੇ ਲਾਈ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਨਸ਼ੇ ਅਤੇ ਰੇਤ ਦਾ ਨਾਜਾਇਜ਼ ਕਾਰੋਬਾਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਇਹ ਦੋਵੇਂ ਮਸਲੇ ਅਕਾਲੀ-ਭਾਜਪਾ ਸਰਕਾਰ ਦੇ ਪਤਨ ਦਾ ਕਾਰਨ ਬਣੇ ਸਨ ਤੇ ਇਹੀ ਰੋਸ ਹੁਣ ਕੈਪਟਨ ਸਰਕਾਰ ਖਿਲਾਫ ਤਿੱਖਾ ਹੋ ਰਿਹਾ ਹੈ। ਖਾਸਕਰ ਸਿਆਸਤਦਾਨਾਂ, ਅਫਸਰਾਂ, ਪੁਲਿਸ ਅਤੇ ਠੇਕੇਦਾਰਾਂ ਦੀ ਮਿਲੀਭੁਗਤ ਦੇ ਸਾਹਮਣੇ ਆ ਰਹੇ ਮਾਮਲਿਆਂ ਨੇ ਸਰਕਾਰ ਦੀ ਸਾਖ ਨੂੰ ਕਾਫੀ ਧੱਕਾ ਲਾਇਆ ਹੈ। ਸਾਲ ਬੀਤਣ ਤੋਂ ਬਾਅਦ ਵੀ ਸਰਕਾਰ ਇਨ੍ਹਾਂ ਮਸਲਿਆਂ ਉਤੇ ਕਾਬੂ ਪਾਉਣ ਤੋਂ ਅਸਮਰੱਥ ਹੈ, ਸਗੋਂ ਇਹ ਵੀ ਇਲਜ਼ਾਮ ਲੱਗ ਰਹੇ ਹਨ ਕਿ ਹੁਣ ਦੇ ਸੱਤਾਧਾਰੀਆਂ ਵਿਚੋਂ ਵੀ ਕੁਝ ਲੋਕ ਇਸ ਨਾਜਾਇਜ਼ ਧੰਦੇ ਨਾਲ ਜੁੜ ਗਏ ਹਨ।



ਸਰਕਾਰ ਦਾ ਸਾਲ ਪੂਰਾ ਹੋਣ ਉਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਹ ਮੰਨਿਆ ਸੀ ਕਿ ਰੇਤੇ ਦੇ ਇਸ ਧੰਦੇ ਵਿਚ 'ਸਰਕਾਰੀ ਲੋਕਾਂ' ਵੱਲੋਂ ਵੀ ਹੱਥ ਰੰਗੇ ਜਾ ਰਹੇ ਹਨ। ਇਸ ਵਿਚ ਸਿਆਸਤਦਾਨਾਂ, ਪੁਲਿਸ ਅਫਸਰਾਂ, ਠੇਕੇਦਾਰਾਂ ਅਤੇ ਦਲਾਲਾਂ ਦਾ ਹੱਥ ਹੈ। ਇਸ ਕੰਮ ਵਿਚ ਨਾਕਾਮ ਹੋਣ ਤੋਂ ਬਾਅਦ ਸਰਕਾਰ ਨੇ ਪੂਰੀ ਘੋਖ-ਪੜਤਾਲ ਕਰਨ ਲਈ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਹੈ, ਜਿਸ ਦੇ ਮੁਖੀ ਨਵਜੋਤ ਸਿੰਘ ਸਿੱਧੂ ਹਨ। ਇਸ ਕਮੇਟੀ ਨੇ ਇਕ ਮਹੀਨੇ ਅੰਦਰ ਇਸ ਸਬੰਧੀ ਸਾਰੀ ਰਿਪੋਰਟ ਦੇਣੀ ਹੈ।

ਇਸ ਮਸਲੇ 'ਤੇ ਕੁਝ ਅਹਿਮ ਸਵਾਲ ਵੀ ਉਠੇ ਹਨ ਕਿ ਜੇਕਰ ਗੁਆਂਢੀ ਰਾਜ ਹਰਿਆਣਾ ਹਰ ਸਾਲ ਇਸ ਕੰਮ ਵਿਚੋਂ 9000 ਕਰੋੜ ਰੁਪਏ ਕਮਾ ਸਕਦਾ ਹੈ ਤਾਂ ਪੰਜਾਬ ਨੂੰ ਪਿਛਲੇ ਲੰਮੇ ਸਮੇਂ ਤੋਂ ਹਰ ਸਾਲ ਇਸ ਵਿਚੋਂ 40 ਕਰੋੜ ਰੁਪਏ ਹੀ ਪ੍ਰਾਪਤ ਕਿਉਂ ਹੁੰਦੇ ਰਹੇ ਹਨ? ਜੇਕਰ ਕੁਝ ਸਾਲ ਪਹਿਲਾਂ ਹੋਂਦ ਵਿਚ ਆਇਆ ਤੇਲੰਗਾਨਾ ਸੂਬਾ ਇਸ ਵਿਚੋਂ ਹਰ ਸਾਲ 400 ਕਰੋੜ ਦੇ ਲਗਭਗ ਆਮਦਨ ਪ੍ਰਾਪਤ ਕਰ ਸਕਦਾ ਹੈ ਤਾਂ ਪੰਜਾਬ ਇਸ ਖੇਤਰ ਵਿਚ ਇੰਨਾ ਫਾਡੀ ਕਿਉਂ ਹੈ? ਇਸ ਦਾ ਸਿੱਧਾ ਭਾਵ ਇਹ ਹੈ ਕਿ ਇਸ ਧੰਦੇ ਵਿਚ ਨਾਜਾਇਜ਼ ਕਾਰਵਾਈਆਂ ਵਧੇਰੇ ਹੁੰਦੀਆਂ ਹਨ।

ਇਹੀ ਨਹੀਂ ਡੀ.ਜੀ.ਪੀ. ਰੈਂਕ ਦੇ ਅਫਸਰ ਸਿਧਾਰਥ ਚਟੋਪਾਧਿਆਏ, ਜੋ ਹਾਈ ਕੋਰਟ ਦੇ ਹੁਕਮਾਂ ਉਤੇ ਨਸ਼ਿਆਂ ਸਬੰਧੀ ਜਾਂਚ ਕਰ ਰਹੀ ਸਿੱਟ ਦੇ ਅਗਵਾਈ ਕਰ ਰਹੇ ਹਨ, ਨੇ ਉਨ੍ਹਾਂ ਨੂੰ ਇੰਦਰਪ੍ਰੀਤ ਸਿੰਘ ਚੱਢਾ ਖੁਦਕੁਸ਼ੀ ਕੇਸ ਵਿਚ 'ਝੂਠਾ ਫਸਾਏ' ਜਾਣ ਦੇ ਦੋਸ਼ ਲਾਉਂਦਿਆਂ ਆਪਣੇ ਸਾਥੀ ਅਫਸਰਾਂ-ਡੀ.ਜੀ.ਪੀ. ਸੁਰੇਸ਼ ਅਰੋੜਾ (ਪੰਜਾਬ ਪੁਲਿਸ ਮੁਖੀ) ਤੇ ਡੀ.ਜੀ.ਪੀ. (ਇੰਟੈਲੀਜੈਂਸ) ਦਿਨਕਰ ਗੁਪਤਾ ਨੂੰ ਨਸ਼ਿਆਂ ਦੇ ਕਾਰੋਬਾਰ ਦੇ ਮਾਮਲੇ 'ਚ ਕਟਹਿਰੇ ਚ ਖੜ੍ਹਾ ਕੀਤਾ ਹੈ। ਇਸ ਪਿੱਛੋਂ ਅਦਾਲਤ ਨੇ ਸ੍ਰੀ ਚਟੋਪਾਧਿਆਏ ਖਿਲਾਫ਼ ਜਾਂਚ ਉਤੇ ਰੋਕ ਲਾ ਦਿੱਤੀ ਹੈ।

ਸ੍ਰੀ ਚਟੋਪਾਧਿਆਏ ਨੇ ਆਪਣੀ ਦਸ ਸਫਿਆਂ ਦੀ ਅਰਜ਼ੀ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਿੱਟ (ਵਿਸ਼ੇਸ਼ ਜਾਂਚ ਟੀਮ) ਵੱਲੋਂ ਨਸ਼ਿਆਂ ਸਬੰਧੀ ਕੀਤੀ ਜਾ ਰਹੀ ਜਾਂਚ ਪੰਜਾਬ ਦੇ ਇਨ੍ਹਾਂ ਦੋ ਚੋਟੀ ਦੇ ਪੁਲਿਸ ਅਫਸਰਾਂ ਵੱਲ ਵਧ ਰਹੀ ਸੀ। ਇਸ ਤਿੰਨ ਮੈਂਬਰੀ ਸਿੱਟ ਨੂੰ ਹਾਈ ਕੋਰਟ ਨੇ ਬਰਤਰਫ ਇੰਸਪੈਕਟਰ ਇੰਦਰਜੀਤ ਸਿੰਘ ਤੇ ਮੋਗਾ ਦੇ ਐਸ.ਐਸ.ਪੀ. ਰਾਜ ਜੀਤ ਸਿੰਘ ਦੇ ਸਬੰਧਾਂ ਦੀ ਜਾਂਚ ਦਾ ਕੰਮ ਸੌਂਪਿਆ ਹੋਇਆ ਹੈ, ਤਾਂ ਕਿ ਸੂਬੇ ਵਿਚ 'ਨਸ਼ੇ ਦੇ ਕਾਰੋਬਾਰੀਆਂ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਗੱਠਜੋੜ' ਨੂੰ ਤੋੜਿਆ ਜਾ ਸਕੇ। ਸ੍ਰੀ ਚਟੋਪਾਧਿਆਏ ਮੁਤਾਬਕ ਇਸ ਜਾਂਚ ਦੌਰਾਨ ਸ੍ਰੀ ਅਰੋੜਾ ਤੇ ਸ੍ਰੀ ਗੁਪਤਾ ਦੀ ਭੂਮਿਕਾ ਸਾਹਮਣੇ ਆਈ ਸੀ।

ਇਸ ਸਬੰਧੀ ਸ੍ਰੀ ਚਟੋਪਾਧਿਆਏ ਨੇ ਇਕ ਸੀਲਬੰਦ ਲਿਫਾਫ਼ੇ ਵਿਚ ਅਦਾਲਤ ਨੂੰ ਛੇ ਹੋਰ ਦਸਤਾਵੇਜ਼ ਵੀ ਸੌਂਪੇ ਹਨ। ਉਨ੍ਹਾਂ ਕਿਹਾ ਕਿ ਜਿਸ ਕੇਸ ਵਿਚ ਉਨ੍ਹਾਂ ਨੂੰ ਫਸਾਇਆ ਜਾ ਰਿਹਾ ਹੈ, ਉਸ ਦੀ ਜਾਂਚ ਕਰਨ ਵਾਲੀ ਸਿੱਟ ਦੇ ਮੈਂਬਰਾਂ ਦੀਆਂ 'ਤਰੱਕੀਆਂ, ਤਾਇਨਾਤੀਆਂ ਤੇ ਸਮੁੱਚਾ ਕਰੀਅਰ' ਇਨ੍ਹਾਂ ਦੋਵੇਂ 'ਸਭ ਤੋਂ ਸੀਨੀਅਰ ਅਫ਼ਸਰ' ਸ੍ਰੀ ਅਰੋੜਾ ਤੇ ਸ੍ਰੀ ਗੁਪਤਾ ਦੇ ਹੱਥ ਵਿਚ ਹੋਣ ਕਾਰਨ ਜਾਂਚ ਦੇ ਨਤੀਜੇ ਉਨ੍ਹਾਂ ਖਿਲਾਫ਼ ਕੱਢੇ ਜਾ ਸਕਦੇ ਹਨ। ਸ੍ਰੀ ਚਟੋਪਾਧਿਆਏ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਉਨ੍ਹਾਂ ਸੀਨੀਅਰ ਪੁਲੀਸ ਅਫਸਰਾਂ ਦੀ ਸ਼ਹਿ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਨ੍ਹਾਂ (ਅਫਸਰਾਂ) ਦੀਆਂ ਰਾਜ ਜੀਤ ਸਿੰਘ ਤੇ ਇੰਦਰਜੀਤ ਸਿੰਘ ਨਾਲ ਨਜ਼ਦੀਕੀਆਂ ਦੀ ਜਾਂਚ ਚੱਲ ਰਹੀ ਹੈ। ਉਨ੍ਹਾਂ ਦਾ ਨਾਂ ਉਦੋਂ ਜਾਂਚ ਵਿਚ ਘੜੀਸਿਆ ਗਿਆ, ਜਦੋਂ ਉਨ੍ਹਾਂ ਨਸ਼ਿਆਂ ਦੇ ਮਾਮਲੇ 'ਚ ਆਪਣੀ ਸਿੱਟ ਵੱਲੋਂ ਪਹਿਲੀ ਪ੍ਰਗਤੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ।

## ਰਾਣਾ ਦੀਆਂ ਮੁਸ਼ਕਲਾਂ ਵਧੀਆਂ

**ਚੰਡੀਗੜ੍ਹ:** ਮੰਤਰੀ ਦਾ ਅਹੁਦਾ ਖੁੱਸਣ ਬਾਅਦ ਵੀ ਕਾਂਗਰਸੀ ਨੇਤਾ ਰਾਣਾ ਗੁਰਜੀਤ ਸਿੰਘ ਦੀਆਂ ਮੁਸ਼ਕਲਾਂ ਘਟ ਨਹੀਂ ਰਹੀਆਂ। ਆਮਦਨ ਕਰ ਵਿਭਾਗ ਨੇ ਹਾਲ ਹੀ ਵਿਚ ਸਾਬਕਾ ਮੰਤਰੀ ਨਾਲ ਸਬੰਧਤ ਮੰਨੇ ਜਾਂਦੇ ਵਿਅਕਤੀਆਂ ਅਮਿਤ ਬਹਾਦਰ ਅਤੇ ਕੁਲਵਿੰਦਰ ਪਾਲ ਸਿੰਘ ਵੱਲੋਂ ਰੇਤ ਦੀਆਂ ਖੱਡਾਂ ਹਾਸਲ ਕਰਨ ਲਈ ਜਮ੍ਹਾਂ ਕਰਾਈ ਰਕਮ 'ਜਾਮ' (ਫਰੀਜ਼) ਕਰਨ ਦੇ ਹੁਕਮ ਦਿੱਤੇ ਹਨ। ਹੁਕਮਾਂ ਤਹਿਤ ਆਮਦਨ ਕਰ ਵਿਭਾਗ ਵੱਲੋਂ ਮਾਮਲੇ ਦੇ ਨਿਬੇੜੇ ਤੱਕ ਰਕਮ ਵਾਪਸ ਨਹੀਂ ਕੀਤੀ ਜਾ ਸਕੇਗੀ। ਦੱਸਣਯੋਗ ਹੈ ਕਿ ਕੈਪਟਨ ਸਰਕਾਰ ਦੇ ਹੋਂਦ 'ਚ ਆਉਣ ਤੋਂ ਬਾਅਦ ਰੇਤ ਖੱਡਾਂ ਦੀ ਨਿਲਾਮੀ ਦੌਰਾਨ ਅਮਿਤ ਬਹਾਦਰ ਅਤੇ ਕੁਲਵਿੰਦਰ ਪਾਲ ਸਿੰਘ ਦੇ ਰਾਣਾ ਗੁਰਜੀਤ ਸਿੰਘ ਨਾਲ ਸਬੰਧ ਬੇਪਰਦ ਹੋਏ ਸਨ, ਮਾਮਲੇ ਦੇ ਤੂਲ ਫੜ ਜਾਣ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਸਟਿਸ (ਸੇਵਾ ਮੁਕਤ) ਜੇ.ਐਸ. ਨਾਰੰਗ ਉਤੇ ਅਧਾਰਤ ਜਾਂਚ ਕਮਿਸ਼ਨ ਨਿਯੁਕਤ ਕੀਤਾ ਸੀ। ਕਮਿਸ਼ਨ ਨੇ ਉਕਤ ਵਿਅਕਤੀਆਂ ਨੂੰ ਰੇਤ ਦੀਆਂ ਖੱਡਾਂ ਦੀ ਹੋਈ ਅਲਾਟਮੈਂਟ ਰੱਦ ਕਰਨ ਦੀ ਸਿਫਾਰਸ਼ ਕਰਦਿਆਂ ਰਾਣਾ ਨੂੰ ਕਲੀਨ ਚਿੱਟ ਦੇ ਦਿੱਤੀ ਸੀ।

# ਮੁਲਾਜ਼ਮ ਨੂੰ ਥੱਪੜ ਮਾਰ ਕੇ ਘਿਰਿਆ ਕਾਂਗਰਸੀ ਆਗੂ

**ਸੰਗਰੂਰ:** ਕਾਂਗਰਸੀ ਆਗੂ ਅਤੇ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਉਸ ਸਮੇਂ ਵਿਵਾਦਾਂ ਵਿਚ ਘਿਰ ਗਏ ਜਦੋਂ ਉਨ੍ਹਾਂ ਵੱਲੋਂ ਖੁਰਾਕ ਸਪਲਾਈ ਵਿਭਾਗ ਮਖੂ ਵਿਚ ਤਾਇਨਾਤ ਕਰਮਚਾਰੀ ਕਪਿਲ ਸਕਸੈਨਾ ਨੂੰ ਪੁਲਿਸ ਦੀ ਮੌਜੂਦਗੀ ਵਿਚ ਥੱਪੜ ਮਾਰਿਆ ਗਿਆ। ਇਸ ਮਾਮਲੇ ਦੀ ਵੀਡੀਓ ਸੋਸ਼ਲ



ਸਾਈਟ ਉਤੇ ਨਸ਼ਰ ਹੋਣ ਨਾਲ ਮਾਮਲਾ ਭਖ ਗਿਆ ਹੈ। ਖੁਰਾਕ ਸਪਲਾਈ ਵਿਭਾਗ ਦੇ ਕਰਮਚਾਰੀਆਂ ਨੇ ਇਸ ਹਰਕਤ ਦਾ ਗੰਭੀਰ ਨੋਟਿਸ ਲਿਆ ਹੈ।

ਖੁਰਾਕ ਤੇ ਸਪਲਾਈ ਵਿਭਾਗ ਦੀਆਂ ਇੰਸਪੈਕਟਰ ਯੂਨੀਅਨ ਅਤੇ ਮਨਿਸਟੀਰੀਅਲ ਸਟਾਫ ਯੂਨੀਅਨਾਂ ਦੀ ਅਗਵਾਈ ਹੇਠ ਕਰਮਚਾਰੀਆਂ ਵੱਲੋਂ ਸੰਗਰੂਰ 'ਚ ਮੁੱਖ ਮੰਤਰੀ ਪੰਜਾਬ ਦੇ ਨਾਂ ਏ.ਡੀ.ਸੀ. ਉਪਕਾਰ ਸਿੰਘ ਨੂੰ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਗਈ ਕਿ ਸ੍ਰੀ ਜ਼ੀਰਾ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਸਮੁੱਚੇ ਮੁਲਾਜ਼ਮ ਵਰਗ ਨੂੰ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਣਾ ਪਏਗਾ।

ਮੰਗ ਪੱਤਰ ਸੌਂਪਣ ਮਗਰੋਂ ਖੁਰਾਕ ਤੇ ਸਪਲਾਈ ਵਿਭਾਗ ਦੀ ਇੰਸਪੈਕਟਰ ਯੂਨੀਅਨ ਦੇ ਸੂਬਾ ਚੇਅਰਮੈਨ ਗੁਰਿੰਦਰ ਸਿੰਘ ਰਾਣਾ ਨੇ ਦੋਸ਼ ਲਾਇਆ ਕਿ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਨੇ ਡਿਊਟੀ ਉਤੇ ਤਾਇਨਾਤ ਕਰਮਚਾਰੀ ਦੇ ਥੱਪੜ ਮਾਰਦਿਆਂ ਉਸ ਨਾਲ ਹੱਥੋਪਾਈ ਵੀ ਕੀਤੀ।

# ਰੇਤੇ ਦੀਆਂ ਕੀਮਤਾਂ ਅਸਮਾਨੀ ਚੜ੍ਹੀਆਂ

**ਚੰਡੀਗੜ੍ਹ:** ਪੰਜਾਬ ਵਿਚ ਰੇਤੇ ਦੀਆਂ ਅਸਮਾਨੀ ਚੜ੍ਹੀਆਂ ਕੀਮਤਾਂ ਤੋਂ ਬਾਅਦ 'ਮੋਤੀਆਂ ਵਾਲੀ ਸਰਕਾਰ' ਕਸੂਤੀ ਫਸੀ ਮਹਿਸੂਸ ਕਰ ਰਹੀ ਹੈ। ਇਸ ਮਾਮਲੇ ਉਤੇ ਹੋ ਰਹੀ ਬਦਨਾਮੀ ਦੇ ਦਾਗ ਧੋਣ ਤੇ ਲੋਕਾਂ ਨੂੰ ਸਸਤੇ ਭਾਅ ਉਤੇ ਰੇਤਾ ਮੁਹੱਈਆ ਕਰਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਮਸਲੇ 'ਤੇ ਆਪ ਦਖਲ ਦੇਣ ਲਈ ਮਜਬੂਰ ਹੋ ਗਏ ਹਨ। ਮੁੱਖ ਮੰਤਰੀ ਨੇ ਕੈਬਨਿਟ ਸਬ ਕਮੇਟੀ ਨੂੰ ਠੋਸ ਸੁਝਾਵਾਂ ਤਹਿਤ ਜਲਦੀ ਹੀ ਰਿਪੋਰਟ ਦੇਣ ਦੀਆਂ ਹਦਾਇਤਾਂ ਦਿੱਤੀਆਂ ਹਨ। ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਰੇਤ ਖਣਨ ਦੇ ਮਾਮਲੇ ਵਿਚ ਖੁੱਲ੍ਹ ਦੇਣ ਅਤੇ ਸਿਆਸੀ ਲੋਕਾਂ ਦੇ ਦਾਖਲੇ ਕਰ ਕੇ ਕੈਪਟਨ ਸਰਕਾਰ ਨੂੰ ਬਦਨਾਮੀ ਝੱਲਣੀ ਪੈ ਰਹੀ ਹੈ ਤੇ ਹੁਣ ਜੇਕਰ ਸਖਤੀ ਕੀਤੀ ਗਈ ਤਾਂ ਰੇਤ ਦੀਆਂ ਕੀਮਤਾਂ ਆਸਮਾਨ ਨੂੰ ਚੜ੍ਹ ਗਈਆਂ। ਰੇਤ ਖਣਨ ਦਾ ਮਾਮਲਾ ਦਿੱਲੀ ਦਰਬਾਰ ਤੱਕ ਵੀ ਪਹੁੰਚ ਗਿਆ ਹੈ ਜਿਸ ਕਰ ਕੇ ਸਰਕਾਰ ਕੁੰਭਕਰਨੀ ਨੀਂਦ ਤੋਂ ਜਾਗੀ ਹੈ।

ਉਧਰ, ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਰੇਤ ਨੂੰ ਮਾਫੀਆ ਦੇ ਕੰਟਰੋਲ ਤੋਂ ਮੁਕਤ ਕਰ ਕੇ ਸਰਕਾਰੀ ਕੰਟਰੋਲ ਹੇਠ ਲਿਆਂਦੇ ਜਾਣ ਦੀ ਜ਼ਰੂਰਤ ਹੈ। ਮੰਤਰੀ ਨੇ ਇਹ ਵੀ ਕਿਹਾ ਕਿ ਸਰਕਾਰ ਨੂੰ ਰੇਤ ਅਤੇ ਬਜਰੀ ਦੀ ਖਣਨ ਤੋਂ ਸਲਾਨਾ 2000 ਕਰੋੜ ਰੁਪਏ ਤੱਕ ਦਾ ਮਾਲੀਆ ਹਾਸਲ ਹੋ ਸਕਦਾ ਹੈ। ਮੰਤਰੀਆਂ ਤੇ ਅਧਿਕਾਰੀਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁੱਖ ਮੰਤਰੀ ਨੇ ਨਵਜੋਤ ਸਿੱਧੂ ਦੀ ਅਗਵਾਈ ਹੇਠਲੀ ਕੈਬਨਿਟ ਸਬ ਕਮੇਟੀ ਨੂੰ ਜਲਦੀ ਰਿਪੋਰਟ ਦੇਣ ਲਈ ਕਿਹਾ। ਪੰਜਾਬ ਵਿਚ ਇਸ ਸਮੇਂ ਰੇਤ ਦੇ ਟਰੱਕ ਦਾ ਭਾਅ 35 ਹਜ਼ਾਰ ਰੁਪਏ ਦੇ ਕਰੀਬ ਮੰਨਿਆ ਜਾ ਰਿਹਾ ਹੈ। ਕਈ ਜ਼ਿਲ੍ਹਿਆਂ ਵਿਚ ਇਸ ਤੋਂ ਜ਼ਿਆਦਾ ਭਾਅ ਵੀ ਹੋ ਗਿਆ ਹੈ। ਰੇਤੇ ਦਾ ਭਾਅ ਚੜ੍ਹਨ ਕਾਰਨ ਉਸਾਰੀ ਦੇ ਕੰਮ ਨੂੰ ਵੀ ਬਰੇਕਾਂ ਲੱਗਦੀਆਂ ਜਾ ਰਹੀਆਂ ਹਨ।

ਜਾਣਕਾਰੀ ਮੁਤਾਬਕ ਕਾਂਗਰਸ ਸਰਕਾਰ ਦੇ ਗਠਨ ਸਮੇਂ ਰੇਤ ਦਾ ਭਾਅ 20 ਹਜ਼ਾਰ ਰੁਪਏ ਪ੍ਰਤੀ ਟਰੱਕ ਸੀ ਤੇ ਚੋਣਾਂ ਮੌਕੇ ਭਾਅ ਘਟ ਕੇ 15 ਹਜ਼ਾਰ ਰੁਪਏ ਉਤੇ ਆ ਗਿਆ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਿਵੇਂ ਹੀ 'ਹਵਾਈ ਛਾਪਾ' ਮਾਰਿਆ ਤਾਂ ਰੇਤ ਦਾ ਭਾਅ ਅਸਮਾਨੀ ਚੜ੍ਹਨਾ ਸ਼ੁਰੂ ਹੋ ਗਿਆ। ਇਹ ਵੀ ਜ਼ਿਕਰਯੋਗ ਹੈ ਕਿ ਅਕਾਲੀਆਂ ਦੇ ਰਾਜ ਦੌਰਾਨ ਰੇਤੇ ਦਾ ਟਰੱਕ 50 ਹਜ਼ਾਰ ਰੁਪਏ ਤੱਕ ਵੀ ਵਿਕਿਆ ਹੈ ਤੇ ਮਾਫੀਆ ਦਾ ਕੰਟਰੋਲ ਹੋਣ ਕਾਰਨ ਸਰਕਾਰ ਨੂੰ ਇਸ ਮਾਮਲੇ ਉਤੇ ਭਾਰੀ ਨਮੋਸ਼ੀ ਵੀ ਝੱਲਣੀ ਪਈ ਸੀ। ਅਧਿਕਾਰੀਆਂ ਦਾ ਮੰਨਣਾ ਹੈ ਕਿ ਹਾਕਮ ਪਾਰਟੀ ਦੇ ਕੁਝ ਵਿਧਾਇਕਾਂ, ਪੁਲਿਸ ਤੇ ਸਿਵਲ ਅਫਸਰਾਂ ਵੱਲੋਂ ਰੇਤ ਦੇ ਮਾਮਲੇ 'ਤੇ ਹੱਥ ਰੰਗੇ ਜਾ ਰਹੇ ਹਨ। ਪੰਜਾਬ ਦੇ ਮਾਈਨਿੰਗ ਵਿਭਾਗ ਵੱਲੋਂ 200 ਦੇ ਕਰੀਬ ਖੱਡਾਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ ਤੇ ਸਾਲ ਪਹਿਲਾਂ 115 ਖੱਡਾਂ ਦੀ ਨਿਲਾਮੀ ਵੀ ਕਰ ਦਿੱਤੀ ਸੀ।

# ਕੈਪਟਨ ਨੇ 27 ਹਜ਼ਾਰ ਹੋਰ ਕਿਸਾਨਾਂ ਨੂੰ ਕੀਤਾ 'ਕਰਜ਼ਾ ਮੁਕਤ'

**ਗੁਰਦਾਸਪੁਰ:** ਕਿਸਾਨਾਂ ਦੀ ਕਰਜ਼ ਮੁਆਫੀ ਲਈ ਤੀਜੇ ਸੂਬਾ ਪੱਧਰੀ ਸਮਾਗਮ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰਦਾਸਪੁਰ ਸਮੇਤ ਛੇ ਜ਼ਿਲ੍ਹਿਆਂ ਦੇ 26998 ਕਿਸਾਨਾਂ ਨੂੰ 156.12 ਕਰੋੜ ਰੁਪਏ ਦੇ ਕਰਜ਼ ਰਾਹਤ ਸਰਟੀਫਿਕੇਟ ਵੰਡੇ। ਸਮਾਗਮ ਦੌਰਾਨ ਮੁੱਖ ਮੰਤਰੀ ਨੇ ਗੁਰਦਾਸਪੁਰ ਵਿਚ ਸਰਕਾਰੀ ਮੈਡੀਕਲ ਕਾਲਜ ਅਤੇ ਬਟਾਲਾ ਵਿਚ ਨਵੀਂ ਖੰਡ ਮਿੱਲ ਲਾਉਣ ਅਤੇ ਪਨਿਆੜ ਖੰਡ ਮਿੱਲ ਨੂੰ ਅਪਗ੍ਰੇਡ ਕਰਨ ਸਮੇਤ ਸਰਹੱਦੀ ਇਲਾਕੇ ਲਈ ਕਈ ਹੋਰ ਪ੍ਰੋਜੈਕਟਾਂ ਦਾ ਐਲਾਨ ਵੀ ਕੀਤਾ।

ਇਸ ਮੌਕੇ ਗੁਰਦਾਸਪੁਰ ਤੋਂ ਇਲਾਵਾ ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਹੁਸ਼ਿਆਰਪੁਰ ਦੇ ਇਕ-ਇਕ ਕਿਸਾਨ ਨੂੰ ਕਰਜ਼ਾ ਮੁਆਫੀ ਵਾਲੇ ਸਰਟੀਫਿਕੇਟ ਸੌਂਪੇ ਗਏ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬੇਜ਼ਮੀਨੇ ਖੇਤ ਮਜ਼ਦੂਰਾਂ ਨੂੰ ਖੇਤੀ ਸੰਕਟ ਵਿਚੋਂ ਕੱਢਣ ਲਈ 50 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਫੈਸਲਾ ਵੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਤਿੰਨ ਗੇੜਾਂ ਵਿਚ 16 ਜ਼ਿਲ੍ਹਿਆਂ ਦੇ ਕਰੀਬ 1.02 ਲੱਖ ਕਿਸਾਨਾਂ ਨੂੰ 457 ਕਰੋੜ ਰੁਪਏ ਦੀ ਕਰਜ਼ ਰਾਹਤ ਦਿੱਤੀ ਗਈ ਹੈ। ਸਹਿਕਾਰੀ ਕਰਜ਼ਿਆਂ ਦੇ ਨਿਬੇੜੇ ਪਿੱਛੋਂ ਜਲਦ ਹੀ ਕਮਰਸ਼ੀਅਲ ਬੈਂਕਾਂ ਦੇ ਖੇਤੀ ਕਰਜ਼ੇ ਮੁਆਫ ਕਰਨ ਦੀ ਸ਼ੁਰੂਆਤ ਕੀਤੀ ਜਾਵੇਗੀ। ਸੂਬੇ ਨੂੰ ਦਰਪੇਸ਼ ਵੱਡੇ ਵਿੱਤੀ ਸੰਕਟ ਦੇ ਬਾਵਜੂਦ ਕਿਸਾਨਾਂ ਨੂੰ ਦੇਸ਼ ਵਿਚੋਂ ਸਭ ਤੋਂ ਵੱਧ ਦੋ ਲੱਖ ਰੁਪਏ ਤੱਕ ਕਰਜ਼ ਰਾਹਤ ਦਿੱਤੀ ਜਾ ਰਹੀ ਹੈ।

ਇਸ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੂੰ ਗੁਰਦਾਸਪੁਰ ਵਿਚ ਤਜਵੀਜ਼ਤ ਮੈਡੀਕਲ ਕਾਲਜ ਲਈ ਸਥਾਨਕ ਵਿਧਾਇਕ ਨਾਲ ਸਲਾਹ ਕਰ ਕੇ ਢੁਕਵੀਂ ਜਗ੍ਹਾ ਦੀ ਪਛਾਣ ਕਰਨ ਲਈ ਆਖਿਆ ਗਿਆ। ਸ੍ਰੀ ਜਾਖੜ ਨੇ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਖੇ ਲੰਗਰ ਉਤੇ ਲੱਗੇ ਜੀ.ਐਸ.ਟੀ. ਅਤੇ ਇਰਾਕ ਵਿਚ ਮਾਰੇ ਗਏ ਪੰਜਾਬੀਆਂ ਲਈ ਮੁਆਵਜ਼ਾ ਦੇਣ ਦੇ ਮੁੱਦੇ ਉਤੇ ਕੇਂਦਰ ਸਰਕਾਰ ਦੀ ਤਿੱਖੀ ਅਲੋਚਨਾ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਐਸ.ਸੀ. ਵਰਗ ਦੇ ਹਿੱਤਾਂ ਦੀ ਰਾਖੀ ਵਿਚ ਨਾਕਾਮ ਰਹੀ ਹੈ ਤੇ ਅਕਾਲੀਆਂ ਨੇ ਹਮੇਸ਼ਾ ਝੂਠੇ ਵਾਅਦਿਆਂ ਨਾਲ ਕਿਸਾਨਾਂ ਦਾ ਸ਼ੋਸ਼ਣ ਕੀਤਾ ਹੈ।

## ਸਰਕਾਰ ਦੇ ਮਹਿੰਗੇ ਸਮਾਗਮਾਂ ਤੋਂ 'ਆਪ' ਖਫਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਕਰਜ਼ਾ ਮੁਆਫੀ ਸਮਾਗਮ ਤੋਂ ਆਮ ਆਦਮੀ ਪਾਰਟੀ ਖੁਸ਼ ਨਹੀਂ ਹੈ। ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਨੂੰ ਵੱਡੇ-ਵੱਡੇ ਸਮਾਗਮ ਕਰ ਕੇ ਰਾਜਨੀਤਕ ਫਾਇਦਾ ਲੈਣ ਦੇ ਮਨਸੂਬੇ ਨਾਲ ਪ੍ਰਮਾਣ ਪੱਤਰ ਵੰਡ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਮਾਗਮ ਕੈਪਟਨ ਅਮਰਿੰਦਰ ਆਪਣੀ ਸ਼ਾਨ ਬਣਾਉਣ ਲਈ ਕਰ ਰਹੇ ਹਨ। ਖਹਿਰਾ ਨੇ ਕਿਹਾ ਕਿ ਕਿਸਾਨਾਂ ਨੂੰ ਪ੍ਰਮਾਣ ਪੱਤਰ ਦੇਣ ਦੇ ਬਹਾਨੇ ਕੈਪਟਨ ਬੇਹੱਦ ਘੱਟ ਤੇ ਹਸੋਹੀਣੇ ਕਰਜ਼ੇ ਮੁਆਫ ਕਰ ਕੇ ਕਿਸਾਨਾਂ ਦੇ ਜ਼ਖ਼ਮਾਂ ਉਤੇ ਲੂਣ ਰਗੜ ਰਹੇ ਹਨ। ਚੋਣਾਂ ਤੋਂ ਪਹਿਲਾਂ ਪੂਰੇ ਕਰਜ਼ ਮੁਆਫ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਕਿਸਾਨਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਕੈਪਟਨ ਅਮਰਿੰਦਰ ਨੇ ਗੁਰਦਾਸਪੁਰ ਵਿਚ ਕੀਤੇ ਸਮਾਗਮ ਨੂੰ ਮਿਲਾ ਕੇ ਹੁਣ ਤੱਕ 485 ਕਰੋੜ ਦਾ ਕਰਜ਼ਾ ਹੀ ਮੁਆਫ ਕੀਤਾ ਹੈ ਜੋ ਵਾਅਦੇ ਮੁਤਾਬਕ 1 ਲੱਖ ਕਰੋੜ ਦਾ ਅੱਧਾ ਵੀ ਨਹੀਂ। ਇਹ ਸ਼ਰਮ ਦੀ ਗੱਲ ਹੈ ਕਿ ਕੈਪਟਨ ਸਰਕਾਰ ਬਣਨ ਤੋਂ ਬਾਅਦ ਹੁਣ ਤੱਕ 390 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਆਤਮ ਹੱਤਿਆ ਕੀਤੀ ਹੈ।



# ਸੜਕ ਹਾਦਸੇ ਵਿਚ 14 ਖਿਡਾਰੀ ਹਲਾਕ

**ਓਟਵਾ:** ਕੈਨੇਡਾ ਵਿਚ ਆਈਸ ਹਾਕੀ ਟੀਮ ਦੀ ਬੱਸ ਟਰੱਕ ਨਾਲ ਟਕਰਾਉਣ ਕਰ ਕੇ



14 ਖਿਡਾਰੀਆਂ ਦੀ ਮੌਤ ਹੋ ਗਈ ਹੈ। ਇਹ ਬੱਸ ਜੂਨੀਅਰ ਆਈਸ ਹਾਕੀ ਟੀਮ ਨੂੰ ਲੈ ਕੇ ਜਾ ਰਹੀ ਸੀ। ਕੈਨੇਡਾ ਦੇ ਪੱਛਮੀ ਸਸਕੈਚਵਨ ਸੂਬੇ ਦੇ ਰੂਰਲ ਹਾਈਵੇਅ ਉਤੇ ਹਮਬੋਲਟ ਬਰੋਂਕੋਜ਼ ਟੀਮ ਦੀ ਬੱਸ ਜਿਸ ਵਿਚ 28 ਲੋਕ ਸਵਾਰ ਸਨ, ਟਰੱਕ ਨਾਲ ਟਕਰਾ ਗਈ।

ਟੀਮ ਵਿਚ 24 ਖਿਡਾਰੀ ਸਨ ਜਿਨ੍ਹਾਂ ਦੀ ਉਮਰ 16 ਸਾਲ ਤੋਂ 21 ਸਾਲ ਦੇ ਵਿਚਕਾਰ ਸੀ। ਜ਼ਿਕਰਯੋਗ ਹੈ ਕਿ ਆਈਸ ਹਾਕੀ ਕੈਨੇਡਾ ਦੀ ਕੌਮੀ ਖੇਡ ਹੈ। ਸਥਾਨਕ ਮੀਡੀਆ ਨੇ ਪੁਲਿਸ ਦੇ ਹਵਾਲੇ ਨਾਲ ਦੱਸਿਆ ਹੈ ਕਿ ਇਸ ਹਾਦਸੇ ਵਿਚ 14 ਲੋਕ ਮਾਰੇ ਗਏ ਅਤੇ ਬਾਕੀ ਦੇ 14 ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਵਿਚੋਂ ਤਿੰਨ ਦੀ ਹਾਲਤ ਗੰਭੀਰ ਹੈ। ਇਹ ਹਾਦਸਾ ਟਿਸਡੇਲ ਸ਼ਹਿਰ ਤੋਂ 28 ਕਿਲੋਮੀਟਰ ਉਤਰ ਵੱਲ ਸ਼ਾਮ ਪੰਜ ਵਜੇ ਵਾਪਰਿਆ। ਬੱਸ ਖਿਡਾਰੀਆਂ ਨੂੰ ਸਸਕੈਚਵਨ ਜੂਨੀਅਰ ਹਾਕੀ ਲੀਗ ਖੇਡਣ ਜਾ ਰਹੀ ਸੀ।

ਇਸ ਲੀਗ ਵਿਚੋਂ ਹੀ ਖਿਡਾਰੀ ਅੱਗੇ ਕੈਨੇਡਾ ਦੀ ਕੌਮੀ ਆਈਸ ਹਾਕੀ ਟੀਮ ਵਿਚ ਚੁਣੇ ਜਾਂਦੇ ਹਨ ਤੇ ਬਾਕੀ ਦੇ ਖਿਡਾਰੀ ਅਮਰੀਕਾ ਅਤੇ ਕੈਨੇਡਾ ਦੀਆਂ ਹੋਰ ਵੱਡੀਆਂ ਕਲੱਬਾਂ ਅਤੇ ਕਾਲਜਾਂ ਵੱਲੋਂ ਖੇਡਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਸਲਮਾਨ ਖਾਨ ਨੂੰ ਪੰਜ ਸਾਲ ਦੀ ਕੈਦ

**ਜੋਧਪੁਰ:** ਅਦਾਲਤ ਨੇ ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੂੰ ਦੋ ਕਾਲੇ ਹਿਰਨਾਂ ਦੇ ਸ਼ਿਕਾਰ ਦੇ ਮਾਮਲੇ ਵਿਚ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ, ਹਾਲਾਂਕਿ ਜ਼ਿਲ੍ਹਾ ਸੈਸ਼ਨ ਅਦਾਲਤ ਵੱਲੋਂ ਜ਼ਮਾਨਤ ਮਿਲਣ ਪਿੱਛੋਂ ਦੋ ਦਿਨਾਂ ਬਾਅਦ ਉਹ ਜੇਲ੍ਹ ਵਿਚੋਂ ਬਾਹਰ ਆ ਗਿਆ। ਅਦਾਲਤ ਨੇ ਉਸ ਨੂੰ ਸਜ਼ਾ ਖਿਲਾਫ਼ ਅਪੀਲ ਕਰਨ ਲਈ ਇਕ ਮਹੀਨੇ ਦੀ ਮੋਹਲਤ ਵੀ ਦੇ ਦਿੱਤੀ।

ਸਲਮਾਨ ਤੇ ਹੋਰਨਾਂ ਵਿਰੁੱਧ ਦੋ ਕਾਲੇ ਹਿਰਨਾਂ ਨੂੰ ਮਾਰਨ ਦੇ ਦੋਸ਼ ਵਿਚ ਅਕਤੂਬਰ 1998 ਵਿਚ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਨੇ ਉਸ ਦੇ ਸਾਥੀਆਂ ਸੈਫ ਅਲੀ ਖਾਨ, ਤੱਬੂ, ਨੀਲਮ ਅਤੇ ਸੋਨਾਲੀ ਬੇਂਦਰੇ ਅਤੇ ਇਕ ਸਥਾਨਕ ਵਿਅਕਤੀ ਦੁਸ਼ਿਅੰਤ ਸਿੰਘ ਨੂੰ ਸ਼ੱਕ ਦੇ ਆਧਾਰ ਉਤੇ ਬਰੀ ਕਰ ਦਿੱਤਾ। ਸਲਮਾਨ ਖਾਨ ਨੇ ਇਸ ਤੋਂ ਪਹਿਲਾਂ 1998, 2006 ਅਤੇ ਸਾਲ 2007 ਵਿਚ ਕੁਲ 18 ਦਿਨ ਕਾਲੇ ਹਿਰਨ ਨੂੰ ਮਾਰਨ ਦੇ ਮਾਮਲੇ ਵਿਚ ਜੇਲ੍ਹ ਵਿਚ ਕੱਟੇ ਹਨ।

ਇਸ ਮਾਮਲੇ ਵਿਚ ਅੰਤਿਮ ਜ਼ਿਰਹਾ 28 ਮਾਰਚ ਨੂੰ ਮੁਕੰਮਲ ਹੋ ਗਈ ਸੀ ਅਤੇ ਚੀਫ



ਜੁਡੀਸ਼ੀਅਲ ਮੈਜਿਸਟ੍ਰੇਟ ਦੇਵ ਕੁਮਾਰ ਖੱਤਰੀ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ। ਸਲਮਾਨ ਖਾਨ ਵਿਰੁੱਧ ਜੋਧਪੁਰ ਨੇੜੇ ਕਨਕਨੀ ਪਿੰਡ ਵਿਚ ਇਕ ਅਕਤੂਬਰ 1998 ਨੂੰ ਦੋ ਕਾਲੇ ਹਿਰਨ ਮਾਰਨ ਦੇ ਦੋਸ਼ ਵਿਚ ਜੰਗਲੀ ਜੀਵ ਜੰਤੂਆਂ ਦੀ ਰੱਖਿਆ ਸਬੰਧੀ ਕਾਨੂੰਨ ਦੀ ਧਾਰਾ 9/51 ਤਹਿਤ ਕੇਸ ਦਰਜ ਸੀ। ਉਹ ਇਥੇ ਫਿਲਮ 'ਹਮ ਸਾਥ ਸਾਥ ਹੈਂ' ਦੀ ਸ਼ੂਟਿੰਗ ਕਰਨ ਆਇਆ ਸੀ।

ਸਲਮਾਨ ਦੀ ਸਜ਼ਾ ਕਾਰਨ ਫਿਲਮ ਉਦਯੋਗ ਨੂੰ ਹੱਥਾਂ ਪੈਰਾਂ ਦੀ ਪੈ ਗਈ। ਫਿਲਮ ਉਦਯੋਗ ਦੇ 400 ਤੋਂ 600 ਕਰੋੜ ਰੁਪਏ ਤੱਕ ਦਾਅ 'ਤੇ ਲੱਗੇ ਹੋਏ ਹਨ। ਜੇ ਉਸ ਦੀ ਸਜ਼ਾ ਬਰਕਰਾਰ ਰਹਿੰਦੀ ਹੈ ਤਾਂ 3 ਵੱਡੇ ਫਿਲਮ ਪ੍ਰੋਜੈਕਟ ਪ੍ਰਭਾਵਿਤ ਹੋਣਗੇ। ਸਲਮਾਨ (52) ਫਿਲਮ 'ਰੇਸ 3' ਦੀ ਸ਼ੂਟਿੰਗ ਵਿਚ ਲੱਗਿਆ ਸੀ। ਇਹ ਫਿਲਮ ਜੂਨ ਵਿਚ ਰਿਲੀਜ਼ ਹੋਣੀ ਹੈ। ਇਸ ਫਿਲਮ ਉਤੇ 125 ਤੋਂ 150 ਕਰੋੜ ਰੁਪਏ ਦਾਅ ਉਤੇ ਲੱਗੇ ਹਨ। 'ਕਿੱਕ 2', 'ਦਬੰਗ 3' ਅਤੇ 'ਭਾਰਤ' ਦੀ ਸ਼ੂਟਿੰਗ ਸ਼ੁਰੂ ਹੋਣੀ ਸੀ। ਫਿਲਮ ਉਦਯੋਗ ਦੇ ਮਾਹਿਰ ਕੋਮਲ ਨਾਹਟਾ ਅਨੁਸਾਰ ਸਲਮਾਨ ਦੇ ਜੇਲ੍ਹ ਜਾਣ ਨਾਲ ਫਿਲਮ ਉਦਯੋਗ ਨੂੰ ਭਾਰੀ ਨੁਕਸਾਨ ਹੋਵੇਗਾ ਕਿਉਂਕਿ ਉਹ ਬੇਹੱਦ ਸਫਲ ਕਲਾਕਾਰ ਹੈ।

# ਸਖਤੀ ਕਾਰਨ ਐਚ-1 ਬੀ ਵੀਜ਼ੇ ਤੋਂ ਮੂੰਹ ਫੇਰਨ ਲੱਗੇ ਭਾਰਤੀ

**ਵਾਸ਼ਿੰਗਟਨ:** ਡੋਨਲਡ ਟਰੰਪ ਦੀ ਸਖਤੀ ਮਗਰੋਂ ਭਾਰਤੀਆਂ ਦੀ ਐਚ-1 ਬੀ ਵੀਜ਼ੇ ਵਿਚ ਦਿਲਚਸਪੀ ਘਟ ਗਈ ਹੈ। ਸਿਲੀਕਾਨ ਵੈਲੀ ਦੇ ਅਖ਼ਬਾਰ ਮੁਤਾਬਕ ਭਾਰਤੀ ਸੂਚਨਾ ਤਕਨੀਕੀ ਕੰਪਨੀਆਂ ਦੀਆਂ ਐਚ-1 ਬੀ ਵੀਜ਼ਾ ਅਰਜ਼ੀਆਂ ਵਿਚ ਭਾਰੀ ਕਮੀ ਆਈ ਹੈ। ਟਰੰਪ ਪ੍ਰਸ਼ਾਸਨ ਦੇ ਸਖ਼ਤ ਇਮੀਗ੍ਰੇਸ਼ਨ ਰੁਖ ਤੋਂ ਵਿਦੇਸ਼ੀ ਕਾਮੇ ਵੀ ਅਮਰੀਕੀ ਕੰਪਨੀਆਂ ਵਿਚ ਆਉਣ ਤੋਂ ਕੰਨੀ ਕਤਰਾ ਰਹੇ ਹਨ।

ਸਾਨ ਫਰਾਂਸਿਸਕੋ ਕ੍ਰੋਨੀਕਲਜ਼ ਦੇ ਸੰਪਾਦਕੀ ਬੋਰਡ ਮੁਤਾਬਕ ਐਚ-1 ਬੀ ਵੀਜ਼ਾ ਦੇ ਬਿਨੈਕਾਰਾਂ ਨੂੰ ਲੱਗਦਾ ਹੈ ਕਿ ਇਸ ਲਈ ਉਨ੍ਹਾਂ ਨੂੰ ਸਖਤ ਪ੍ਰਕਿਰਿਆ ਦਾ ਸਾਹਮਣਾ ਕਰਨਾ ਪਵੇਗਾ। ਇਸ ਨਾਲ ਬਿਨੈਕਾਰਾਂ ਤੇ ਉਨ੍ਹਾਂ ਨੂੰ ਨੌਕਰੀ ਦੇਣ ਵਾਲੀਆਂ ਅਮਰੀਕੀ ਕੰਪਨੀਆਂ, ਦੋਵੇਂ ਪ੍ਰਭਾਵਿਤ ਹੋਏ ਹਨ। ਅਖ਼ਬਾਰ ਦਾ ਕਹਿਣਾ ਹੈ ਕਿ ਐਚ-1 ਬੀ ਵੀਜ਼ਾ ਪ੍ਰੋਗਰਾਮ ਤਹਿਤ ਅਮਰੀਕੀ ਕੰਪਨੀਆਂ ਵਿਸ਼ੇਸ਼ ਅਹੁਦਿਆਂ ਉਤੇ ਹੋਰਾਂ ਦੇਸ਼ਾਂ ਦੇ ਪੇਸ਼ੇਵਰਾਂ ਦੀ ਨਿਯੁਕਤੀ ਕਰਦੀਆਂ ਹਨ।

ਅਮਰੀਕਾ ਦੀਆਂ ਤਕਨੀਕੀ ਕੰਪਨੀਆਂ ਇਸ ਵੀਜ਼ੇ ਰਾਹੀਂ ਹਰ ਸਾਲ ਹਜ਼ਾਰਾਂ ਚੀਨੀ ਭਾਰਤੀ ਕਾਮਿਆਂ ਦੀ ਨਿਯੁਕਤੀ ਕਰਦੀਆਂ ਹਨ। ਵਾਲ ਸਟ੍ਰੀਟ ਜਰਨਲ ਮੁਤਾਬਕ ਐਚ-1 ਬੀ ਵੀਜ਼ੇ ਦੀ ਮੰਗ ਘਟ ਰਹੀ ਹੈ। ਇੰਡੀਡ ਹਾਇਰਿੰਗ ਲੈਬ ਦੇ ਅਰਥਸ਼ਾਸਤਰੀ ਡੇਨੀਅਲ ਕਲਬਰਟਸਨ ਨੇ ਕਿਹਾ ਕਿ ਐਚ-1 ਬੀ ਵੀਜ਼ੇ ਬਾਰੇ ਕੀਤੀ ਖੋਜ ਦੱਸਦੀ ਹੈ ਕਿ ਇਸ ਦੀ ਗਿਣਤੀ 2017 ਦੇ ਮੁਕਾਬਲੇ 2018 ਵਿਚ ਕਾਫੀ ਘਟ ਗਈ ਹੈ।

# ਟਰੰਪ ਟਾਵਰ ਵਿਚ ਅੱਗ ਨਾਲ ਇਕ ਹਲਾਕ, 6 ਜ਼ਖ਼ਮੀ

**ਨਿਊ ਯਾਰਕ:** ਟਰੰਪ ਟਾਵਰ ਦੀ 50ਵੀਂ ਮੰਜ਼ਿਲ ਉਤੇ ਅੱਗ ਲੱਗਣ ਕਰ ਕੇ ਇਕ ਵਿਅਕਤੀ ਟੌਡ ਬ੍ਰੈਸਨਰ (67) ਮਾਰਿਆ ਗਿਆ ਜਦਕਿ ਅੱਗ ਬੁਝਾਊ ਅਮਲੇ ਦੇ ਛੇ ਮੁਲਾਜ਼ਮ ਜ਼ਖਮੀ ਹੋ ਗਏ। ਬ੍ਰੈਸਨਰ ਬੇਹੋਸ਼ ਮਿਲਿਆ ਸੀ ਜਿਸ ਦੀ ਬਾਅਦ 'ਚ ਹਸਪਤਾਲ ਵਿਚ ਮੌਤ ਹੋ ਗਈ। ਅੱਗ ਉਤੇ ਦੋ ਘੰਟਿਆਂ ਮਗਰੋਂ ਕਾਬੂ ਪਾਇਆ ਗਿਆ।

ਫਾਇਰ ਵਿਭਾਗ ਵੱਲੋਂ ਟਵੀਟ ਕੀਤੀਆਂ ਤਸਵੀਰਾਂ 'ਚ ਦਿਖਾਇਆ ਗਿਆ ਹੈ ਕਿ ਇਮਾਰਤ ਦੀ 50ਵੀਂ ਮੰਜ਼ਿਲ ਦੀਆਂ ਕਈ ਖਿੜਕੀਆਂ ਨੁਕਸਾਨੀਆਂ ਗਈਆਂ ਹਨ। ਅੱਗ ਲੱਗਣ ਸਮੇਂ ਟਰੰਪ ਪਰਿਵਾਰ ਦਾ ਕੋਈ ਵੀ ਮੈਂਬਰ ਟਾਵਰ ਵਿਚ ਮੌਜੂਦ ਨਹੀਂ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜਨਵਰੀ 'ਚ ਵ੍ਹਾਈਟ ਹਾਊਸ ਵਿਚ ਆਉਣ ਤੋਂ ਪਹਿਲਾਂ ਟਰੰਪ ਅਤੇ ਉਨ੍ਹਾਂ ਦੀ ਪਤਨੀ ਅਮਰੀਕਾ ਦੀ ਪ੍ਰਥਮ ਮਹਿਲਾ ਮੇਲਾਨੀਆ 56 ਤੋਂ 58 ਮੰਜ਼ਿਲਾਂ ਦੇ ਕੁਝ ਹਿੱਸਿਆਂ 'ਚ ਰਹਿੰਦੇ ਸਨ। ਟਰੰਪ ਆਰਗੇਨਾਈਜ਼ੇਸ਼ਨ ਦਾ ਸਦਰ ਮੁਕਾਮ ਇਮਾਰਤ ਦੀ 26ਵੀਂ ਮੰਜ਼ਿਲ ਉਤੇ ਪੈਂਦਾ ਹੈ।

# ਜੇਲ੍ਹ ਵਿਚ ਬੈਠੇ ਰਾਮ ਰਹੀਮ ਦੀਆਂ ਮੁਸ਼ਕਿਲਾਂ ਹੋਰ ਵਧੀਆਂ

**ਚੰਡੀਗੜ੍ਹ:** ਇਨਫੋਰਸਮੈਂਟ ਡਾਇਰੈਕਟੋਰੇਟ ਨੇ ਬਲਾਤਕਾਰ ਦੇ ਦੋਸ਼ ਵਿਚ ਸਜ਼ਾਯਾਫਤਾ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਇਕ ਹੋਰ ਕੇਸ ਦਰਜ ਕਰ ਲਿਆ ਹੈ। ਈ.ਡੀ. ਹੁਣ ਡੇਰੇ ਦੀ ਜਾਇਦਾਦ ਦੇ ਮਾਮਲਿਆਂ ਦੀ ਜਾਂਚ ਕਰੇਗਾ। ਸੁਣਵਾਈ ਦੌਰਾਨ ਅਦਾਲਤ ਨੇ ਹਰਿਆਣਾ ਪੁਲਿਸ ਦੀ ਖਾਸੀ ਝਾੜਝੰਬ ਕੀਤੀ ਤੇ ਡੇਰੇ ਦੀ ਚੇਅਰਪਰਸਨ ਵਿਪਾਸਨਾ ਇੰਸਾ ਦੇ ਗ੍ਰਿਫਤਾਰ ਨਾ ਹੋਣ ਦਾ ਕਾਰਨ ਵੀ ਪੁੱਛਿਆ। ਅਦਾਲਤ ਵਿਚ ਈਡੀ ਤੇ ਆਮਦਨ ਕਰ ਵਿਭਾਗ ਵੱਲੋਂ ਪੇਸ਼ ਹੋਏ ਵਕੀਲ ਸੱਤਿਆਪਾਲ ਜੈਨ ਨੇ ਦੱਸਿਆ ਕਿ ਉਨ੍ਹਾਂ ਨੇ ਡੇਰੇ ਦੇ ਆਮਦਨ ਸਰੋਤਾਂ ਤੇ ਜਾਇਦਾਦਾਂ ਸਬੰਧੀ ਸਬੂਤਾਂ ਦੀ ਮੰਗ ਹਰਿਆਣਾ ਪੁਲਿਸ ਤੋਂ ਕੀਤੀ ਹੈ।



ਅਦਾਲਤ ਨੇ ਪੁਲਿਸ ਨੂੰ ਦੋ ਹਫਤਿਆਂ ਦੇ ਅੰਦਰ ਈ.ਡੀ. ਤੇ ਆਈ.ਟੀ. ਵਿਭਾਗ ਨੂੰ ਲੋੜੀਂਦੇ ਸਬੂਤ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਹਾਈ ਕੋਰਟ ਨੇ ਡੇਰੇ ਨੂੰ ਖਾਤੇ ਵਿਚ ਆਪਣੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦੇਣ ਦੀ ਆਗਿਆ ਵੀ ਦੇ ਦਿੱਤੀ ਹੈ। ਡੇਰੇ ਵੱਲੋਂ ਸਕੂਲ ਤੇ ਕਾਲਜ ਮੁੜ ਤੋਂ ਖੋਲ੍ਹੇ ਜਾਣ ਦੀ ਮੰਗ ਕੀਤੀ ਸੀ। ਇਸ ਉਤੇ ਅਦਾਲਤ ਨੇ ਇਕ ਕਮੇਟੀ ਬਣਾਉਣ ਦੇ ਹੁਕਮ ਦਿੱਤੇ ਹਨ, ਜੋ ਇਨ੍ਹਾਂ ਵਿੱਦਿਅਕ ਅਦਾਰਿਆਂ ਦੀ ਨਿਗਰਾਨੀ ਕਰਨਗੇ। ਕਮੇਟੀ ਦੀ ਪ੍ਰਧਾਨਗੀ ਸਿਰਸਾ ਦੇ ਸਿੱਖਿਆ ਅਧਿਕਾਰੀ ਕੋਲ ਹੋਵੇਗੀ ਤੇ ਸਰਕਾਰੀ ਕਾਲਜ ਤੇ ਸਕੂਲਾਂ ਦੇ ਸਾਬਕਾ ਪ੍ਰਿੰਸੀਪਲ ਹੋਣਗੇ।

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਚੀਫ ਖਾਲਸਾ ਦੀਵਾਨ ’ਚ ਧੜੇਬੰਦੀ ਉਭਰੀ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੀ ਚੋਣ ਵਿਚ ਬੇਨੇਮੀਆਂ ਦੇ ਮਾਮਲੇ ਵਿਚ ਅਕਾਲ ਤਖਤ ਦੇ ਜਥੇਦਾਰ ਵੱਲੋਂ ਜਾਂਚ ਸਬੰਧੀ ਜਾਰੀ ਆਦੇਸ਼ਾਂ ਤੋਂ ਬਾਅਦ ਦੀਵਾਨ ਵਿਚ ਮੁੜ ਧੜੇਬੰਦੀ ਉਭਰਨ ਦੇ ਆਸਾਰ ਹਨ, ਕਿਉਂਕਿ ਇਕ ਧੜਾ ਇਨ੍ਹਾਂ ਆਦੇਸ਼ਾਂ ਨਾਲ ਸਹਿਮਤ ਹੈ, ਜਦੋਂਕਿ ਦੂਜਾ ਧੜਾ ਇਨ੍ਹਾਂ ਆਦੇਸ਼ਾਂ ਨੂੰ ਦੀਵਾਨ ਦੇ ਕੰਮਕਾਜ ਵਿਚ ਬੇਲੋੜੀ ਦਖਲਅੰਦਾਜ਼ੀ ਵਜੋਂ ਦੇਖ ਰਿਹਾ ਹੈ। ਰਾਜ ਮਹਿੰਦਰ ਸਿੰਘ ਮਜੀਠਾ ਸਮੇਤ ਉਸ ਦੇ ਸਾਥੀਆਂ ਵੱਲੋਂ ਬੀਤੇ ਦਿਨੀਂ ਅਕਾਲ ਤਖਤ ਵਿਖੇ ਪੱਤਰ ਸੌਂਪ ਕੇ ਸ਼ਿਕਾਇਤ ਕੀਤੀ ਗਈ ਸੀ ਕਿ ਉਪ ਚੋਣਾਂ ਦੌਰਾਨ ਅਜਿਹੇ ਮੈਂਬਰਾਂ ਦੀਆਂ ਵੋਟਾਂ ਪਵਾਈਆਂ ਗਈਆਂ ਹਨ, ਜਿਨ੍ਹਾਂ ਨੇ ਦੀਵਾਨ ਦੀਆਂ ਲਗਾਤਾਰ 12 ਮੀਟਿੰਗਾਂ ’ਚ ਹਾਜ਼ਰੀ ਨਹੀਂ ਭਰੀ ਤੇ ਲੋੜੀਂਦੇ ਫੰਡ ਵੀ ਜਮ੍ਹਾਂ ਨਹੀਂ ਕਰਾਏ।

ਸੰਵਿਧਾਨ ਮੁਤਾਬਕ ਅਜਿਹੇ ਮੈਂਬਰਾਂ ਦੀ ਮੈਂਬਰਸ਼ਿਪ ਖਾਰਜ ਹੋ ਜਾਂਦੀ ਹੈ। ਇਸ ਤੋਂ ਇਲਾਵਾ ਪਤਿਤ ਮੈਂਬਰਾਂ ਦੀਆਂ ਵੋਟਾਂ ਪਵਾਏ ਜਾਣ ਦੇ ਵੀ ਦੋਸ਼ ਸਨ। ਅਕਾਲ ਤਖਤ ਦੇ ਜਥੇਦਾਰ ਵੱਲੋਂ ਇਸ ਮਾਮਲੇ ਵਿਚ ਦੀਵਾਨ ਦੇ ਦੋਵਾਂ ਆਨਰੇਰੀ ਸਕੱਤਰਾਂ ਨਰਿੰਦਰ ਸਿੰਘ ਖੁਰਾਣਾ ਅਤੇ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੂੰ ਮਾਮਲੇ ਦੀ ਜਾਂਚ ਕਰ ਕੇ 7 ਦਿਨਾਂ ਵਿਚ ਰਿਪੋਰਟ ਦੇਣ ਦੀ ਹਦਾਇਤ ਕੀਤੀ ਗਈ ਹੈ। ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੇ ਰਿਕਾਰਡ ਖੰਘਾਲਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜਥੇਦਾਰ ਦੇ ਆਦੇਸ਼ਾਂ ਮੁਤਾਬਕ ਉਹ ਆਪਣੀ ਰਿਪੋਰਟ ਸੌਂਪ ਦੇਣਗੇ। ਉਨ੍ਹਾਂ ਆਖਿਆ ਕਿ ਦਸਤਾਵੇਜ਼ਾਂ ਵਿਚਲਾ ਸੱਚ ਛੁਪਾਇਆ ਨਹੀਂ ਜਾ ਸਕਦਾ। ਸ਼ਿਕਾਇਤਕਰਤਾ ਤੇ ਜਾਂਚਕਰਤਾ ਹੋਣ ਦੇ ਲੱਗ ਰਹੇ ਦੋਸ਼ਾਂ ਬਾਰੇ ਉਨ੍ਹਾਂ ਆਖਿਆ ਕਿ ਜੇਕਰ ਚੋਣ ਰੱਦ ਹੁੰਦੀ ਹੈ ਤਾਂ ਉਨ੍ਹਾਂ ਨੂੰ ਵੀ ਨੁਕਸਾਨ ਹੋਵੇਗਾ। ਦੀਵਾਨ ਦਾ ਵਧੇਰੇ ਕੰਮ ਸਕੱਤਰ ਰਾਹੀਂ ਹੁੰਦਾ ਹੈ, ਇਸੇ ਕਰ ਕੇ ਜਾਂਚ ਵੀ ਸਕੱਤਰਾਂ ਨੂੰ ਹੀ ਸੌਂਪੀ ਗਈ ਹੈ। ਇਸ ਲਈ ਇਹ ਦੋਸ਼ ਜਾਇਜ਼ ਨਹੀਂ ਹਨ।

ਦੂਜੇ ਪਾਸੇ, ਦੀਵਾਨ ਦੇ ਪ੍ਰਧਾਨ ਡਾ. ਸੰਤੋਖ ਸਿੰਘ ਨੇ ਆਖਿਆ ਕਿ ਇਸ ਮਾਮਲੇ ਬਾਰੇ ਛੇਤੀ ਹੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਸੱਦੀ ਜਾਵੇਗੀ, ਜਿਸ ਵਿਚ ਮਾਮਲਾ ਵਿਚਾਰਨ ਮਗਰੋਂ ਅਗਲੀ ਕਾਰਵਾਈ ਹੋਵੇਗੀ। ਉਨ੍ਹਾਂ ਆਖਿਆ ਕਿ ਕੁਝ ਮੈਂਬਰਾਂ ਵੱਲੋਂ ਇਸ ਮੁੱਦੇ ਉਤੇ ਪਹਿਲਾਂ ਹੀ ਮੀਟਿੰਗ ਸੱਦਣ ਲਈ ਪੱਤਰ ਦਿੱਤਾ ਹੋਇਆ ਹੈ, ਜਿਸ ਦੇ ਆਧਾਰ ਉਤੇ ਮੈਂਬਰਾਂ ਦੀ ਮੀਟਿੰਗ ਵੀ ਸੱਦੀ ਜਾਵੇਗੀ। ਦੀਵਾਨ ਵਿਚਲੇ ਇਕ ਧੜੇ ਦਾ ਕਹਿਣਾ ਹੈ ਕਿ ਦੀਵਾਨ ਦੀ ਉਪ ਚੋਣ ਵਾਸਤੇ ਚੋਣ ਅਧਿਕਾਰੀ ਨਿਯੁਕਤ ਕੀਤੇ ਗਏ ਸਨ, ਜਿਨ੍ਹਾਂ ਦੀ ਦੇਖ-ਰੇਖ ਹੇਠ ਇਹ ਚੋਣ ਹੋਈ ਹੈ ਅਤੇ ਉਨ੍ਹਾਂ ਵੱਲੋਂ ਇਹ ਚੋਣ ਕਾਰਜਸਾਧਕ ਕਮੇਟੀ ਵੱਲੋਂ ਪ੍ਰਵਾਨ ਕੀਤੀ ਵੋਟਰ ਸੂਚੀ ਮੁਤਾਬਕ ਹੀ ਕਰਾਈ ਗਈ ਹੈ।

### ਜਥੇਦਾਰ ਨੇ ਬੇਲੋੜੀ ਦਖਲਅੰਦਾਜ਼ੀ ਕੀਤੀ: ਸਰਨਾ

ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਦਿੱਲੀ ਅਕਾਲੀ ਦਲ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਅਕਾਲ ਤਖਤ ਵੱਲੋਂ ਉਪ ਚੋਣ ਦੀ ਜਾਂਚ ਸਬੰਧੀ ਦਿੱਤੇ ਆਦੇਸ਼ਾਂ ਉਤੇ ਸਖਤ ਪ੍ਰਤੀਕਰਮ ਜਾਰੀ ਕਰਦਿਆਂ ਕਿਹਾ ਕਿ ਦੀਵਾਨ ਦੀ ਚੋਣ ਵਿਚ ਦਖਲਅੰਦਾਜ਼ੀ ਬੇਲੋੜੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖਤ ਨੂੰ ਸਿਰਫ ਧਾਰਮਿਕ ਮਾਮਲਿਆਂ ਵਿਚ ਦਖਲ ਦੇਣ ਦਾ ਹੱਕ ਹੈ ਤੇ ਦੀਵਾਨ ਦੀ ਚੋਣ ਵਿਚ ਧਾਰਮਿਕ ਅਵੱਗਿਆ ਨਹੀਂ ਹੋਈ ਹੈ। ਉਨ੍ਹਾਂ ਨੇ ਦੀਵਾਨ ਦੇ ਮੈਂਬਰਾਂ ਨੂੰ ਵੀ ਆਖਿਆ ਕਿ ਬੇਲੋੜੀ ਦਖਲਅੰਦਾਜ਼ੀ ਦਾ ਨੋਟਿਸ ਲੈਣ।

# ਲੰਗਰ ’ਤੇ ਜੀ.ਐਸ.ਟੀ. ਦੇ ਮੁੱਦੇ ‘ਤੇ ਅਕਾਲੀਆਂ ਤੇ ਕਾਂਗਰਸੀਆਂ ਦਾ ਏਕਾ

**ਨਵੀਂ ਦਿੱਲੀ:** ਸੂਬੇ ਦੇ ਸਾਂਝੇ ਹਿੱਤਾਂ ਦੀ ਰਾਖੀ ਲਈ ਇਕੱਠੇ ਹੋ ਕੇ ਲੜਨ ਦੀ ਨਵੀਂ ਪਿਰਤ ਪਾਉਂਦਿਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰਾਂ ਵੱਲੋਂ ਲੰਗਰ ਨੂੰ ਜੀ.ਐਸ.ਟੀ. ਤੋਂ ਛੋਟ ਨਾ ਦੇਣ ’ਤੇ ਕੇਂਦਰ ਵਿਰੁਧ ਸੰਸਦ ਦੇ ਬਾਹਰ ਸਾਂਝੇ ਤੌਰ ’ਤੇ ਰੋਸ ਪ੍ਰਦਰਸ਼ਨ ਕੀਤਾ ਗਿਆ।




ਸ੍ਰੀ ਦਰਬਾਰ ਸਾਹਿਬ ਦੇ ਲੰਗਰ ਨੂੰ ਜੀ.ਐਸ.ਟੀ. ਤੋਂ ਛੋਟ ਨਾ ਦੇਣ ਉਤੇ ਕੇਂਦਰ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਨੀਲ ਜਾਖੜ ਵੱਲੋਂ ਕੀਤੀ ਗਈ ਅਪੀਲ ਉਤੇ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਬਲਵਿੰਦਰ ਸਿੰਘ ਭੂੰਦੜ ਸਮੇਤ ਬਿਹਾਰ ਤੋਂ ਕਾਂਗਰਸੀ ਸੰਸਦ ਮੈਂਬਰ ਸ੍ਰੀਮਤੀ ਰਣਜੀਤਾ ਰੰਜਨ ਵੱਲੋਂ ਸੰਸਦ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ।

ਅਕਾਲੀ ਸੰਸਦ ਮੈਂਬਰਾਂ ਅਤੇ ਰਣਜੀਤਾ ਰੰਜਨ ਦਾ ਧਰਨੇ ਵਿਚ ਸ਼ਾਮਲ ਹੋਣ ਲਈ ਧੰਨਵਾਦ ਕਰਦਿਆਂ ਸ੍ਰੀ ਜਾਖੜ ਨੇ ਪੰਜਾਬ ਦੇ ਹੋਰਨਾਂ ਸੰਸਦ ਮੈਂਬਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੇਂਦਰ ਵੱਲੋਂ ਇਸ ਮੁੱਦੇ ਉਤੇ ਅਪਣਾਏ ਗਏ ਅੜੀਅਲ ਰਵੱਈਏ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ। ਸ੍ਰੀ ਜਾਖੜ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਸਮਝਣ ਤੋਂ ਇਨਕਾਰੀ ਹੋਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਅਸੰਵੇਦਨਸ਼ੀਲਤਾ ਉਤੇ ਰੋਸ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਸਿਰਫ ਪੰਜਾਬ ਵਿਚ ਰਹਿੰਦੇ ਲੋਕ ਹੀ ਨਹੀਂ ਬਲਕਿ ਸੱਤ ਸਮੁੰਦਰੋਂ ਪਾਰ ਦੇਸ਼-ਵਿਦੇਸ਼ ਵਿਚ ਵੱਸਦੇ ਪੰਜਾਬੀ ਵੀ ਜਜ਼ਬਾਤੀ ਤੌਰ ਉਤੇ ਦਰਬਾਰ ਸਾਹਿਬ ਨਾਲ ਜੁੜੇ ਹੋਏ ਹਨ। ਜੇ ਲੰਗਰ ਤੋਂ ਜੀ.ਐਸ.ਟੀ. ਹਟਾ ਦਿੱਤੀ ਜਾਂਦੀ ਤਾਂ ਸਰਕਾਰੀ ਖਜ਼ਾਨੇ ਨੂੰ ਮਾਮੂਲੀ ਰਕਮ ਦਾ ਫਰਕ ਪੈਣਾ ਸੀ ਪਰ ਇਸ ਨਾਲ ਜਿਥੇ ਲੋਕਾਂ ਦੀਆਂ ਭਾਵਨਾਵਾਂ ਅਤੇ ਜਜ਼ਬਾਤ ਦੀ ਕਦਰ ਹੋਣੀ ਸੀ ਉਥੇ ਇਕ ਅਹਿਮ ਸੰਦੇਸ਼ ਵੀ ਜਾਣਾ ਸੀ। ਉਨ੍ਹਾਂ ਕੇਂਦਰ ਸਰਕਾਰ ਅੱਗੇ ਆਪਣੀ ਅਪੀਲ ਦੁਹਰਾਉਂਦਿਆਂ ਆਸ ਕੀਤੀ ਕਿ ਇਸ ਦਾ ਵਧੀਆ ਸਿੱਟਾ ਨਿਕਲੇਗਾ ਅਤੇ ਕੇਂਦਰ ਵੱਲੋਂ ਲੰਗਰ ਦੀਆਂ ਵਸਤਾਂ ਤੋਂ ਜੀ.ਐਸ.ਟੀ. ਹਟਾ ਦਿੱਤਾ ਜਾਵੇਗਾ।

# ਡਾ. ਗਾਂਧੀ ਵੱਲੋਂ ‘ਕਾਨੂੰਨੀ ਜਲ ਯੁੱਧ’ ਦੀ ਸ਼ੁਰੂਆਤ

**ਚੰਡੀਗੜ੍ਹ:** ਪਟਿਆਲਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਸੇਵਾ ਮੁਕਤ ਜੱਜ ਅਜੀਤ ਸਿੰਘ ਬੈਂਸ ਤੇ ਹੋਰਾਂ ਸਮੇਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿਟ ਦਾਇਰ ਕਰ ਕੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ‘ਕਾਨੂੰਨੀ ਜਲ ਯੁੱਧ’ ਸ਼ੁਰੂ ਕਰ ਦਿੱਤਾ ਹੈ। ਇਸ ਰਿਟ ਰਾਹੀਂ ਪੰਜਾਬ ਪੁਨਰਗਠਨ ਐਕਟ-1966 ਦੀਆਂ ਕੁਝ ਧਰਾਵਾਂ ਦੇ ਸੰਵਿਧਾਨ ਵਿਰੁੱਧ ਹੋਣ ਦੀ ਚੁਣੌਤੀ ਦਿੱਤੀ ਗਈ ਹੈ। ਡਾ. ਗਾਂਧੀ ਨੇ ਕਿਹਾ ਕਿ ਪਾਣੀਆਂ ਦੇ ਮੁੱਦੇ ਉਤੇ ਮੁੱਢ ਤੋਂ ਹੀ ਪੰਜਾਬੀਆਂ ਨਾਲ ਧੋਖਾ ਹੋ ਰਿਹਾ ਹੈ, ਜਿਸ ਨੂੰ ਹੁਣ ਕਾਨੂੰਨ ਰਾਹੀਂ ਲੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਮੰਚ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਦੇ ਮੁੱਦੇ ’ਤੇ ਵੀ ਮੁਹਿੰਮ ਛੇੜੇਗਾ।

ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਦੱਸਿਆ ਕਿ ਉਨ੍ਹਾਂ ਨੇ ਰਿਟ ਵਿਚ ਦੱਸਿਆ ਹੈ ਕਿ ਪੰਜਾਬ ਪੁਨਰਗਠਨ ਐਕਟ ਦੀਆਂ ਧਰਾਵਾਂ 78, 79 ਤੇ 80 ਸੰਵਿਧਾਨ ਦੀਆਂ ਧਰਾਵਾਂ 162 ਅਤੇ 246 (3) ਦੀ ਉਲੰਘਣਾ ਕਰਦੀਆਂ ਹਨ, ਕਿਉਂਕਿ ਸਿੰਜਾਈ ਤੇ ਪਣ ਬਿਜਲੀ ਰਾਜ ਸੂਚੀ ਦੀ ਸਤਾਰਵੀਂ ਮਦ ਤਹਿਤ ਰਾਜਾਂ ਦਾ ਵਿਸ਼ਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਆਧਾਰ ਉਤੇ ਪਾਰਲੀਮੈਂਟ ਅਜਿਹੇ ਉਪਬੰਦਾਂ ਬਾਰੇ ਕਾਨੂੰਨ ਬਣਾਉਣ ਲਈ ਅਧਿਕਾਰਤ ਹੀ ਨਹੀਂ ਹੈ। ਪਟੀਸ਼ਨ ਵਿਚ ਮੰਗ ਕੀਤੀ ਹੈ ਕਿ ਅੰਤਰਰਾਜੀ ਜਲ ਝਗੜਾ ਕਾਨੂੰਨ-



1956 ਦੀ ਧਾਰਾ 14 ਨੂੰ ਗੈਰ-ਸੰਵਿਧਾਨਕ ਕੀਤਾ ਜਾਵੇ, ਕਿਉਂਕਿ ਇਹ ਕਾਨੂੰਨ ਸਿਰਫ ਅੰਤਰਰਾਜੀ ਦਰਿਆਵਾਂ ਦੇ ਝਗੜਿਆਂ ਉਤੇ ਲਾਗੂ ਹੁੰਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਾਲ 1986 ਵਿਚ ਇਕ ਸੋਧ ਰਾਹੀਂ ਧਾਰਾ 14 ਪਾ ਕੇ ਇਹ ਕਾਨੂੰਨ ਪੰਜਾਬ ਦੇ ਰਾਵੀ ਅਤੇ ਬਿਆਸ ਦਰਿਆਵਾਂ ਉਤੇ ਲਾਗੂ ਕਰ ਕੇ ਸੰਵਿਧਾਨ ਦੀ ਉਲੰਘਣਾ ਕੀਤੀ ਸੀ।

ਪਟੀਸ਼ਨ ਰਾਹੀਂ ਪੰਜਾਬ ਦਾ ਪਾਣੀ ਵਰਤਣ ਵਾਲੇ ਰਾਜਾਂ ਰਾਜਸਥਾਨ, ਹਰਿਆਣਾ, ਦਿੱਲੀ ਤੇ ਚੰਡੀਗੜ੍ਹ ਕੋਲੋਂ 32 ਲੱਖ ਕਰੋੜ ਰੁਪਏ ਦੀ ਵਸੂਲੀ ਕਰਵਾਉਣ ਦੀ ਮੰਗ ਵੀ ਕੀਤੀ ਹੈ। ਸ੍ਰੀ ਬੈਂਸ ਨੇ ਦਾਅਵਾ ਕੀਤਾ ਕਿ ਇਕੱਲੇ ਰਾਜਸਥਾਨ ਕੋਲੋਂ ਹੀ ਪਾਣੀ ਦੀ 11 ਲੱਖ ਕਰੋੜ ਰੁਪਏ ਦੀ ਵਸੂਲੀ ਬਣਦੀ ਹੈ। ਪ੍ਰੋ. ਮਲਕੀਅਤ ਸਿੰਘ ਸੈਣੀ ਨੇ ਤੱਥ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਦੇ 33 ਐਮ.ਏ.ਐਫ. ਪਾਣੀ ਵਿਚੋਂ ਸੂਬੇ ਨੂੰ ਸਿਰਫ 8 ਐਮ.ਏ.ਐਫ. ਪਾਣੀ ਹੀ ਨਸੀਬ ਹੁੰਦਾ ਹੈ, ਜਿਸ ਨਾਲ ਪੰਜਾਬ ਦੀ ਸਿਰਫ 22 ਫੀਸਦੀ ਜ਼ਮੀਨ ਦੀ ਸਿੰਜਾਈ ਹੀ ਸੰਭਵ ਹੈ ਅਤੇ ਬਾਕੀ 78 ਫੀਸਦੀ ਜ਼ਮੀਨ ਦੀ ਸਿੰਜਾਈ 16 ਲੱਖ ਟਿਊਬਵੈੱਲ ਕਰਦੇ ਹਨ, ਜਿਸ ਨਾਲ ਜ਼ਮੀਨ ਹੇਠਲਾ ਪਾਣੀ 25 ਫੁੱਟ ਦੀ ਥਾਂ 300-400 ਫੁੱਟ ਡੂੰਘਾ ਹੋ ਗਿਆ ਹੈ। ਇਸ ਤਰ੍ਹਾਂ ਧਰਤੀ ਹੇਠੋਂ 132 ਕਿਲੋਮੀਟਰ ਕਿਊਸਕ ਪਾਣੀ ਕੱਢਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ 40 ਲੱਖ ਸਬਮਰਸੀਬਲ ਪੰਪ ਲੱਗੇ ਹਨ ਅਤੇ ਪਾਣੀ ਸਾਫ ਕਰਨ ਲਈ ਆਰ.ਓ. ਵੱਖਰੇ ਤੌਰ ਉਤੇ ਪਾਣੀ ਦੀ ਵੱਡੀ ਬਰਬਾਦੀ ਕਰ ਰਹੇ ਹਨ।

# ਸ਼੍ਰੋਮਣੀ ਕਮੇਟੀ ਚੋਣਾਂ ਲੜੇਗੀ ਲੋਕ ਇਨਸਾਫ ਪਾਰਟੀ

**ਅੰਮ੍ਰਿਤਸਰ:** ਇਸ ਵਾਰ ਲੋਕ ਇਨਸਾਫ ਪਾਰਟੀ ਵੀ ਸ਼੍ਰੋਮਣੀ ਕਮੇਟੀ ਚੋਣਾਂ ਲੜੇਗੀ। ਬੈਂਸ ਭਰਾਵਾਂ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਨੇ ਬਾਦਲ ਪਰਿਵਾਰ ਦਾ ਗਲਬਾ ਖਤਮ ਕਰ ਕੇ ਕਮੇਟੀ ਦਾ ਪ੍ਰਬੰਧ ਪਾਰਦਰਸ਼ੀ ਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਇਹ ਫੈਸਲਾ ਲਿਆ ਹੈ। ਮਾਝੇ ਵਿਚ ਪਹਿਲੀ ਰੈਲੀ ਵਿਚ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਮਾਝੇ ਤੋਂ ਭਰਵਾਂ ਸਹਿਯੋਗ ਮਿਲਦਾ ਹੈ ਤਾਂ ਉਹ ਪੰਜਾਬ ਵਿਚੋਂ ਨਸ਼ਾ, ਰੇਤ, ਟਰਾਂਸਪੋਰਟ ਤੇ ਕੇਬਲ ਮਾਫੀਏ ਦਾ ਖਾਤਮਾ ਕਰ ਦੇਣਗੇ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਨਸ਼ਿਆਂ ਦੇ ਮੁੱਦੇ ਉਤੇ ਪੰਜਾਬ ਸਰਕਾਰ ਦੀ ਹੋਈ ਕਿਰਕਰੀ ਉਤੇ ਟਿੱਪਣੀ ਕਰਦਿਆਂ ਪਾਰਟੀ ਪ੍ਰਧਾਨ ਬੈਂਸ ਨੇ ਕਿਹਾ ਕਿ ਪੰਜਾਬ ਦੇ ਗ੍ਰਹਿ ਮੰਤਰੀ ਹੋਣ ਦੇ ਨਾਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਪ੍ਰਮੁੱਖ ਆਗੂਆਂ ਦਾ ਨਾਮ ਨਸ਼ਿਆਂ ਦੇ ਮਾਮਲੇ ਵਿਚ ਆਇਆ ਹੈ, ਉਹ ਨਾਮ ਲੋਕਾਂ ਦੇ ਸਾਹਮਣੇ ਲਿਆਉਣ।

ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਸੂਬੇ ਵਿਚ ਸੱਤਾ ਤਬਦੀਲ ਹੋਈ ਹੈ, ਪਰ ਮਾਫੀਆ ਤਬਦੀਲ ਨਹੀਂ ਹੋਇਆ। ਰੇਤ, ਟਰਾਂਸਪੋਰਟ, ਕੇਬਲ ਤੇ ਨਸ਼ਾ ਮਾਫੀਆ ਉਸੇ ਤਰ੍ਹਾਂ ਸਰਗਰਮ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਦੇ ਹਮਾਇਤੀ ਰੇਤਾ ਚੋਰੀ ਕਰ ਰਹੇ ਹਨ, ਕਿਉਂਕਿ ਕੈਪਟਨ ਦੇ ਹਵਾਈ ਛਾਪੇ ਤੋਂ ਪਹਿਲਾਂ ਜੋ ਰੇਤ ਦੀ ਗੱਡੀ 8000-9000 ਰੁਪਏ ਵਿਚ ਮਿਲਦੀ ਸੀ, ਉਹ ਹੁਣ 38000-45000 ਵਿਚ ਮਿਲ ਰਹੀ ਹੈ ਤੇ ਇਮਾਰਤੀ ਕੰਮ ਠੱਪ ਹੋਣ ਕਰ ਕੇ ਮਿਸਤਰੀ-ਮਜ਼ਦੂਰ ਫਾਕੇ ਕੱਟਣ ਲਈ ਮਜਬੂਰ ਹਨ।

# ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਛਾਂਟੀ ਖਿਲਾਫ ਰੋਹ ਹੋਰ ਤਿੱਖਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਕਾਰਜਕਾਲ ਦੌਰਾਨ ਭਰਤੀ ਕੀਤੇ ਮੁਲਾਜ਼ਮਾਂ ਦੀ ਛਾਂਟੀ ਦਾ ਮਾਮਲਾ ਸ਼ਾਂਤ ਹੁੰਦਾ ਨਹੀਂ ਦਿੱਸ ਰਿਹਾ। ਮੁਲਾਜ਼ਮਾਂ ਨੂੰ ਫਾਰਗ ਕਰਨ ਤੋਂ ਬਾਅਦ ਜਿਥੇ ਬਡੂੰਗਰ ਅਤੇ ਮੌਜੂਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵਿਚਾਲੇ ਸ਼ਬਦੀ ਜੰਗ ਚੱਲ ਰਹੀ ਹੈ, ਉਥੇ ਪ੍ਰਬੰਧਕ ਕਮੇਟੀ ਦੀ ਵਿਰੋਧੀ ਧਿਰ ਸਾਬਕਾ ਪ੍ਰਧਾਨ ਦੇ ਬਚਾਅ ਵਿਚ ਆ ਖੜੀ ਹੈ।



ਵਿਰੋਧੀ ਧਿਰ ਦੇ ਮੁੱਖ ਤਰਜਮਾਨ ਗੁਰਪ੍ਰੀਤ ਸਿੰਘ ਰੰਧਾਵਾ ਸਮੇਤ ਹੋਰ ਆਗੂਆਂ ਦਾ ਦੋਸ਼ ਹੈ ਕਿ ਬਡੂੰਗਰ ਦੇ ਕਾਰਜਕਾਲ ਦੌਰਾਨ ਹੋਈ ਭਰਤੀ ਨੂੰ ਜੇਕਰ ਗੁਰਦੁਆਰਾ ਐਕਟ ਮੁਤਾਬਕ ਗਲਤ ਵੀ ਮੰਨ ਲਿਆ ਜਾਵੇ, ਤਾਂ ਇਸ ਵਿਚ ਇਕੱਲੇ ਸਾਬਕਾ ਪ੍ਰਧਾਨ ਹੀ ਨਹੀਂ ਬਲਕਿ ਅੰਤਰਿੰਗ ਕਮੇਟੀ ਮੈਂਬਰ ਵੀ ਬਰਾਬਰ ਦੇ ਦੋਸ਼ੀ ਹਨ। ਉਨ੍ਹਾਂ ਕਿਹਾ ਕਿ ਉਕਤ ਭਰਤੀ ਮਾਮਲੇ ਵਿਚ ਅੰਤਰਿੰਗ ਕਮੇਟੀ ਮੈਂਬਰਾਂ ਵੱਲੋਂ ਸਾਧੀ ਚੁੱਪੀ ਵੀ ਗੁੱਝੇ ਭੇਦਾਂ ਵੱਲ ਇਸ਼ਾਰਾ ਕਰਦੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਇਕ ਸਾਲ ਕੰਮ ਕਰਨ ਲਈ ਕਾਨੂੰਨੀ ਤਾਕਤ ਅੰਤਰਿੰਗ ਕਮੇਟੀ ਨੂੰ ਦਿੰਦਾ ਹੈ ਨਾ ਕਿ ਇਕੱਲੇ ਪ੍ਰਧਾਨ ਨੂੰ। ਉਂਜ ਵੀ ਬਿਨਾ ਮਤਾ ਪਾਸ ਕੀਤੇ ਪ੍ਰਧਾਨ ਕੋਈ ਇਕੱਲਾ ਫੈਸਲਾ ਨਹੀਂ ਕਰਦਾ ਪਰ ਮੌਜੂਦਾ ਸਮੇਂ ਵਿਚ ਦੋਸ਼ ਇਕੱਲੇ ਬਡੂੰਗਰ ਸਿਰ ਹੀ ਮੜ੍ਹੇ ਜਾ ਰਹੇ ਹਨ। ਉਧਰ, ਲੌਂਗੋਵਾਲ ਨੇ 523 ਮੁਲਾਜ਼ਮਾਂ ਨੂੰ ਫਾਰਗ ਕਰਨ ਦੇ ਫੈਸਲੇ ਨੂੰ ਸਹੀ ਕਰਾਰ ਦਿੰਦੇ ਹੋਏ ਕਿਹਾ ਹੈ ਕਿ ਪੁਰਾਣੀਆਂ ਭਰਤੀਆਂ ਮਨਮਰਜ਼ੀ ਨਾਲ ਕੀਤੀਆਂ ਸਨ।

ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅੰਦਰ ਪਹਿਲਾਂ ਤਾਂ ਮਨਮਰਜ਼ੀ ਨਾਲ ਕਿਸੇ ਵੀ ਮੁਲਾਜ਼ਮ ਨੂੰ ਕੱਢ ਦਿੱਤਾ ਜਾਂਦਾ ਸੀ ਤੇ ਕਿਸੇ ਨੂੰ ਵੀ ਰੱਖ ਲਿਆ ਜਾਂਦਾ ਸੀ, ਪਰ ਹੁਣ ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ। ਲੌਂਗੋਵਾਲ ਨੇ ਕਿਹਾ ਕਿ ਉਨ੍ਹਾਂ ਕੋਲ ਲਗਾਤਾਰ ਸ਼ਿਕਾਇਤਾਂ ਆ ਰਹੀਆਂ ਸੀ ਕਿ ਬੀਤੇ ਸਮੇਂ ਦੌਰਾਨ ਨਿਯਮਾਂ ਨੂੰ ਛਿੱਕੇ ਟੰਗ ਕੇ ਗਲਤ ਢੰਗ ਨਾਲ ਭਰਤੀ ਕੀਤੀ ਗਈ ਹੈ।

ਇਨ੍ਹਾਂ ਸ਼ਿਕਾਇਤਾਂ ਦੇ ਆਧਾਰ ਉਤੇ ਸ਼੍ਰੋਮਣੀ ਕਮੇਟੀ ਅੰਦਰ ਦਹਾਕੇ ਤੋਂ ਵੀ ਵੱਧ ਸਮੇਂ ਤੱਕ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਉਤੇ ਰਹੇ ਤੇ ਮੌਜੂਦਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਸਣੇ ਚਾਰ ਮੈਂਬਰਾਂ ਉਤੇ ਅਧਾਰਤ ਸਬ ਕਮੇਟੀ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਵੱਲੋਂ ਤਿਆਰ ਰਿਪੋਰਟ ਨੂੰ ਅੰਤ੍ਰਿੰਗ ਕਮੇਟੀ ਵਿਚ ਸਰਬਸੰਮਤੀ ਨਾਲ ਪ੍ਰਵਾਨ ਵੀ ਕੀਤਾ ਤੇ ਅਮਲ ਵਿਚ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਰਿਪੋਰਟ ਵਿਚ ਛੁਪਾਉਣ ਵਾਲੀ ਕੋਈ ਗੱਲ ਨਹੀਂ ਹੈ ਤੇ ਛੇਤੀ ਹੀ ਰਿਪੋਰਟ ਨਸ਼ਰ ਕਰ ਦੇਵਾਂਗੇ।

### ਲੌਂਗੋਵਾਲ ਦੇ ਕਿਰਦਾਰ ਉਤੇ ਸਵਾਲ

**ਪਟਿਆਲਾ:** ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਮੁਲਾਜ਼ਮਾਂ ਨੂੰ ਫਾਰਗ ਕਰਨ ਦੇ ਫੈਸਲੇ ਨੂੰ ਗਲਤ ਕਰਾਰ ਦਿੰਦਿਆਂ ਮੌਜੂਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਕਿਰਦਾਰ ਉਪਰ ਸਵਾਲ ਉਠਾਏ ਹਨ। ਬਡੂੰਗਰ ਨੇ ਕਿਹਾ ਕਿ ਡੇਰਿਆਂ ਵਿਚ ਜਾਂ ਗੁਰਬਾਣੀ ਦੀਆਂ ਤੁਕਾਂ ਤੋੜ-ਮਰੋੜ ਕੇ ਬੋਲਣ ਤੇ ਇਸਾਈਆਂ ਦੇ ਸਮਾਗਮ ਵਿਚ ਜਾ ਕੇ ਮੱਥੇ ਟੇਕ ਕੇ ਕੌਮ ਨੂੰ ਢਾਹ ਲਾਉਣ ਵਾਲੇ ਮੌਜੂਦਾ ਪ੍ਰਧਾਨ ਲੌਂਗੋਵਾਲ ਨੂੰ ਅਜਿਹੇ ਦੋਸ਼ ਲਾਉਣਾ ਸ਼ੋਭਾ ਨਹੀਂ ਦਿੰਦਾ।

### ਬਡੂੰਗਰ ਦੇ ਹੱਕ ਵਿਚ ਹਾਅ ਦਾ ਨਾਅਰਾ

**ਸ੍ਰੀ ਆਨੰਦਪੁਰ ਸਾਹਿਬ:** ਤਕਰੀਬਨ ਦੋ ਦਹਾਕੇ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਚ ਅਹੁਦਿਆਂ ਉਤੇ ਰਹੇ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ ਭਰਤੀ ਲਈ ਇਕੱਲੇ ਬਡੂੰਗਰ ਨਹੀਂ, ਬਲਕਿ ਉਸ ਵੇਲੇ ਦੀ ਸਮੁੱਚੀ ਅੰਤ੍ਰਿੰਗ ਕਮੇਟੀ ਜ਼ਿੰਮੇਵਾਰ ਹੈ। ਜਥੇਦਾਰ ਭੌਰ ਨੇ ਕਿਹਾ ਕਿ ਕਾਨੂੰਨ ਮੁਤਾਬਕ ਨਿਯੁਕਤੀ, ਤਰੱਕੀ, ਮੁਅੱਤਲੀ ਆਦਿ ਦੇ ਸਾਰੇ ਅਧਿਕਾਰ ਜਨਰਲ ਹਾਊਸ ਵੱਲੋਂ ਅੰਤ੍ਰਿੰਗ ਕਮੇਟੀ ਨੂੰ ਦਿੱਤੇ ਹੋਏ ਹਨ।

### ਮਾਨ ਵੀ ਬਰਖਾਸਤ ਮੁਲਾਜ਼ਮਾਂ ਦੇ ਹੱਕ ਵਿਚ



**ਪਟਿਆਲਾ:** ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਦਿਨੀਂ ਫਾਰਗ ਕੀਤੇ 523 ਮੁਲਾਜ਼ਮਾਂ ਦੇ ਹੱਕ ਵਿਚ ਖੜ੍ਹ ਗਏ ਹਨ।

ਸ. ਮਾਨ ਨੇ ਆਖਿਆ ਕਿ ਅਕਾਲੀ ਦਲ ਦੀ ਇਕ ਤਿੱਕੜੀ ਬੇਵਜ੍ਹਾ ਹੀ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸਿਆਸੀ ਤੌਰ ਉਤੇ ਬਦਨਾਮ ਕਰਨ ਲਈ ਤੁਲੀ ਹੋਈ ਹੈ, ਜਦੋਂਕਿ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਸ਼੍ਰੋਮਣੀ ਕਮੇਟੀ ਤੇ ਪੰਥ ਪ੍ਰਤੀ ਵੱਡੀ ਘਾਲਣਾ ਹੈ।

# ਨਸ਼ਾ ਤਸਕਰੀ: ਜਗਜੀਤ ਚਾਹਲ ਨੂੰ ਮਿਲੀ ਜ਼ਮਾਨਤ

**ਚੰਡੀਗੜ੍ਹ:** ਬਹੁ ਕਰੋੜੀ ਨਸ਼ਾ ਤਸਕਰੀ ਮਾਮਲੇ ਦੇ ਮੁਲਜ਼ਮ ਜਗਜੀਤ ਚਾਹਲ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 10 ਦਿਨ ਦੀ ਜ਼ਮਾਨਤ ਦੇ ਦਿੱਤੀ। ਚਾਹਲ ਨੇ ਆਪਣੀ ਜ਼ਮਾਨਤ ਦੀ ਅਰਜ਼ੀ ਵਿਚ ਦੱਸਿਆ ਸੀ ਕਿ ਉਸ ਦੇ ਪਿਤਾ ਦੀ ਬਾਈਪਾਸ ਸਰਜਰੀ ਹੋਈ ਹੈ। ਉਸ ਦੇ ਘਰ ਕੋਈ ਬੰਦਾ ਦੇਖਭਾਲ ਕਰਨ ਵਾਲਾ ਨਹੀਂ। ਕੌਮਾਂਤਰੀ ਡਰੱਗ ਰੈਕੇਟ ’ਚ ਚਾਹਲ ਅਹਿਮ ਮੁਲਜ਼ਮ ਹੈ। ਹਾਈ ਕੋਰਟ ਨੇ ਕਰੜੀਆਂ ਸ਼ਰਤਾਂ ਤਹਿਤ 10 ਦਿਨ ਦੀ ਜ਼ਮਾਨਤ ਦੇ ਦਿੱਤੀ। ਉਸ ਨੂੰ ਆਪਣਾ ਪਾਸਪੋਰਟ ਅਦਾਲਤ ’ਚ ਜਮ੍ਹਾਂ ਕਰਾਉਣਾ ਪਏਗਾ ਤਾਂ ਕਿ ਉਹ ਦੇਸ਼ ਛੱਡ ਕੇ ਨਾ ਜਾ ਸਕੇ।

# ਲੋਕ ਸਭਾ ਚੋਣਾਂ: ਭਗਵੰਤ ਮਾਨ ਵੱਲੋਂ ਬਾਦਲਾਂ ਨੂੰ ਟੱਕਰ ਦੇਣ ਦੀ ਤਿਆਰੀ

**ਬਠਿੰਡਾ:** ਸੰਗਰੂਰ ਤੋਂ ਲੋਕ ਸਭਾ ਮੈਂਬਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਭਗਵੰਤ ਮਾਨ ਅਗਲੀ ਚੋਣ ਬਾਦਲਾਂ ਦੇ ਹਲਕੇ ਬਠਿੰਡਾ ਤੋਂ ਲੜਨ ਦੀ ਤਿਆਰੀ ਖਿੱਚ ਚੁੱਕੇ ਹਨ। ਭਗਵੰਤ ਮਾਨ 'ਮਿਸ਼ਨ-2019' ਵਿਚ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਖ਼ਿਲਾਫ਼ ਉਤਰਨ ਦਾ ਮਨ ਬਣਾਈ ਬੈਠੇ ਹਨ। ਅੰਦਰੋਂ ਅੰਦਰੀਂ ਉਨ੍ਹਾਂ ਨੇ ਤਿਆਰੀ ਵਿੱਢ ਦਿੱਤੀ ਹੈ। ਬਠਿੰਡਾ ਤੋਂ 'ਆਪ' ਵਿਧਾਇਕ ਵੀ ਭਗਵੰਤ ਮਾਨ ਦੇ ਨਾਲ ਇਕਸੁਰ ਹਨ।

ਵੇਰਵਿਆਂ ਅਨੁਸਾਰ ਭਗਵੰਤ ਮਾਨ ਨੇ ਪਿਛਲੇ ਸਮੇਂ ਤੋਂ ਬਠਿੰਡਾ ਸੰਸਦੀ ਹਲਕੇ ਦੇ ਗੰਭੀਰ ਰੋਗਾਂ ਤੋਂ ਪੀੜਤ ਮਰੀਜ਼ਾਂ ਨੂੰ ਅੰਦਰਖਾਤੇ 'ਪ੍ਰਧਾਨ ਮੰਤਰੀ ਰਾਹਤ ਫੰਡ' ਵਿਚੋਂ ਮਾਲੀ ਇਮਦਾਦ ਦਿਵਾਉਣ ਦੀ ਮੁਹਿੰਮ ਵਿੱਢੀ ਹੋਈ ਹੈ। ਆਉਂਦੇ ਦਿਨਾਂ ਵਿਚ ਉਹ ਇਨ੍ਹਾਂ ਜ਼ਿਲ੍ਹਿਆਂ ਵਿਚ ਪ੍ਰੋਗਰਾਮ ਵੀ ਰੱਖ ਰਹੇ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਫਿਰੋਜ਼ਪੁਰ ਤੋਂ ਚੋਣ ਲੜਨ ਦੀ ਚਰਚਾ ਚੱਲ ਰਹੀ ਹੈ। ਫਾਜ਼ਿਲਕਾ ਤੋਂ ਮਰਹੂਮ ਗੈਂਗਸਟਰ ਰੌਕੀ ਦੀ ਭੈਣ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਕਰਨਾ ਵੀ ਇਹੋ



ਸੰਕੇਤ ਕਰਦਾ ਹੈ। ਸੂਤਰ ਦੱਸਦੇ ਹਨ ਕਿ ਅਕਾਲੀ ਦਲ ਬਠਿੰਡਾ ਤੋਂ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਦੇ ਹਿਸਾਬ ਨਾਲ ਫੈਸਲਾ ਲਵੇਗਾ। ਹਰਸਿਮਰਤ ਨੇ ਪਿਛਲੇ ਦਿਨੀਂ ਬੁਢਲਾਡਾ ਦੇ ਇਕ ਜਨਤਕ ਸਮਾਗਮ ਵਿਚ ਦਾਅਵਾ ਕੀਤਾ ਹੈ ਕਿ ਉਹ ਬਠਿੰਡਾ ਹਲਕੇ ਤੋਂ ਹੀ ਚੋਣ ਲੜਨਗੇ, ਪਰ ਉਹ ਇਹ ਇਸ਼ਾਰਾ ਵੀ ਕਰ ਗਏ, 'ਬਾਕੀ ਵਾਹਿਗੁਰੂ ਨੇ ਜਿੱਥੋਂ ਦਾ ਦਾਣਾ ਪਾਣੀ ਲਿਖਿਆ, ਉਥੇ ਜਾਣਾ ਪੈਣਾ।' ਬਠਿੰਡੇ ਦੇ 9 ਵਿਧਾਨ ਸਭਾ ਹਲਕਿਆਂ ਵਿਚੋਂ ਪੰਜ ਉਤੇ 'ਆਪ' ਦੇ ਵਿਧਾਇਕ ਕਾਬਜ਼ ਹਨ।

ਪਿਛਲੇ ਕੁਝ ਸਮੇਂ ਤੋਂ ਭਗਵੰਤ ਮਾਨ ਸਿਆਸੀ ਤੌਰ ਉਤੇ ਠੰਢੇ ਚੱਲ ਰਹੇ ਹਨ ਅਤੇ ਉਹ ਇਕਦਮ ਨਵੀਂ ਪਹਿਲਕਦਮੀ ਨਾਲ ਮੋੜਾ ਦੇਣ ਦੇ ਰੌਂਅ ਵਿਚ ਹਨ। ਮੌੜ ਤੋਂ 'ਆਪ' ਵਿਧਾਇਕ ਜਗਦੇਵ ਕਮਾਲੂ ਨੇ ਨਿੱਜੀ ਰਾਇ ਦਿੰਦੇ ਹੋਏ ਆਖਿਆ ਕਿ ਬਾਦਲਾਂ ਨੂੰ ਸਭ ਤੋਂ ਸਖ਼ਤ ਟੱਕਰ ਭਗਵੰਤ ਮਾਨ ਹੀ ਦੇ ਸਕਦਾ ਹੈ, ਜੇ ਉਹ ਬਠਿੰਡਾ ਤੋਂ ਚੋਣ ਲੜਨ ਲਈ ਮੰਨ ਜਾਵੇ ਤਾਂ ਪਾਰਟੀ ਦੀ ਝੋਲੀ ਇਹ ਸੀਟ ਆਸਾਨੀ ਨਾਲ ਪੈ ਜਾਵੇਗੀ। ਉਨ੍ਹਾਂ ਆਖਿਆ ਕਿ ਉਹ ਭਗਵੰਤ ਮਾਨ ਨੂੰ ਇਸ ਬਾਰੇ ਬੇਨਤੀ ਵੀ ਕਰ ਚੁੱਕੇ ਹਨ। ਇਸੇ ਤਰ੍ਹਾਂ ਬੁਢਲਾਡਾ ਹਲਕੇ ਤੋਂ 'ਆਪ' ਵਿਧਾਇਕ ਬੁੱਧ ਰਾਮ ਨੇ ਨਿੱਜੀ ਰਾਇ ਰੱਖੀ ਕਿ ਲੋਕ ਭਗਵੰਤ ਮਾਨ ਨੂੰ ਚਾਹੁੰਦੇ ਹਨ ਅਤੇ ਪਿਛਲੇ ਦਿਨੀਂ ਬੁਢਲਾਡਾ ਵਿਚ ਰੱਖੀਆਂ ਮੀਟਿੰਗਾਂ ਵਿਚ ਲੋਕਾਂ ਨੇ ਭਗਵੰਤ ਨੂੰ ਬਠਿੰਡਾ ਤੋਂ ਚੋਣ ਲੜਨ ਲਈ ਆਖਿਆ ਹੈ। ਬਠਿੰਡਾ (ਦਿਹਾਤੀ) ਤੋਂ 'ਆਪ' ਵਿਧਾਇਕ ਰੁਪਿੰਦਰ ਰੂਬੀ ਦਾ ਪ੍ਰਤੀਕਰਮ ਸੀ ਕਿ ਪਾਰਟੀ ਜਿਸ ਨੂੰ ਵੀ ਬਠਿੰਡਾ ਤੋਂ ਉਤਾਰੇਗੀ, ਉਸ ਦੀ ਡਟ ਕੇ ਹਮਾਇਤ ਕੀਤੀ ਜਾਵੇਗੀ।

ਭਗਵੰਤ ਮਾਨ ਦਾ ਪ੍ਰਤੀਕਰਮ ਸੀ ਕਿ ਉਸ ਨੇ ਸੰਗਰੂਰ ਸੰਸਦੀ ਹਲਕੇ ਵਿਚ ਰਿਕਾਰਡ ਕੰਮ ਕੀਤੇ ਹਨ ਅਤੇ ਪੇਂਡੂ ਸ਼ਹਿਰੀ ਵਿਕਾਸ ਲਈ ਖੁੱਲ੍ਹੇ ਫੰਡ ਵੰਡੇ ਹਨ। ਖਰਚ ਕੀਤਾ ਪੈਸਾ ਹੁਣ ਨਜ਼ਰ ਵੀ ਪੈਣ ਲੱਗਾ ਹੈ ਅਤੇ ਹਲਕੇ ਦੇ ਲੋਕਾਂ ਦਾ ਉਸ ਉਤੇ ਪੂਰਨ ਭਰੋਸਾ ਹੈ। ਉਨ੍ਹਾਂ ਆਖਿਆ, ਸੰਗਰੂਰ ਹਲਕੇ ਨਾਲ ਚੰਗਾ ਪਿਆਰ ਬਣਿਆ ਹੋਇਆ ਹੈ ਤੇ ਉਹ ਸੰਗਰੂਰ ਤੋਂ ਹੀ ਅਗਲੀ ਚੋਣ ਲੜਨਗੇ, ਬਾਕੀ ਦਾਣੇ ਪਾਣੀ ਦੀ ਵੀ ਗੱਲ ਹੁੰਦੀ ਹੈ।

ਭਗਵੰਤ ਮਾਨ ਦਾ ਨਵਾਂ ਫੈਸਲਾ ਬਾਦਲਾਂ ਲਈ ਘਬਰਾਹਟ ਵਾਲਾ ਵੀ ਹੋ ਸਕਦਾ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਤਿਕੋਣਾ ਮੁਕਾਬਲਾ ਅਕਾਲੀ ਉਮੀਦਵਾਰ ਲਈ ਰਾਹ ਪੱਧਰਾ ਕਰੇਗਾ। ਚਰਚਾ ਹੈ ਕਿ ਭਗਵੰਤ ਮਾਨ ਨਵੇਂ ਉਪਜੇ ਹਾਲਾਤ ਵਿਚ ਦੋ ਹਲਕਿਆਂ ਤੋਂ ਵੀ ਕਾਗਜ਼ ਦਾਖਲ ਕਰ ਸਕਦੇ ਹਨ। ਬਠਿੰਡਾ, ਮਾਨਸਾ ਦੇ ਲੋਕ ਭਾਵੁਕ ਸੁਭਾਅ ਅਤੇ ਇਨਕਲਾਬੀ ਸੁਰ ਵਾਲੇ ਹਨ, ਜਿਸ ਦਾ ਫਾਇਦਾ ਭਗਵੰਤ ਮਾਨ ਲੈਣਾ ਚਾਹੁੰਦਾ ਹੈ। ਸੂਤਰ ਆਖਦੇ ਹਨ ਕਿ ਉਹ ਅਗਲੀ ਚੋਣ 'ਆਪ' ਤਰਫੋਂ ਹੀ ਲੜਨਗੇ।

# ਆਜ਼ਾਦੀ ਘੁਲਾਟੀਆਂ ਨੂੰ ਮੁੜ ਵਿੱਢਣਾ ਪਿਆ ਸੰਘਰਸ਼

**ਸੰਗਰੂਰ:** ਪੰਜਾਬ ਸਰਕਾਰ ਦੇ ਆਜ਼ਾਦੀ ਘੁਲਾਟੀਆਂ ਪ੍ਰਤੀ ਰਵੱਈਏ ਤੋਂ ਖਫਾ 98 ਸਾਲਾ ਫਰੀਡਮ ਫਾਈਟਰ ਲਾਭ ਸਿੰਘ ਸਣੇ ਤਿੰਨ ਹੋਰ ਪੈਟਰੋਲ ਅਤੇ ਮਿੱਟੀ ਦੇ ਤੇਲ ਦੀਆਂ ਬੋਤਲਾਂ ਲੈ



ਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਟੈਂਕੀ ਉਪਰ ਚੜ੍ਹ ਗਏ। ਟੈਂਕੀ ਉਤੇ ਚੜ੍ਹੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਵਾਰਸਾਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆ ਕਰ ਰਹੀ ਹੈ ਅਤੇ ਤਕਰੀਬਨ ਸਵਾ ਸਾਲ ਤੋਂ ਵਾਰ-ਵਾਰ ਯਤਨ ਕਰਨ ਦੇ ਬਾਵਜੂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ।

ਫਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ ਪੰਜਾਬ ਦੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਆਡੀਟੋਰੀਅਲ ਹਾਲ ਵਿਚ ਸੂਬਾ ਪ੍ਰਧਾਨ ਹਰਿੰਦਰਪਾਲ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਮੀਟਿੰਗ ਚੱਲ ਰਹੀ ਸੀ, ਜਿਸ ਵਿਚ ਪੰਜਾਬ ਭਰ ਤੋਂ ਆਜ਼ਾਦੀ ਘੁਲਾਟੀਏ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਪੁੱਜੇ ਹੋਏ ਸਨ। ਮੀਟਿੰਗ ਪਿੱਛੋਂ 98 ਸਾਲਾ ਆਜ਼ਾਦੀ ਘੁਲਾਟੀਏ ਲਾਭ ਸਿੰਘ ਕਿਲਾ ਬਟੂਹਾ, ਉਤਰਾਧਿਕਾਰੀ ਸਿਆਸਤ ਸਿੰਘ ਖਨਾਲ, ਜਸਵੰਤ ਸਿੰਘ ਬੁਢਲਾਡਾ ਅਤੇ ਕੁਲਵੰਤ ਸਿੰਘ ਰੰਗੀਆਂ ਨੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਜਤਾਉਂਦਿਆਂ ਕੰਪਲੈਕਸ ਦੇ ਅੰਦਰ ਹੀ ਸਥਿਤ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਏ।

ਉਧਰ, ਮੀਟਿੰਗ 'ਚ ਸ਼ਾਮਲ ਫਰੀਡਮ

### ਆਜ਼ਾਦੀ ਘੁਲਾਟੀਆਂ ਦੀਆਂ ਮੰਗਾਂ

ਮੰਗਾਂ ਵਿਚ ਫਰੀਡਮ ਫਾਈਟਰ ਪਰਿਵਾਰਾਂ ਨੂੰ ਕੌਮੀ ਪਰਿਵਾਰ ਐਲਾਨਣ, ਮੁਫ਼ਤ ਬੱਸ ਸਫਰ ਦੀ ਸਹੂਲਤ, ਟੋਲ ਟੈਕਸ ਤੋਂ ਛੋਟ, ਜ਼ਿਲ੍ਹਾ ਪੱਧਰੀ ਕਮੇਟੀਆਂ 'ਚ ਨੁਮਾਇੰਦਗੀ, ਨੌਕਰੀਆਂ ਦਾ ਕੋਟਾ 1 ਤੋਂ ਵਧਾ ਕੇ 5 ਫੀਸਦੀ ਕਰਨ, ਸਹੂਲਤਾਂ 3 ਪੀੜ੍ਹੀਆਂ ਤੱਕ ਦੇਣ, ਹਰ ਜ਼ਿਲ੍ਹੇ ਵਿਚ ਦੇਸ਼ ਭਗਤ ਯਾਦਗਾਰੀ ਹਾਲ ਬਣਾਉਣ, ਸਿੱਖਿਆ ਤੇ ਸਿਹਤ ਸਹੂਲਤਾਂ ਮੁਫ਼ਤ ਦੇਣ, ਉਤਰਾਖੰਡ ਦੀ ਤਰਜ਼ 'ਤੇ ਪੈਨਸ਼ਨ ਦੇਣਾ ਆਦਿ ਸ਼ਾਮਲ ਹਨ।

ਫਾਈਟਰ ਜਥੇਬੰਦੀ ਨਾਲ ਸਬੰਧਤ ਸਾਰੇ ਆਗੂ ਤੇ ਵਰਕਰ ਵੀ ਨਾਅਰੇਬਾਜ਼ੀ ਕਰਦੇ ਹੋਏ ਆਪਣੇ ਸਾਥੀਆਂ ਦੀ ਹਮਾਇਤ ਵਿਚ ਪਾਣੀ ਵਾਲੀ ਟੈਂਕੀ ਹੇਠਾਂ ਇਕੱਠੇ ਹੋ ਗਏ। ਟੈਂਕੀ ਉਤੇ ਤਾਇਨਾਤ ਦੋ ਮੁਲਾਜ਼ਮਾਂ ਵੱਲੋਂ ਜਥੇਬੰਦੀ ਦੇ ਕਾਰਕੁਨਾਂ ਨੂੰ ਅੰਦਰ ਜਾਣ ਤੋਂ ਰੋਕਣ ਲਈ ਜਿੰਦਰਾ ਲਗਾ ਦਿੱਤਾ ਗਿਆ ਪਰ ਰੋਹ ਵਿਚ ਆਏ ਕਾਰਕੁਨਾਂ ਨੇ ਇੱਟਾਂ ਮਾਰ-ਮਾਰ ਕੇ ਜਿੰਦਰਾ ਤੋੜ ਕੇ ਗੇਟ ਖੋਲ੍ਹ ਲਿਆ ਅਤੇ ਟੈਂਕੀ ਹੇਠਾਂ ਧਰਨਾ ਲਗਾ ਦਿੱਤਾ। ਉਨ੍ਹਾਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ। ਪੰਜਾਬ ਸਰਕਾਰ ਨੂੰ ਮੰਗਾਂ ਹੱਲ ਕਰਨ ਲਈ 5 ਅਪਰੈਲ ਤੱਕ ਦਾ ਅਲਟੀਮੇਟਮ ਦਿੱਤਾ ਸੀ। ਹਾੜ੍ਹੀ ਦੇ ਸੀਜ਼ਨ ਕਾਰਨ ਅਲਟੀਮੇਟਮ ਦੀ ਮਿਆਦ 20 ਅਪਰੈਲ ਤੱਕ ਵਧਾ ਦਿੱਤੀ ਹੈ।

# ਪੰਜਾਬੀ ਯੂਨੀਵਰਸਿਟੀ ਵਿੱਤੀ ਸੰਕਟ ਵਿਚ ਘਿਰੀ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਮੁਲਾਜ਼ਮਾਂ ਦੀਆਂ ਤਨਖਾਹਾਂ ਅਦਾ ਕਰਨ ਲਈ ਬੈਂਕ ਕਰਜ਼ੇ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਯੂਨੀਵਰਸਿਟੀ ਪਹਿਲਾਂ ਹੀ ਬੈਂਕ ਤੋਂ ਲਏ ਕਰਜ਼ੇ ਦੇ ਕਰੀਬ 9 ਕਰੋੜ ਰੁਪਏ ਹਰ ਸਾਲ ਵਿਆਜ ਵਜੋਂ ਭਰ ਰਹੀ ਹੈ ਤੇ ਹੁਣ ਲੰਘੇ ਮਾਰਚ ਦੀਆਂ ਤਨਖਾਹਾਂ ਦੀ ਭਰਪਾਈ ਕਰਨ ਲਈ 40 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕਣ ਲੱਗੀ ਹੈ। ਪੰਜਾਬੀ ਯੂਨੀਵਰਸਿਟੀ ਕਾਫੀ ਚਿਰ ਤੋਂ ਵਿੱਤੀ ਸੰਕਟ ਨਾਲ ਜੂਝ ਰਹੀ ਹੈ। ਅਜਿਹੇ ਵਿਚ ਕੁਝ ਮਹੀਨਿਆਂ ਤੋਂ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਵਿਚ ਵੀ ਦਿੱਕਤ ਆ ਰਹੀ ਹੈ। ਪਿਛਲੇ ਮਹੀਨੇ ਅੱਧ 'ਚ ਜਾ ਕੇ ਤਨਖਾਹਾਂ ਦਾ ਅਮਲ ਸਿਰੇ ਚੜ੍ਹ ਸਕਿਆ ਸੀ ਤੇ ਐਤਕੀਂ ਵੀ ਮਾਰਚ ਟੱਪੇ ਨੂੰ ਹਫਤੇ ਤੋਂ ਵੱਧ ਸਮਾਂ ਲੰਘ ਗਿਆ ਹੈ, ਪਰ ਅਜੇ ਤੱਕ ਤਨਖਾਹਾਂ ਨਹੀਂ ਦਿੱਤੀਆਂ ਜਾ ਸਕੀਆਂ। ਦੱਸਿਆ ਜਾਂਦਾ ਹੈ ਕਿ ਤਨਖਾਹਾਂ ਦਾ ਸਾਰਾ ਵਿੱਤੀ ਭਾਰ ਸਹਿਣ ਲਈ ਯੂਨੀਵਰਸਿਟੀ ਕੋਲ ਗੁੰਜਾਇਸ਼ ਨਹੀਂ ਹੈ।

ਪੰਜਾਬ ਸਰਕਾਰ ਵੱਲੋਂ ਭਾਵੇਂ ਬਜਟ ਵਿਚ ਐਤਕੀਂ ਯੂਨੀਵਰਸਿਟੀ ਨੂੰ 50 ਕਰੋੜ ਦੀ ਸਪੈਸ਼ਲ ਗ੍ਰਾਂਟ ਐਲਾਨੀ ਗਈ ਹੈ, ਪਰ ਇਹ ਗ੍ਰਾਂਟ ਮਿਲਣ ਵਿਚ ਅਜੇ ਕਰੀਬ ਮਹੀਨਾ ਹੋਰ ਲੱਗ ਸਕਦਾ ਹੈ। ਯੂਨੀਵਰਸਿਟੀ ਲਈ ਵੱਡੀ ਤ੍ਰਾਸਦੀ ਹੈ ਕਿ ਇਹ ਪਹਿਲਾਂ ਹੀ 229 ਕਰੋੜ ਦੇ ਵੱਡੇ ਘਾਟੇ ਵਿੱਚ ਪਿਸ ਰਹੀ ਹੈ। ਯੂਨੀਵਰਸਿਟੀ ਨੇ ਵਿੱਤੀ ਸੰਤੁਲਨ ਬਣਾਉਣ ਲਈ ਪਹਿਲਾਂ ਹੀ ਬੈਂਕ ਤੋਂ 91 ਕਰੋੜ ਦੇ ਕਰੀਬ ਕਰਜ਼ਾ ਚੁੱਕਿਆ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਪਹਿਲਾਂ ਚੁੱਕੇ ਕਰਜ਼ੇ ਦਾ ਯੂਨੀਵਰਸਿਟੀ ਨੂੰ ਪ੍ਰਤੀ ਸਾਲ 9 ਕਰੋੜ ਦੇ ਕਰੀਬ ਇਕੱਲਾ ਵਿਆਜ ਹੀ ਤਾਰਨਾ ਪੈ ਰਿਹਾ ਹੈ। 40 ਕਰੋੜ ਦੇ ਹੋਰ ਕਰਜ਼ੇ ਮਗਰੋਂ ਅਦਾਰੇ ਸਿਰ ਕਰਜ਼ੇ ਦੀ ਪੰਡ 131 ਕਰੋੜ ਨੂੰ ਢੁਕ ਜਾਏਗੀ। ਇਸ ਮਗਰੋਂ ਵਿਆਜ ਦੀ ਰਕਮ ਵਧਣੀ ਵੀ ਸੁਭਾਵਿਕ ਹੀ ਹੈ।

# ਨਵਾਂ ਸ਼ਹਿਰ ਦੇ ਚਾਰ ਮੁੰਡਿਆਂ ਦੇ ਤਾਰ ਆਈ. ਐਸ. ਆਈ. ਨਾਲ ਜੁੜੇ

**ਜਲੰਧਰ:** ਪੰਜਾਬ ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਚਾਰ ਪੰਜਾਬੀ ਮੁੰਡਿਆਂ ਨੂੰ ਫੜ ਕੇ ਇਹ ਦਾਅਵਾ ਕੀਤਾ ਹੈ ਕਿ ਉਹ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਨਾਲ ਜੁੜੇ ਹਨ। ਚਾਰੇ ਮੁੰਡੇ ਨਵਾਂ ਸ਼ਹਿਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਕਾਊਂਟਰ ਇੰਟੈਲੀਜੈਂਸ ਦੇ ਏ.ਆਈ.ਜੀ. ਹਰਕੰਵਲਪ੍ਰੀਤ ਸਿੰਘ ਨੇ ਦੱਸਿਆ ਕਿ ਕੁਝ ਦਿਨਾਂ ਤੋਂ ਨੌਜਵਾਨ ਮੁੰਡਿਆਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਇਸੇ ਸਿਲਸਿਲੇ ਵਿਚ ਕੁਝ ਦਿਨ ਪਹਿਲਾਂ ਨਵਾਂ ਸ਼ਹਿਰ ਜ਼ਿਲ੍ਹੇ ਦੇ ਬੰਗਾ ਇਲਾਕੇ ਵਿਚ ਰੈਫਰੈਂਡਮ-2020 ਦੇ ਪੋਸਟਰ ਵੀ ਲਾਏ ਗਏ ਸੀ।

ਹਰਕੰਵਲਪ੍ਰੀਤ ਸਿੰਘ ਮੁਤਾਬਕ ਚਾਰਾਂ ਮੁੰਡਿਆਂ ਨੇ ਮੰਨਿਆ ਹੈ ਕਿ ਉਹ ਆਈ. ਐਸ. ਆਈ. ਲਈ ਕੰਮ ਕਰਦੇ ਸਨ। ਆਈ. ਐਸ. ਆਈ. ਏਜੰਟ ਦੀਪ ਕੌਰ ਰੈਫਰੈਂਡਮ 2020 ਫੇਸਬੁਕ ਰਾਹੀਂ ਹਿੰਸਾ ਫੈਲਾਉਣ ਦੀ ਕੋਸ਼ਿਸ਼ ਕਰ ਰਹੀ ਸੀ।

ਪੁਲਿਸ ਮੁਤਾਬਕ ਆਈ.ਐਸ.ਆਈ. ਸੋਸ਼ਲ ਮੀਡੀਆ ਰਾਹੀਂ ਘੱਟ ਉਮਰ ਦੇ ਮੁੰਡਿਆਂ ਨੂੰ ਲੱਭ ਕੇ ਉਨ੍ਹਾਂ ਦਾ 'ਬ੍ਰੇਨ ਵਾਸ਼' ਕਰਦੀ ਹੈ ਤੇ ਫਿਰ ਉਨ੍ਹਾਂ ਤੋਂ ਮਾਹੌਲ ਖਰਾਬ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਈ.ਐਸ.ਆਈ. ਨੇ ਇਹ ਕੰਮ ਮਲੇਸ਼ੀਆ ਵਿਚ ਰਹਿ ਰਹੀ ਦੀਪ ਕੌਰ ਨਾਂ ਦੀ ਔਰਤ ਨੂੰ ਦਿੱਤਾ ਹੋਇਆ ਹੈ। ਉਹੀ ਇਨ੍ਹਾਂ ਮੁੰਡਿਆਂ ਨੂੰ ਲੱਭਦੀ ਹੈ ਤੇ ਪੈਸੇ ਭੇਜ ਕੇ ਮਾਹੌਲ ਖਰਾਬ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ।

# ਅਕਾਲੀਆਂ ਖਿਲਾਫ ਕਾਰਵਾਈ ਤੋਂ ਝਿਜਕੀ ਪੰਜਾਬ ਪੁਲਿਸ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਸੀਨੀਅਰ ਆਗੂਆਂ ਖ਼ਿਲਾਫ਼ ਕੌਮੀ ਮਾਰਗ ਰੋਕਣ ਦੇ ਮਾਮਲੇ ਵਿਚ 4 ਮਹੀਨੇ ਪਹਿਲਾਂ

### ਕੌਮੀ ਮਾਰਗ ਰੋਕਣ ਦੇ ਮਾਮਲੇ 'ਚ ਖਾਨਾਪੂਰਤੀ ਵਾਲੀ ਕਾਰਵਾਈ

ਦਰਜ ਕੀਤੇ ਕੇਸ ਮਹਿਜ਼ ਖਾਨਾਪੂਰਤੀ ਸਾਬਤ ਹੋ ਰਹੇ ਹਨ। ਸੂਚਨਾ ਦਾ ਅਧਿਕਾਰ (ਆਰ.ਟੀ.ਆਈ.) ਐਕਟ ਤਹਿਤ ਮੰਗੀ ਜਾਣਕਾਰੀ ਵਿਚ ਪੁਲਿਸ ਨੇ ਅਕਾਲੀ ਆਗੂਆਂ ਖ਼ਿਲਾਫ਼ ਦਰਜ ਕੇਸਾਂ ਸਬੰਧੀ ਕਾਰਵਾਈ ਕਰਨ ਦੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਚੁੱਪ ਵੱਟ ਲਈ। ਇਕ ਜ਼ਿਲ੍ਹਾ ਪੁਲਿਸ ਮੁਖੀ ਨੇ ਜੋ ਜਵਾਬ ਦਿੱਤਾ, ਉਹ ਵੀ ਹਾਸੋਹੀਣਾ ਹੈ।

ਤਰਨ ਤਾਰਨ ਦੇ ਜ਼ਿਲ੍ਹਾ ਪੁਲਿਸ ਮੁਖੀ ਦਾ ਕਹਿਣਾ ਹੈ ਕਿ ਜਿਨ੍ਹਾਂ ਅਕਾਲੀ ਆਗੂਆਂ ਨੇ ਕੌਮੀ ਮਾਰਗ ਜਾਮ ਕੀਤਾ ਸੀ, ਦੀ ਭਾਲ ਕੀਤੀ ਜਾ ਰਹੀ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਜਿਨ੍ਹਾਂ ਅਕਾਲੀ ਆਗੂਆਂ ਨੇ ਤਰਨ ਤਾਰਨ ਜ਼ਿਲ੍ਹੇ ਵਿਚ ਸੜਕਾਂ ਜਾਮ ਕੀਤੀਆਂ ਸਨ, ਉਹ ਰੂਪੋਸ਼ ਨਹੀਂ ਹੋਏ, ਸਗੋਂ ਰੋਜ਼ਾਨਾ ਸਰਕਾਰੀ ਦਫਤਰਾਂ ਦੇ ਚੱਕਰ ਕੱਢਦੇ ਹਨ। ਇਨ੍ਹਾਂ ਵਿਚ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਸਭ ਤੋਂ ਅੱਗੇ ਸਨ। ਜ਼ਿਕਰਯੋਗ ਹੈ ਕਿ ਨਗਰ ਪੰਚਾਇਤ ਚੋਣਾਂ ਵਿਚ ਧੱਕੇਸ਼ਾਹੀ ਦੇ ਦੋਸ਼ ਲਾਉਂਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਪੰਜਾਬ ਦੀਆਂ ਤਕਰੀਬਨ ਸਾਰੀਆਂ ਸੜਕਾਂ ਉਤੇ ਹੀ ਘੰਟਿਆਂ ਬੱਧੀ ਚੱਕਾ ਜਾਮ ਕਰੀ ਰੱਖਿਆ ਸੀ। ਆਰ.ਟੀ.ਆਈ. ਵਿਚ ਬਠਿੰਡਾ, ਤਰਨ ਤਾਰਨ,



ਜਲੰਧਰ, ਕਪੂਰਥਲਾ, ਮੋਗਾ, ਅੰਮ੍ਰਿਤਸਰ, ਫਿਰੋਜ਼ਪੁਰ ਤੇ ਸੰਗਰੂਰ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਤੋਂ ਪੁੱਛਿਆ ਸੀ ਕਿ ਦਸੰਬਰ ਮਹੀਨੇ ਦੌਰਾਨ ਕੌਮੀ ਮਾਰਗ ਰੋਕਣ ਦੇ ਦੋਸ਼ਾਂ ਤਹਿਤ ਪੁਲਿਸ ਵੱਲੋਂ ਜਿਨ੍ਹਾਂ ਅਕਾਲੀ ਆਗੂਆਂ ਖ਼ਿਲਾਫ਼ ਅਪਰਾਧਕ ਕੇਸ ਦਰਜ ਕੀਤੇ ਗਏ ਸਨ, ਉਨ੍ਹਾਂ ਮਾਮਲਿਆਂ ਵਿਚ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ।


ਪੁਲਿਸ ਤੋਂ ਦੋਸ਼ ਪੱਤਰਾਂ ਅਤੇ ਹੋਰ ਦਸਤਾਵੇਜ਼ਾਂ ਦੀਆਂ ਕਾਪੀਆਂ ਮੰਗੀਆਂ ਗਈਆਂ ਸਨ। ਇਹ ਵੀ ਪੁੱਛਿਆ ਗਿਆ ਸੀ ਕਿ ਜੇਕਰ ਕਿਸੇ ਅਕਾਲੀ ਆਗੂ ਨੇ ਸਬੰਧਤ ਪੁਲਿਸ ਕੇਸ ਵਿਚ ਅਗਾਊਂ ਜ਼ਮਾਨਤ ਕਰਾਈ ਹੈ ਤਾਂ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ। ਜ਼ਿਆਦਾਤਰ ਪੁਲਿਸ ਮੁਖੀਆਂ ਨੇ ਤਾਂ ਜਾਣਕਾਰੀ ਦਿੱਤੀ ਹੀ ਨਹੀਂ, ਕੁਝ ਨੇ ਐਫ.ਆਈ.ਆਰ. ਦੀ ਕਾਪੀ ਭੇਜ ਕੇ ਬੁੱਤਾ ਸਾਰ ਦਿੱਤਾ ਤੇ ਸਿਰਫ ਤਰਨ ਤਾਰਨ ਜ਼ਿਲ੍ਹੇ ਦੇ ਐਸ.ਐਸ.ਪੀ. ਨੇ ਕਿਹਾ ਕਿ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਜਿਹੜੇ ਅਕਾਲੀ ਆਗੂਆਂ ਨੇ ਕੌਮੀ ਮਾਰਗ ਜਾਮ ਕੀਤੇ ਸਨ, ਉਨ੍ਹਾਂ ਵਿਚ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬਿਕਰਮ ਸਿੰਘ ਮਜੀਠੀਆ ਆਦਿ ਸਮੇਤ ਹੋਰ ਸੀਨੀਅਰ ਆਗੂ ਵੀ ਸ਼ਾਮਲ ਸਨ।

### ਗੁਰਦੁਆਰੇ ਵਿਚ ਪਾਠ ਕਰਦੇ ਗ੍ਰੰਥੀ ਦੀ ਮੌਤ

**ਸਮਰਾਲਾ:** ਪਿੰਡ ਘੁਲਾਲ ਦੇ ਗੁਰਦੁਆਰਾ ਸ੍ਰੀ ਸ਼ਸਤਰ ਭੇਟ ਪਾਤਸ਼ਾਹੀ ਦਸਵੀਂ ਦੇ ਹੈੱਡ ਗ੍ਰੰਥੀ ਨੇ ਉਦੋਂ ਪ੍ਰਾਣ ਤਿਆਗ ਦਿੱਤੇ, ਜਦੋਂ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੁਕਮਨਾਮਾ ਲੈ ਰਿਹਾ ਸੀ। ਸ਼ਮਸ਼ੇਰ ਸਿੰਘ (53) ਵਾਸੀ ਪਿੰਡ ਖੱਟਰਾਂ ਕਰੀਬ ਪਿਛਲੇ ਇਕ ਸਾਲ ਤੋਂ ਗੁਰਦੁਆਰੇ ਵਿਚ ਬਤੌਰ ਗ੍ਰੰਥੀ ਸੇਵਾਵਾਂ ਨਿਭਾਅ ਰਿਹਾ ਸੀ।

# ਸਿਆਸੀ ਲਾਹੇ ਲਈ ਧਰਮ ਨੂੰ ਵਰਤਣ ਦਾ ਪੈਂਤੜਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਆਪੋ ਆਪਣੇ ਰਾਜ ਵਿਚ ਕੋਈ ਕਿਸੇ ਤਰ੍ਹਾਂ ਦੇ ਹਾਲਾਤ ਵਿਚੋਂ ਵੀ ਗੁਜ਼ਰ ਰਿਹਾ ਹੋਵੇ, ਇਸ ਵੇਲੇ ਦੇਸ਼ ਪੱਧਰ ਉਤੇ ਸਿਆਸਤ ਦੀ ਕਤਾਰਬੰਦੀ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਲਈ ਸ਼ੁਰੂ ਹੋ ਚੁਕੀ ਹੈ। ਕੇਂਦਰ ਵਿਚ ਰਾਜ ਚਲਾ ਰਹੀ ਭਾਰਤੀ ਜਨਤਾ ਪਾਰਟੀ ਪੁਰਾਣੇ ਸਾਥੀਆਂ ਨੂੰ ਚੰਬੜੇ ਰਹਿਣ ਦੀ ਥਾਂ ਕੁਝ ਨਵੇਂ ਅਜ਼ਮਾਉਣ ਤੇ ਪਹਿਲੇ ਕੁਝ ਖੂੰਜੇ ਲਾਉਣ ਦੀ ਨੀਤੀ ਉਤੇ ਚੱਲ ਰਹੀ ਹੈ। ਕੁਝ ਧਿਰਾਂ ਬਾਰੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਉਹ ਵਿਖਾਵੇ ਵਾਸਤੇ ਇਸ ਵੇਲੇ ਭਾਜਪਾ ਤੋਂ ਫਾਸਲਾ ਪਾਉਂਦੀਆਂ ਪਈਆਂ ਹਨ, ਅੰਦਰੋਂ ਆਖਰੀ ਵੇਲੇ ਸੈਨਤ ਮਿਲਾਉਣ ਦੀ ਸਹਿਮਤੀ ਬਣੀ ਹੋਈ ਹੈ। ਇਸ ਵਿਚ ਕੁਝ ਹੱਦ ਤੱਕ ਸੱਚਾਈ ਵੀ ਹੋ ਸਕਦੀ ਹੈ, ਪਰ ਸਾਰੀ ਗੱਲ ਸੱਚੀ ਨਹੀਂ। ਸੱਚ ਇਹ ਹੈ ਕਿ ਚੋਣਾਂ ਨੇੜੇ ਪਹੁੰਚ ਕੇ ਭਾਜਪਾ ਹਮੇਸ਼ਾ ਇਹ ਵੇਖਦੀ ਹੁੰਦੀ ਹੈ ਕਿ ਕਿਸ ਧਿਰ ਨਾਲ ਜੁੜਨ ਦਾ ਲਾਭ ਹੈ ਤੇ ਇੰਜ ਕਰਨ ਵੇਲੇ ਉਹ ਸਿਧਾਂਤਕ ਮੁੱਦਿਆਂ ਨੂੰ ਕਿਸੇ ਤਰ੍ਹਾਂ ਵਜ਼ਨ ਨਹੀਂ ਦਿਆ ਕਰਦੀ, ਕਿਉਂਕਿ ਲੰਮੇ ਸਮੇਂ ਦੀ ਨੀਤੀ ਵਿਚ ਇਹ ਸਾਰੇ ਲੋਕ ਉਸ ਨੇ ਇੱਕ ਖਾਸ ਹੱਦ ਤੱਕ ਵਰਤਣ ਪਿੱਛੋਂ ਕੂੜੇਦਾਨ ਵਿਚ ਸੁੱਟ ਦੇਣੇ ਹੁੰਦੇ ਹਨ। ਪਹਿਲਾਂ ਕਾਂਗਰਸ ਉਤੇ ਇਹੋ ਦੋਸ਼ ਲੱਗਦਾ ਸੀ, ਪਰ ਇਨ੍ਹਾਂ ਗੱਲਾਂ ਵਿਚ ਭਾਜਪਾ ਆਗੂ ਕਾਂਗਰਸ ਵਾਲਿਆਂ ਤੋਂ ਵੱਧ ਤਿੱਖੇ ਨਿਕਲੇ ਹਨ।

ਇਸ ਵਕਤ ਕਰਨਾਟਕਾ ਦੀਆਂ ਵਿਧਾਨ ਸਭਾ ਚੋਣਾਂ ਲਈ ਤਿੰਨ ਮੁੱਖ ਧਿਰਾਂ ਵਿਚਾਲੇ ਖਿੱਚੋਤਾਣ ਚੱਲ ਰਹੀ ਹੈ ਅਤੇ ਕਾਂਗਰਸ ਤੇ ਭਾਜਪਾ ਵਾਲੀਆਂ ਦੋਹਾਂ ਮੋਹਰੀ ਧਿਰਾਂ ਦੇ ਆਗੂ ਅੰਦਰ-ਖਾਤੇ ਤੀਸਰੀ ਜਨਤਾ ਦਲ (ਐਸ) ਵਾਲੀ ਧਿਰ ਨਾਲ ਅੱਖ ਮਿਲਾਈ ਫਿਰਦੇ ਹਨ, ਤਾਂ ਕਿ ਚੋਣਾਂ ਪਿੱਛੋਂ ਲੋੜ ਪਵੇ ਤਾਂ ਨਾਲ ਲੈ ਸਕਣ। ਜਿੰਨੇ ਕੁ ਸਰਵੇਖਣ ਉਥੋਂ ਦੀ ਹਾਲਤ ਬਾਰੇ ਅੱਜ ਤੱਕ ਆਏ ਹਨ, ਉਨ੍ਹਾਂ ਵਿਚੋਂ ਕਾਂਗਰਸ ਦੀ ਅਗੇਤ ਝਲਕਦੀ ਹੈ, ਪਰ ਭਾਜਪਾ ਵੱਲ ਉਲਾਰ ਸਮਝੀ ਜਾਂਦੀ ਇੱਕ ਏਜੰਸੀ ਦਾ ਸਰਵੇਖਣ ਉਸ ਦੇ ਪੱਖ ਵਿਚ ਵੀ ਆ ਚੁਕਾ ਹੈ। ਇਸ ਲਈ ਮੁਕਾਬਲਾ ਕਾਫੀ ਸਖਤ ਹੈ।

ਰਾਜ ਦੇ ਮੁੱਖ ਮੰਤਰੀ ਸਿੱਧਾਰਮਈਆ ਨੇ ਇਸ ਮੁਕਾਬਲੇ ਨੂੰ ਕਾਂਗਰਸ ਦੇ ਪੱਖ ਵਿਚ ਕਰਨ ਲਈ ਲਿੰਗਾਇਤ ਭਾਈਚਾਰੇ ਨੂੰ ਹਿੰਦੂਆਂ ਤੋਂ ਵੱਖਰਾ ਧਰਮ ਮੰਨੇ ਜਾਣ ਦਾ ਜੋ ਨੋਟੀਫਿਕੇਸ਼ਨ ਕਰਾਇਆ ਹੈ, ਉਸ ਦੇ ਬਾਅਦ ਦੋ ਸਰਵੇਖਣ ਕਾਂਗਰਸ ਪਾਰਟੀ ਲਈ ਕੁਝ ਜ਼ਿਆਦਾ ਸੁਖਾਵੇਂ ਪੇਸ਼ ਹੋ ਗਏ ਹਨ। ਭਾਜਪਾ ਇਸ ਗੱਲ ਵਿਚ ਬੜਾ ਸੰਭਲ ਕੇ ਚੱਲੀ ਹੈ। ਪਹਿਲਾਂ ਉਸ ਨੇ ਇਸ ਨੂੰ ਫਾਲਤੂ ਦੀ ਗੱਲ ਕਿਹਾ ਤੇ ਕੁਝ ਦਿਨ ਲੋਕਾਂ ਵਿਚ ਇਸ ਫੈਸਲੇ ਦੀ ਪ੍ਰਤੀਕ੍ਰਿਆ ਜਾਣਨ ਪਿੱਛੋਂ ਬਾਕਾਇਦਾ ਐਲਾਨ ਕਰ ਦਿੱਤਾ ਕਿ ਅਸੀਂ ਇਸ ਫੈਸਲੇ ਨੂੰ ਕੇਂਦਰ ਦੀ ਪ੍ਰਵਾਨਗੀ ਨਹੀਂ ਮਿਲਣ ਦੇਣੀ, ਕਿਉਂਕਿ ਇਸ ਕਾਰਨ ਹਿੰਦੂ ਧਰਮ ਵਿਚ ਪਾਟਕ ਪੈ ਸਕਦਾ ਹੈ। ਲਿੰਗਾਇਤ ਭਾਈਚਾਰੇ ਦੇ ਕੁਝ ਆਗੂ ਵੀ ਭਾਜਪਾ ਦੇ ਇਸ ਫੈਸਲੇ ਤੋਂ ਖੁਸ਼ ਹਨ, ਪਰ ਬਹੁਤੇ ਲੋਕਾਂ ਦਾ ਪ੍ਰਭਾਵ ਇਹੀ ਹੈ ਕਿ ਜਦੋਂ ਅਸੀਂ ਸਾਰੀਆਂ ਰੀਤਾਂ-ਰਸਮਾਂ ਵਿਚ ਹਿੰਦੂ ਭਾਈਚਾਰੇ ਤੋਂ ਵੱਖ ਹਾਂ ਤਾਂ ਇੱਕ ਵੱਖਰਾ ਧਰਮ ਬਣ ਕੇ ਘੱਟ ਗਿਣਤੀ ਧਰਮਾਂ ਲਈ ਮਿਲਦੀਆਂ ਸਹੂਲਤਾਂ ਲੈਣੀਆਂ ਚਾਹੀਦੀਆਂ ਹਨ। ਇਸ ਸਮਝਦਾਰੀ ਕਰਕੇ ਲਿੰਗਾਇਤ ਭਾਈਚਾਰੇ ਦੀਆਂ ਕੋਈ 22% ਵੋਟਾਂ ਦਾ ਵੱਡਾ ਹਿਸਾ ਕਾਂਗਰਸ ਦੇ ਪੱਖ 'ਚ ਜਾ ਸਕਦਾ ਹੈ।

ਪਿਛਲੇ ਦਿਨੀਂ ਮੱਧ ਪ੍ਰਦੇਸ਼ ਤੋਂ ਇੱਕ ਹੈਰਾਨੀ ਵਾਲੀ ਖਬਰ ਸੁਣੀ ਗਈ ਕਿ ਭਾਜਪਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਹਿੰਦੂ ਧਰਮ ਦੇ ਪੰਜ ਸੰਤਾਂ ਨੂੰ ਮੰਤਰੀ ਦਾ ਦਰਜਾ ਦੇ ਦਿੱਤਾ ਹੈ। ਮੰਤਰੀ ਦਰਜਾ ਕਿਸੇ ਨੂੰ ਦੇਣਾ ਹੋਵੇ ਤਾਂ ਰਾਜ ਸਰਕਾਰ ਕੋਲ ਇਸ ਦੇ ਅਧਿਕਾਰ ਹੁੰਦੇ ਹਨ। ਪੰਜਾਬ ਵਿਚ ਇੱਕ ਮਰਹੂਮ ਅਕਾਲੀ ਆਗੂ ਦੀ ਪਤਨੀ ਨੂੰ ਏਦਾਂ ਮੰਤਰੀ ਦਾ ਦਰਜਾ ਦਿੱਤੇ ਜਾਣ ਕਾਰਨ ਕੁਝ ਸਾਲ ਪਹਿਲਾਂ ਇਥੇ ਵੀ ਵਿਵਾਦ ਛਿੜਿਆ ਸੀ। ਹਿੰਦੂ ਧਰਮ ਦੇ ਜਿਨ੍ਹਾਂ ਸੰਤਾਂ ਨੂੰ ਮੰਤਰੀ ਦਾ ਦਰਜਾ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ, ਉਨ੍ਹਾਂ ਦੇ ਪਿੱਛੇ ਸਿਰਸੇ ਵਾਲੇ ਸਾਧ ਜਿੰਨੀਆਂ ਵੋਟਾਂ ਵੀ ਨਹੀਂ ਲੱਗਦੀਆਂ, ਪਰ ਜੇ ਇਹ ਦਰਜਾ ਨਾ ਦਿੱਤਾ ਜਾਵੇ ਤਾਂ ਭਾਜਪਾ ਦੀਆਂ ਵੋਟਾਂ ਵਿਗਾੜਨ ਦਾ ਕੰਮ ਕਰ ਸਕਦੇ ਹਨ। ਪਿਛਲੇ ਦਿਨੀਂ ਉਨ੍ਹਾਂ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਨਰਮਦਾ ਨਦੀ ਅਤੇ ਕੁਝ ਹੋਰ ਘਪਲਿਆਂ ਕਾਰਨ ਭਾਜਪਾ ਸਰਕਾਰ ਵਿਰੁਧ ਜਨਤਕ ਲਾਮਬੰਦੀ ਲਈ ਮੁਹਿੰਮ ਚਲਾਉਣਗੇ।

ਵਿਧਾਨ ਸਭਾ ਚੋਣਾਂ ਇਸ ਰਾਜ ਵਿਚ ਹੋਣ ਵਾਲੀਆਂ ਹਨ ਤੇ ਇਸ ਵਿਚ ਮਸਾਂ ਅੱਠ ਮਹੀਨੇ ਬਾਕੀ ਰਹਿੰਦੇ ਹਨ। ਪਿਛਲੀਆਂ ਤਿੰਨ ਵਾਰੀਆਂ ਤੋਂ ਲਗਾਤਾਰ ਰਾਜ ਕਰ ਰਹੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਲਈ ਹਾਲਾਤ ਇਥੇ ਪਹਿਲਾਂ ਹੀ ਬੜੇ ਅਣਸੁਖਾਵੇਂ ਹਨ ਤੇ ਕਿਸਾਨਾਂ-ਮਜ਼ਦੂਰਾਂ ਤੋਂ ਲੈ ਕੇ ਵਪਾਰੀਆਂ ਤੇ ਕਰਮਚਾਰੀਆਂ ਤੱਕ ਹਰ ਕੋਈ ਉਸ ਨਾਲ ਮੂੰਹ ਵਿੰਗਾ ਕਰੀ ਫਿਰਦਾ ਹੈ। ਉਸ ਲਈ ਅਗਲੀ ਚੋਣ ਸੌਖੀ ਨਹੀਂ ਹੋਣੀ। ਇਸੇ ਕਾਰਨ ਸਾਧਾਂ ਦੇ ਜ਼ਰਾ ਕੁ ਦਬਕਾ ਮਾਰਦੇ ਸਾਰ ਮੁੱਖ ਮੰਤਰੀ ਨੇ ਪੰਜ ਸਾਧਾਂ ਨੂੰ ਮੰਤਰੀ ਦਾ ਦਰਜਾ ਦੇ ਕੇ ਪਤਿਆ ਲਿਆ ਹੈ। ਸਾਧ ਵੀ ਘਰਾਂ ਤੋਂ ਤਿਆਗੀ ਬਣ ਕੇ ਨਿਕਲੇ ਸਨ, ਪਰ ਜਦੋਂ ਉਨ੍ਹਾਂ ਇਹ ਵੇਖਿਆ ਕਿ ਯੋਗੀ ਆਦਿਤਿਆਨਾਥ ਵਰਗੇ ਮੱਠਾਂ ਦੇ ਮਹੰਤ ਵੀ ਮੁੱਖ ਮੰਤਰੀ ਬਣੇ ਫਿਰਦੇ ਹਨ ਤਾਂ ਰਾਜ-ਸੱਤਾ ਦੀ ਚਮਕ ਨੇ ਉਨ੍ਹਾਂ ਦੀਆਂ ਵੀ ਅੱਖਾਂ ਚੁੰਧਿਆ ਦਿੱਤੀਆਂ ਹਨ।

ਕਾਂਗਰਸ ਤੇ ਕੁਝ ਹੋਰ ਧਿਰਾਂ ਨੇ ਇਸ ਨੂੰ ਰਾਜਨੀਤੀ ਲਈ ਧਰਮ ਦੀ ਦੁਰਵਰਤੋਂ ਦੀ ਮਿਸਾਲ ਆਖਦਿਆਂ ਇਸ ਦੀ ਨਿੰਦਾ ਕੀਤੀ ਹੈ। ਗੱਲ ਉਨ੍ਹਾਂ ਦੀ ਠੀਕ ਹੈ, ਪਰ ਉਨ੍ਹਾਂ ਦੇ ਮੂੰਹੋਂ ਨਹੀਂ ਫਬਦੀ। ਏਦਾਂ ਦਾ ਮਿਹਣਾ ਉਹ ਮਾਰ ਸਕਦਾ ਹੈ, ਜਿਸ ਨੇ ਰਾਜਨੀਤੀ ਲਈ ਧਰਮ ਦੀ ਵਰਤੋਂ ਖੁਦ ਕਦੇ ਨਾ ਕੀਤੀ ਹੋਵੇ। ਬਹੁਤ ਸਾਰੇ ਸਾਧਾਂ ਨੂੰ ਕਾਂਗਰਸੀ ਆਗੂ ਵੀ ਆਪਣੇ ਪੱਖ ਵਿਚ ਵਰਤਦੇ ਆਏ ਹਨ, ਸਗੋਂ ਠੀਕ ਕਿਹਾ ਜਾਵੇ ਤਾਂ ਜਦੋਂ ਭਾਜਪਾ ਨੇ ਸਾਧਾਂ ਨੂੰ ਅੱਗੇ ਕੀਤਾ ਤੇ ਲੋਕਾਂ ਨੇ ਮੂੰਹ ਨਹੀਂ ਸੀ ਲਾਇਆ, ਉਦੋਂ ਸੱਤਪਾਲ ਮਹਾਰਾਜ ਵਰਗੇ ਸਾਧਾਂ ਨੂੰ ਉਤਰ ਪ੍ਰਦੇਸ਼ ਵਿਚ ਕਾਂਗਰਸ ਪਾਰਟੀ ਨੇ ਅੱਗੇ ਕੀਤਾ ਸੀ ਤੇ ਧੀਰੇਂਦਰ ਬ੍ਰਹਮਚਾਰੀ ਤੋਂ ਲੈ ਕੇ ਚੰਦਰਾ ਸਵਾਮੀ ਵਰਗਿਆਂ ਨੂੰ ਇਸੇ ਪਾਰਟੀ ਨੇ ਪ੍ਰਧਾਨ ਮੰਤਰੀਆਂ ਨਾਲ ਪੁਰਾਣੇ ਸਮੇਂ ਦੇ ਰਾਜ-ਪੁਰੋਹਿਤਾਂ ਵਾਂਗ ਜੋੜ ਕੇ ਬਦਨਾਮੀ ਪੱਲੇ ਪਵਾਈ ਸੀ। ਇਹ ਕੁਝ ਭਾਜਪਾ ਵੀ ਕਰਦੀ ਹੈ ਤਾਂ ਕਰਦੀ ਭਾਵੇਂ ਗਲਤ ਹੈ, ਪਰ ਉਸ ਨੂੰ ਕਾਂਗਰਸ ਤੋਂ ਸ਼ਰਮਿੰਦੇ ਹੋਣ ਦੀ ਲੋੜ ਨਹੀਂ ਰਹਿ ਜਾਂਦੀ।

ਮਾਮਲਾ ਲਿੰਗਾਇਤ ਦਾ ਹੋਵੇ ਜਾਂ ਮੱਧ ਪ੍ਰਦੇਸ਼ ਵਿਚ ਡੇਰਿਆਂ ਨਾਲ ਜੁੜੇ ਪੰਜ ਹਿੰਦੂ ਸੰਤਾਂ ਨੂੰ ਮੰਤਰੀ ਦਰਜਾ ਦੇਣ ਦਾ, ਜੋ ਵੀ ਧਿਰਾਂ ਰਾਜਨੀਤੀ ਲਈ ਇਹ ਹਲਕੇ ਹੱਥਕੰਡੇ ਵਰਤਦੀਆਂ ਹਨ, ਉਹ ਲੋਕਤੰਤਰ ਦੀਆਂ ਜੜ੍ਹਾਂ ਪੋਲੀਆਂ ਕਰਨ ਦਾ ਕੰਮ ਕਰਦੀਆਂ ਹਨ। ਇਹ ਸਾਧ ਅੱਜ ਇਸ ਪਾਰਟੀ ਨਾਲ ਤੇ ਕੱਲ੍ਹ ਉਸ ਪਾਰਟੀ ਨਾਲ ਹੋਣਗੇ ਅਤੇ ਖੁਦ ਆਪਣੀ ਸੱਤਾ ਦੀ ਹਵਸ ਪੂਰੀ ਕਰਨ ਲਈ ਸਮਾਜ ਵਿਚ ਪਹਿਲਾਂ ਫੈਲੇ ਪ੍ਰਦੂਸ਼ਣ ਵਿਚ ਵਾਧਾ ਕਰਨਗੇ। ਦੇਸ਼ ਦਾ ਇਤਿਹਾਸ ਇਹ ਗੱਲ ਸਾਬਤ ਕਰਨ ਨੂੰ ਕਾਫੀ ਹੈ ਕਿ ਜਿਸ ਕਿਸੇ ਨੇ ਵੀ ਰਾਜਨੀਤੀ ਲਈ ਧਰਮ ਨੂੰ ਵਰਤਣ ਦੀ ਭੁੱਲ ਇੱਕ ਵਾਰ ਕਰ ਲਈ, ਉਹ ਫਿਰ ਪਿੱਛੇ ਕਦੇ ਨਹੀਂ ਮੁੜ ਸਕਿਆ। ਇਹੋ ਗਲਤੀ ਅੱਜ ਵੀ ਕਈ ਪਾਸਿਆਂ ਤੋਂ ਦੁਹਰਾਈ ਜਾ ਰਹੀ ਹੈ।

# ਭਾਰਤ ਬੰਦ ਦਾ ਅਸਲ ਸਵਾਲ: ਅਸੀਂ ਕਿਉਂ ਨੀਵੇਂ? ਤੁਸੀਂ ਕਿਉਂ ਉਚੇ?

ਕਰਮਜੀਤ ਸਿੰਘ
ਫੋਨ: 91-99150-91063

ਪੰਜ ਸਦੀਆਂ ਤੋਂ ਵੀ ਪਹਿਲਾਂ ਦੀ ਹੰਝੂਆਂ ਭਿੱਜੀ ਦਾਸਤਾਨ ਹੈ ਜਦੋਂ ਮਹਾਨ ਦਾਨਿਸ਼ਵਰ ਸੰਤ ਕਬੀਰ ਨੇ ਆਪਣੀ ਹੀ ਕਿਸਮ ਦਾ ਲਾਜਵਾਬ ਰੱਬੀ ਤਰਕ ਪੇਸ਼ ਕਰਦਿਆਂ ਉਚੀਆਂ ਜਾਤਾਂ ਵਾਲਿਆਂ ਨੂੰ ਸਵਾਲ ਕੀਤਾ ਸੀ ਕਿ ਜਦੋਂ ਸਾਰੇ ਜਣੇ ਇੱਕੋ ਰਸਤੇ ਰਾਹੀਂ ਹੀ ਇਸ ਧਰਤੀ 'ਤੇ ਆਉਂਦੇ ਹਨ ਤਾਂ ਫਿਰ ਤੁਸੀਂ ਕਿਉਂ 'ਬ੍ਰਾਹਮਣ' ਬਣ ਗਏ? ਤੇ ਅਸੀਂ ਕਿਉਂ 'ਸ਼ੂਦਰ' ਬਣਾ ਦਿੱਤੇ ਗਏ? ਮਗਰੋਂ ਗੁਰੂ ਨਾਨਕ ਸਾਹਿਬ ਨੇ ਵੀ ਗੁਰਬਾਣੀ ਰਾਹੀਂ ਭਗਤ ਕਬੀਰ ਦੇ ਰੱਬੀ ਤਰਕ ਉਤੇ ਮੋਹਰ ਲਾਉਂਦਿਆਂ ਇਹ ਐਲਾਨਨਾਮਾ ਜਾਰੀ ਕੀਤਾ ਕਿ ਮੈਂ ਉਨ੍ਹਾਂ ਲੋਕਾਂ ਨਾਲ ਖੜ੍ਹਾ ਹਾਂ, ਜਿਨ੍ਹਾਂ ਨੂੰ ਸਮਾਜ 'ਅਤਿ ਨੀਚ' ਕਹਿੰਦਾ ਆ ਰਿਹਾ ਹੈ। ਉਂਜ ਇਹ ਨੁਕਤਾ ਕਿਸੇ ਹੋਰ ਥਾਂ ਬਹਿਸ ਦੀ ਮੰਗ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਨ ਵਾਲੀ ਇੱਕ ਰਾਜਸੀ ਪਾਰਟੀ ਨੂੰ ਉਹ ਕਿਹੜੀ ਮਜਬੂਰੀ ਬਣ ਗਈ ਸੀ ਕਿ ਉਸ ਨੇ ਚੁੱਪ ਰਹਿ ਕੇ ਭਾਰਤ ਬੰਦ ਦਾ ਵਿਰੋਧ ਕੀਤਾ? ਵੈਸੇ ਕੋਈ ਵੀ ਸਿਆਣਾ ਇਸ ਚੁੱਪ ਨੂੰ 'ਸੁਨਹਿਰੀ ਚੁੱਪ' ਤਾਂ ਕਦੇ ਨਹੀਂ ਆਖੇਗਾ। 2 ਅਪਰੈਲ ਨੂੰ 'ਭਾਰਤ ਬੰਦ' ਦੌਰਾਨ ਸਾਰਾ ਗੁੱਸਾ ਅਤੇ ਰੋਸ ਉਂਜ ਤਾਂ ਦੇਸ਼ ਦੀ ਸਰਬਉਚ ਅਦਾਲਤ ਵੱਲੋਂ ਐਸ. ਸੀ./ਐਸ. ਟੀ. ਐਕਟ ਵਿਚ ਸ਼ੋਧ ਦੇ ਫੈਸਲੇ ਵਿਰੁਧ ਹੀ ਸੀ, ਪਰ ਕਿਸੇ ਡੂੰਘੀ ਅਤੇ ਅਣਦਿਸਦੀ ਤਹਿ ਵਿਚ ਸਵਾਲ ਉਹੋ ਸੀ ਤੇ ਅੱਜ ਵੀ ਜਿਉਂ ਦਾ ਤਿਉਂ ਖੜ੍ਹਾ ਹੈ ਜੋ ਉਚੀਆਂ ਜਾਤਾਂ ਨੂੰ ਪੁੱਛ ਰਿਹਾ ਹੈ ਕਿ ਅਸੀਂ ਕਿਉਂ ਨੀਵੇਂ? ਤੁਸੀਂ ਕਿਉਂ ਉਚੇ?

ਇਹ ਗੱਲ ਵੀ ਹੈਰਾਨ ਕਰਨ ਵਾਲੀ ਹੈ ਕਿ ਬਹੁਤੀਆਂ ਅਖਬਾਰਾਂ, ਟੀ. ਵੀ. ਚੈਨਲਾਂ ਅਤੇ ਰਾਜਸੀ ਆਗੂਆਂ ਦੇ ਬਿਆਨਾਂ ਦਾ ਕੇਂਦਰ ਬਿੰਦੂ ਭਾਰਤ ਬੰਦ ਦੌਰਾਨ ਵਾਪਰੀ 'ਹਿੰਸਾ ਦੀ ਨਿਖੇਧੀ' ਉਤੇ ਹੀ ਟਿੱਕ ਗਿਆ, ਪਰ ਸਦੀਆਂ ਤੋਂ ਉਠਦੇ ਆ ਰਹੇ ਇਸ ਸਵਾਲ ਨੂੰ ਫਿਰ ਇੱਕ ਵਾਰ ਘੱਟੇ ਮਿੱਟੀ ਰੋਲ ਦਿੱਤਾ ਗਿਆ ਕਿ ਕੋਈ ਕਿਉਂ ਨੀਵਾਂ ਹੈ ਅਤੇ ਕੋਈ ਕਿਉਂ ਉਚਾ ਹੈ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦਿੱਲੀ ਦੇ ਕਿਸੇ ਸਮਾਗਮ 'ਚ ਕੀਤੀ ਇਹ ਟਿੱਪਣੀ ਵੀ ਦਿਲਚਸਪ ਵਿਰੋਧਤਾਈ ਦਾ ਪ੍ਰਤੀਕ ਹੀ ਆਖੀ ਜਾਏਗੀ ਕਿ ਜਿੰਨਾ ਮਾਣ ਸਤਿਕਾਰ ਉਨ੍ਹਾਂ ਦੀ ਸਰਕਾਰ ਨੇ ਦਲਿਤਾਂ ਦੇ ਮਸੀਹਾ ਡਾ. ਅੰਬੇਦਕਰ ਨੂੰ ਬਖਸ਼ਿਆ, ਉਨਾ ਮਾਣ ਕਿਸੇ ਹੋਰ ਸਰਕਾਰ ਨੇ ਨਹੀਂ ਦਿੱਤਾ। ਪਰ ਪ੍ਰਧਾਨ ਮੰਤਰੀ ਨੇ ਇਸ ਸਵਾਲ ਨੂੰ ਫਿਰ ਮੌਜ ਨਾਲ ਟਾਲ ਦਿੱਤਾ ਕਿ ਅੰਬੇਦਕਰ ਦੀ ਬਰਾਦਰੀ ਦੇ ਸਤਾਏ ਹੋਏ ਲੋਕ ਆਖਰ ਭਾਰਤ ਬੰਦ ਕਰਨ ਲਈ ਮਜਬੂਰ ਕਿਉਂ ਹੋਏ? ਡਾ. ਅੰਬੇਦਕਰ ਦਾ ਸਤਿਕਾਰ ਅਤੇ ਮਾਣ ਉਨ੍ਹਾਂ ਦੀ ਬਰਾਦਰੀ ਦੇ ਸਤਿਕਾਰ ਤੇ ਮਾਣ ਦਾ ਹਿੱਸਾ ਅੱਜ ਤੱਕ ਕਿਉਂ ਨਹੀਂ ਬਣਿਆ? ਅੱਜ ਵੀ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਹਰ ਰੋਜ਼ 4 ਤੋਂ ਵੱਧ ਦਲਿਤ ਔਰਤਾਂ ਬਲਾਤਕਾਰ ਦਾ ਸ਼ਿਕਾਰ ਕਿਉਂ ਹੁੰਦੀਆਂ ਹਨ? ਅਜੇ ਤਾਂ ਉਹ ਔਰਤਾਂ ਇਸ ਰਿਕਾਰਡ ਦਾ ਕਦੇ ਵੀ ਹਿੱਸਾ ਨਹੀਂ ਬਣੀਆਂ ਜੋ ਦੂਰ-ਦੁਰਾਡੇ ਪਿੰਡਾਂ ਵਿਚ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ, ਪਰ ਸਮਾਜ ਵਿਚ ਬਦਨਾਮੀ ਦੇ ਡਰੋਂ ਆਪਣੇ ਨਾਲ ਖੌਫਨਾਕ ਤੇ ਕੌੜੀਆਂ ਯਾਦਾਂ ਲੈ ਕੇ ਹੀ ਜੀਉਂਦੀਆਂ ਤੇ ਮਰਦੀਆਂ ਹਨ। ਗੋਆ ਇੰਸਟੀਚਿਊਟ 'ਚ ਕੰਮ ਕਰਦੇ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਉਘੇ ਵਿਦਵਾਨ ਅਨੰਦ ਟੈਲਮਦੀ ਦਾ ਰਾਜਨੀਤਕ ਸਰਵੇ ਤਾਂ ਕਹਿੰਦਾ ਹੈ ਕਿ ਹਰ 1 ਘੰਟੇ ਪਿੱਛੇ 6 ਦਲਿਤ ਔਰਤਾਂ ਉਚੀਆਂ ਜਾਤੀਆਂ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੀਆਂ ਹਨ।

ਅਸੀਂ ਸਿਰਫ ਜਿਸਮਾਨੀ ਹਿੰਸਾ ਤੱਕ ਹੀ ਆਪਣੇ ਆਪ ਨੂੰ ਸੀਮਤ ਕਰ ਲੈਂਦੇ ਹਾਂ ਪਰ ਮਾਨਸਿਕ ਹਿੰਸਾ ਦਾ ਜ਼ਿਕਰ ਘੱਟ ਹੀ ਕਰਦੇ ਹਾਂ। ਨਾ ਹੀ ਕਦੇ ਉਸ ਹਿੰਸਾ ਦਾ ਜ਼ਿਕਰ ਕਰਦੇ ਹਾਂ ਜੋ ਉਚੀਆਂ ਜਾਤਾਂ ਦੀਆਂ ਜੀਭਾਂ ਅਤੇ ਉਨ੍ਹਾਂ ਦੇ ਬੋਲਾਂ ਵਿਚ ਵਸਦਾ ਹੈ। ਅਮਰੀਕਾ ਦੀ ਇੱਕ ਕੇਬਲ ਅਤੇ ਨੈਟਵਰਕ ਏਜੰਸੀ ਸੀ. ਐਨ. ਐਨ. ਨੇ ਕੁਝ ਦਲਿਤ ਔਰਤਾਂ ਨਾਲ ਉਨ੍ਹਾਂ ਦੇ ਅੰਦਰਲੇ ਦੁੱਖ ਦਰਦ ਨੂੰ ਫਰੋਲਣ ਲਈ ਵਿਸ਼ੇਸ਼ ਮੁਲਾਕਾਤਾਂ ਕੀਤੀਆਂ। ਇੱਕ ਔਰਤ ਨੇ ਕਿਹਾ ਕਿ ਕਿੰਨਾ ਚੰਗਾ ਹੁੰਦਾ ਜੇ ਰੱਬ ਮੈਨੂੰ ਦਲਿਤਾਂ ਦੇ ਘਰ ਵਿਚ ਜਨਮ ਹੀ ਨਾ ਦਿੰਦਾ। ਸਾਨੂੰ ਤਾਂ ਆਸਾਨੀ ਨਾਲ ਹੀ ਸਮਾਜ ਆਪਣਾ ਸ਼ਿਕਾਰ ਬਣਾ ਲੈਂਦਾ ਹੈ। ਇੱਕ ਹੋਰ ਦਲਿਤ ਔਰਤ ਦਾ ਦਰਦ ਕਿਸੇ ਵੀ ਸੁੱਤੀ ਜ਼ਮੀਰ ਨੂੰ ਟੁੰਬ ਸਕਦਾ ਹੈ, ਜਦੋਂ ਉਹ ਕਹਿਣ ਲਈ ਮਜਬੂਰ ਹੁੰਦੀ ਹੈ ਕਿ ਅਸੀਂ ਤਾਂ ਉਚੀਆਂ ਜਾਤਾਂ ਦੇ ਘਰਾਂ ਵਿਚ ਦਾਖਲ ਵੀ ਨਹੀਂ ਹੋ ਸਕਦੇ। ਸਾਨੂੰ ਅਛੂਤ ਸਮਝਿਆ ਜਾਂਦਾ ਹੈ। ਜਦੋਂ ਕਦੇ ਸਾਨੂੰ ਪਾਣੀ ਦੀ ਪਿਆਸ ਲੱਗਦੀ ਹੈ ਤਾਂ ਅਸੀਂ ਬੁੱਕ ਅੱਗੇ ਕਰਦੇ ਹਾਂ ਅਤੇ ਉਹ ਉਤੋਂ ਪਾਣੀ ਸੁੱਟਦੇ ਹਨ। ਇੱਕ ਹੋਰ ਦਲਿਤ ਔਰਤ ਆਪਣਾ ਦੁੱਖ ਇਹ ਕਹਿ ਕੇ ਸਾਂਝਾ ਕੀਤਾ ਕਿ ਉਚੀਆਂ ਜਾਤਾਂ ਵਾਲੇ ਸਾਨੂੰ ਗੰਦੇ ਸ਼ਬਦ ਬੋਲ ਕੇ ਜ਼ਲੀਲ ਕਰਦੇ ਹਨ। ਅਸੀਂ ਉਨ੍ਹਾਂ ਦੇ ਹੇਠਾਂ ਰਹਿ ਕੇ ਕੰਮ ਨਹੀਂ ਕਰਨਾ ਚਾਹੁੰਦੇ ਪਰ ਕੀ ਕਰੀਏ ਅਸੀਂ ਗਰੀਬ ਅਤੇ ਨਿਆਸਰੇ ਹਾਂ। ਸਾਡੇ ਕੋਲ ਹੋਰ ਰਸਤਾ ਵੀ ਕਿਹੜਾ ਹੈ ਜੀਊਣ ਦਾ? ਉਹ ਬਲਾਤਕਾਰ ਕਰਦੇ ਹਨ ਪਰ ਉਨ੍ਹਾਂ ਕੋਲ ਪੈਸਾ ਹੁੰਦਾ ਹੈ, ਸਿਫਾਰਸ਼ਾਂ ਹੁੰਦੀਆਂ ਹਨ, ਤਾਕਤ ਹੁੰਦੀ ਹੈ ਤੇ ਉਹ ਬਚ ਨਿਕਲਦੇ ਹਨ।

ਅੱਜ ਵੀ ਦਲਿਤਾਂ ਉਤੇ ਹੋਣ ਵਾਲੇ ਜ਼ੁਲਮਾਂ ਦੀਆਂ ਕਈ ਕਿਸਮਾਂ ਹਨ। ਜੇ ਉਹ ਕੋਈ ਛੋਟੀ ਮੋਟੀ ਗਲਤੀ ਵੀ ਕਰ ਲੈਂਦੇ ਹਨ ਤਾਂ ਉਨ੍ਹਾਂ ਦੇ ਗਲ ਵਿਚ ਜੁੱਤੀਆਂ ਦਾ ਹਾਰ ਪਾਇਆ ਜਾਂਦਾ ਹੈ। ਕਿਤੇ ਖੂਹਾਂ ਅਤੇ ਨਲਕਿਆਂ ਤੋਂ ਉਹ ਪਾਣੀ ਵੀ ਨਹੀਂ ਭਰ ਸਕਦੇ, ਉਨ੍ਹਾਂ ਦੀ ਜਾਤ ਦਾ ਨਾਂ ਲੈ ਕੇ ਉਨ੍ਹਾਂ ਨੂੰ ਗੰਦੀਆਂ ਗਾਲਾਂ ਕੱਢੀਆਂ ਜਾਂਦੀਆਂ ਹਨ, ਔਰਤਾਂ ਨੂੰ ਚੁੜੇਲ ਸਮਝਿਆ ਜਾਂਦਾ ਹੈ। ਉਨ੍ਹਾਂ ਦੀਆਂ ਮੁਟਿਆਰਾਂ ਨਾਲ ਛੇੜਖਾਨੀ ਤਾਂ ਆਮ ਜਿਹੀ ਗੱਲ ਹੈ। ਕਿਤੇ ਉਨ੍ਹਾਂ ਦਾ ਸਮਾਜਕ ਬਾਈਕਾਟ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਡਰਾ ਧਮਕਾ ਕੇ ਚੋਣ ਮੁਕਾਬਲਿਆਂ ਵਿਚ ਨਾਮਜ਼ਦਗੀ ਦੇ ਕਾਗਜ਼ ਭਰਨ ਦੀ ਖੁੱਲ੍ਹ ਨਹੀਂ ਮਿਲਦੀ, ਕਦੇ ਉਨ੍ਹਾਂ ਨੂੰ ਬੇਇੱਜਤ ਕਰਨ ਲਈ ਸ਼ੱਰੇ-ਬਾਜ਼ਾਰ ਨੰਗਾ ਕੀਤਾ ਜਾਂਦਾ ਹੈ। ਕਦੇ ਉਨ੍ਹਾਂ ਨੂੰ ਹੁਕਮ ਜਾਰੀ ਹੁੰਦਾ ਹੈ ਕਿ ਪਿੰਡ ਛੱਡ ਕੇ ਕਿਤੇ ਹੋਰ ਚਲੇ ਜਾਣ। 2016 ਦੀ ਇੱਕ ਰਿਪੋਰਟ ਦੱਸਦੀ ਹੈ ਕਿ ਉਸ ਸਾਲ ਵਿਚ 50 ਹਜ਼ਾਰ ਔਰਤਾਂ ਤਸ਼ੱਦਦ ਦਾ ਸ਼ਿਕਾਰ ਹੋਈਆਂ। ਮਾਡਲ ਸਟੇਟ ਜਾਂ ਨਮੂਨੇ ਦਾ ਰਾਜ ਆਖੇ ਜਾਂਦੇ ਸੂਬੇ ਗੁਜਰਾਤ ਵਿਚ ਹਾਲਤ ਇਹ ਹੈ ਕਿ ਸਰਕਾਰੀ ਅੰਕੜਿਆਂ ਮੁਤਾਬਕ ਦਲਿਤਾਂ ਉਤੇ ਅੱਤਿਆਚਾਰ 500 ਫੀਸਦੀ ਵਧੇ ਹਨ। ਹਾਲਾਂਕਿ ਉਥੇ ਮੁੱਖ ਮੰਤਰੀ ਇੱਕ ਔਰਤ ਸੀ। ਕਈ ਵਾਰ ਅਦਾਲਤਾਂ ਵਿਚ ਵੀ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ। ਸਾਲ 2002 ਦੀ ਗੱਲ ਹੈ, ਜਦੋਂ ਝੱਜਰ ਵਿਚ 5 ਦਲਿਤਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਪਰ ਅਦਾਲਤ ਨੇ ਐਸ. ਸੀ./ਐਸ. ਟੀ. ਐਕਟ ਅਧੀਨ ਦੋਸ਼ੀਆਂ ਉਤੇ ਕੇਸ ਦਰਜ ਹੀ ਨਾ ਕੀਤਾ ਕਿਉਂਕਿ ਅਦਾਲਤ ਦਾ ਤਰਕ ਸੀ ਕਿ ਦੋਸ਼ੀਆਂ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਜਿਹੜੇ ਮਰੇ, ਉਹ ਦਲਿਤ ਸਨ। ਜਦੋਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਐਸ. ਸੀ./ਐਸ. ਟੀ. ਐਕਟ ਦੀ ਦੁਰਵਰਤੋਂ ਕਰਕੇ ਕਈ ਵਾਰ ਨਿਰਦੋਸ਼ ਬੰਦਿਆਂ ਨੂੰ ਫਸਾਇਆ ਜਾਂਦਾ ਹੈ ਤਾਂ ਫਿਰ ਗੋਆ ਇੰਸਟੀਚਿਊਟ ਦੇ ਉਘੇ ਵਿਦਵਾਨ ਅਨੰਦ ਟੈਲਮਦੀ ਦਾ ਕਹਿਣਾ ਹੈ ਕਿ ਕਾਨੂੰਨਾਂ ਦੀ ਦੁਰਵਰਤੋਂ ਤਾਂ ਉਚ ਘਰਾਣਿਆਂ ਦੇ ਖਾਂਦੇ ਪੀਂਦੇ ਲੋਕ ਕਰਦੇ ਹਨ। ਕਿਸੇ ਗਰੀਬ ਮਜ਼ਦੂਰ ਦੀ ਹਿੰਮਤ ਅਤੇ ਹੌਸਲਾ ਹੀ ਨਹੀਂ ਹੁੰਦਾ ਕਿ ਉਹ ਕਿਸੇ ਉਚੀ ਜਾਤੀ ਵਿਰੁਧ ਸ਼ਿਕਾਇਤ ਲੈ ਕੇ ਪੁਲਿਸ ਕੋਲ ਚਲਾ ਜਾਵੇ। ਉਨ੍ਹਾਂ ਦੱਸਿਆ ਕਿ 75 ਫੀਸਦੀ ਤਾਂ ਪੁਲਿਸ ਕੋਲ ਜਾਣ ਤੋਂ ਹੀ ਡਰਦੇ ਹਨ ਕਿ ਉਨ੍ਹਾਂ ਦੀ ਕੋਈ ਵੀ ਦਲੀਲ ਜਾਂ ਸ਼ਿਕਾਇਤ ਕਾਗਜ਼ਾਂ ਵਿਚ ਰੁਲ ਕੇ ਰਹਿ ਜਾਵੇਗੀ।




ਦਲਿਤ ਭਾਈਚਾਰੇ ਨੂੰ ਖੁਸ਼ ਕਰਨ ਲਈ ਜਾਂ ਚੁੱਪ ਕਰਾਉਣ ਲਈ ਡਾ. ਅੰਬੇਦਕਰ ਦੇ ਬੁੱਤ ਲਾਏ ਜਾਂਦੇ ਹਨ। ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਹੋ ਰਹੀਆਂ ਹਨ ਪਰ ਸਭ ਜਾਣਦੇ ਹਨ ਕਿ ਸਮਾਂ ਬੀਤਣ ਨਾਲ ਬੁੱਤ ਜ਼ਿੰਦਗੀ ਵਿਚ ਖੜੋਤ ਦਾ ਪ੍ਰਤੀਕ ਬਣ ਕੇ ਰਹਿ ਜਾਂਦੇ ਹਨ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਜੇ ਇੱਕ 'ਅੰਬੇਦਕਰ' ਬੁੱਤ ਵਿਚ ਹੈ ਤਾਂ ਫਿਰ ਇੱਕ ਹੋਰ ਜਿਉਂਦਾ ਜਾਗਦਾ 'ਅੰਬੇਦਕਰ' ਹੁਣ ਸੜਕਾਂ ਉਤੇ ਕਿਉਂ ਆ ਗਿਆ? ਇਹ ਚੇਤੇ ਰੱਖਣ ਵਾਲੀ ਵੀ ਗੱਲ ਹੈ ਕਿ ਇੱਕ 'ਅੰਬੇਦਕਰ' ਹੁਣ ਮੱਧ ਵਰਗ ਦੇ ਰੂਪ ਵਿਚ ਵੀ ਸਾਡੇ ਸਾਹਮਣੇ ਆ ਗਿਆ ਹੈ, ਜੋ ਸੁਚੇਤ ਹੈ, ਜਗਦਾ-ਮਘਦਾ ਹੈ, ਜਗਾਉਂਦਾ ਵੀ ਹੈ, ਜੁਝਾਰੂ ਵੀ ਹੈ ਤੇ ਬੇਰੁਜ਼ਗਾਰ ਵੀ ਹੈ। ਉਹ ਹੁਣ ਪ੍ਰਾਈਵੇਟ ਸੰਸਥਾਵਾਂ ਵਿਚ ਰਿਜ਼ਰਵੇਸ਼ਨ ਦੀ ਮੰਗ ਕਰ ਰਿਹਾ ਹੈ। ਇੱਕ ਹੋਰ 'ਅੰਬੇਦਕਰ' ਸਿਆਸੀ ਤੌਰ 'ਤੇ ਚੇਤੰਨ ਹੈ, ਆਪਣੇ ਹੱਕਾਂ ਬਾਰੇ ਜਾਣਦਾ ਹੈ, ਉਸ ਨੂੰ ਆਪਣੇ ਪੁਰਖਿਆਂ ਉਤੇ ਹੋਏ ਜ਼ੁਲਮਾਂ ਵਿਰੁਧ ਗੁੱਸਾ ਹੈ। ਦੱਬੇ-ਕੁਚਲਿਆਂ ਦਾ ਇੱਕ ਹੋਰ ਪ੍ਰਸਿੱਧ ਲੇਖਕ ਵਿਲੀਅਮ ਫਾਕਨਰ ਕਹਿੰਦਾ ਹੈ ਕਿ 'ਅਤੀਤ ਕਦੇ ਵੀ ਮਰਦਾ ਨਹੀਂ, ਉਹ ਅਗਲੀਆਂ ਪੀੜ੍ਹੀਆਂ ਦੇ ਖੂਨ ਵਿਚੋਂ ਬੋਲਦਾ ਹੈ ਅਤੇ ਜਦੋਂ ਇਨ੍ਹਾਂ ਪੀੜ੍ਹੀਆਂ ਦੇ ਲੋਕ ਹਿੰਸਾ ਦੇ ਰਾਹ ਤੁਰ ਵੀ ਪੈਂਦੇ ਹਨ ਤਾਂ ਇਸ ਪਿੱਛੇ ਸਦੀਆਂ ਦੀ ਪੀੜ, ਨਮੋਸ਼ੀ, ਜ਼ਲਾਲਤ, ਬੇਬਸੀ ਅਤੇ ਤਨ-ਮਨ ਵਿਚ ਇਕੱਠੇ ਹੋਏ ਜ਼ੁਲਮਾਂ ਦੇ ਤੂਫਾਨਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। 'ਧਰਤੀ ਦੇ ਦੁਖੀਏ' ਕਿਤਾਬ ਦਾ ਮਹਾਨ ਲੇਖਕ ਫ੍ਰਾਂਸਿਸ ਮੈਨਨ ਇਸੇ ਦਰਦ ਦੀ ਵਿਆਖਿਆ ਕਰਦਿਆਂ ਯਾਦ ਕਰਾਉਂਦਾ ਹੈ ਕਿ 'ਹਿੰਸਾ ਵਿਚ ਮਨੁੱਖ ਆਪਣੇ ਆਪ ਦੀ ਮੁੜ-ਮੁੜ ਸਿਰਜਣਾ ਕਰਦਾ ਹੈ, ਮੁੜ-ਮੁੜ ਜਿਉਂਦਾ ਹੈ।' ਹਿੰਸਾ ਬਿਨਾ ਸ਼ੱਕ ਮਾੜੀ ਹੈ ਅਤੇ ਗਲਤ ਵੀ ਹੈ, ਪਰ ਇਤਿਹਾਸ ਨੂੰ ਸੁੱਚੇ ਜਜ਼ਬਿਆਂ ਦੀ ਅੱਖ ਨਾਲ ਵੇਖਣ ਵਾਲੇ ਵਿਦਵਾਨਾਂ ਨੂੰ ਦਲਿਤਾਂ ਦੀ ਪੀੜ ਨੂੰ ਹਿੰਸਾ ਅਤੇ ਅਹਿੰਸਾ ਵਰਗੇ ਸੰਕਲਪਾਂ ਤੋਂ ਉਪਰ ਉਠ ਕੇ ਹੀ ਹਿੰਸਾ ਦੀ ਵਿਆਖਿਆ ਕਰਨੀ ਚਾਹੀਦੀ ਹੈ। ਭਾਰਤੀ ਰਾਜਨੀਤੀ ਦੀ ਡੂੰਘੀ ਜਾਣਕਾਰ ਅਤੇ ਜਵਾਹਰ ਲਾਲ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੇ ਅਹੁਦੇ 'ਤੇ ਕੰਮ ਕਰ ਚੁੱਕੀ ਸੁਧਾ ਪਾਈ ਦੀ ਆਕਸਫੋਰਡ ਯੂਨੀਵਰਸਿਟੀ ਵੱਲੋਂ ਛਪੀ ਕਿਤਾਬ 'ਦਲਿਤ ਅਸਰਸ਼ਨ' ਚਰਚਾ ਦਾ ਵਿਸ਼ਾ ਬਣੀ ਹੋਈ ਹੈ, ਜਿਸ ਵਿਚ ਦਲਿਤ ਰਾਜਨੀਤੀ ਦਾ ਡੂੰਘਾ ਅਤੇ ਗਹਿਰ ਗੰਭੀਰ ਵਿਸ਼ਲੇਸ਼ਣ ਕੀਤਾ ਗਿਆ ਹੈ। ਲੇਖਿਕਾ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਹੁਣ ਦਲਿਤਾਂ ਨੇ ਆਪਣੀ ਵੱਖਰੀ ਪਛਾਣ ਵੀ ਸਥਾਪਿਤ ਕਰ ਲਈ ਹੈ ਅਤੇ ਇਸ ਪਛਾਣ 'ਤੇ ਉਹ ਮਾਣ ਵੀ ਕਰਦੇ ਹਨ ਤੇ ਦਬਕਾ ਵੀ ਮਾਰਦੇ ਹਨ। ਉਹ ਦਲਿਤਾਂ ਦੀ ਉਨਤੀ, ਉਨ੍ਹਾਂ ਦੀ ਸੀਮਾ ਤੇ ਕਮਜ਼ੋਰੀ ਦਾ ਜ਼ਿਕਰ ਵੀ ਕਰਦੀ ਹੈ ਅਤੇ ਦਲਿਤਾਂ ਦੇ ਭਵਿੱਖ ਉਤੇ ਟਿੱਪਣੀ ਕਰਦਿਆਂ ਉਹ ਇਹ ਦਾਅਵਾ ਵੀ ਕਰਦੀ ਹੈ ਕਿ ਉਨ੍ਹਾਂ ਨੇ ਇੱਕ 'ਬਦਲਵੀਂ ਵਿਚਾਰਧਾਰਾ' ਨੂੰ ਸਥਾਪਿਤ ਕਰ ਲਿਆ ਹੈ ਅਤੇ ਉਹ ਬਰਾਬਰੀ ਦੇ ਅਧਿਕਾਰ ਮੰਗਦੇ ਹਨ, ਜਿਸ ਬਾਰੇ ਸੰਵਿਧਾਨ ਵਿਚ ਗਾਰੰਟੀ ਵੀ ਦਿੱਤੀ ਗਈ ਹੈ।

# ਫਿਲਮ 'ਨਾਨਕ ਸ਼ਾਹ ਫਕੀਰ' ਦੇਖਣ ਤੋਂ ਬਾਅਦ...

**ਭਖਦਾ ਮੁੱਦਾ**

*2015 ਵਿਚ ਫਿਲਮ 'ਨਾਨਕ ਸ਼ਾਹ ਫਕੀਰ' ਮੈਨਹਟਨ (ਨਿਊ ਯਾਰਕ) ਵਿਚ ਪ੍ਰੈਸ ਨੂੰ ਦਿਖਾਈ ਗਈ ਸੀ। 'ਪੰਜਾਬ ਟਾਈਮਜ਼' ਵਲੋਂ ਸੁਰਿੰਦਰ ਸੋਹਲ ਨੇ ਇਹ ਫਿਲਮ ਦੇਖ ਕੇ ਇਸ ਦੀ ਸਮੀਖਿਆ ਕੀਤੀ ਸੀ ਜੋ 18 ਅਪਰੈਲ 2015 (ਅੰਕ 16) ਵਿਚ ਪ੍ਰਕਾਸ਼ਿਤ ਕੀਤੀ ਗਈ। ਪਾਠਕਾਂ ਵਲੋਂ ਇਸ ਸਮੀਖਿਆ ਨੂੰ ਭਰਪੂਰ ਹੁੰਗਾਰਾ ਮਿਲਿਆ ਸੀ। ਮੌਕੇ ਦੀ ਨਜ਼ਾਕਤ ਦੇਖਦਿਆਂ ਫਿਲਮ ਨਿਰਮਾਤਾ ਨੇ ਵੀ ਫਿਲਮ ਵਾਪਸ ਲੈ ਲਈ ਸੀ। ਇਨ੍ਹੀਂ ਦਿਨੀ ਫਿਲਮ ਦੀ ਰਿਲੀਜ਼ ਨੂੰ ਲੈ ਕੇ ਫਿਰ ਚਰਚਾ ਛਿੜੀ ਹੋਈ ਹੈ। ਤਿੰਨ ਵਰ੍ਹੇ ਪਹਿਲਾਂ ਲਿਖੀ ਸੁਰਿੰਦਰ ਸੋਹਲ ਦੀ ਸਮੀਖਿਆ ਇਸ ਚਰਚਾ ਵਿਚ ਇਕ ਵਾਰ ਫਿਰ ਪ੍ਰਸੰਗਿਕ ਹੋ ਗਈ ਹੈ। ਪਾਠਕਾਂ ਦੀ ਦਿਲਚਸਪੀ ਵਾਸਤੇ ਇਹ ਮੁੜ ਛਾਪ ਰਹੇ ਹਾਂ। -ਸੰਪਾਦਕ*

ਸ੍ਰੀ ਗੁਰੂ ਨਾਨਕ ਦੇਵ ਨਾਲ ਸਬੰਧਤ ਜਨਮ-ਸਾਖੀਆਂ ਵਿਚੋਂ ਕੁਝ ਸਾਖੀਆਂ ਚੁਣ ਕੇ ਬਣਾਈ ਗਈ ਫਿਲਮ 'ਨਾਨਕ ਸ਼ਾਹ ਫਕੀਰ' ਨਾਂਹ-ਪੱਖੀ ਅਤੇ ਹਾਂ-ਪੱਖੀ ਵਿਚਾਰਾਂ ਦੇ ਭੰਵਰਾਂ ਅਤੇ ਵਰੋਲਿਆਂ ਦੀ ਲਪੇਟ ਵਿਚ ਹੈ। ਵਿਰੋਧ ਦੇ ਭੰਵਰ ਜ਼ਿਆਦਾ ਤੇਜ਼ ਹਨ। ਹੈ ਵੀ ਸੁਭਾਵਿਕ, ਵਿਸ਼ਾ ਹੀ ਏਨਾ ਸੰਵੇਦਨਸ਼ੀਲ ਹੈ। ਜੇ ਗੁਲਾਬ ਦੀ ਪੱਤੀ ਵਰਗਾ ਨਾਜ਼ੁਕ ਲਫਜ਼ ਵੀ ਸਹੀ ਸੰਦਰਭ 'ਚ ਨਾ ਵਰਤਿਆ ਜਾਵੇ ਤਾਂ ਸਤਿਕਾਰ, ਸ਼ਰਧਾ, ਵਿਸ਼ਵਾਸ 'ਤੇ ਜ਼ਰਬ ਆਉਣ ਦਾ ਖਤਰਾ ਬਰਾਬਰ ਬਣਿਆ ਰਹਿੰਦਾ ਹੈ।

ਸੁਰਿੰਦਰ ਸੋਹਲ

ਫਿਲਮ ਦੀ ਸਮੁੱਚੀ ਕਹਾਣੀ ਨੂੰ ਭਾਈ ਮਰਦਾਨਾ ਦੀ ਦ੍ਰਿਸ਼ਟੀ ਤੋਂ ਦਿਖਾਇਆ ਗਿਆ ਹੈ। ਭਾਈ ਮਰਦਾਨਾ ਸਿੱਖ ਇਤਿਹਾਸ ਵਿਚ ਅਜਿਹੀ ਸਨਮਾਨਯੋਗ ਸ਼ਖਸੀਅਤ ਹਨ, ਜਿਨ੍ਹਾਂ ਨੇ ਸਭ ਤੋਂ ਵੱਧ ਸਮਾਂ ਸ੍ਰੀ ਗੁਰੂ ਨਾਨਕ ਦੇਵ ਨਾਲ ਬਿਤਾਇਆ। ਉਨ੍ਹਾਂ ਨੇ ਗੁਰੂ ਸਾਹਿਬ ਦੀ ਬਾਣੀ ਨੂੰ ਆਪਣੀ ਰਬਾਬ ਦੀਆਂ ਸੁਰਾਂ ਦੇ ਰਸ ਵਿਚ ਡੁਬੋ ਕੇ ਮਾਨਵਤਾ ਦੇ ਕੰਨਾਂ 'ਚ ਇਲਾਹੀ ਨਾਦ ਘੋਲਿਆ।

ਪ੍ਰਤੀਕਾਤਮਕ ਰੂਪ ਵਿਚ ਸਮੁੱਚੀ ਫਿਲਮ ਦਾ ਸਾਰੰਸ਼ ਦੇਣਾ ਹੋਵੇ ਤਾਂ ਇਲਾਹੀ ਬਾਣੀ ਦਾ ਦਰਜਾ ਰੱਖਦੀ ਗੁਰੂ ਸਾਹਿਬ ਦੀ ਬਾਣੀ ਨਾਲ ਪੱਥਰਾਂ ਵਰਗੇ ਹਿਰਦਿਆਂ ਵਿਚ ਪਰਮਾਤਮਾ ਦੇ ਨਾਮ ਦਾ ਪੰਜਾ ਲੱਗਦਾ ਹੈ, ਰੂਹ ਨੂੰ ਲੱਗੇ ਵਿਕਾਰਾਂ ਦੇ ਕੋਹੜ ਦਾ ਨਾਸ ਹੁੰਦਾ ਹੈ, ਸਿੱਧਾਂ ਅੰਦਰ ਘਰ ਕਰ ਗਏ ਹੰਕਾਰ ਦੇ ਪਸ਼ੂਆਂ ਦਾ ਸੰਘਾਰ ਹੁੰਦਾ ਹੈ। ਫੋਕੇ ਕਰਮ-ਕਾਂਡ ਦਾ ਭਾਂਡਾ ਭੱਜਦਾ ਹੈ ਅਤੇ ਸਾਰੀ ਕਾਇਨਾਤ ਹੀ 'ੴ' ਦੇ ਨਾਦ ਵਿਚ ਵਿਸਮਾਦ ਅਵਸਥਾ ਵਿਚ ਵਿਚਰ ਰਹੀ ਪ੍ਰਤੀਤ ਹੁੰਦੀ ਹੈ।


ਪਰ ਫਿਰ ਵੀ ਫਿਲਮ ਦੇਖਦੇ ਸਮੇਂ ਫਿਲਮ ਦੇ ਨਿਰਮਾਣ ਨੂੰ ਲੈ ਕੇ ਇਤਰਾਜ਼ ਦਾ ਕੰਡਾ ਦਿਲ ਵਿਚ ਚੁੱਭਦਾ ਰਹਿੰਦਾ ਹੈ। ਇਸ ਦਾ ਕਾਰਨ ਹਰਿੰਦਰ ਸਿੰਘ ਮਹਿਬੂਬ ਦੇ ਸ਼ਬਦਾਂ ਦੀ ਲੋਅ ਵਿਚ ਸਪੱਸ਼ਟ ਨਜ਼ਰ ਆ ਜਾਂਦਾ ਹੈ, 'ਰੰਗ ਮੰਚ ਉਤੇ ਖੇਡਣ ਦੇ ਨੁਕਤੇ ਤੋਂ ਲਿਖੇ ਗਏ ਨਾਟਕਾਂ ਅਤੇ ਫਿਲਮਾਂ ਵਿਚ ਗੁਰੂ ਜੀਵਨ, ਗੁਰਬਾਣੀ ਅਤੇ ਅਭਿਨੈ ਦਾ ਸੰਜੋਗ ਅਤੇ ਗੁਰਮੁਖਾਂ ਦੇ ਰੂਪ ਪੇਸ਼ ਕਰਨੇ ਰੂਹਾਨੀ ਖੁਦਕੁਸ਼ੀ ਸਾਬਿਤ ਹੋਣਗੇ।'

ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਫਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨਾਲ ਭੇਟ ਵਾਰਤਾ ਵਿਚੋਂ ਕੁਝ ਅਹਿਮ ਗੱਲਾਂ ਸਾਹਮਣੇ ਆਈਆਂ। ਸ. ਸਿੱਕਾ ਮੁਤਾਬਕ ਏਡਾ ਵੱਡਾ ਕਾਰਜ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ, ਨਾ ਹੀ ਉਨ੍ਹਾਂ ਨੇ ਕਦੇ ਇਸ ਤਰ੍ਹਾਂ ਦੇ ਪ੍ਰਾਜੈਕਟ ਬਾਰੇ ਸੋਚਿਆ ਸੀ। ਇਕ ਦਿਨ ਸੁਪਨ-ਅਵੱਸਥਾ ਵਿਚ ਉਨ੍ਹਾਂ ਨੂੰ ਇਲਾਹੀ ਨੂਰ ਦੀ ਝਲਕੀ ਦਿਖਾਈ ਦਿੱਤੀ। ਉਸ ਛਬੀ ਦੇ ਨਕਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਦੇ-ਜੁਲਦੇ ਸਨ। ਬਸ ਓਹੀ ਇਲਾਹੀ ਨੂਰ ਦੀ ਝਲਕ ਫਿਲਮ ਦੀ ਪ੍ਰੇਰਨਾ ਬਣੀ।

ਕਿਸੇ ਨੇ ਸਵਾਲ ਕੀਤਾ, "ਸਿੱਕਾ ਜੀ, ਕੀ ਤੁਹਾਡੀ ਫਿਲਮ ਦੇ ਪਿੱਛੇ ਫਿਲਮ 'ਚਾਰ ਸਾਹਿਬਜ਼ਾਦੇ' ਦੀ ਸਫਲਤਾ ਦੀ ਚਮਕ ਤਾਂ ਨਹੀਂ?" ਸ. ਸਿੱਕਾ ਕਹਿਣ ਲੱਗੇ, "ਉਹ ਫਿਲਮ ਕਮਰਸ਼ੀਅਲ ਐਂਗਲ ਤੋਂ ਬਣਾਈ ਗਈ ਸੀ, ਇਹ ਫਿਲਮ ਨਿਸ਼ਕਾਮ ਸੇਵਾ ਦੀ ਭਾਵਨਾ ਨਾਲ ਬਣਾਈ ਗਈ ਹੈ। ਇਸ ਫਿਲਮ ਦੀ ਕਮਾਈ ਬਿਨਾ ਕਿਸੇ ਜਾਤੀ ਭੇਦ ਦੇ ਲੋੜਵੰਦਾਂ ਨੂੰ ਵੰਡ ਦਿੱਤੀ ਜਾਵੇਗੀ।"

ਫਿਲਮ 'ਨਾਨਕ ਸ਼ਾਹ ਫਕੀਰ' ਭਾਈ ਮਰਦਾਨਾ ਦੀ ਦ੍ਰਿਸ਼ਟੀ ਤੋਂ ਬਣਾਈ ਗਈ ਹੈ। ਕੈਮਰੇ ਦੀ ਅੱਖ ਨੂੰ ਭਾਈ ਮਰਦਾਨਾ ਦੀ ਅੱਖ ਵਜੋਂ ਵਰਤਣ ਦਾ ਯਤਨ ਕੀਤਾ ਗਿਆ ਹੈ। ਭਾਈ ਮਰਦਾਨਾ ਦਾ ਰੋਲ ਕਰਨ ਵਾਲਾ ਐਕਟਰ ਆਰਿਫ ਜ਼ਕਰੀਆ ਇਸ ਸਕਰੀਨਿੰਗ ਮੌਕੇ ਮੌਜੂਦ ਸੀ। ਉਸ ਦਾ ਕਹਿਣਾ ਸੀ, "ਮੈਂ ਇਸ ਯਾਤਰਾ ਵਿਚ ਸੱਚਮੁੱਚ ਕੋਈ ਵਿਲੱਖਣ ਯਾਤਰਾ ਕੀਤੀ ਮਹਿਸੂਸ ਕਰਦਾ ਹਾਂ।"

ਸੋਚਣ ਵਾਲੀ ਗੱਲ ਇਹ ਹੈ ਕਿ ਭਾਈ ਮਰਦਾਨਾ ਨੇ ਜ਼ਿੰਦਗੀ ਦਾ ਵੱਡਾ ਹਿੱਸਾ ਸ੍ਰੀ ਗੁਰੂ ਨਾਨਕ ਦੇਵ ਨਾਲ ਕੁਦਰਤ ਅਤੇ ਪੈਗੰਬਰੀ ਜਲਵਿਆਂ ਨੂੰ ਮਾਣਦਿਆਂ ਬਿਤਾਇਆ। ਇਕ ਪੈਗੰਬਰ ਨਾਲ ਰਹਿ ਕੇ ਆਤਮਕ ਤੌਰ 'ਤੇ ਭਾਈ ਮਰਦਾਨਾ ਕਿੰਨੀ ਉਚ-ਅਵਸਥਾ ਦੇ ਧਾਰਨੀ ਹੋ ਗਏ ਹੋਣਗੇ, ਉਸ ਦੀ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਸ ਸ਼ਖਸੀਅਤ ਦੀ ਬਾਹਰੀ ਦਿਖ ਅਤੇ ਅੰਦਰੂਨੀ ਬੁਲੰਦੀ ਨੂੰ ਐਕਟਰ (ਭਾਵੇਂ ਉਹ ਕਿੰਨੀ ਵੀ ਪ੍ਰਤਿਭਾ ਦਾ ਮਾਲਕ ਕਿਉਂ ਨਾ ਹੋਵੇ) ਕਿੰਨੀ ਕੁ ਸਫਲਤਾ ਨਾਲ ਨਿਭਾ ਸਕਦਾ ਹੈ! ਪਹਿਲੀ ਗੱਲ ਤਾਂ ਇਹ ਕਿ ਕਿਸੇ ਵੀ ਐਕਟਰ ਨੂੰ ਭਾਈ ਮਰਦਾਨਾ ਦੇ ਕਦ, ਬੁਲੰਦੀ ਅਤੇ ਮਾਨਸਿਕ ਅਵਸਥਾ ਦੀ ਉਚਾਈ ਦੇ ਸਾਹਮਣੇ ਆਪਣੀ ਹੋਂਦ ਦਾ ਅਹਿਸਾਸ ਕਰਦਿਆਂ ਕਿਰਦਾਰ ਨਿਭਾਉਣ ਦੀ ਹਾਮੀ ਭਰਨੀ ਹੀ ਨਹੀਂ ਸੀ ਚਾਹੀਦੀ।




ਫਿਲਮ ਵਿਚ ਭਾਈ ਮਰਦਾਨੇ ਦਾ ਰੋਲ ਕਰਨ ਵਾਲੇ ਆਰਿਫ ਜ਼ਕਰੀਆ



ਫਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ।

ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਸ. ਸਿੱਕਾ ਦਾ ਕਹਿਣਾ ਸੀ, "ਗੁਰੂ ਸਾਹਿਬ ਨੂੰ ਅਸੀਂ ਕੰਪਿਊਟਰ ਗ੍ਰਾਫਿਕਸ ਰਾਹੀਂ ਸਿਰਫ ਰੌਸ਼ਨੀ ਦੇ ਰੂਪ ਵਿਚ ਪਿਛਾੜੀ ਤੋਂ ਹੀ ਵਿਖਾਇਆ ਹੈ।"

ਪਰ ਉਨ੍ਹਾਂ ਦੀ ਇਹ ਗੱਲ ਸਿਰਫ ਪੈਰ ਟਿਕਾਉਣਾ ਹੀ ਸਾਬਿਤ ਹੋਈ, ਬੈਠਣ ਦਾ ਹੀਲਾ ਉਨ੍ਹਾਂ ਨੇ ਆਪੇ ਕਰ ਲਿਆ। ਫਿਲਮ ਵਿਚ ਦਿਖਾਏ ਗਏ ਗੁਰੂ ਸਾਹਿਬ ਦਾ ਰੂਪ ਗ੍ਰਾਫਿਕਸ ਘੱਟ, ਵਿਅਕਤੀ ਦੁਆਰਾ ਕੀਤਾ ਗਿਆ ਵੱਧ ਲੱਗਿਆ, ਜਿਸ ਨੂੰ ਕੰਪਿਊਟਰੀ ਜੁਗਤਾਂ ਰਾਹੀਂ ਫੇਡ ਕੀਤਾ ਗਿਆ ਹੋਵੇ। ਫਿਰ ਸੰਵਾਦ ਬੋਲਦੇ ਵੀ ਦਿਖਾਇਆ ਗਿਆ।

ਕੁਦਰਤ ਵਲੋਂ ਭਰਪੂਰ ਗੁਣਾਂ ਨਾਲ ਵਰੋਸਾਏ ਗੁਰੂ ਸਾਹਿਬ ਦੀ ਛਵੀ ਅਤੇ ਉਨ੍ਹਾਂ ਦੇ ਰਹੱਸਮਈ ਪੈਗੰਬਰੀ ਬੋਲਾਂ ਨੂੰ ਮਨੁੱਖੀ ਯਤਨ ਅਤੇ ਮਨੁੱਖ ਦਾ ਬਣਾਇਆ ਕੈਮਰਾ ਕਿੰਨਾ ਕੁ ਪਕੜ ਸਕਦਾ ਹੈ! ਪੈਗੰਬਰੀ ਰੂਹਾਂ ਖੂਬਸੂਰਤ ਰੂਹਾਨੀ ਓਹਲੇ ਦੀਆਂ ਧਾਰਨੀ ਹੁੰਦੀਆਂ ਹਨ। ਉਨ੍ਹਾਂ ਰੂਹਾਨੀ ਓਹਲਿਆਂ ਨੂੰ ਮਨੁੱਖੀ ਮੱਤ ਨਾਲ ਤਾਰ ਤਾਰ ਕਰਨ ਦੀ ਕੋਸ਼ਿਸ਼ ਨੂੰ ਹੀ ਸ਼ਾਇਦ ਹਰਿੰਦਰ ਸਿੰਘ ਮਹਿਬੂਬ ਨੇ 'ਰੂਹਾਨੀ ਖੁਦਕੁਸ਼ੀ' ਦਾ ਨਾਂ ਦਿੱਤਾ ਹੈ।

ਮਾਤਾ ਤ੍ਰਿਪਤਾ, ਬੇਬੇ ਨਾਨਕੀ, ਬੀਬੀ ਸੁਲੱਖਣੀ ਜਿਹੀਆਂ ਮਹਾਨ ਸ਼ਖਸੀਅਤਾਂ ਨੂੰ ਪਰਦੇ 'ਤੇ ਪੇਸ਼ ਕਰਨ ਦਾ ਫਿਲਮ ਵਾਲਿਆਂ ਨੂੰ ਹੌਸਲਾ ਹੀ ਨਹੀਂ ਸੀ ਕਰਨਾ ਚਾਹੀਦਾ। ਕਲਾ ਦੀ ਦੁਨੀਆਂ ਵਿਚ ਗੱਲ ਕਹਿਣ ਦੇ ਅਨੇਕ ਤਰੀਕੇ ਹਨ।

ਦਰਸ਼ਕਾਂ ਦੇ ਵਿਚਾਰ ਸਾਧਾਰਨਤਾ ਦੀ ਪੱਧਰ ਪਾਰ ਨਹੀਂ ਕਰ ਸਕੇ। ਕੁਝ ਇਕ ਨੇ ਤਾਂ ਫਿਲਮ ਦੀ ਤਕਨੀਕ ਬਾਰੇ ਗੱਲ ਕੀਤੀ। ਇਕ ਦਰਸ਼ਕ ਦਾ ਇਤਰਾਜ਼ ਸੀ, ਗੁਰੂ ਸਾਹਿਬ ਦੇ ਬੱਚੇ ਮੋਨੇ ਕਿਉਂ ਦਿਖਾਏ ਗਏ ਹਨ। ਮੇਰੇ ਖਿਆਲ ਵਿਚ ਉਸ ਦਾ ਇਤਰਾਜ਼ ਹੋਣਾ ਇਹ ਚਾਹੀਦਾ ਸੀ ਕਿ ਗੁਰੂ ਸਾਹਿਬ ਦੇ ਬੱਚੇ ਦਿਖਾਏ ਹੀ ਕਿਉਂ ਗਏ ਹਨ!

ਇਕ ਦਰਸ਼ਕ ਦਾ ਕਹਿਣਾ ਸੀ, ਇਸ ਫਿਲਮ ਨੂੰ ਚੰਗਾ ਕਹਿਣਾ ਵੀ ਮਾੜਾ ਹੈ ਅਤੇ ਮਾੜਾ ਕਹਿਣਾ ਵੀ ਮਾੜਾ। ਚੁੱਪ ਬਿਹਤਰ ਹੈ।

ਇਕ ਦਰਸ਼ਕ ਨੇ ਗੱਲ ਹੀ ਨਿਬੇੜ ਦਿੱਤੀ, ਦੇਖੋ ਜੀ ਸਿੱਕਾ ਸਾਹਿਬ ਨੇ ਕਿਹਾ ਕਿ ਇਹ ਫਿਲਮ ਨਾ ਉਨ੍ਹਾਂ ਨੇ ਲਿਖੀ ਹੈ, ਨਾ ਬਣਾਈ ਹੈ। ਇਹ ਲਿਖੀ ਵੀ ਗੁਰੂ ਸਾਹਿਬ ਨੇ ਹੈ, ਬਣਾਈ ਵੀ ਗੁਰੂ ਸਾਹਿਬ ਨੇ। ਹੁਣ ਚੰਗਾ ਮਾੜਾ ਵਿਚਾਰ ਦੇਣ ਵੇਲੇ ਤੁਸੀਂ ਆਪ ਸੋਚ ਲਵੋ।


ਇਕ ਦਰਸ਼ਕ ਦਾ ਕਹਿਣਾ ਸੀ ਕਿ ਸਿੱਕਾ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਨੇ ਫਿਲਮ ਬਣਾਉਣ ਤੋਂ ਪਹਿਲਾਂ ਬਹੁਤ 'ਰਿਸਰਚ' ਕਰਵਾਈ ਸੀ, ਪਰ ਫਿਲਮ ਦੇਖ ਕੇ ਸਿੱਕਾ ਜੀ ਦਾ ਇਹ ਕਥਨ ਸਹੀ ਨਹੀਂ ਜਾਪਦਾ।

**ਪੋਸਟ ਸਕ੍ਰਿਪਟ:** ਇਕ ਦਰਸ਼ਕ ਨੇ ਫਿਲਮ ਦੀ ਤਕਨੀਕ ਪੱਖੋਂ ਬੜੀ ਸਿਫਤ ਕੀਤੀ।

ਚਲੋ ਠੀਕ ਹੈ, ਅੱਜ ਦੇ ਦੌਰ ਵਿਚ ਕੰਪਿਊਟਰ, ਬਲੂ ਸਕਰੀਨ ਆਦਿ ਨਾਲ ਮਨਚਾਹੇ ਖੂਬਸੂਰਤ ਸੀਨ ਫਿਲਮਾਏ ਜਾ ਸਕਦੇ ਹਨ, ਪਰ ਨਿਰੀ ਤਕਨੀਕ ਹੀ ਸਭ ਕੁਝ ਨਹੀਂ ਹੁੰਦੀ, ਫਿਲਮ ਦਾ ਵਿਸ਼ਾ, ਵਿਸ਼ੇ ਦੀ ਸੰਵੇਦਨਸ਼ੀਲਤਾ ਵੀ ਤਾਂ ਅਹਿਮ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਸੇ ਸਿਆਣੇ ਦੇ ਬੋਲ ਯਾਦ ਆ ਰਹੇ ਹਨ, 'ਅਗਰ ਸੋਨੇ ਦੀ ਛੁਰੀ ਹੱਥ ਆ ਜਾਵੇ ਤਾਂ ਉਸ ਨਾਲ ਆਪਣਾ ਢਿੱਡ ਹੀ ਨਹੀਂ ਪਾੜ ਲੈਣਾ ਚਾਹੀਦਾ।'

# ਫਿਰਿ ਇਆ ਅਉਸਰੁ ਚਰੈ ਨ ਹਾਥਾ

## -ਪ੍ਰਸੰਗ ਦਲਿਤਾਂ ਦੇ ਹਕੂਕ-



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਹੜਤਾਲਾਂ ਤੇ ਬੰਦ ਮੁਲਕ ਦੇ 'ਸਾਰੇ' ਲੋਕਾਂ ਦਾ ਜਮਹੂਰੀ ਅਤੇ ਸੰਵਿਧਾਨਕ ਹੱਕ ਹੈ, ਜਿਸ ਤੋਂ ਕਿਸੇ ਨੂੰ ਵੀ ਵਾਂਝਿਆਂ ਨਹੀਂ ਕੀਤਾ ਜਾ ਸਕਦਾ ਸਗੋਂ ਸਭ ਨੂੰ ਇਸ ਹੱਕ ਦੀ ਸੰਜਮ ਤੇ ਸਮਝਦਾਰੀ ਨਾਲ ਸੁਯੋਗ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਸਰਕਾਰ ਦੇ ਕੰਨਾਂ 'ਤੇ ਸਮੇਂ ਸਮੇਂ ਜੂੰ ਸਰਕਦੀ ਰਹੇ; ਸਰਕਾਰ ਨੂੰ ਚੇਤੇ ਰਹੇ ਕਿ ਉਹ ਸਰਕਾਰ ਹੈ ਅਤੇ ਉਸ ਦੀਆਂ ਜ਼ਿੰਮੇਵਾਰੀਆਂ ਤੇ ਫਰਜ਼ ਹਨ, ਜੋ ਉਸ ਨੇ ਨਿਭਾਉਣੇ ਹਨ। ਸਰਕਾਰ ਦਾ ਕੰਮ ਸਮਾਜ 'ਤੇ ਬੋਝ ਪਾਉਣਾ ਨਹੀਂ ਸਗੋਂ ਹਟਾਉਣਾ ਜਾਂ ਘਟਾਉਣਾ ਹੁੰਦਾ ਹੈ। ਜੋ ਸਰਕਾਰ ਅਜਿਹਾ ਨਹੀਂ ਕਰਦੀ, ਉਹ ਲੋਕਾਂ ਦੀ ਸਰਕਾਰ ਨਹੀਂ ਹੁੰਦੀ। ਉਹ ਸਿਰਫ ਭੁਲੇਖਾ ਪਾਉਣ 'ਚ ਹੀ ਸਫਲ ਹੋ ਗਈ ਹੈ ਕਿ ਉਹ ਲੋਕਾਂ ਲਈ, ਲੋਕਾਂ ਦੁਆਰਾ ਚੁਣੀ ਗਈ ਸਰਕਾਰ ਹੈ।

ਹੜਤਾਲਾਂ ਅਤੇ ਬੰਦ ਸਰਕਾਰ ਦੇ ਭਰਮ ਤੋੜਦੇ ਹਨ ਤੇ ਸਰਕਾਰ ਨੂੰ ਸੁਪਨ ਜਾਂ ਚਾਤਰ ਅਵਸਥਾ ਵਿਚੋਂ ਜਾਗ੍ਰਿਤ ਅਤੇ ਸੁਚੇਤ ਅਵਸਥਾ ਵਿਚ ਲੈ ਆਉਂਦੇ ਹਨ। ਅੱਛੀ ਸਰਕਾਰ ਹੋਣ ਦਾ ਇਕ ਟੈਸਟ ਇਹ ਵੀ ਹੈ ਕਿ ਉਸ ਅਧੀਨ ਆਉਂਦੇ ਲੋਕ ਕਿਤਨੇ ਕੁ ਹੌਲੇ ਫੁੱਲ ਜਾਂ ਸੁਬਕਦੋਸ਼ ਮਹਿਸੂਸ ਕਰਦੇ ਹਨ। ਆਮ ਸੱਥਾਂ, ਬੈਠਕਾਂ ਜਾਂ ਗੋਸ਼ਟੀਆਂ ਵਿਚ ਲੋਕ ਕਿਤਨੇ ਕੁ ਚਾਅ ਨਾਲ ਸ਼ਿਰਕਤ ਕਰਦੇ ਹਨ ਜਾਂ ਲੋਕਾਂ ਦੇ ਚਿਹਰਿਆਂ 'ਤੇ ਕਿਤਨੀ ਕੁ ਰੌਣਕ ਤਾਰੀ ਰਹਿੰਦੀ ਹੈ; ਸਿੱਧੇ ਅਰਥਾਂ ਵਿਚ ਲੋਕ ਕਿਤਨੇ ਕੁ ਖੁਸ਼ ਰਹਿੰਦੇ ਹਨ।

ਕਾਰਪੋਰੇਟ ਸ਼ਬਦ ਦਾ ਮੂਲ ਹੈ, ਮੋਟੇ ਜਾਂ ਵਧੇ ਹੋਏ ਪੇਟ ਵਾਲਾ। ਜੋ ਲੋਕ ਕਿਸੇ ਵੀ ਤਰ੍ਹਾਂ ਦੀ ਸਾਂਝੀ ਪੂੰਜੀ ਦਾ ਵੱਡਾ ਹਿੱਸਾ ਹੜੱਪ ਜਾਂਦੇ ਹਨ, ਉਹ ਸਰਕਾਰ 'ਤੇ ਹਾਵੀ ਜਾਂ ਕਾਬਜ਼ ਲੋਕਾਂ ਦੀ, ਕਿਸੇ ਵੀ ਹੀਲੇ ਮੁੱਠੀ ਗਰਮ ਕਰ ਕੇ ਉਨ੍ਹਾਂ ਨੂੰ ਆਪਣੀ ਮੁੱਠ ਵਿਚ ਕਰ ਲੈਂਦੇ ਹਨ; ਫਿਰ ਉਹ ਲੋਕਾਂ ਨੂੰ, ਹਰਬਰਟ ਮਾਰਕੂਜ਼ੇ ਦੇ ਸ਼ਬਦਾਂ ਵਿਚ 'ਸਟੂਪਿਫਾਇ' ਅਰਥਾਤ ਮੂਰਖ ਬਣਾ ਲੈਂਦੇ ਹਨ।

ਫਿਰ ਉਹ, ਉਨ੍ਹਾਂ ਮੂਰਖਾਂ ਨੂੰ ਹਰ ਪੱਖੋਂ ਊਣੇ ਤੇ ਬੌਣੇ ਬਣਾਉਣ ਲਈ, ਇਸ ਤਰ੍ਹਾਂ ਦੇ ਨਾਅਰੇ ਦਿੰਦੇ ਹਨ: ਕਰ ਲੋ ਦੁਨੀਆਂ ਮੁੱਠੀ ਮੇਂ। ਬਸ ਫਿਰ ਦੁਨੀਆਂ ਮੁੱਠੀ ਵਿਚ ਕਰਦੇ ਕਰਦੇ, ਮੂਰਖ ਲੋਕ ਆਪਣਾ ਝੁੱਗਾ ਚੌੜ ਕਰਾਉਣ ਦੇ ਕਦੀ ਵੀ ਨਾ ਮੁੱਕਣ ਵਾਲੇ ਰਾਹ ਪੈ ਜਾਂਦੇ ਹਨ। ਅਜਿਹੇ ਲੋਕ ਆਪਣਾ ਸਾਂਝਾ ਦੁਸ਼ਮਣ, ਠੱਗ, ਚੋਰ ਜਾਂ ਡਕੈਤ ਲੱਭਣ ਅਤੇ ਉਸ ਨਾਲ ਭਿੜਨ ਤੋਂ ਨਾਵਾਕਫ ਤੇ ਅਸਮਰੱਥ ਰਹਿੰਦੇ ਹਨ। ਆਪਣੀ ਹੋਂਦ ਦੇ ਨਿੱਕੇ ਨਿੱਕੇ ਘੇਰਿਆਂ ਵਿਚ ਘਿਰੀ ਹੋਈ ਮਾਨਸਿਕਤਾ ਵਸ, ਆਪੋ ਵਿਚ ਹੀ ਪਾਟ ਜਾਂਦੇ ਹਨ ਅਤੇ ਆਪਸੀ ਨਫਰਤਾਂ ਪਾਲ ਬਹਿੰਦੇ ਹਨ।

ਭਾਰਤ ਦੇ ਸਾਰੇ ਲੋਕ ਯਕਮੁਸ਼ਤ ਨਹੀਂ ਹਨ। ਧਰਮ ਦੇ ਆਧਾਰਤ ਬੋਧੀ, ਜੈਨੀ, ਹਿੰਦੂ, ਮੁਸਲਿਮ, ਇਸਾਈ ਅਤੇ ਸਿੱਖ ਹਨ। ਸਮਾਜਕ ਆਧਾਰ 'ਤੇ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਹਨ, ਜੋ ਹੁਣ ਜਨਰਲ ਤੇ ਐਸ. ਸੀ., ਐਸ. ਟੀ. ਅਤੇ ਓ. ਬੀ. ਸੀ. ਵਿਚ ਵੰਡੇ ਗਏ ਹਨ। ਕਸਬ ਦੇ ਆਧਾਰ 'ਤੇ ਮੁਲਾਜ਼ਮ, ਮਜ਼ਦੂਰ, ਵਪਾਰੀ ਤੇ ਕਾਸ਼ਤਕਾਰ ਹੋ ਗਏ ਹਨ। ਆਮ ਤੌਰ 'ਤੇ ਅਮੀਰ-ਗਰੀਬ ਅਤੇ ਮਾਲਿਕ-ਨੌਕਰ ਹਨ।

ਇਹ ਸਾਡੇ ਸਮਾਜ ਦੇ ਹਿੱਸੇ ਜਾਂ ਪਾੜੇ ਹਨ ਜੋ ਮਿਲਾ ਕੇ 'ਸਾਰੇ' ਬਣਦੇ ਹਨ। ਇਨ੍ਹਾਂ ਵਿਚੋਂ ਕਿਸੇ ਦੇ ਵੀ ਹੱਕ ਹਕੂਕ ਮਾਰੇ, ਦੱਬੇ, ਕੁਚਲੇ, ਹਟਾਏ ਜਾਂ ਘਟਾਏ ਜਾਂਦੇ ਹਨ ਤਾਂ ਉਹ ਹੜਤਾਲ ਜਾਂ ਬੰਦ ਕਰਦੇ ਹਨ। ਅਕਾਲੀ ਦਲ ਨੇ ਆਪਣੇ ਸੰਵਿਧਾਨਕ ਹੱਕਾਂ ਲਈ ਧਰਮ ਯੁੱਧ ਮੋਰਚੇ ਤੋਂ ਪਹਿਲਾਂ, ਦੌਰਾਨ ਅਤੇ ਪਿਛੋਂ ਕੀ ਕੀਤਾ ਅਤੇ ਕੀ ਨਹੀਂ ਕੀਤਾ, ਅਸੀਂ ਸਭ ਜਾਣਦੇ ਹਾਂ; ਉਸ ਦਾ ਖਮਿਆਜ਼ਾ ਸਾਰਾ ਪੰਜਾਬ ਭੁਗਤ ਰਿਹਾ ਹੈ।

ਹਰਿਆਣੇ 'ਚ ਜਾਟਾਂ ਨੇ ਕੀ ਕੀ ਕੀਤਾ, ਉਹ ਵੀ ਅਸੀਂ ਜਾਣਦੇ ਹਾਂ ਤੇ ਜਿਸ ਦਾ ਖਮਿਆਜ਼ਾ ਪੂਰੇ ਦੇਸ਼ ਨੇ ਭੁਗਤਿਆ ਹੈ; ਜਿਸ ਦੇ ਡਰਾਉਣੇ ਸੁਪਨੇ ਅਜੇ ਵੀ ਉਨ੍ਹਾਂ ਬੱਚਿਆਂ ਨੂੰ ਆਉਂਦੇ ਹੋਣਗੇ, ਜਿਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ, ਉਨ੍ਹਾਂ ਦੀਆਂ ਮਾਂਵਾਂ ਭੈਣਾਂ ਨੂੰ ਦਰਿੰਦੇ ਘੜੀਸ ਘੜੀਸ ਕੇ ਖੇਤਾਂ ਵਿਚ ਲੈ ਕੇ ਗਏ; ਜਿਨ੍ਹਾਂ ਦੇ ਰੁਲਦੇ ਹੋਏ ਅੰਡਰ-ਗਾਰਮੈਂਟਸ ਕਈ ਦਿਨ ਸੜਕਾਂ 'ਤੇ ਕੁੱਤੇ ਚੱਟਦੇ ਦੇਖੇ ਗਏ। ਗੁੱਜਰਾਂ ਨੇ ਕੀ ਕੀਤਾ ਸੀ ਤੇ ਕਸ਼ਮੀਰ ਵਿਚ ਲਗਾਤਾਰ ਕੀ ਹੋ ਰਿਹਾ ਹੈ ਤੇ ਕੀ ਨਹੀਂ ਹੋ ਰਿਹਾ? ਉਹ ਵੀ ਸਭ ਦੇ ਸਾਹਮਣੇ ਹੈ।

ਕਈ ਸਾਲ ਪਹਿਲਾਂ ਪੰਜਾਬੀ ਕਿਸਾਨਾਂ ਨੇ ਚੰਡੀਗੜ੍ਹ ਦੇ ਰੋਜ਼ ਗਾਰਡਨ ਵਿਚ ਜਿਹੜੇ 'ਗੁਲ' ਖਿਲਾਏ ਸਨ, ਸ਼ਾਇਦ ਉਹ ਸਾਨੂੰ ਭੁੱਲ ਗਏ ਹੋਣਗੇ, ਪਰ ਚੰਡੀਗੜ੍ਹੀਆਂ ਨੂੰ ਕਦੀ ਵੀ ਨਹੀਂ ਭੁੱਲਣੇ, ਜਿਨ੍ਹਾਂ ਨੂੰ ਕਈ ਹਫਤਿਆਂ ਤੱਕ ਰੋਜ਼ ਗਾਰਡਨ ਨੇੜਿਓਂ ਨੱਕ 'ਤੇ ਰੁਮਾਲ ਧਰੇ ਬਗੈਰ ਲੰਘਣਾ ਮੁਹਾਲ ਹੋ ਗਿਆ ਸੀ। ਵਿਦਿਆਰਥੀਆਂ ਦੇ ਪੜ੍ਹਨ ਲਈ ਸੁਹਾਵਣੇ ਵਾਤਾਵਰਣ ਵਾਲੀ ਥਾਂ ਸ਼ਾਂਤੀ ਕੁੰਜ ਵਿਚਲੇ ਹਰੇ ਕਚੂਰ ਬਾਂਸ ਬੇਹੂਦਗੀ ਨਾਲ ਵੱਢ ਵੱਢ ਕੇ ਆਪਣੇ ਘਰਾਂ ਨੂੰ ਲੈ ਗਏ ਸਨ ਤੇ ਚੰਡੀਗੜ੍ਹ ਉਜਾੜੇ ਦਾ ਮੰਜ਼ਰ ਬਣ ਗਿਆ ਸੀ।

ਦਰਬਾਰ ਸਾਹਿਬ 'ਤੇ ਹਮਲਾ, ਦਿੱਲੀ ਦੰਗੇ, ਪੰਜਾਬ ਵਿਚਲਾ ਹੜਦੁੰਗ ਅਤੇ ਆਤੰਕ, ਦਲਿਤ ਸੰਤ ਦਾ ਕਤਲ ਤੇ ਉਸ ਦਾ ਪ੍ਰਤੀਕਰਮ ਕਦੀ ਵੀ ਨਾ ਭੁੱਲਣ ਵਾਲਾ ਪੰਜਾਬੀ 'ਚੇਤਾ' ਹੈ।

ਜਦ ਵੀ ਕਿਸੇ ਛੋਟੇ ਲੋਕ ਸਮੂਹ ਨਾਲ ਕੁਝ ਵਾਪਰਦਾ ਹੈ ਤਾਂ ਉਹ ਬੰਦ ਅਤੇ ਹੜਤਾਲਾਂ ਕਰਦੇ ਆਏ ਹਨ। ਦੂਜੇ ਲੋਕ ਉਨ੍ਹਾਂ ਨੂੰ ਹਮੇਸ਼ਾਂ 'ਕੁਝ ਲੋਕ', 'ਮੁੱਠੀ ਭਰ ਲੋਕ' ਅਤੇ 'ਚੁਟਕੀ ਭਰ ਲੋਕ' ਗਰਦਾਨਦੇ ਹਨ। ਕਦੀ ਤਾਂ ਉਨ੍ਹਾਂ ਨੂੰ 'ਨਕਸਲੀ', 'ਅਤੰਕਵਾਦੀ' ਅਤੇ 'ਅਤਿਵਾਦੀ' ਵੀ ਕਹਿ ਲੈਂਦੇ ਹਨ। ਕੌਣ ਕਦੋਂ ਦੇਸ਼ ਭਗਤ ਜਾਂ ਦੇਸ਼ ਸੇਵਕ ਹੁੰਦਾ ਹੈ, ਤੇ ਕਦੋਂ ਦੇਸ਼ ਧ੍ਰੋਹੀ, ਆਤੰਕਵਾਦੀ, ਅਤਿਵਾਦੀ, ਖਾੜਕੂ ਜਾਂ ਨਕਸਲੀ, ਇਹ ਸਭ ਸਮੇਂ ਦੇ ਹੇਰ-ਫੇਰ ਜਾਂ ਝੂਠ-ਸੱਚ ਹਨ।

ਕਿਸੇ ਸਮੇਂ ਭਗਤ ਨਾਮ ਦੇਵ ਨੇ ਸ਼ਿਕਾਇਤ ਕੀਤੀ ਸੀ ਕਿ "ਏ ਪੰਡੀਆ ਮੋ ਕਉ ਢੇਡ ਕਹਤ ਹੈ॥" ਭਗਤ ਕਬੀਰ ਨੇ ਸ਼ਿਕਾਇਤ ਕੀਤੀ ਸੀ ਕਿ ਇਹ ਪਾਂਡੇ ਉਸ ਨੂੰ ਜੁਲਾਹਾ ਜੁਲਾਹਾ ਕਹਿ ਕੇ ਹੱਸਦੇ ਹਨ। ਭਗਤ ਰਵਿਦਾਸ ਨੇ ਸ਼ਿਕਾਇਤ ਕੀਤੀ ਸੀ ਕਿ ਇਹ ਲੋਕ ਉਸ ਨੂੰ ਚਮਰੇਟਾ ਚਮਰੇਟਾ ਆਖਦੇ ਹਨ। ਭਾਈ ਲਾਲੋ ਨੂੰ ਪਤਾ ਨਹੀਂ, ਮਲਿਕ ਭਾਗੋ ਕੇ ਕੀ ਕੀ ਕਹਿੰਦੇ ਹੋਣਗੇ। ਇਨ੍ਹਾਂ ਦੀਆਂ ਸ਼ਿਕਾਇਤਾਂ ਕਿਸੇ ਕੋਰਟ ਕਚਹਿਰੀ ਨੇ ਨਾ ਸੁਣੀਆਂ। ਪੰਜਾਬ ਦਾ ਮੁੱਖ ਮੰਤਰੀ ਅਤੇ ਫਿਰ ਰਾਸ਼ਟਰਪਤੀ ਹੁੰਦਿਆਂ, ਕੁੱਲ ਜਹਾਨ ਦੇ ਲਤੀਫੇ, ਗਿਆਨੀ ਜ਼ੈਲ ਸਿੰਘ ਦੇ ਨਾਂ ਨਾਲ ਜੋੜ ਕੇ ਸੁਣਾਏ ਜਾਂਦੇ ਸਨ। ਗਿਆਨੀ ਜ਼ੈਲ ਸਿੰਘ ਦਾ ਨਾਂ ਇਸ ਤਰ੍ਹਾਂ ਲਿਆ ਜਾਂਦਾ ਸੀ, ਜਿਵੇਂ ਦੁਨੀਆਂ ਭਰ ਦਾ ਸਭ ਤੋਂ ਨਾਲਾਇਕ ਅਤੇ ਨਾ-ਸਮਝ ਬੰਦਾ ਉਹੋ ਹੀ ਹੋਵੇ।

ਅਖੀਰ ਗੁਰੂ ਨਾਨਕ ਨੇ ਸੁਣੀਆਂ ਤੇ ਰੱਬ ਦੇ ਘਰ ਇੰਦਰਾਜ ਹੋ ਗਈਆਂ। ਇਸ ਤੋਂ ਵੱਧ ਕੁਝ ਨਹੀਂ ਹੋ ਸਕਦਾ। ਜਦ ਤੱਕ ਸਮਾਂ ਰਹੇਗਾ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈਆਂ ਉਹ ਸ਼ਿਕਾਇਤਾਂ ਪਾਂਡਿਆਂ ਦੇ ਬੱਚਿਆਂ ਦਾ ਮੂੰਹ ਚਿੜਾਉਂਦੀਆਂ ਰਹਿਣਗੀਆਂ। ਪੰਡਿਤਾਂ ਦੇ ਬੱਚੇ ਜਦ ਵੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣਗੇ, ਉਹ ਆਪਣੇ ਪੁਰਖਿਆਂ ਦੇ ਕਾਰਨਾਮਿਆਂ ਕਰ ਕੇ ਪਛਤਾਵੇ ਦੀ ਖੋਡ ਵਿਚ ਲਹਿ ਲਹਿ ਜਾਣਗੇ।

ਜੇ ਕੁੱਲਾਂ ਤਰ ਸਕਦੀਆਂ ਹਨ ਤਾਂ ਡੁੱਬ ਵੀ ਸਕਦੀਆਂ ਹਨ। ਦਾਦੇ ਦੀਆਂ ਕੀਤੀਆਂ ਪੁੱਤ, ਪੋਤੇ, ਪੜਪੋਤੇ ਤੇ ਪੜਪੜਪੋਤੇ ਭੁਗਤਦੇ ਦੇਖੇ ਜਾ ਸਕਦੇ ਹਨ। ਖੂਨ ਤਾਂ ਖੂਨ ਹੈ, ਟਪਕੇਗਾ ਤੇ ਜੰਮ ਜਾਏਗਾ। ਖਾਕਿ ਸਹਰਾ ਪੇ ਜਮੇਂ ਯਾ ਕਫਿ ਕਾਤਲ ਪੇ ਜਮੇਂ।

ਅੱਜ ਜਦੋਂ ਦਲਿਤ ਲੋਕ ਮੁੜ ਉਹੀ ਸ਼ਿਕਾਇਤ, ਕਿ 'ਏ ਪੰਡੀਆ ਮੋ ਕਉ ਢੇਡ ਕਹਤ ਹੈ' ਲੈ ਕੇ, ਭਾਰਤੀ ਕੋਰਟ ਕਚਹਿਰੀ ਵਿਚ ਹਾਜ਼ਰ ਹੋਏ ਹਨ, ਤਾਂ ਜਿਹੜੇ ਲੋਕ ਉਹੀ ਪੁਰਾਣੀ ਪੰਡੀਆ ਬਿਰਤੀ ਦੇ ਨਾਲ ਰਲਦੇ ਅਤੇ ਖੜ੍ਹਦੇ ਹਨ, ਉਨ੍ਹਾਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੇ 'ਭੈਅ' ਅਤੇ 'ਭਉ' ਦਾ ਖਿਆਲ ਰੱਖਣਾ ਚਾਹੀਦਾ ਹੈ। ਨਹੀਂ ਤਾਂ ਸਾਡੇ ਪੁੱਤ, ਪੋਤੇ, ਪੜਪੋਤੇ ਤੇ ਪੜਪੜਪੋਤੇ ਕਦੀ ਵੀ ਨਿਜਾਤ ਨਹੀਂ ਪਾ ਸਕਣਗੇ, ਜਦ ਤੱਕ ਉਹ ਸਾਨੂੰ ਦੁਰਕਾਰ ਜਾਂ ਫਿਟਕਾਰ ਨਹੀਂ ਦੇਣਗੇ।

ਦਲਿਤ ਦਾਬੇ ਦੇ ਖਿਲਾਫ ਨਾਲ ਖੜ੍ਹਨਾ ਜਾਂ ਦਲਿਤਾਂ ਦੀ ਬਾਂਹ ਫੜ੍ਹਨਾ ਭਾਰਤੀ ਲੋਕਾਂ ਦਾ ਇਖਲਾਕੀ ਫਰਜ਼ ਤਾਂ ਹੈ ਹੀ, ਇਸ ਦੇ ਨਾਲ ਆਪਣੇ ਪੁਰਖਿਆਂ ਦੇ ਸਦੀਆਂ ਪੁਰਾਣੇ ਖੱਟੇ 'ਕਲੰਕ' ਤੋਂ ਨਿਜਾਤ ਪਾਉਣ ਦਾ ਮੁਕਤੀ ਅਵਸਰ ਵੀ ਹੈ; ਫਿਰਿ ਇਆ ਅਉਸਰੁ ਚਰੈ ਨ ਹਾਥਾ।"

ਪੰਜਾਬ ਟਾਈਮਜ਼

*ਸਨਿਚਰਵਾਰ, 14 ਅਪਰੈਲ 2018*

# ਦੋ ਰਾਜ, ਦੋ ਸਰਕਾਰਾਂ

ਸਾਲ ਪਹਿਲਾਂ ਪੰਜਾਬ ਅਤੇ ਉਤਰ ਪ੍ਰਦੇਸ਼ ਵਿਚ ਕ੍ਰਮਵਾਰ ਕੈਪਟਨ ਅਮਰਿੰਦਰ ਸਿੰਘ ਤੇ ਯੋਗੀ ਅਦਿਤਿਆਨਾਥ ਦੀ ਅਗਵਾਈ ਵਿਚ ਸਰਕਾਰਾਂ ਬਣੀਆਂ ਸਨ। ਦੋਵੇਂ ਸਰਕਾਰਾਂ ਖਾਸ ਹਾਲਾਤ ਦੀਆਂ ਪੈਦਾਵਾਰ ਸਨ। ਉਤਰ ਪ੍ਰਦੇਸ਼ ਵਿਚ ਉਸ ਵਕਤ ਸੱਤਾਧਾਰੀ ਸਮਾਜਵਾਦੀ ਪਾਰਟੀ ਸੱਤਾ ਤੋਂ ਬਾਹਰ ਤਾਂ ਹੋਈ ਹੀ, ਉਥੇ ਪਹਿਲਾਂ-ਪਹਿਲ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਨ ਦੀਆਂ ਕਿਆਸਅਰਾਈਆਂ ਸਨ ਅਤੇ ਸਾਰੇ ਸਿਆਸੀ ਮਾਹਿਰ ਇਹੀ ਭਵਿੱਖਵਾਣੀ ਕਰ ਰਹੇ ਸਨ ਪਰ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਜਿਹਾ ਫਿਰਕੂ ਪੱਤਾ ਖੇਡਿਆ ਕਿ ਉਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਕਾਇਮ ਹੋ ਗਈ। ਇਸ ਪਾਰਟੀ ਨੇ ਉਥੇ ਮੁੱਖ ਮੰਤਰੀ ਵੀ ਉਸ ਵਿਅਕਤੀ (ਯੋਗੀ ਅਦਿਤਿਆਨਾਥ) ਨੂੰ ਲਾਇਆ ਜੋ ਫਿਰਕੂ ਬਿਆਨਬਾਜ਼ੀ ਕਰ ਕੇ ਬਹੁਤ ਬਦਨਾਮ ਸੀ। ਸਰਕਾਰ ਬਣਨ ਤੋਂ ਬਾਅਦ ਇਸ ਵਿਅਕਤੀ ਨੇ ਭਗਵੇਂ ਬ੍ਰਿਗੇਡ ਦੇ ਏਜੰਡੇ ਮੁਤਾਬਕ ਹੀ ਕਾਰਵਾਈਆਂ ਪਾਈਆਂ ਅਤੇ ਸਪਸ਼ਟ ਸੁਨੇਹਾ ਦਿੱਤਾ ਕਿ ਇਹ ਇਸ ਏਜੰਡੇ ਤੋਂ ਰੱਤੀ ਭਰ ਵੀ ਇੱਧਰ-ਉਧਰ ਨਹੀਂ ਹੋਵੇਗਾ। ਉਸ ਦੀਆਂ ਅਜਿਹੀਆਂ ਕਾਰਵਾਈਆਂ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਪ੍ਰਸਤ ਜਥੇਬੰਦੀ ਆਰ. ਐਸ. ਐਸ. ਵੱਲੋਂ ਪ੍ਰਧਾਨ ਮੰਤਰੀ ਦੀ ਸਹਿੰਦੀ ਸਹਿੰਦੀ ਨੁਕਤਾਚੀਨੀ ਕਾਰਨ ਕੁਝ ਸਿਆਸੀ ਮਾਹਿਰ ਤਾਂ ਇਹ ਵੀ ਕਹਿਣ ਲੱਗ ਪਏ ਸਨ ਕਿ ਹੁਣ ਅਗਲਾ ਪ੍ਰਧਾਨ ਮੰਤਰੀ ਮੋਦੀ ਦੀ ਥਾਂ ਯੋਗੀ ਵੀ ਹੋ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਆਰ. ਐਸ. ਐਸ. ਨੇ ਨਰਮ ਅਤੇ ਗਰਮ ਆਗੂਆਂ ਨੂੰ ਆਹਮੋ-ਸਾਹਮਣੇ ਕਰ ਕੇ ਸਿਆਸਤ ਕਰਨ ਦੀ ਤਰਕੀਬ ਘੜੀ ਹੋਈ ਹੈ: ਪਹਿਲਾਂ ਅਟਲ ਬਿਹਾਰੀ ਵਾਜਪਾਈ ਦੇ ਮੁਕਾਬਲੇ ਲਾਲ ਕ੍ਰਿਸ਼ਨ ਅਡਵਾਨੀ, ਫਿਰ ਲਾਲ ਕ੍ਰਿਸ਼ਨ ਅਡਵਾਨੀ ਦੇ ਮੁਕਾਬਲੇ ਨਰੇਂਦਰ ਮੋਦੀ ਅਤੇ ਹੁਣ ਨਰੇਂਦਰ ਮੋਦੀ ਦੇ ਮੁਕਾਬਲੇ ਯੋਗੀ ਅਦਿਤਿਆਨਾਥ ਨੂੰ ਮੈਦਾਨ ਵਿਚ ਨਿਤਾਰਿਆ ਗਿਆ ਜਾਂ ਗੱਲ ਅਗਾਂਹ ਤੋਰੀ ਗਈ। ਉਂਜ, ਭਾਰਤ ਦੀ ਸਿਆਸਤ ਅੰਦਰ ਹੁਣ ਜਿਸ ਤਰ੍ਹਾਂ ਦਾ ਮਾਹੌਲ ਬਣ-ਵਿਗਸ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਆਰ. ਐਸ. ਐਸ. ਦੀ ਇਹ ਤਰਕੀਬ ਸ਼ਾਇਦ ਬਹੁਤਾ ਕੰਮ ਨਾ ਕਰੇ। ਇਕ ਤਾਂ ਵਿਰੋਧੀ ਧਿਰ ਅੰਦਰ ਪਾਲਾਬੰਦੀ ਹੋ ਰਹੀ ਹੈ ਅਤੇ ਇਹ ਪਾਰਟੀਆਂ ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ ਹਾਰ ਦਾ ਸੁਆਦ ਚਖਾਉਣ ਲਈ ਪਰ ਤੋਲ ਰਹੀਆਂ ਹਨ; ਦੂਜੇ, ਪਿਛਲੇ ਇਕ ਸਾਲ ਦੌਰਾਨ ਯੋਗੀ ਦਾ ਗਰਾਫ ਤੇਜ਼ੀ ਨਾਲ ਹੇਠਾਂ ਗਿਆ ਹੈ। ਕਾਨੂੰਨ ਵਿਵਸਥਾ ਦਾ ਮੁੱਦਾ ਸਭ ਤੋਂ ਵੱਡਾ ਮੁੱਦਾ ਬਣ ਕੇ ਉਭਰਿਆ ਹੈ। ਇਹੀ ਨਹੀਂ, ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਵਿਚਕਾਰ ਜਿਸ ਤਰ੍ਹਾਂ ਦੀ ਸਿਆਸੀ ਜੋਟੀ ਬਣ ਰਹੀ ਹੈ, ਉਸ ਨੇ ਵੀ ਭਾਰਤੀ ਜਨਤਾ ਪਾਰਟੀ ਅਤੇ ਯੋਗੀ ਅੱਗੇ ਵੱਡੀ ਚੁਣੌਤੀ ਸੁੱਟੀ ਹੈ। ਹੁਣ ਆਮ ਲੋਕਾਂ ਅਤੇ ਸਿਆਸੀ ਮਾਹਿਰਾਂ ਨੇ ਯੋਗੀ ਦੀ ਇਕ ਸਾਲ ਦੀ ਕਾਰਗੁਜ਼ਾਰੀ ਉਤੇ ਸਵਾਲ ਦਾਗਣੇ ਅਰੰਭ ਕਰ ਦਿੱਤੇ ਹਨ ਅਤੇ ਫਿਲਹਾਲ ਇਸ ਸ਼ਖਸ ਕੋਲ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਹਨ।

ਪੰਜਾਬ ਵਿਚ ਇਹੀ ਹਾਲ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਹੈ। ਇਹ ਸਰਕਾਰ ਤਾਂ ਬਣਦਿਆਂ ਸਾਰ ਹਮਲੇ ਹੇਠ ਆ ਗਈ ਸੀ। ਕਾਂਗਰਸ ਵੱਲੋਂ ਚੋਣਾਂ ਦੌਰਾਨ ਕੀਤੇ ਲੰਮੇ-ਚੌੜੇ ਵਾਅਦੇ ਇਹ ਸਰਕਾਰ ਪੂਰੇ ਕਰਨੇ ਤਾਂ ਇਕ ਪਾਸੇ, ਲੋਕਾਂ ਨੂੰ ਇਹ ਤਸੱਲੀ ਵੀ ਨਹੀਂ ਕਰਵਾ ਸਕੀ ਕਿ ਇਹ ਉਨ੍ਹਾਂ ਲਈ ਕੁਝ ਕਰੇਗੀ ਵੀ। ਇਹੀ ਨਹੀਂ, ਸਰਕਾਰ ਦੇ ਅਫਸਰ ਜਿਸ ਤਰ੍ਹਾਂ ਇਕ-ਦੂਜੇ ਦੀਆਂ ਜੜ੍ਹਾਂ ਵੱਢਣ ਲੱਗੇ ਹੋਏ ਹਨ, ਉਸ ਤੋਂ ਸਰਕਾਰ ਉਤੇ ਕੈਪਟਨ ਅਮਰਿੰਦਰ ਸਿੰਘ ਦੀ ਢਿੱਲੀ ਪਕੜ ਦੀ ਹੀ ਸੂਹ ਮਿਲਦੀ ਹੈ। ਹੋਰ ਵੀ ਕਿਸੇ ਮਸਲੇ ਉਤੇ ਕੈਪਟਨ ਇਕ ਸਾਲ ਬਾਅਦ ਵੀ ਆਪਣੀ ਕਪਤਾਨੀ ਨਹੀਂ ਦਿਖਾ ਸਕੇ। ਨਸ਼ਿਆਂ ਦਾ ਫਸਤਾ ਵੱਢਣ ਲਈ ਹੱਥ ਵਿਚ ਗੁਟਕਾ ਫੜ੍ਹ ਕੇ ਉਨ੍ਹਾਂ ਸਿਰਫ ਚਾਰ ਹਫਤਿਆਂ ਦੀ ਮੋਹਲਤ ਮੰਗੀ ਸੀ ਪਰ ਅਜੇ ਤੱਕ ਇਸ ਮਾਮਲੇ ਦੀ ਇਕ ਪੂਣੀ ਵੀ ਨਹੀਂ ਕੱਤੀ ਗਈ। ਨਿੱਤ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਮਾਮਲਿਆਂ ਦਾ ਵੀ ਇਹੀ ਹਾਲ ਹੈ, ਭਾਵ ਇਸ ਪਾਸੇ ਵੀ ਕਮਾਈ ਸਿਫਰ ਹੀ ਹੈ। ਹਾਲ ਹੀ ਵਿਚ ਕਿਸਾਨਾਂ ਦੀ ਕਰਜ਼ਾ ਮੁਕਤੀ ਬਾਬਤ ਬਣਾਈ ਕਮੇਟੀ ਨੇ ਆਪਣੀ ਅੰਤ੍ਰਿਮ ਰਿਪੋਰਟ ਪੇਸ਼ ਕੀਤੀ ਹੈ। ਇਸ ਅੰਤ੍ਰਿਮ ਰਿਪੋਰਟ ਨੇ ਕਿਸਾਨਾਂ ਦੀਆਂ ਆਸਾਂ ਉਤੇ ਪਾਣੀ ਫੇਰ ਦਿੱਤਾ ਹੈ, ਸਗੋਂ ਇਸ ਰਿਪੋਰਟ ਨੇ ਤਾਂ ਇਸ ਗੰਭੀਰ ਮਸਲੇ ਨੂੰ ਨਜਿੱਠਣ ਲਈ ਸਰਕਾਰ ਦੀ ਸੰਜੀਦਗੀ ਉਤੇ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਕਮੇਟੀ ਨੇ ਕਿਸਾਨੀ ਨੂੰ ਦਰਪੇਸ਼ ਸੰਕਟਾਂ, ਇਸ ਦੇ ਕਾਰਨਾਂ ਅਤੇ ਫਿਰ ਇਸ ਦੇ ਹੱਲ ਬਾਰੇ ਪੁਣ-ਛਾਣ ਕਰਨੀ ਸੀ ਪਰ ਇਸ ਰਿਪੋਰਟ ਵਿਚ ਭਾਂਡਾ ਕਿਸਾਨਾਂ ਦੇ ਸਿਰ ਭੰਨ ਦਿੱਤਾ ਗਿਆ ਹੈ। ਇਹ ਸਹੀ ਹੈ ਕਿ ਕਰਜ਼ਾ ਮੁਆਫੀ ਕਿਸਾਨਾਂ ਦੇ ਸੰਕਟ ਦਾ ਕੋਈ ਹੱਲ ਨਹੀਂ, ਇਸ ਮਸਲੇ ਦੀਆਂ ਜੜ੍ਹਾਂ ਕਿਤੇ ਹੋਰ ਪਈਆਂ ਹਨ, ਪਰ ਕਿਸਾਨ ਇਸ ਵਕਤ ਜਿਸ ਹਾਲਾਤ ਵਿਚੋਂ ਲੰਘ ਰਹੇ ਹਨ, ਉਸ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਦੀ ਬਾਂਹ ਫੜ੍ਹਨੀ ਲਾਜ਼ਮੀ ਹੈ। ਕਿਸਾਨ ਅਤੇ ਖੇਤੀ ਸੰਕਟ ਨਾਲ ਹੋਰ ਸਮਾਜਕ-ਸਭਿਆਚਾਰਕ ਸੰਕਟਾਂ ਨੇ ਜੁੜ ਕੇ ਇਸ ਸੰਕਟ ਨੂੰ ਬਹੁਤ ਵਿਕਰਾਲ ਬਣਾ ਦਿੱਤਾ ਹੈ। ਇਸੇ ਕਰ ਕੇ ਇਸ ਮਸਲੇ ਦੇ ਹੱਲ ਲਈ ਚੌਤਰਫਾ ਕਾਰਵਾਈ ਦੀ ਜ਼ਰੂਰਤ ਹੈ। ਸਿਤਮਜ਼ਰੀਫੀ ਇਹ ਹੈ ਕਿ ਇਸ ਸੰਕਟ ਨੂੰ ਇੰਨੀ ਗੰਭੀਰਤਾ ਨਾਲ ਸੰਬੋਧਿਤ ਹੀ ਨਹੀਂ ਹੋਇਆ ਜਾ ਰਿਹਾ। ਅਸਲ ਵਿਚ ਸੱਤਾਧਾਰੀ ਕਾਂਗਰਸ ਪਾਰਟੀ ਅਤੇ ਵਿਰੋਧੀ ਧਿਰਾਂ ਆਪੋ-ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਅੰਦਰ ਬੁਰੀ ਤਰ੍ਹਾਂ ਫਸੀਆਂ ਪਈਆਂ ਹਨ। ਬੇਅੰਤ ਯਤਨਾਂ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੂੰ ਸੂਬੇ ਦੇ ਲੋਕ ਮੂੰਹ ਨਹੀਂ ਲਾ ਰਹੇ। ਇਸ ਪਾਰਟੀ ਖਿਲਾਫ ਲੋਕਾਂ ਅੰਦਰ ਅੰਤਾਂ ਦਾ ਰੋਹ ਹੈ। ਆਮ ਆਦਮੀ ਪਾਰਟੀ ਆਪਣੇ ਅੰਦਰੂਨੀ ਕਲੇਸ਼ ਵਿਚੋਂ ਉਭਰਨ ਵਿਚ ਹੀ ਨਾਕਾਮ ਰਹੀ ਹੈ। ਬਾਕੀ ਬਚਦੀਆਂ ਜੁਝਾਰੂ ਧਿਰਾਂ ਦਾ ਚੌਖਟਾ ਇੰਨਾ ਘੱਟ ਹੈ ਕਿ ਉਹ ਚਾਹ ਕੇ ਵੀ ਕੁਝ ਕਰ ਗੁਜ਼ਰਨ ਦੀ ਹਾਲਤ ਵਿਚ ਨਹੀਂ ਹਨ। ਅਸਲ ਵਿਚ ਪੰਜਾਬ ਦਾ ਇਹੀ ਵੱਡਾ ਸੰਕਟ ਹੈ। ਜਿੰਨਾ ਚਿਰ ਇਹ ਸੰਕਟ ਬਰਕਰਾਰ ਹੈ, ਪੰਜਾਬ ਦੀ ਸਲਾਮਤੀ ਲਈ ਅਰਦਾਸ ਹੀ ਕੀਤੀ ਜਾ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮੱਠ ਵਾਲੇ ਮੰਤਰੀ?*

ਧਰਨੇ ਮਾਰਦੇ ਸੜਕਾਂ 'ਤੇ ਰੁਲੀ ਜਾਂਦੇ, ਮਤਭੇਦ ਦੀ ਆਪਸ 'ਚ ਗੱਠ ਵਾਲੇ।
ਪੀਣੀ ਲੱਸੀ ਹੀ ਪੈਂਦੀ ਐ ਪਾਟਿਆਂ ਨੂੰ, ਛਕ ਲੈਂਦੇ ਨੇ ਮਲਾਈਆਂ 'ਕੱਠ ਵਾਲੇ।
ਧੂੰਆਂ ਉਡੇ ਅਮੀਰੀ ਦਾ ਚਿਮਨੀਆਂ 'ਚੋਂ, ਝੁਲਕੇ ਝੋਂਕਦੇ ਰਹਿੰਦੇ ਨੇ ਭੱਠ ਵਾਲੇ।
ਰਹਿ ਗਏ ਪੋਥੀਆਂ ਵਿਚ ਕਾਨੂੰਨ ਕਾਇਦੇ, ਕਰਦੇ ਰਾਜ ਹਨ ਹੱਥਾਂ ਵਿਚ ਲੱਠ ਵਾਲੇ।
ਪੜ੍ਹ ਕੇ ਡਿਗਰੀਆਂ ਲੈਣੀਆਂ ਔਖੀਆਂ ਨੇ, ਬਣਨਾ ਸੌਖਾ ਐ 'ਇਕ ਸੌ ਅੱਠ' ਵਾਲੇ।
ਰਾਜ ਭਾਗ ਦਾ 'ਕ੍ਰਿਸ਼ਮਾ' ਹੀ ਕਿਹਾ ਜਾਊ, ਬਣ ਗਏ 'ਮੰਤਰੀ' ਸਾਧ ਵੀ ਮੱਠ ਵਾਲੇ!

# ਕਰਜ਼ਾ ਮੁਕਤੀ: ਕਿਸਾਨਾਂ ਨੂੰ ਦੋਸ਼ੀ ਬਣਾਉਣ ਦੇ ਯਤਨ

## ਸਰਕਾਰ ਰਿਪੋਰਟ ਵਿਚ ਕਿਸਾਨ ਨਿਸ਼ਾਨੇ 'ਤੇ

***ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਬਾਰੇ ਬਣਾਈ ਰਿਪੋਰਟ ਕਮੇਟੀ ਦੀ ਅੰਤ੍ਰਿਮ ਰਿਪੋਰਟ ਨਸ਼ਰ ਕਰ ਦਿੱਤੀ ਗਈ ਹੈ ਪਰ ਇਸ ਰਿਪੋਰਟ ਅੰਦਰ ਕਿਸਾਨ ਨੂੰ ਹੀ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਕਿਸਾਨ ਸੰਕਟ ਕੀ ਹੈ ਅਤੇ ਇਸ ਨਾਲ ਕਿਵੇਂ ਨਜਿਠਿਆ ਜਾ ਸਕਦਾ ਹੈ, ਇਸ ਨੁਕਤੇ ਉਤੇ ਕੋਈ ਟਿੱਪਣੀ ਤੱਕ ਨਹੀਂ ਕੀਤੀ ਗਈ ਸਗੋਂ ਕਿਸਾਨਾਂ ਨੂੰ ਸਲਾਹਾਂ ਦੇ ਕੇ ਹੀ ਸਾਰ ਦਿੱਤਾ ਗਿਆ ਹੈ। ਸੀਨੀਅਰ ਪੱਤਰਕਾਰ ਨੇ ਇਸ ਲੇਖ ਵਿਚ ਇਸ ਰਿਪੋਰਟ ਦੇ ਕੁਝ ਨੁਕਤਿਆਂ ਬਾਰੇ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ***

**ਹਮੀਰ ਸਿੰਘ**

ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਦੇ ਚੋਣ ਵਾਅਦੇ ਦੇ ਦਬਾਅ ਹੇਠ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਾ. ਟੀ ਹੱਕ ਦੀ ਅਗਵਾਈ ਵਿਚ ਬਣਾਈ ਕਮੇਟੀ ਦੀ ਅੰਤ੍ਰਿਮ ਰਿਪੋਰਟ ਦੇ ਆਧਾਰ 'ਤੇ ਛੋਟੇ ਕਿਸਾਨਾਂ ਦਾ ਦੋ ਲੱਖ ਰੁਪਏ ਤਕ, ਸੀਮਾਂਤ (ਢਾਈ ਏਕੜ ਤੋਂ ਘੱਟ) ਵਾਲਿਆਂ ਦਾ ਕੁੱਲ ਕਰਜ਼ੇ ਵਿਚੋਂ ਦੋ ਲੱਖ ਰੁਪਏ ਮੁਆਫ਼ ਕਰ ਦਿੱਤਾ ਸੀ। ਖੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਵੀ ਕਰ ਦਿੱਤਾ ਸੀ। ਇਹ ਕੁੱਲ 9500 ਕਰੋੜ ਰੁਪਿਆ ਬਣਦਾ ਸੀ। ਮਜ਼ਦੂਰਾਂ ਨੂੰ ਕਰਜ਼ਾ ਰਾਹਤ ਤੋਂ ਬਾਹਰ ਛੱਡਣ ਦਾ ਸੁਆਲ ਉਠਣ ਕਰ ਕੇ ਮੁੱਖ ਮੰਤਰੀ ਨੇ 19 ਜੂਨ, 2017 ਨੂੰ ਵਿਧਾਨ ਸਭਾ ਵਿਚ ਹੀ ਵਿਧਾਨ ਸਭਾ ਕਮੇਟੀ ਦਾ ਗਠਨ ਕਰਨ ਦੀ ਪੇਸ਼ਕਸ਼ ਕੀਤੀ। ਕਮੇਟੀ ਨੇ ਲਗਪਗ ਅੱਠ ਮਹੀਨੇ ਲਗਾ ਕੇ ਵਿਧਾਨ ਸਭਾ ਵਿਚ ਇਸ ਬਜਟ ਸੈਸ਼ਨ ਦੇ ਆਖ਼ਰੀ ਦਿਨ ਆਪਣੀ ਰਿਪੋਰਟ ਪੇਸ਼ ਕੀਤੀ।

ਕਮੇਟੀ ਨੇ 53 ਮੀਟਿੰਗਾਂ ਕਰ ਕੇ ਮਾਹਿਰਾਂ, ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਨਾਲ ਵਿਚਾਰ-ਚਰਚਾ ਕਰਨ ਤੋਂ ਇਲਾਵਾ ਲਗਪਗ ਹਰ ਜ਼ਿਲ੍ਹੇ ਦੇ ਕੁਝ ਖੁਦਕੁਸ਼ੀ ਪੀੜਤ ਪਰਿਵਾਰਾਂ ਤਕ ਪਹੁੰਚ ਕੇ ਵੀ ਸਥਿਤੀ ਜਾਣਨ ਦੀ ਕੋਸ਼ਿਸ਼ ਕੀਤੀ। ਇਸ ਮੁਸ਼ੱਕਤ ਦਾ ਨਤੀਜਾ ਪੀੜਤ ਨੂੰ ਦੋਸ਼ੀ ਬਣਾਉਣ ਦੀ ਦਿਸ਼ਾ ਵਿਚ ਜ਼ਿਆਦਾ ਅਤੇ ਉਸ ਦੇ ਦਰਦ ਨੂੰ ਮਹਿਸੂਸ ਕਰਦਿਆਂ ਇਲਾਜ ਲੱਭਣ ਦਾ ਘੱਟ ਦਿਖਾਈ ਦਿੰਦਾ ਹੈ। ਕਮੇਟੀ ਨੇ ਰਾਜ ਸਰਕਾਰ ਨੂੰ ਕੇਂਦਰੀ ਅਨਾਜ ਭੰਡਾਰ ਵਿਚ ਹਿੱਸਾ ਪਾਉਣ ਕਰ ਕੇ ਕੇਂਦਰ ਤੋਂ ਆਰਥਿਕ ਸਹਾਇਤਾ ਮੰਗਣ ਦੀ ਸਲਾਹ ਦਿੱਤੀ ਹੈ। ਕਮੇਟੀ ਦਾ ਮੱਤ ਹੈ ਕਿ ਦੇਸ਼ ਵਿਚ ਜਿਸ ਤਰ੍ਹਾਂ ਉਦਯੋਗਿਕ ਵਿਕਾਸ ਸਿਖਰਾਂ ਛੂਹ ਰਿਹਾ ਹੈ, ਇਸੇ ਤਰ੍ਹਾਂ ਖੇਤੀਬਾੜੀ ਵਿਚ ਵੀ ਸੰਭਵ ਹੈ?

ਕਮੇਟੀ ਦਾ ਮੰਨਣਾ ਹੈ ਕਿ ਕਿਸਾਨ ਬੈਂਕ ਤੋਂ ਲਈ ਲਿਮਟ ਦੀ ਗ਼ਲਤ ਵਰਤੋਂ ਕਰਦੇ ਹਨ ਜਿਸ ਵਿਚ ਕਾਰ ਲੈਣੀ, ਘਰ ਬਣਾਉਣਾ, ਬੱਚਿਆਂ ਨੂੰ ਵਿਦੇਸ਼ ਭੇਜਣ ਅਤੇ ਲੜਕੀਆਂ ਦੇ ਵਿਆਹ ਕਰਨਾ ਸ਼ਾਮਲ ਹਨ। ਕਮੇਟੀ ਨੇ ਇਹ ਦੱਸਣ ਦੀ ਖੇਚਲ ਨਹੀਂ ਕੀਤੀ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਵੱਲੋਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਕੀਤੇ ਸਰਵੇਖਣ ਦੌਰਾਨ ਸਾਲ 2000 ਤੋਂ 2015-16 ਤਕ 16,606 ਖ਼ੁਦਕੁਸ਼ੀ ਪੀੜਤ ਪਰਿਵਾਰਾਂ ਵਿਚੋਂ ਕਿੰਨਿਆਂ ਦੇ ਘਰ ਕਾਰਾਂ ਹਨ, ਕੋਠੀਆਂ ਬਣਾਈਆਂ ਜਾਂ ਬੱਚੇ ਬਾਹਰ ਭੇਜੇ ਹਨ। ਇਹ ਵੀ ਨਹੀਂ ਕਿ ਇਨ੍ਹਾਂ ਪਰਿਵਾਰਾਂ ਸਿਰ ਕਿੰਨਾ-ਕਿੰਨਾ ਕਰਜ਼ਾ ਅਤੇ ਕਿੰਨੀ ਜ਼ਮੀਨ ਹੈ। ਇਲਾਜ ਇਹ ਦੱਸਿਆ ਗਿਆ ਕਿ ਬੈਂਕਾਂ 'ਤੇ ਸਖ਼ਤੀ ਕੀਤੀ ਜਾਵੇ ਕਿ ਉਹ ਏਕੜ ਦੇ ਹਿਸਾਬ ਨਾਲ ਨਿਯਮਾਂ ਤੋਂ ਵਾਧੂ ਕਰਜ਼ਾ ਨਾ ਦੇਣ। ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਬੈਂਕ ਕਰਜ਼ਾ ਨਹੀਂ ਦੇਣਗੇ, ਕਿਸਾਨ ਦੀ ਆਮਦਨ ਨਹੀਂ ਹੋਵੇਗੀ, ਫਿਰ ਗੁਜ਼ਾਰਾ ਕਿਵੇਂ ਹੋਵੇਗਾ?

ਬੈਂਕ ਕਰਜ਼ਾ ਨਹੀਂ ਦੇਣਗੇ ਤਾਂ ਕਿਸਾਨ ਸ਼ਾਹੂਕਾਰਾ ਕਰਜ਼ੇ ਵਿਚ ਫਸਣਗੇ। ਰਿਪੋਰਟ ਇੱਕ ਪਾਸੇ ਕਹਿੰਦੀ ਹੈ ਕਿ ਸ਼ਾਹੂਕਾਰ 18 ਤੋਂ 36 ਫ਼ੀਸਦੀ ਤਕ ਵਿਆਜ ਵਸੂਲਦੇ ਹਨ। ਇਸ ਨਾਲ ਕਿਸਾਨ ਦਾ ਸ਼ੋਸ਼ਣ ਹੁੰਦਾ ਹੈ। ਕਰਜ਼ਾ ਨਾ ਮੋੜ ਸਕਣ ਕਰ ਕੇ ਕਿਸਾਨ ਦੀ ਜ਼ਮੀਨ ਜਾਂ ਰੋਜ਼ੀ-ਰੋਟੀ ਦੇ ਸਾਧਨ ਦੀ ਕੁਰਕੀ ਬਾਰੇ ਰਿਪੋਰਟ 'ਚ ਕੋਈ ਜ਼ਿਕਰ ਨਹੀਂ। ਸ਼ਾਹੂਕਾਰਾ ਕਰਜ਼ੇ ਬਾਰੇ ਇਸ ਨੂੰ ਨਿਯਮਤ ਕਰਨ ਅਤੇ ਝਗੜੇ ਦੇ ਨਿਵਾਰਨ ਲਈ ਕਮਿਸ਼ਨ ਬਣਾਉਣ ਦੀ ਸਿਫ਼ਾਰਸ਼ ਦੇ ਨਾਲ ਧੋਖੇਬਾਜ਼ ਸ਼ਾਹੂਕਾਰਾਂ ਖ਼ਿਲਾਫ਼ ਪਹਿਲਾਂ ਹੀ ਮੌਜੂਦ ਕਾਨੂੰਨ ਦੀਆਂ ਧਾਰਾਵਾਂ ਖ਼ਿਲਾਫ਼ ਕਾਰਵਾਈ ਦਾ ਕਮੇਟੀ ਨੇ ਇੱਕ ਤਰੀਕੇ ਨਾਲ ਰਾਹ ਬੰਦ ਕਰ ਦਿੱਤਾ ਹੈ। ਰਿਪੋਰਟ ਕਹਿੰਦੀ ਹੈ ਕਿ ਆੜ੍ਹਤੀ ਦੇ ਦਬਾਅ ਹੇਠ ਕਿਸਾਨ ਦੀ ਖੁਦਕੁਸ਼ੀ ਦਾ ਮਾਮਲਾ ਸਾਹਮਣੇ ਆਉਣ ਉਤੇ ਐੱਸ.ਪੀ. ਪੱਧਰ ਦੇ ਪੁਲਿਸ ਅਧਿਕਾਰੀ ਦੀ ਜਾਂਚ ਤਕ ਐੱਫਆਈਆਰ ਦਰਜ ਨਹੀਂ ਹੋਣੀ ਚਾਹੀਦੀ। ਰਿਪੋਰਟ ਕਿਸਾਨਾਂ ਨੂੰ ਆੜ੍ਹਤੀ ਦੇ ਚੁੰਗਲ ਵਿਚੋਂ ਕੱਢਣ ਲਈ ਫ਼ਸਲਾਂ ਦੀ ਸਿੱਧੀ ਅਦਾਇਗੀ ਅਤੇ ਵਿਚੋਲੇ ਖ਼ਤਮ ਕਰਨ ਦੀ ਦਿਸ਼ਾ ਲੈਣ ਦੀ ਬਜਾਏ ਆੜ੍ਹਤੀ ਸੁਰੱਖਿਆ ਨਾਲ ਇਸ ਪ੍ਰਣਾਲੀ ਨੂੰ ਜਾਰੀ ਰੱਖਣ ਵਿਚ ਵਧ ਦਿਲਚਸਪੀ ਲੈਂਦੀ ਦਿਖਾਈ ਦਿੰਦੀ ਹੈ।

ਲਾਗਤ ਵਿਚ ਪੰਜਾਹ ਫ਼ੀਸਦੀ ਮੁਨਾਫ਼ਾ ਜੋੜ ਕੇ ਦੇਣ ਦੇ ਮੁਕਾਬਲੇ ਕਮੇਟੀ ਨੇ ਲਾਗਤ, ਵਧਦੀ ਮਹਿੰਗਾਈ ਅਤੇ ਮੁਨਾਫ਼ੇ ਨੂੰ ਧਿਆਨ ਵਿਚ ਰੱਖ ਕੇ ਫ਼ਸਲਾਂ ਦਾ ਭਾਅ ਤੈਅ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਛੋਟੇ ਅਤੇ ਸੀਮਾਂਤ ਕਿਸਾਨ ਜਿਨ੍ਹਾਂ ਕੋਲ ਵੇਚਣ ਲਈ ਹੀ ਘੱਟ ਹੈ, ਉਸ ਦੇ ਘਰ ਦਾ ਗੁਜ਼ਾਰਾ ਚਲਾਉਣ ਲਈ ਕੁਝ ਨਹੀਂ ਕਿਹਾ ਅਤੇ ਘੱਟੋ-ਘੱਟ ਬੁਨਿਆਦੀ ਆਮਦਨ ਰਿਪੋਰਟ ਦਾ ਹਿੱਸਾ ਨਹੀਂ ਬਣ ਸਕੀ। ਕਮੇਟੀ ਨੇ ਤੱਥ ਪੇਸ਼ ਕੀਤਾ ਹੈ ਕਿ ਕਰੀਬ 55 ਫ਼ੀਸਦੀ ਆਬਾਦੀ ਸਿੱਧੇ ਤੌਰ ਉੱਤੇ ਖੇਤੀ 'ਤੇ ਨਿਰਭਰ ਹੈ। ਅਗਲੀ ਰਣਨੀਤੀ ਅਜਿਹੀ ਬਣਨੀ ਚਾਹੀਦੀ ਹੈ ਕਿ ਖੇਤੀ 'ਤੇ 10 ਫ਼ੀਸਦੀ ਤੋਂ ਵੱਧ ਆਬਾਦੀ ਨਿਰਭਰ ਨਾ ਰਹੇ। ਜਿਸ ਉਦਯੋਗਿਕ ਵਿਕਾਸ ਨੂੰ ਰਿਪੋਰਟ ਵਿਚ ਅਸਮਾਨ ਛੂਹ ਰਿਹਾ ਦੱਸਿਆ ਗਿਆ ਹੈ, ਇਨ੍ਹਾਂ ਵਿਚ ਰੁਜ਼ਗਾਰ ਤਾਂ ਪੈਦਾ ਹੀ ਨਹੀਂ ਹੋ ਰਿਹਾ। ਇਸੇ ਲਈ ਬੇਰੁਜ਼ਗਾਰੀ ਵੱਡਾ ਮੁੱਦਾ ਹੈ।

ਰੁਜ਼ਗਾਰ ਬਾਰੇ ਕਮੇਟੀ ਨੇ ਮਗਨਰੇਗਾ ਤਹਿਤ 150 ਦਿਨ ਕੰਮ ਮਿਲਣ ਵਾਸਤੇ ਕੇਂਦਰ ਕੋਲ ਪਹੁੰਚ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਹੁਣ ਵਾਲਾ 100 ਦਿਨ ਦੀ ਬਜਾਏ ਔਸਤ 32 ਦਿਨ ਦਾ ਕੰਮ ਹੀ ਕਿਉਂ ਮਿਲ ਰਿਹਾ ਹੈ, ਇਸ ਤੱਥ ਬਾਰੇ ਕੋਈ ਚਾਰਾਜੋਈ ਕਰਨ ਦਾ ਸੰਕੇਤ ਨਹੀਂ ਹੈ। ਇਕਸਾਰ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਬਜਾਏ ਗ਼ਰੀਬਾਂ ਦੇ ਸਕੂਲ ਅਤੇ ਹਸਪਤਾਲ ਅਲੱਗ ਰਹਿਣ ਉਤੇ ਵੀ ਉਂਗਲ ਨਹੀਂ ਉਠਾਈ। ਉਨ੍ਹਾਂ ਦੀਆਂ ਸੰਸਥਾਵਾਂ ਵੱਲ ਧਿਆਨ ਦੇਣ ਦੀ ਸਿਫ਼ਾਰਸ਼ ਜ਼ਰੂਰ ਕੀਤੀ ਗਈ ਹੈ। ਪੰਜ ਏਕੜ ਤਕ ਵਾਲੇ ਕਿਸਾਨਾਂ ਨੂੰ ਆਪਣੇ ਖੇਤ ਵਿਚ ਦਿਹਾੜੀ ਦੇਣ ਦੇ ਹੱਕ ਦੀ ਗੱਲ ਕੀਤੀ ਗਈ, ਪਰ ਅਜੇ ਤਕ ਕੁਝ ਕਿਉਂ ਨਹੀਂ ਹੋਇਆ, ਕਿਸੇ ਅਧਿਕਾਰੀ ਤੋਂ ਸ਼ਾਇਦ ਪੁੱਛ-ਗਿੱਛ ਨਹੀਂ ਕੀਤੀ ਗਈ।

ਕਮੇਟੀ ਨੇ ਮਜ਼ਦੂਰਾਂ ਦੇ ਕਰਜ਼ੇ ਬਾਰੇ ਮੁੱਖ ਤੌਰ 'ਤੇ ਅਧਿਐਨ ਕਰਨਾ ਸੀ। 15 ਲੱਖ ਮਜ਼ਦੂਰ ਪਰਿਵਾਰਾਂ ਦਾ ਜ਼ਿਕਰ ਤਾਂ ਕੀਤਾ, ਪਰ ਮਜ਼ਦੂਰਾਂ ਸਿਰ ਕਿੰਨਾ ਕਰਜ਼ਾ ਹੈ, ਇਸ ਬਾਰੇ ਰਿਪੋਰਟ ਵਿਚ ਕੋਈ ਜ਼ਿਕਰ ਨਹੀਂ। ਕਮੇਟੀ ਨੇ ਕਿਸਾਨਾਂ ਦੀ ਤਰ੍ਹਾਂ ਮਜ਼ਦੂਰਾਂ ਦੇ ਵੀ ਕਰਜ਼ਾ ਲੈਣ ਲਈ ਤਿੰਨ ਮੁੱਖ ਕਾਰਨ ਇਲਾਜ, ਮਕਾਨ ਅਤੇ ਕੁੜੀਆਂ ਦੇ ਵਿਆਹ ਦੱਸਿਆ ਹੈ; ਜਦੋਂ ਕਿ ਪ੍ਰੋ. ਗਿਆਨ ਸਿੰਘ ਦੀ ਅਗਵਾਈ ਵਾਲੀ ਰਿਪੋਰਟ ਇਹ ਕਹਿੰਦੀ ਹੈ ਕਿ ਉਨ੍ਹਾਂ ਦੀ ਰੋਟੀ ਚਲਾਉਣ ਲਈ ਵੀ ਹੋਰ ਪੈਸੇ ਦੀ ਲੋੜ ਹੈ, ਪਰ ਕਰਜ਼ਾ ਮਿਲਦਾ ਨਹੀਂ, ਇਸ ਕਰ ਕੇ ਉਹ ਜ਼ਰੂਰੀ ਲੋੜਾਂ ਤੋਂ ਵੀ ਮਹਿਰੂਮ ਰਹਿ ਜਾਂਦੇ ਹਨ। ਮਾਈਕਰੋ ਫਾਈਨਾਂਸ ਦਾ ਜ਼ਿਕਰ ਹੈ, ਪਰ ਕਰਜ਼ੇ ਤੋਂ ਨਿਜਾਤ ਲਈ ਕੋਈ ਤਰੀਕਾ ਨਹੀਂ ਸੁਝਾਇਆ ਗਿਆ।

ਰਿਪੋਰਟ ਨੇ ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਦਾ ਕਰਜ਼ਾ ਤਾਂ ਸਮੁੱਚੇ ਦੀ ਬਜਾਏ ਫ਼ਸਲੀ ਕਰਜ਼ੇ ਤਕ ਸੀਮਤ ਕਰ ਦਿੱਤਾ। ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਕਰਨ ਉਤੇ ਵਿਚਾਰ ਕਰਨ ਦੀ ਸਿਫ਼ਾਰਸ਼ ਕੀਤੀ ਹੈ, ਪਰ ਕਰਜ਼ੇ ਦਾ ਨਿਰਧਾਰਨ ਕੌਣ ਕਰੇਗਾ, ਇਹ ਕਮੇਟੀ ਦੀ ਜ਼ਿੰਮੇਵਾਰੀ ਸੀ, ਪਰ ਰਿਪੋਰਟ ਵਿਚ ਗ੍ਰਾਮ ਸਭਾ, ਮਜ਼ਦੂਰ ਯੂਨੀਅਨ ਦੀ ਰਿਪੋਰਟ ਜਾਂ ਕਿਸ ਨੂੰ ਆਧਾਰ ਬਣਾਇਆ ਜਾਵੇ, ਬਾਰੇ ਕੋਈ ਸਪਸ਼ਟ ਰਾਹ ਨਹੀਂ ਦਿਖਾਇਆ ਗਿਆ।

ਕਮੇਟੀ ਨੇ 2015 ਵਿਚ ਨੋਟੀਫਾਈ ਹੋਈ ਖੁਦਕੁਸ਼ੀ ਪੀੜਤ ਪਰਿਵਾਰ ਰਾਹਤ ਨੀਤੀ ਨੂੰ ਕੁਝ ਗ਼ਲਤੀਆਂ ਨਾਲ ਦੁਹਰਾਉਣ ਦੀ ਕੋਸ਼ਿਸ਼ ਕੀਤੀ ਹੈ। ਪਰਿਵਾਰ ਨੇ ਤਿੰਨ ਮਹੀਨਿਆਂ ਅੰਦਰ ਅਰਜ਼ੀ ਦੇਣੀ ਹੁੰਦੀ ਹੈ ਅਤੇ ਜ਼ਿਲ੍ਹਾ ਪੱਧਰੀ ਡਿਪਟੀ ਕਮਿਸ਼ਨਰ ਦੀ ਅਗਵਾਈ ਵਾਲੀ ਕਮੇਟੀ ਨੇ ਇਕ ਮਹੀਨੇ ਵਿਚ ਇਸ ਬਾਰੇ ਫ਼ੈਸਲਾ ਕਰਨਾ ਹੈ। ਕਮੇਟੀ ਨੇ ਜ਼ਿਲ੍ਹਾ ਕਮੇਟੀ ਦੀ ਕਾਰਗੁਜ਼ਾਰੀ ਉਤੇ ਸਵਾਲ ਤਾਂ ਉਠਾਏ ਹਨ, ਪਰ 16606 ਵਿਚੋਂ ਕੇਵਲ 5200 ਪੀੜਤ ਪਰਿਵਾਰਾਂ ਨੂੰ ਹੀ ਰਾਹਤ ਕਿਉਂ ਮਿਲੀ ਹੈ, ਇਸ ਬਾਰੇ ਕੁਝ ਨਹੀਂ ਕਿਹਾ। ਸਬੰਧਿਤ ਪਰਿਵਾਰ ਦੇ ਆਸ਼ਰਿਤ ਮੈਂਬਰਾਂ ਨੂੰ ਤੁਰੰਤ ਪੈਨਸ਼ਨ ਦੇਣਾ ਅਤੇ ਮੌਤ ਵਾਲੇ ਦਿਨ ਤੋਂ ਦੇਣ ਦੀ ਸਿਫ਼ਾਰਿਸ਼ ਹੈ। ਰਾਹਤ ਰਕਮ ਇਕ ਲੱਖ ਨਕਦ ਅਤੇ ਬਾਕੀ ਐਫ.ਡੀ. ਕਰਾਉਣ, ਪਰਿਵਾਰ ਵਿਚੋਂ ਕਿਸੇ ਦੇ ਵੀ ਖੁਦਕੁਸ਼ੀ ਕਰਨ ਉਤੇ ਰਾਹਤ ਦੇਣ, ਬੱਚਿਆਂ ਦੀ ਪੜ੍ਹਾਈ ਦਾ ਬੰਦੋਬਸਤ ਕਰਨ ਦੀ ਸਿਫ਼ਾਰਸ਼ ਹੈ। ਅਸਲ ਵਿਚ ਪੁੱਛਣਾ ਤਾਂ ਇਹ ਬਣਦਾ ਸੀ ਕਿ ਪਹਿਲਾਂ ਹੀ ਘੱਟ ਗਿਣਤੀ ਸਕਾਲਰਸ਼ਿਪ ਜਾਂ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਮਿਲਦੇ ਵਜ਼ੀਫੇ ਅਤੇ ਫੀਸਾਂ ਅਦਾ ਕਿਉਂ ਨਹੀਂ ਹੋ ਰਹੀਆਂ। ਬੱਚੇ ਦੇ ਫੀਸ ਖੁਣੋਂ ਸਕੂਲੋਂ ਹਟ ਜਾਣ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਹੋ ਰਹੀ, ਇਨ੍ਹਾਂ ਸਭ ਪੱਖਾਂ 'ਤੇ ਰਿਪੋਰਟ ਖ਼ਾਮੋਸ਼ ਹੈ।

***ਰਿਪੋਰਟ ਨੇ ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਦਾ ਕਰਜ਼ਾ ਤਾਂ ਸਮੁੱਚੇ ਦੀ ਬਜਾਏ ਫ਼ਸਲੀ ਕਰਜ਼ੇ ਤਕ ਸੀਮਤ ਕਰ ਦਿੱਤਾ। ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਕਰਨ ਉਤੇ ਵਿਚਾਰ ਕਰਨ ਦੀ ਸਿਫ਼ਾਰਸ਼ ਕੀਤੀ ਹੈ, ਪਰ ਕਰਜ਼ੇ ਦਾ ਨਿਰਧਾਰਨ ਕੌਣ ਕਰੇਗਾ, ਇਹ ਕਮੇਟੀ ਦੀ ਜ਼ਿੰਮੇਵਾਰੀ ਸੀ, ਪਰ ਰਿਪੋਰਟ ਵਿਚ ਗ੍ਰਾਮ ਸਭਾ, ਮਜ਼ਦੂਰ ਯੂਨੀਅਨ ਦੀ ਰਿਪੋਰਟ ਜਾਂ ਕਿਸ ਨੂੰ ਆਧਾਰ ਬਣਾਇਆ ਜਾਵੇ, ਬਾਰੇ ਕੋਈ ਸਪਸ਼ਟ ਰਾਹ ਨਹੀਂ ਦਿਖਾਇਆ ਗਿਆ।***

# ਨੌਜਵਾਨੀ ਤੇ ਨਾਸਤਿਕਤਾ: ਇਸਲਾਮ ਲਈ ਨਵੀਂ ਚੁਣੌਤੀ

ਪਹਿਲਾਂ ਹੀ ਕਈ ਮੁਹਾਜ਼ਾਂ ਉਪਰ ਚੁਣੌਤੀਆਂ ਨਾਲ ਜੂਝ ਰਹੇ ਇਸਲਾਮ ਅੱਗੇ ਹੋਰ ਨਵੀਂ ਤੇ ਵੱਖਰੀ ਚੁਣੌਤੀ ਆਣ ਖੜ੍ਹੀ ਹੋਈ ਹੈ। ਇਹ ਚੁਣੌਤੀ ਅਤਿਵਾਦੀਆਂ ਵੱਲੋਂ ਨਹੀਂ, ਸਗੋਂ ਆਪਣੇ ਹੀ ਉਨ੍ਹਾਂ ਨਰਮਖਿਆਲੀ ਨੌਜਵਾਨਾਂ ਦੀ ਤਰਫ਼ੋਂ ਹੈ ਜਿਹੜੇ ਆਪਣੇ ਧਰਮ ਨੂੰ ਬੇਦਾਵਾ ਦੇਈ ਜਾ ਰਹੇ ਹਨ, ਇਨ੍ਹਾਂ ਵਿਚੋਂ ਬਹੁਤਿਆਂ ਨੇ ਨਾਸਤਿਕਤਾ ਨੂੰ ਅਪਣਾ ਲਿਆ ਹੈ।

ਹਾਲ ਹੀ ਵਿਚ ਉਘੇ ਆਲਮੀ ਰਸਾਲੇ 'ਦਿ ਇਕੋਨੌਮਿਸਟ' ਵਿਚ ਉਨ੍ਹਾਂ ਅਮਰੀਕੀ ਮੁਸਲਮਾਨ ਨੌਜਵਾਨਾਂ ਬਾਰੇ ਲੇਖ ਛਪਿਆ, ਜਿਹੜੇ ਇਸਲਾਮ ਨੂੰ ਤਿਆਗ ਗਏ ਹਨ। ਲੇਖ ਵਿਚ ਉਸ ਨੌਜਵਾਨ ਦਾ ਵੀ ਜ਼ਿਕਰ ਸੀ, ਜਿਸ ਦੇ ਵਿਚਾਰਾਂ ਵਿਚ ਆ ਰਹੀ ਤਬਦੀਲੀ ਨੂੰ ਭਾਂਪਦਿਆਂ, ਉਸ ਦੇ ਅਫ਼ਰੀਕੀ

ਹਸਨ ਸਰੂਰ


ਪਰਵਾਸੀ ਮਾਪੇ ਬਹਾਨੇ ਨਾਲ ਛੁੱਟੀਆਂ ਮਨਾਉਣ ਲਈ ਕੀਨੀਆ ਲੈ ਗਏ। ਉਨ੍ਹਾਂ ਨੇ ਉਥੇ ਉਸ ਦੇ ਧਰਮ ਵਿਦਿਆਲੇ 'ਚ ਜਾਣ ਦਾ ਪ੍ਰਬੰਧ ਕਰ ਦਿੱਤਾ ਤਾਂ ਜੋ ਉਸ ਦਾ ਇਸਲਾਮ ਵਿਚ ਭਰੋਸਾ ਬਹਾਲ ਹੋ ਸਕੇ ਪਰ ਉਹ ਨੌਜਵਾਨ ਕਿਸੇ ਨਾ ਕਿਸੇ ਢੰਗ ਨਾਲ ਉਥੋਂ ਨਿਕਲ ਕੇ ਅਮਰੀਕਾ ਪਰਤ ਆਇਆ।

ਅਸਲ ਕਹਾਣੀ ਇਹ ਨਹੀਂ ਕਿ ਧਰਮ ਤਿਆਗਣ ਦੀ ਬਦਨਾਮੀ ਨੂੰ ਇਸਲਾਮ ਵਿਚ ਜਗ੍ਹਾ ਮਿਲ ਜਾਂਦੀ ਹੈ, ਸਗੋਂ ਇਹ ਹੈ ਕਿ ਅਜਿਹਾ ਕਰਨ ਵਿਚ ਬਹੁਤ ਜੋਖ਼ਮ ਹੋਣ ਦੇ ਬਾਵਜੂਦ ਇਹ ਰੁਝਾਨ ਵਧ ਰਿਹਾ ਹੈ। ਇਹ ਰੁਝਾਨ ਸਿਰਫ਼ ਪੱਛਮੀ ਦੇਸ਼ਾਂ ਦੇ ਮੁਸਲਮਾਨਾਂ ਵਿਚ ਹੀ ਨਹੀਂ, ਸਾਰੇ ਧਰਮਾਂ ਵਿਚ ਹੈ, ਪਰ ਇਸਲਾਮ ਖ਼ਾਸ ਤੌਰ 'ਤੇ ਅਜਿਹੀ ਨਾਸਤਿਕਤਾ ਨੂੰ ਪ੍ਰਵਾਨ ਨਹੀਂ ਕਰਦਾ। ਭਾਵੇਂ ਕੁਰਾਨ ਸ਼ਰੀਫ਼ ਵਿਚ ਅਜਿਹਾ ਕਰਨ ਖ਼ਿਲਾਫ਼ ਕੁਝ ਨਹੀਂ ਲਿਖਿਆ ਹੋਇਆ ਅਤੇ ਇਹ ਪਾਵਨ ਗ੍ਰੰਥ ਤਾਂ ਕਿਸੇ 'ਤੇ ਜ਼ਬਰਦਸਤੀ ਠੋਸੇ ਜਾਣ ਦਾ ਵਿਰੋਧ ਕਰਦਾ ਹੈ, ਪਰ ਧਰਮ ਪ੍ਰਚਾਰਕਾਂ ਨੇ ਇਸ ਨੂੰ 'ਗੁਨਾਹ' ਐਲਾਨਿਆ ਹੋਇਆ ਹੈ। ਕੁਝ ਇਸਲਾਮੀ ਮੁਲਕਾਂ ਵਿਚ ਇਸਲਾਮ ਤਿਆਗਣ ਵਾਲਿਆਂ ਲਈ ਮੌਤ ਦੀ ਸਜ਼ਾ ਦੀ ਵਿਵਸਥਾ ਹੈ। ਬਹੁਤੇ ਇਸਲਾਮੀ ਮੁਲਕ ਮਨੁੱਖੀ ਹੱਕਾਂ ਬਾਰੇ ਆਲਮੀ ਐਲਾਨਨਾਮੇ ਦਾ ਵਿਰੋਧ ਕਰਦੇ ਹਨ, ਕਿਉਂਕਿ ਇਸ ਐਲਾਨਨਾਮੇ ਨੂੰ ਪ੍ਰਵਾਨ ਕੀਤੇ ਜਾਣ ਨਾਲ ਕਿਸੇ ਨੂੰ ਵੀ ਆਪਣਾ ਧਰਮ ਬਦਲਣ ਦੀ ਆਜ਼ਾਦੀ ਮਿਲਦੀ ਹੈ। ਅਜਿਹਾ ਪਿਛੋਕੜ ਹੋਣ ਦੇ ਬਾਵਜੂਦ ਧਰਮ ਤਿਆਗਣ ਦਾ ਰੁਝਾਨ ਹੋਣਾ ਬਹੁਤ ਮਹੱਤਵਪੂਰਨ ਹੈ।

ਇਕ ਪਾਸੇ, ਬਹੁਤ ਸਾਰੇ ਵਿਵਾਦਾਂ ਦੇ ਬਾਵਜੂਦ ਇਸਲਾਮ ਅੱਜ ਵੀ ਸਭ ਤੋਂ ਵੱਧ ਫੈਲ ਰਿਹਾ ਧਰਮ ਹੈ ਅਤੇ ਪੂਰੇ ਸੰਸਾਰ ਅੰਦਰ ਇਸ ਨੂੰ ਮੰਨਣ ਵਾਲਿਆਂ ਦੀ ਗਿਣਤੀ ਲਗਪਗ 1.6 ਅਰਬ ਹੋ ਚੱਕੀ ਹੈ। ਇਹ ਗਿਣਤੀ ਰੋਜ਼ਾਨਾ ਵਧ ਰਹੀ ਹੈ ਪਰ ਦੂਜੇ ਪਾਸੇ ਇਸ ਧਰਮ ਨੂੰ ਤਿਆਗਣ ਵਾਲੇ ਵੀ ਵਧ ਰਹੇ ਹਨ। ਤਿਆਗਣ ਵਾਲੇ ਜ਼ਿਆਦਾਤਰ ਨੌਜਵਾਨ ਤੇ ਮਹਿਲਾਵਾਂ ਹਨ ਜਿਨ੍ਹਾਂ ਨੂੰ ਦਮਨ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰਤਾਨਵੀ ਅਕਾਦਮੀਸ਼ਨ ਸਾਈਮਨ ਕੋਟੀ ਨੇ ਬਹੁਤ ਸਾਰੇ ਸਾਬਕਾ ਮੁਸਲਮਾਨਾਂ 'ਤੇ ਆਧਾਰਿਤ ਕਹਾਣੀਆਂ ਦੀ 'ਦਿ ਅਪੋਸਟੇਟ: ਵ੍ਹੈੱਨ ਮੁਸਲਿਮਜ਼ ਲੀਵ ਇਸਲਾਮ' ਪੁਸਤਕ ਲਿਖੀ ਹੈ। ਹਰ ਮਾਮਲੇ ਵਿਚ ਧਰਮ ਨੂੰ ਬੇਦਾਵਾ ਦੇਣ ਦੇ ਕਾਰਨ ਵੱਖ ਵੱਖ ਹਨ ਜਿਵੇਂ ਇਸਲਾਮ ਦੇ ਨਾਂ 'ਤੇ ਧਾਰਮਿਕ ਕੱਟੜਤਾ, ਦਮਨ, ਹਿੰਸਾ ਆਦਿ। ਪਾਕਿਸਤਾਨ, ਇਰਾਨ ਤੇ ਸੂਡਾਨ ਵਰਗੇ ਰੂੜ੍ਹੀਵਾਦੀ ਦੇਸ਼, ਜਿਥੇ ਧਰਮ-ਵਿਮੁੱਖਤਾ ਵਿਰੋਧੀ ਸ਼ਾਸਨ ਹਨ, ਵੀ ਧਰਮ ਤਿਆਗਣ ਦੇ ਮਾਮਲੇ ਵਿਚ ਪਿੱਛੇ ਨਹੀਂ ਹਨ। ਦੋ ਸਾਲ ਪਹਿਲਾਂ ਇਕ ਅਮਰੀਕੀ ਰਸਾਲੇ ਵਿਚ ਸਾਊਦੀ ਅਰਬ ਅੰਦਰ ਵੀ ਮੁਸਲਮਾਨਾਂ ਤੋਂ ਨਾਸਤਿਕ ਬਣਨ ਦੇ ਮਾਮਲੇ ਸਾਹਮਣੇ ਲਿਆਂਦੇ ਗਏ ਸਨ। ਮੁਸਲਿਮ ਧਰਮ ਤਿਆਗਣ ਵਾਲਿਆਂ ਦੇ ਅੰਕੜੇ ਅੱਖਾਂ ਖੋਲ੍ਹਣ ਵਾਲੇ ਸਨ। ਕੁਝ ਦੇਸ਼ਾਂ ਅੰਦਰ ਅਜਿਹੇ ਲੋਕਾਂ ਦੀ ਗਿਣਤੀ ਸੈਂਕੜਿਆਂ ਵਿਚ ਨਹੀਂ, ਹਜ਼ਾਰਾਂ ਵਿਚ ਸੀ। ਇਸ ਰਸਾਲੇ ਦਾ ਦਾਅਵਾ ਸੀ ਕਿ ਨਾਸਤਿਕ-ਵਿਗਿਆਨੀ ਰਿਚਰਡ ਡਾਕਿਨ ਦੀ ਪੁਸਤਕ 'ਗੌਡ ਡੈੱਲੂਸ਼ਨ' ਸਭ ਤੋਂ ਵੱਧ ਮੱਧ ਪੂਰਬ, ਖ਼ਾਸ ਕਰ ਕੇ ਸਾਊਦੀ ਅਰਬ ਵਿਚ ਡਾਊਨਲੋਡ ਕੀਤੀ ਗਈ। ਇਸ ਦਾ ਹੁਣ ਅਰਬੀ ਵਿਚ ਅਨੁਵਾਦ ਕੀਤਾ ਜਾ ਰਿਹਾ ਹੈ ਅਤੇ ਇਹ ਅਰਬ ਦੇ ਪਾਠਕਾਂ ਨੂੰ ਮੁਫ਼ਤ ਮੁਹੱਈਆ ਕਰਵਾਉਣ ਦੀ ਯੋਜਨਾ ਹੈ।

ਸਾਬਕਾ ਮੁਸਲਮਾਨਾਂ ਦੀ ਗਿਣਤੀ ਕਿੰਨੀ ਹੈ, ਇਸ ਦਾ ਸ਼ਾਇਦ ਕਦੇ ਨਾ ਪਤਾ ਲੱਗ ਸਕੇ, ਕਿਉਂਕਿ ਬਹੁਤ ਸਾਰੇ ਆਪਣੇ ਬਾਰੇ ਸੁਰਾਗ਼ ਲੱਗਣ ਤੋਂ ਬਚ ਕੇ ਰਹਿਣਾ ਚਾਹੁੰਦੇ ਹਨ। ਜਿਹੜੇ ਆਪਣੇ ਆਪ ਇਸਲਾਮ ਤਿਆਗ ਗਏ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੀ ਜਾਨ ਤੇ ਪਰਿਵਾਰਾਂ ਦੀ ਸੁਰੱਖਿਆ ਲਈ ਹਮੇਸ਼ਾ ਖ਼ਤਰਾ ਮਹਿਸੂਸ ਹੁੰਦਾ ਰਹਿੰਦਾ ਹੈ। ਪਾਕਿਸਤਾਨ ਵਿਚ ਕੱਟੜ ਮੁਲਾਣਿਆਂ ਨੇ ਧਰਮ ਤਿਆਗਣ ਵਾਲਿਆਂ ਦੇ ਘਰ ਸਾੜ ਦੇਣ ਦਾ ਸੱਦਾ ਦਿੱਤਾ ਸੀ। ਉਹ ਵੱਖ ਵੱਖ ਦੇਸ਼ਾਂ ਵਿਚ ਫੈਲੇ 'ਐਕਸ ਮੁਸਲਿਮਜ਼' ਤੇ 'ਮੁਸਲਿਮ-ਇਸ਼' ਨਾਮੀ ਸੰਗਠਨਾਂ ਰਾਹੀਂ ਆਪਣਾ ਕੰਮਕਾਜ ਚਲਾ ਰਹੇ ਹਨ। ਆਕਸਫੋਰਡ ਯੂਨੀਵਰਸਿਟੀ ਦੇ ਅਕਾਦਮੀਸ਼ਨ ਫੈਸਲ ਦੇਵਜੀ ਦਾ ਕਹਿਣਾ ਹੈ ਕਿ ਆਪਣੇ ਮੁਸਲਿਮ ਨਾਂ ਜਾਰੀ ਰੱਖ ਕੇ, ਸਾਬਕਾ ਮੁਸਲਮਾਨ ਆਪਣੇ ਬੇਦਾਵੇ ਦੀ ਧਰਮ ਸ਼ਾਸਤਰ ਸਬੰਧੀ ਕਿਰਦਾਰ ਦੀ ਪਛਾਣ ਬਣਾਈ ਰੱਖ ਰਹੇ ਹਨ। ਉਨ੍ਹਾਂ 'ਦਿ ਨਿਊਯਾਰਕ ਟਾਈਮਜ਼' ਵਿਚ ਲਿਖਿਆ, "ਪੂਰਬੀ ਅਫ਼ਰੀਕਾ ਦੇ ਮੁਸਲਮਾਨਾਂ, ਜਿਨ੍ਹਾਂ ਵਿਚ ਮੈਂ ਜੰਮਿਆ-ਪਲਿਆ ਤੇ ਵੱਡਾ ਹੋਇਆ ਅਤੇ ਬਹੁਤ ਸਾਰੇ ਉਹ ਜਿਹੜੇ ਨਮਾਜ਼ ਪੜ੍ਹਨ ਤੇ ਰੋਜ਼ੇ ਰੱਖਣ ਤੋਂ ਇਨਕਾਰੀ ਸਨ ਅਤੇ ਧਰਮ ਦੇ ਖੁੱਲ੍ਹ ਕੇ ਆਲੋਚਕ ਰਹੇ, ਉਹ ਕਦੇ ਵੀ ਇਸਲਾਮ ਤੋਂ ਭੱਜ ਨਾ ਸਕੇ ਅਤੇ ਨਾ ਹੀ ਆਪਣੀ ਨਵੀਂ ਪਛਾਣ 'ਨਾਸਤਿਕ' ਐਲਾਨ ਸਕੇ। ਉਹ ਧਰਮ ਸ਼ਾਸਤਰ ਵਿਆਖਿਆ ਵਿਚ ਉਲਝ ਕੇ ਰਹਿ ਗਏ।

ਉਘੀ ਸਾਬਕਾ ਮੁਸਲਮਾਨ ਮਰੀਅਮ ਨਮਾਜ਼ੀ ਨੇ ਇਸ ਨਵੇਂ ਰੁਝਾਨ ਨੂੰ 'ਟਿਕ ਟਿਕ ਕਰਦਾ ਬੰਬ' ਨਾਂ ਦਿੱਤਾ ਹੈ। ਨਵੀਂ ਪੜ੍ਹੀ-ਲਿਖੀ ਮੁਸਲਮਾਨ ਪੀੜ੍ਹੀ ਕੁਰਾਨ ਸ਼ਰੀਫ਼ ਦੀਆਂ ਵਿਵਾਦ ਪੈਦਾ ਕਰਨ ਵਾਲੀਆਂ ਵਿਆਖਿਆਵਾਂ ਅਤੇ ਇਸਲਾਮ ਕੀ ਸੰਦੇਸ਼ ਦਿੰਦਾ ਹੈ ਤੇ ਇਸ ਨੂੰ ਕਿਸ ਤਰ੍ਹਾਂ ਅਮਲ ਵਿਚ ਲਿਆਂਦਾ ਜਾ ਰਿਹਾ ਹੈ, ਵਿਚਕਾਰਲੇ ਖੱਪੇ ਕਾਰਨ ਭੰਬਲਭੂਸੇ ਵਿਚ ਹੈ। ਉਹ ਆਪਣੇ ਧਰਮ ਦੇ ਬੁਨਿਆਦੀ ਤੱਤਾਂ ਬਾਰੇ ਸਵਾਲ ਕਰਦੇ ਹਨ। ਉਨ੍ਹਾਂ ਅੰਦਰ ਪਹਿਲਾਂ ਇਹ ਵਿਸ਼ਵਾਸ ਭਰਿਆ ਗਿਆ ਸੀ ਕਿ ਇਸਲਾਮ ਹਰ ਪੱਖੋਂ ਮੁਕੰਮਲ ਤੇ ਪੁਰਅਮਨ ਧਰਮ ਹੈ ਪਰ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀ ਆਪਣੀ ਜ਼ਿੰਦਗੀ ਦਾ ਇਸਲਾਮ ਸਬੰਧੀ ਤਜਰਬਾ ਵੱਖਰਾ ਹੈ। ਤੁਰਕਿਸ਼ ਲੇਖਕ ਮੁਸਤਫਾ ਅਯੋਕਲ ਆਪਣੀ ਪੁਸਤਕ 'ਇਸਲਾਮ ਵਿਦਆਊਟ ਐਕਸਟਰੀਮਜ਼: ਏ ਮੁਸਲਿਮ ਕੇਸ ਫਾਰ ਲਿਬਰਟੀ' ਵਿਚ ਸਵਾਲ ਉਠਾਉਂਦਾ ਲਿਖਦਾ ਹੈ, "ਮੇਰੇ ਧਰਮ ਦੇ ਲੱਖਾਂ ਲੋਕਾਂ ਨੂੰ ਇਹ ਸਵਾਲ ਵਾਰ-ਵਾਰ ਸਤਾਉਂਦਾ ਹੈ ਕਿ ਕੀ ਇਸਲਾਮ ਜਬਰੀ ਠੋਸੇ ਜਾਣ ਤੇ ਦਮਨ ਕਰਨ ਵਾਲਾ ਧਰਮ ਹੈ? ਜਾਂ ਖੁੱਲ੍ਹੇਪਣ ਦੇ ਵਿਚਾਰ ਦੇ ਅਨੁਕੂਲ?"




***ਅਸਲ ਕਹਾਣੀ ਇਹ ਨਹੀਂ ਕਿ ਧਰਮ ਤਿਆਗਣ ਦੀ ਬਦਨਾਮੀ ਨੂੰ ਇਸਲਾਮ ਵਿਚ ਜਗ੍ਹਾ ਮਿਲ ਜਾਂਦੀ ਹੈ, ਸਗੋਂ ਇਹ ਹੈ ਕਿ ਅਜਿਹਾ ਕਰਨ 'ਚ ਬਹੁਤ ਜੋਖਮ ਹੋਣ ਦੇ ਬਾਵਜੂਦ ਇਹ ਰੁਝਾਨ ਵਧ ਰਿਹਾ ਹੈ। ਇਹ ਰੁਝਾਨ ਸਿਰਫ ਪੱਛਮੀ ਦੇਸ਼ਾਂ ਦੇ ਮੁਸਲਮਾਨਾਂ ਵਿਚ ਹੀ ਨਹੀਂ, ਸਾਰੇ ਧਰਮਾਂ ਵਿਚ ਹੈ, ਪਰ ਇਸਲਾਮ ਖਾਸ ਤੌਰ 'ਤੇ ਅਜਿਹੀ ਨਾਸਤਿਕਤਾ ਨੂੰ ਪ੍ਰਵਾਨ ਨਹੀਂ ਕਰਦਾ। ਭਾਵੇਂ ਕੁਰਾਨ ਸ਼ਰੀਫ਼ ਵਿਚ ਅਜਿਹਾ ਕਰਨ ਖਿਲਾਫ ਕੁਝ ਨਹੀਂ ਲਿਖਿਆ ਹੋਇਆ ਅਤੇ ਇਹ ਪਾਵਨ ਗ੍ਰੰਥ ਤਾਂ ਕਿਸੇ 'ਤੇ ਜ਼ਬਰਦਸਤੀ ਠੋਸੇ ਜਾਣ ਦਾ ਵਿਰੋਧ ਕਰਦਾ ਹੈ ਪਰ ਧਰਮ ਪ੍ਰਚਾਰਕਾਂ ਨੇ ਇਸ ਨੂੰ 'ਗੁਨਾਹ' ਐਲਾਨਿਆ ਹੋਇਆ ਹੈ।***

ਇਹ ਪਹਿਲੀ ਵਾਰ ਹੈ ਕਿ ਬਿਰਤਾਂਤ ਇਹ ਹੈ ਕਿ ਇਹ ਇਸਲਾਮ ਨਹੀਂ, ਬਲਕਿ ਇਸ ਦੀ ਵਾਰ ਵਾਰ ਕੀਤੀ ਜਾ ਰਹੀ ਗ਼ਲਤ ਵਿਆਖਿਆ ਹੈ, ਜਿਸ ਰਾਹੀਂ ਸਮੱਸਿਆ ਉਪਰ ਸਵਾਲ ਉਠਾਇਆ ਗਿਆ ਹੈ। ਸਾਬਕਾ ਮੁਸਲਮਾਨਾਂ ਅਨੁਸਾਰ, ਇਸਲਾਮ ਇਸ ਦੋਸ਼ ਤੋਂ ਪੂਰੀ ਤਰ੍ਹਾਂ ਬਚ ਨਹੀਂ ਸਕਦਾ ਕਿ ਇਸ ਦੇ ਨਾਮ ਉਪਰ ਕੀ ਕੀਤਾ ਗਿਆ ਹੈ: ਜਹਾਦੀ ਗਰੁੱਪਾਂ ਵੱਲੋਂ ਆਪਣੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ ਗਾਈਆਂ ਗਈਆਂ ਤੁਕਾਂ ਕਾਇਮ ਹਨ ਅਤੇ ਉਨ੍ਹਾਂ ਨੂੰ ਕੱਢ ਦੇਣ ਜਾਂ ਪ੍ਰਸੰਗਿਕਤਾ ਵਾਸਤੇ ਯਤਨ ਨਹੀਂ ਕੀਤੇ ਗਏ, ਤਰਕ ਇਹ ਦਿੱਤੇ ਜਾ ਰਹੇ ਹਨ ਕਿ ਅੱਲ੍ਹਾ ਦੀਆਂ ਤੁਕਾਂ 'ਅਪਰਿਵਰਤਨਸ਼ੀਲ' ਹਨ। ਇਸਲਾਮ ਤਿਆਗਣ ਤੋਂ ਪਹਿਲਾਂ ਬਹੁਤ ਸਾਰੇ ਬੇਦਾਵਾ ਦੇਣ ਵਾਲਿਆਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਆਪਣੇ ਸ਼ੰਕੇ ਨਵਿਰਤ ਕਰਨ ਲਈ ਸੰਜੀਦਾ ਯਤਨ ਕੀਤੇ। ਇਸਲਾਮ ਤਿਆਗਣ ਦਾ ਫ਼ੈਸਲਾ ਉਨ੍ਹਾਂ ਨੇ ਉਸ ਸਮੇਂ ਲਿਆ ਜਦੋਂ ਉਨ੍ਹਾਂ ਨੇ ਆਜ਼ਾਦਾਨਾ ਤੌਰ 'ਤੇ ਲਿਖਤਾਂ ਪੜ੍ਹੀਆਂ ਤੇ ਇਸ ਨਿਰਣੇ ਉਪਰ ਪਹੁੰਚੇ ਕਿ ਉਹ ਇਮਾਨਦਾਰੀ ਨਾਲ ਆਪਣੇ ਧਰਮ ਵਿਸ਼ਵਾਸ ਨੂੰ ਹੋਰ ਅੱਗੇ ਨਹੀਂ ਵਧਾ ਸਕਦੇ ਤੇ ਉਹ ਉਸ ਵਿਚੋਂ ਬਾਹਰ ਹੋ ਗਏ।

ਅਮਰੀਕਾ ਵਿਚ ਰਹਿੰਦਾ ਪਾਕਿਸਤਾਨੀ ਲੇਖਕ ਅਲੀ ਏ. ਰਿਜ਼ਵੀ ਆਪਣੀ ਨਵੀਂ ਪੁਸਤਕ 'ਦਿ ਏਥੇਇਸਟ ਮੁਸਲਿਮ: ਏ ਜਰਨੀ ਫਰੌਮ ਰਿਲੀਜਨ ਟੂ ਰੀਜਨ' ਵਿਚ ਲਿਖਦਾ ਹੈ ਕਿ ਉਹ ਆਪਣੇ ਸ਼ੰਕੇ ਨਵਿਰਤ ਕਰਨ ਲਈ ਇਨ੍ਹਾਂ ਨਾਲ ਕਈ ਵਰ੍ਹੇ ਕਿਵੇਂ ਜੂਝਦਾ ਰਿਹਾ ਤੇ ਆਖ਼ਿਰ ਉਸ ਦਾ ਧਾਰਮਿਕ ਵਿਸ਼ਵਾਸ ਟੁੱਟ ਗਿਆ। ਪਾਕਿਸਤਾਨੀ ਡਿਪਲੋਮੈਟ ਦੇ ਪੁੱਤਰ ਰਿਜ਼ਵੀ ਨੇ ਸਾਊਦੀ ਅਰਬ ਸਮੇਤ ਕਈ ਇਸਲਾਮਿਕ ਦੇਸ਼ਾਂ ਵਿਚ ਆਪਣੀ ਜਵਾਨੀ ਦੇ ਕਈ ਵਰ੍ਹੇ ਬਿਤਾਏ। ਉਸ ਨੂੰ ਆਪਣੇ ਖੁੱਲ੍ਹੇ ਖਿਆਲੀ ਉਚ ਮੱਧਵਰਗੀ ਮਾਪਿਆਂ ਵੱਲੋਂ ਸਿਖਾਏ ਕਿਰਪਾਲੂ ਇਸਲਾਮ ਅਤੇ ਇਸ ਦੇ ਅਮਲੀ ਰੂਪ ਕਾਰਨ ਆਪਣੀ ਜੰਮਣ ਭੌਂ ਉਪਰ ਮਿਲੀ ਨਫ਼ਰਤ ਤੇ ਪੱਖਪਾਤ ਦੇ ਪਾੜੇ ਨੂੰ ਹੰਢਾਉਣਾ ਪਿਆ।

ਇਕ ਨੌਜਵਾਨ ਅਮਰੀਕਨ ਮੁਸਲਿਮ ਮਹਿਲਾ ਨੇ ਹਿਜਾਬ ਪਹਿਨਣ ਤੋਂ ਨਾਸਤਿਕ ਬਣਨ ਦੇ ਸਫ਼ਰ ਨੂੰ ਬਹੁਤ ਬਰੀਕੀ ਨਾਲ ਵਰਨਣ ਕੀਤਾ ਹੈ, "ਹੌਲੀ ਹੌਲੀ ਖੁਰ ਰਹੀ ਮੇਰੀ ਮੁਸਲਿਮ ਪਛਾਣ।" ਉਸ ਨੇ ਔਨਲਾਈਨ ਰਸਾਲੇ 'ਦਿ ਐਕਸ-ਮੁਸਲਿਮਸ' ਵਿਚ ਲਿਖਿਆ ਹੈ, "ਇਸਲਾਮ ਮੇਰੀ ਹੋਂਦ ਸੀ... ਮੇਰੀ ਸ਼ਰਧਾ ਮੈਨੂੰ ਅਜਿਹੇ ਜੀਵਨ ਵੱਲ ਲਿਜਾ ਰਹੀ ਸੀ ਕਿ ਅੱਲ੍ਹਾ ਖ਼ੁਸ਼ ਹੋਵੇਗਾ। ਮੈਨੂੰ ਇਸਲਾਮ ਨਾਲ ਮਾਯੂਸੀਆਂ ਦੇ ਭੇਤ ਨੂੰ ਛੁਪਾਉਂਦਿਆਂ ਸ਼ਰਮਿੰਦਗੀ ਮਹਿਸੂਸ ਹੋਈ ਤੇ ਮੈਂ ਇਸ ਨਾਲ ਇਕਸੁਰ ਨਹੀਂ ਹੋ ਸਕੀ।"

ਇਹ ਮੰਨਦਿਆਂ ਕਿ ਹਰ ਸਾਬਕਾ ਮੁਸਲਮਾਨ ਵੱਲੋਂ ਲਾਏ ਦੋਸ਼ਾਂ ਜਾਂ ਵਰਤਾਰੇ ਦਾ ਅਸਲ ਪੈਮਾਨਾ ਕੀ ਹੈ, ਨੂੰ ਤਸਦੀਕ ਕਰਨ ਦਾ ਕੋਈ ਤਰੀਕਾ ਨਹੀਂ, ਪਰ ਇਸ ਅਤਿਕਥਨੀ ਨੂੰ ਜੇ ਮੰਨ ਲਿਆ ਜਾਏ ਤਾਂ ਬਹੁਤੀ ਸੁੰਦਰ ਤਸਵੀਰ ਨਹੀਂ ਉਭਰਦੀ। ਅਤਿਵਾਦੀਆਂ ਨੂੰ ਆਕਰਸ਼ਿਤ ਕਰਨਾ ਅਤੇ ਪੜ੍ਹੇ-ਲਿਖੇ ਤੇ ਉਦਾਰਵਾਦੀ ਸ਼ਰਧਾਲੂਆਂ ਨੂੰ ਗਵਾਉਣਾ, ਪਹਿਲਾਂ ਹੀ ਗੰਭੀਰ ਸੰਕਟਾਂ ਦਾ ਸਾਹਮਣਾ ਕਰ ਰਹੇ ਇਸਲਾਮ ਲਈ ਹੋਰ ਭੜਕਾਉਣ ਵਾਲੀ ਚਿਤਾਵਨੀ ਹੈ ਅਤੇ ਇਹ ਵੀ ਉਸ ਸਮੇਂ ਜਦੋਂ ਇਸ ਗਿਰਾਵਟ ਨੂੰ ਰੋਕਣ ਲਈ ਸੰਜੀਦਾ ਯਤਨ ਨਾ ਕੀਤੇ ਜਾ ਰਹੇ ਹੋਣ।

# ਪਾਕਿਸਤਾਨ ਦਾ ਆਰਥਕ ਸੰਕਟ

ਲੰਘੇ ਚਾਰ ਮਹੀਨਿਆਂ ਵਿਚ ਪਾਕਿਸਤਾਨੀ ਰੁਪਏ ਦੀ ਦੂਜੀ ਅਣਐਲਾਨੀ ਮੁੱਲ-ਘਟਾਈ ਇਸ ਗੱਲ ਦਾ ਸਪਸ਼ਟ ਸੰਕੇਤ ਹੈ ਕਿ ਪਾਕਿਸਤਾਨ ਦੀ ਆਰਥਿਕਤਾ ਬੜੇ ਔਖੇ ਦੌਰ ਵਿਚੋਂ ਗੁਜ਼ਰ ਰਹੀ ਹੈ। ਹੈਰਾਨੀ ਵਾਲੀ ਕੋਈ ਗੱਲ ਨਹੀਂ ਕਿ ਆਰਥਿਕ ਮਾਹਿਰ ਭਵਿਖਬਾਣੀ ਕਰ ਰਹੇ ਹਨ ਕਿ ਇਸਲਾਮਾਬਾਦ ਨੂੰ ਛੇਤੀ ਹੀ ਇਕ ਹੋਰ 'ਬੇਲ ਆਊਟ ਪੈਕੇਜ' ਲਈ ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਕੋਲ ਗੁਹਾਰ ਲਾਉਣੀ ਪਵੇਗੀ। ਸਾਬਕਾ ਵਿੱਤ ਮੰਤਰੀ ਹਾਫ਼ੀਜ਼ ਪਾਸ਼ਾ ਨੇ

ਆਰਿਫ ਨਿਜ਼ਾਮੀ

ਕੁਝ ਮਹੀਨੇ ਪਹਿਲਾਂ ਸੈਮੀਨਾਰ ਵਿਚ ਪੇਸ਼ੀਨਗੋਈ ਕੀਤੀ ਸੀ ਕਿ ਸਤੰਬਰ ਮਹੀਨੇ ਤੱਕ ਸਰਕਾਰ ਕੋਲ ਵਿਦੇਸ਼ੀ ਕਰੰਸੀ ਖ਼ਤਮ ਹੋ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਆਈ.ਐਮ.ਐਫ. ਨਾਲ ਇਕ ਹੋਰ ਸਖ਼ਤ ਸ਼ਰਤਾਂ ਵਾਲੇ 'ਬੇਲ ਆਊਟ' ਲਈ ਗੱਲਬਾਤ ਕਰਨੀ ਪਵੇਗੀ।

ਵਿੱਤੀ ਵਰ੍ਹੇ 2018 ਦੇ ਪਹਿਲੇ ਅੱਠ ਮਹੀਨਿਆਂ (ਜੁਲਾਈ ਤੋਂ ਫਰਵਰੀ) ਵਿਚ ਚਾਲੂ ਵਿੱਤੀ ਘਾਟਾ ਵਧ ਕੇ 12.4 ਅਰਬ ਡਾਲਰ ਤੱਕ ਪੁੱਜ ਗਿਆ। ਜੂਨ 2017 ਵਿਚ ਖ਼ਤਮ ਹੋਏ ਵਿੱਤੀ ਵਰ੍ਹੇ ਦੇ ਅੰਤ ਤੱਕ ਇਹ 10.82 ਅਰਬ ਡਾਲਰ ਸੀ ਅਤੇ ਵਿੱਤੀ ਵਰ੍ਹੇ 2016 ਵਿਚ ਇਹ ਸਿਰਫ 4.86 ਅਰਬ ਡਾਲਰ ਸੀ। ਇਸ ਵਿੱਤੀ ਵਰ੍ਹੇ ਦੇ ਅੰਤ ਤੱਕ ਇਹ ਘਾਟਾ 15.7 ਅਰਬ ਡਾਲਰ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ। ਇਸ ਘਾਟੇ ਨੇ ਅਤੇ ਵਿਦੇਸ਼ੀ ਮੁਦਰਾ ਦੇ ਘਟਦੇ ਭੰਡਾਰ ਨੇ ਸਰਕਾਰ ਨੂੰ ਰੁਪਏ ਦਾ ਮੁੱਲ ਡਿੱਗਣ ਦੇਣ ਲਈ ਮਜਬੂਰ ਕਰ ਦਿੱਤਾ ਹੈ। ਅਤੀਤ ਦੇ ਉਲਟ ਹੁਣ ਸਟੇਟ ਬੈਂਕ ਇਸ ਸਥਿਤੀ ਵਿਚ ਨਹੀਂ ਹੈ ਕਿ ਬਾਜ਼ਾਰ ਵਿਚ ਅਮਰੀਕੀ ਡਾਲਰ ਸੁੱਟ ਕੇ ਰੁਪਏ ਨੂੰ ਬਨਾਉਟੀ ਢੰਗ ਨਾਲ ਸਥਿਰ ਕਰ ਲਵੇ।

ਸੋ, ਸਥਿਰ ਅਤੇ ਗਤੀਸ਼ੀਲ ਪਾਕਿਸਤਾਨੀ ਆਰਥਿਕਤਾ ਦੀ ਜੋ ਮਿੱਥ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਸਾਥੀ ਵਿੱਤ ਮੰਤਰੀ ਇਸਹਾਕ ਡਾਰ ਵਲੋਂ ਜੁਗਾੜੀ ਆਰਥਿਕ ਸਿਧਾਂਤਾਂ ਦੀ ਖੁਰਾਕ ਨਾਲ ਆਮ ਲੋਕਾਂ ਦੇ ਸਾਹਮਣੇ ਸਿਰਜੀ ਗਈ ਸੀ, ਉਹ ਹੁਣ ਢਹਿ-ਢੇਰੀ ਹੋ ਚੁੱਕੀ ਹੈ। ਉਹ ਦੋਵੇਂ ਤਾਂ ਹੁਣ ਸੱਤਾ ਤੋਂ ਬਾਹਰ ਹਨ ਪਰ ਉਨ੍ਹਾਂ ਦੀਆਂ ਨੀਤੀਆਂ ਦੇ ਮਾੜੇ ਪ੍ਰਭਾਵ ਲੰਮੇ ਸਮੇਂ ਤੱਕ ਪਾਕਿਸਤਾਨੀ ਆਰਥਿਕਤਾ ਨੂੰ ਸਤਾਉਂਦੇ ਰਹਿਣਗੇ। ਉਚੀਆਂ ਉਤਪਾਦਨ ਲਾਗਤਾਂ ਅਤੇ ਰੁਪਏ ਦੀ ਉਚੀ ਕੀਮਤ ਕਾਰਨ ਬਰਾਮਦਾਂ ਵਿਚ ਆਈ ਗਿਰਾਵਟ ਕਾਰਨ ਸ਼ਰੀਫ਼ ਦੇ ਚਾਰ ਸਾਲਾਂ ਦੇ ਕਾਰਜਕਾਲ ਵਿਚ ਹਰ ਸਾਲ 5 ਅਰਬ ਡਾਲਰ ਦਾ ਨੁਕਸਾਨ ਹੁੰਦਾ ਰਿਹਾ।

ਨਿਭਣਯੋਗਤਾ ਦੀ ਘਾਟ ਕਰ ਕੇ 120 ਕੱਪੜਾ ਮਿੱਲਾਂ (ਪਾਕਿਸਤਾਨ ਦੀ ਹੌਜ਼ਰੀ ਸਮਰੱਥਾ ਦਾ 33 ਫ਼ੀਸਦੀ ਹਿੱਸਾ) ਬੰਦ ਹੋ ਗਈਆਂ। ਇਸ ਸਮੇਂ ਦੌਰਾਨ ਇਸ ਖੇਤਰ ਵਿਚ 20 ਲੱਖ ਨੌਕਰੀਆਂ ਵੀ ਖ਼ਤਮ ਹੋ ਗਈਆਂ। ਅਜਿਹੀਆਂ ਨੁਕਸਾਨ ਭਰੀਆਂ ਨੀਤੀਆਂ ਕਰ ਕੇ ਬਰਾਮਦਾਂ ਦਾ ਖੜੋਤ ਵਿਚ ਆ ਜਾਣਾ ਸੁਭਾਵਿਕ ਸੀ।

ਮੰਨਣਾ ਪਵੇਗਾ ਕਿ ਸਮੁੱਚੇ ਘਰੇਲੂ ਉਤਪਾਦਨ (ਜੀ.ਡੀ.ਪੀ.) ਦੀ ਦਰ ਲਗਾਤਾਰ ਵਧ ਰਹੀ ਹੈ ਪਰ ਇਸ ਵਰ੍ਹੇ ਵਿਕਾਸ ਦਰ 5.1 ਫ਼ੀਸਦੀ ਹੀ ਰਹਿਣ ਦਾ ਅਨੁਮਾਨ ਹੈ, ਨਾ ਕਿ 6 ਫ਼ੀਸਦੀ, ਜਿਵੇਂ ਪਹਿਲਾਂ ਅੰਦਾਜ਼ਾ ਲਾਇਆ ਗਿਆ ਸੀ। ਇਤਿਹਾਸ ਦੱਸਦਾ ਹੈ ਕਿ ਸੱਤਾਧਾਰੀ ਉਚ ਵਰਗ ਦਾ ਘੁਮੰਡੀ ਅਤੇ ਖ਼ੁਦ ਨੂੰ ਸਹੀ ਠਹਿਰਾਉਣ ਵਾਲਾ ਰਵੱਈਆ ਲਗਾਤਾਰ ਸਾਡੀਆਂ ਆਰਥਿਕ ਨੀਤੀਆਂ ਨੂੰ ਉਲਟ ਰੁਖ਼ ਪ੍ਰਭਾਵਿਤ ਕਰਦਾ ਰਿਹਾ ਹੈ। ਆਈ.ਐਮ.ਐਫ. ਤੋਂ ਕਈ 'ਬੇਲ ਆਊਟ ਪੈਕੇਜ' ਲੈਣ ਤੋਂ ਬਾਅਦ ਵੀ ਸਮੇਂ ਸਮੇਂ ਦੀਆਂ ਪਾਕਿਸਤਾਨੀ ਸਰਕਾਰਾਂ ਆਪਣੀ ਤੇਜ਼ੀ ਨਾਲ ਵਧ ਰਹੀ ਆਬਾਦੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਿਚ ਅਸਫ਼ਲ ਰਹੀਆਂ ਹਨ।

ਸਮੁੱਚੇ ਘਰੇਲੂ ਉਤਪਾਦਨ ਅਤੇ ਕਰਾਂ ਦੇ ਅਨੁਪਾਤ ਦੀ ਦਰ ਲਗਾਤਾਰ ਬੇਹੱਦ ਘੱਟ ਹੈ, ਕਿਉਂਕਿ ਸਰਕਾਰਾਂ ਉਨ੍ਹਾਂ ਲੋਕਾਂ 'ਤੇ ਟੈਕਸ ਲਾਉਣ ਲਈ ਲੋੜੀਂਦੀ ਸਿਆਸੀ ਇੱਛਾ ਸ਼ਕਤੀ ਦਾ ਮੁਜ਼ਾਹਰਾ ਨਹੀਂ ਕਰ ਸਕੀਆਂ ਜੋ ਟੈਕਸ ਅਦਾ ਕਰ ਸਕਦੇ ਹਨ। ਬਸ ਇਸ ਇਕੋ ਤੱਥ ਤੋਂ ਥੋੜ੍ਹੀ ਜਿਹੀ ਰਾਹਤ ਮਿਲਦੀ ਹੈ ਕਿ ਸਾਰੇ ਨਿਘਾਰ ਦੇ ਬਾਵਜੂਦ ਖਪਤਕਾਰਾਂ ਦਾ ਭਰੋਸਾ ਉਚੇ ਪੱਧਰ 'ਤੇ ਹੈ। ਬਿਜਲੀ ਖੇਤਰ ਵਿਚਲੇ ਵੱਡੇ ਵਿਕਾਸ ਅਤੇ ਮੈਟਰੋ ਟਰੇਨਾਂ, ਹਾਈਵੇਅਜ਼ ਵਰਗੇ ਵੱਡੇ ਪ੍ਰੋਜੈਕਟਾਂ ਆਦਿ ਦੇ ਬਾਵਜੂਦ ਸਮਾਜਿਕ ਖੇਤਰ ਵਿਚ ਹੋਣ ਵਾਲੇ ਖਰਚ ਦੀ ਤਸਵੀਰ ਮਾੜੀ ਹੈ। ਨਿਯਮਾਂ ਦੇ ਹਿਸਾਬ ਨਾਲ ਭਾਵੇਂ ਅਜਿਹਾ ਕਰਨਾ ਉਨ੍ਹਾਂ ਦੇ ਕੰਮ ਵਿਚ ਸ਼ਾਮਿਲ ਤਾਂ ਨਹੀਂ ਹੈ, ਫਿਰ ਵੀ ਪਾਕਿਸਤਾਨ ਦੇ ਚੀਫ਼ ਜਸਟਿਸ ਸਾਕਿਬ ਨਿਸਾਰ ਦੀ ਉਹ ਟਿੱਪਣੀ ਵੱਡਾ ਮਹੱਤਵ ਰੱਖਦੀ ਹੈ, ਜਿਸ ਰਾਹੀਂ ਉਨ੍ਹਾਂ ਕਿਹਾ ਸੀ ਕਿ ਆਮ ਲੋਕਾਂ ਦੀਆਂ ਮੁਢਲੀਆਂ ਲੋੜਾਂ ਪ੍ਰਤੀ ਸੱਤਾਧਾਰੀ ਉਚ ਵਰਗ ਪੂਰੀ ਤਰ੍ਹਾਂ ਉਦਾਸੀਨ ਹੈ।

ਅਸਲ ਵਿਚ ਅਮਲੀ ਤੌਰ 'ਤੇ ਦੋ ਪਾਕਿਸਤਾਨ ਇਕੱਠੇ ਵਿਚਰ ਰਹੇ ਹਨ। ਇਕ ਗ਼ਰੀਬ ਤੇ ਵਾਂਝੇ ਲੋਕਾਂ ਦਾ ਹੈ, ਜਿਨ੍ਹਾਂ ਦੀਆਂ ਰੋਜ਼ਾਨਾ ਲੋੜਾਂ ਵੀ ਮੁਸ਼ਕਿਲ ਨਾਲ ਪੂਰੀਆਂ ਹੁੰਦੀਆਂ ਹਨ ਅਤੇ ਦੂਜਾ ਉਚ ਵਰਗਾਂ ਦਾ ਹੈ, ਜੋ ਬਹੁਤ ਘੱਟ ਟੈਕਸ ਦਿੰਦੇ ਹਨ ਪਰ ਬੇਹੱਦ ਐਸ਼ੋ-ਆਰਾਮ ਭਰੀ ਜ਼ਿੰਦਗੀ ਬਤੀਤ ਕਰਦੇ ਹਨ। ਦੇਸ਼ ਦੇ ਆਰਥਿਕ ਵਿਕਾਸ ਦੇ ਮਾਮਲੇ ਵਿਚ ਫ਼ੌਜ ਵੀ ਇਕ ਵੱਡੀ ਸਬੰਧਿਤ ਧਿਰ ਹੈ। ਅਤਿਵਾਦ ਨਾਲ ਲੜਾਈ ਅਤੇ ਦੁਸ਼ਮਣਾਂ ਤੋਂ ਦੇਸ਼ ਦੀ ਰਾਖੀ ਲਈ ਇਸ ਨੂੰ ਸਰੋਤਾਂ ਦੀ ਲੋੜ ਹੈ। ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਪਹਿਲਾਂ ਆਰਥਿਕਤਾ ਨੂੰ ਚਲਾਏ ਜਾਣ ਦੇ ਢੰਗਾਂ ਬਾਰੇ ਕੌਮੀ ਸੁਰੱਖਿਆ ਕੌਂਸਲ ਦੀਆਂ ਮੀਟਿੰਗਾਂ ਆਦਿ ਵਿਚ ਨਿੱਜੀ ਤੌਰ 'ਤੇ ਆਪਣੀ ਅਸਹਿਮਤੀ ਜ਼ਾਹਰ ਕਰਦੇ ਰਹੇ ਹਨ ਪਰ ਹੁਣ ਉਹ ਜਨਤਕ ਤੌਰ 'ਤੇ ਵੀ ਇਸ ਕਾਰਜ ਢੰਗ ਦੀ ਆਲੋਚਨਾ ਕਰਨ ਲੱਗੇ ਹਨ।

ਹਾਲ ਹੀ ਦੌਰਾਨ ਪੱਤਰਕਾਰਾਂ ਨਾਲ ਮਿਲਣੀ ਵਿਚ ਉਨ੍ਹਾਂ ਨੇ ਸਪਸ਼ਟ ਤੌਰ 'ਤੇ ਸਾਬਕਾ ਵਿੱਤ ਮੰਤਰੀਆਂ ਦੀਆਂ ਤਰਜੀਹਾਂ ਨੂੰ ਗ਼ਲਤ ਕਰਾਰ ਦਿੱਤਾ। ਉਨ੍ਹਾਂ ਨੇ ਸੰਵਿਧਾਨ ਦੀ 18ਵੀਂ ਸੋਧ ਪ੍ਰਤੀ ਵੀ ਅਸਹਿਮਤੀ ਪ੍ਰਗਟਾਈ ਕਿ ਇਸ ਰਾਹੀਂ ਸੰਘ ਦੀ ਕੀਮਤ 'ਤੇ ਸੂਬਿਆਂ ਨੂੰ ਲੋੜੋਂ ਵੱਧ ਸਰੋਤ ਦਿੱਤੇ ਜਾ ਰਹੇ ਹਨ। ਉਨ੍ਹਾਂ ਦੀ ਗੱਲ ਵਿਚ ਇਕ ਨੁਕਤਾ ਹੋ ਸਕਦਾ ਹੈ ਪਰ ਹਕੀਕੀ ਸੰਘੀ ਰਾਜ ਵਿਚ ਸੂਬਿਆਂ ਕੋਲ ਏਨੀ ਸਮਰੱਥਾ ਹੋਣੀ ਹੀ ਚਾਹੀਦੀ ਹੈ ਕਿ ਉਹ ਲੋਕਾਂ ਦੀ ਭਲਾਈ ਲਈ ਖਰਚ ਕਰ ਸਕਣ।

ਫ਼ੌਜ ਮੁਖੀ ਨੇ ਖੇਤਰ ਵਿਚ ਸ਼ਾਂਤੀ ਸਥਾਪਿਤ ਕਰਨ ਦੀ ਫ਼ੌਜ ਦੀ ਇੱਛਾ ਦਾ ਵੀ ਜ਼ਿਕਰ ਕੀਤਾ। ਅਫ਼ਗਾਨਿਸਤਾਨ ਨਾਲ ਸਲਾਹ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ ਪਰ ਬਦਕਿਸਮਤੀ ਨਾਲ ਭਾਰਤ ਵਾਲੇ ਮੁਹਾਜ਼ 'ਤੇ ਅਜੇ ਵੀ ਤਣਾਅ ਬਹੁਤ ਜ਼ਿਆਦਾ ਹੈ। ਲੋੜ ਇਸ ਗੱਲ ਦੀ ਹੈ ਕਿ ਦੇਸ਼ ਦੀਆਂ ਨੀਤੀਆਂ ਪੂਰੀ ਤਰ੍ਹਾਂ ਸੁਰੱਖਿਆ ਆਧਾਰਿਤ ਹੀ ਨਾ ਹੋਣ, ਸਗੋਂ ਉਨ੍ਹਾਂ ਵਿਚ ਆਰਥਿਕ ਸਰੋਕਾਰਾਂ ਵੱਲ ਵੀ ਲੋੜੀਂਦਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਗ਼ਲਤ ਤਰਜੀਹਾਂ ਵਾਲੀ ਪਹੁੰਚ ਨਾ ਤਾਂ ਭਾਰਤ ਦਾ ਕੁਝ ਸੰਵਾਰ ਸਕਦੀ ਹੈ ਅਤੇ ਨਾ ਹੀ ਪਾਕਿਸਤਾਨ ਦਾ।




# ਖਾਲਸਾ ਸਾਜਨਾ ਦਿਵਸ ਦੀ ਸਮੂਹ ਸੰਗਤ ਨੂੰ

# ਕੋਟਾਨਿ-ਕੋਟਿ ਵਧਾਈ

1699 ਦੀ ਵਿਸਾਖੀ ਮੌਕੇ ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਜਾਤ-ਪਾਤ ਦਾ ਭਿੰਨ-ਭੇਦ ਹੀ ਨਹੀਂ ਮਿਟਾਇਆ, ਸਗੋਂ ਇਕ-ਇਕ ਸਿੰਘ ਨੂੰ ਸਵਾ-ਸਵਾ ਲੱਖ ਨਾਲ ਲੜਨ ਦਾ ਬੱਲ ਵੀ ਬਖਸ਼ਿਆ।

ਸਿੰਘ ਸਜੋ ਗੁਰੂ ਵਾਲੇ ਬਣੋ।

ਵਲੋਂ:

ਸੁਖਦੇਵ ਸਿੰਘ ਬੈਣੀਵਾਲ, ਸੈਨ ਹੋਜ਼ੇ, ਕੈਲੀਫੋਰਨੀਆ

ਫੋਨ: 408-421-9463

ੴ ਸਤਿਗੁਰ ਪ੍ਰਸਾਦਿ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

# ਸਮੂਹ ਪੰਜਾਬੀ ਭਾਈਚਾਰੇ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਲੱਖ-ਲੱਖ ਵਧਾਈ



ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਗਰੇਵਾਲ

ਵਲੋਂ

ਪ੍ਰੀਤਮ ਸਿੰਘ ਗਰੇਵਾਲ
ਦੇਵ ਗਰੇਵਾਲ
ਤੇ ਸਮੂਹ ਪਰਿਵਾਰ

*Grewal Enterprises*

**San Jose, CA**

**Ph:408-406-0703**

# ਸੀਰੀਆ ਵਿਚ ਰਸਾਇਣਕ ਹਮਲਾ: 80 ਮੌਤਾਂ

**ਬੈਰੂਤ:** ਬਾਗੀਆਂ ਦੇ ਕਬਜ਼ੇ ਹੇਠਲੇ ਅੰਤਿਮ ਸ਼ਹਿਰ ਡੌਮਾ ਵਿਚ ਸੀਰੀਆਈ ਫੌਜਾਂ ਵੱਲੋਂ ਕੀਤੇ ਗਏ ਰਸਾਇਣਕ ਹਮਲੇ ਵਿਚ 80 ਵਿਅਕਤੀ ਮਾਰੇ ਗਏ ਹਨ। ਇਹ ਜਾਣਕਾਰੀ ਮੈਡੀਕਲ ਸੇਵਾਵਾਂ ਨੇ ਦਿੱਤੀ ਹੈ ਅਤੇ ਅਮਰੀਕਾ ਦਾ ਕਹਿਣਾ ਕਿ ਜੇਕਰ ਇਨ੍ਹਾਂ ਰਿਪੋਰਟਾਂ ਦੀ ਪੁਸ਼ਟੀ ਹੋ ਗਈ ਤਾਂ ਉਹ ਤੁਰਤ ਅੰਤਰਰਾਸ਼ਟਰੀ ਕਾਰਵਾਈ ਦੀ ਮੰਗ ਕਰੇਗਾ। ਮੈਡੀਕਲ ਰਾਹਤ ਸੰਗਠਨ ਸੀਰੀਅਨ ਅਮਰੀਕੀ ਮੈਡੀਕਲ ਸੁਸਾਇਟੀ ਅਤੇ ਸਿਵਲ ਰੱਖਿਆ ਸੇਵਾਵਾਂ ਜਿਹੜੇ ਬਾਗੀਆਂ ਦੇ ਕਬਜ਼ੇ ਹੇਠਲੇ ਇਲਾਕੇ ਵਿਚ ਸੇਵਾ ਨਿਭਾਅ ਰਹੀਆਂ ਹਨ, ਨੇ ਕਿਹਾ ਕਿ ਹਮਲੇ ਵਿਚ 49 ਵਿਅਕਤੀ ਮਾਰੇ ਗਏ ਹਨ। ਹੋਰਨਾਂ ਨੇ ਮ੍ਰਿਤਕਾਂ ਦੀ ਗਿਣਤੀ 150 ਜਾਂ ਇਸ ਤੋਂ ਵੱਧ ਦੱਸੀ ਹੈ।



ਰੂਸ ਦੀ ਹਮਾਇਤ ਪ੍ਰਾਪਤ ਸੀਰੀਆ ਸਰਕਾਰ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਸਰਕਾਰੀ ਸੈਨਿਕਾਂ ਨੇ ਕੋਈ ਰਸਾਇਣਕ ਹਮਲਾ ਕੀਤਾ ਹੈ। ਹੁਣ ਇਹ ਖ਼ਬਰਾਂ ਫੈਲ ਰਹੀਆਂ ਹਨ ਕਿ ਬਾਗੀ ਹਾਰ ਰਹੇ ਹਨ ਅਤੇ ਉਹ ਮਨਘੜਤ ਖ਼ਬਰਾਂ ਫੈਲਾਅ ਰਹੇ ਹਨ। ਖ਼ਬਰ ਏਜੰਸੀਆਂ ਰਿਪੋਰਟਾਂ ਦੀ ਪੁਸ਼ਟੀ ਨਹੀਂ ਕਰ ਸਕੀਆਂ। ਮਾਨਵੀ ਹੱਕਾਂ ਬਾਰੇ ਕਾਰਕੁਨਾਂ ਵੱਲੋਂ ਜਾਰੀ ਇਕ ਵੀਡੀਓ ਵਿਚ ਬੱਚਿਆਂ, ਔਰਤਾਂ ਅਤੇ ਮਰਦਾਂ ਦੀਆਂ ਲਾਸ਼ਾਂ ਦਿਖਾਈ ਦੇ ਰਹੀਆਂ ਹਨ ਅਤੇ ਉਨ੍ਹਾਂ ਵਿਚੋਂ ਕੁਝ ਦੇ ਮੂੰਹ ਵਿਚੋਂ ਝੱਗ ਨਿਕਲ ਰਹੀ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਹਮਲੇ ਵਿਚ ਸਮੂਹਿਕ ਮੌਤਾਂ ਦੀਆਂ ਰਿਪੋਰਟਾਂ ਭੈਅ-ਭੀਤ ਕਰਨ ਵਾਲੀਆਂ ਹਨ ਅਤੇ ਜੇਕਰ ਇਨ੍ਹਾਂ ਦੀ ਪੁਸ਼ਟੀ ਹੋ ਗਈ ਤਾਂ ਅੰਤਰਰਾਸ਼ਟਰੀ ਭਾਈਚਾਰੇ ਤੋਂ ਤੁਰਤ ਕਾਰਵਾਈ ਕਰਨ ਦੀ ਮੰਗ ਕੀਤੀ ਜਾਵੇਗੀ। ਬਰਤਾਨੀਆ ਦੇ ਵਿਦੇਸ਼ ਵਿਭਾਗ ਨੇ ਵੀ ਕਿਹਾ ਕਿ ਰਿਪੋਰਟਾਂ ਬਹੁਤ ਹੀ ਚਿੰਤਾ ਵਾਲੀਆਂ ਹਨ ਅਤੇ ਇਨ੍ਹਾਂ ਦੀ ਤੁਰਤ ਜਾਂਚ ਕਰਨ ਦੀ ਲੋੜ ਹੈ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ। ਅਸੀਂ ਅਸਦ ਸਰਕਾਰ ਅਤੇ ਇਸ ਦੇ ਹਮਾਇਤੀਆਂ ਰੂਸ ਤੇ ਈਰਾਨ ਨੂੰ ਸੱਦਾ ਦਿੰਦੇ ਹਾਂ ਕਿ ਉਹ ਨਿਰਦੋਸ਼ ਆਮ ਨਾਗਰਿਕਾਂ ਖਿਲਾਫ਼ ਹਿੰਸਾ ਬੰਦ ਕਰਨ ਪਰ ਰੂਸ ਨੇ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ ਹੈ।

# ਜਦੋਂ ਫੌਜ ਨੇ ਕਣਕ 'ਚ ਉਤਾਰਿਆ ਹੈਲੀਕਾਪਟਰ

**ਪਟਿਆਲਾ:** ਲਹਿਰਾਗਾਗਾ ਦੇ ਪਿੰਡ ਜਲੂਰ ਵਿਚ ਭਾਰਤੀ ਹਵਾਈ ਫੌਜ ਦੇ ਹੈਲੀਕਾਪਟਰ ਦੀ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਤਕਨੀਕੀ ਖਰਾਬੀ ਨੂੰ ਵੇਖਦਿਆਂ ਪਾਇਲਟ ਨੇ ਤੁਰਤ ਕਣਕ ਦੇ ਖੇਤਾਂ ਵਿਚ ਖਾਲੀ ਥਾਂ ਵੇਖ ਕੇ ਐਮਰਜੈਂਸੀ ਲੈਂਡਿੰਗ ਕੀਤੀ। ਚੰਗੀ ਗੱਲ ਇਹ ਰਹੀ ਕਿ ਇਸ ਹੰਗਾਮੀ ਹਾਲਾਤ ਵਿਚ ਪਾਇਲਟ ਸੁਰੱਖਿਅਤ ਰਹੇ। ਲੋਕਾਂ ਦੀ ਹੈਲੀਕਾਪਟਰ ਵੇਖਣ ਲਈ ਭੀੜ ਇਕੱਠੀ ਹੋ



ਗਈ। ਭੀੜ 'ਤੇ ਕਾਬੂ ਪਾਉਣ ਲਈ ਪੁਲਿਸ ਨੇ ਪੂਰੇ ਇੰਤਜ਼ਾਮ ਕੀਤੇ। ਫੌਜ ਦੀ ਤਕਨੀਕੀ ਟੀਮ ਥੋੜ੍ਹੇ ਸਮੇਂ ਵਿਚ ਹੀ ਹਲਵਾਰਾ ਤੋਂ ਦੂਜਾ ਹੈਲੀਕਾਪਟਰ ਲੈ ਕੇ ਉਥੇ ਪਹੁੰਚੀ। ਖਰਾਬੀ ਦੂਰ ਕਰਨ ਪਿਛੋਂ ਦੋਵੇਂ ਹੈਲੀਕਾਪਟਰ ਰਵਾਨਾ ਹੋ ਗਏ। ਇਹ ਸਭ ਪਿੰਡ ਵਾਲਿਆਂ ਲਈ ਫਿਲਮੀ ਸੀਨ ਤੋਂ ਘੱਟ ਨਹੀਂ ਰਿਹਾ।

# ਪ੍ਰੀਤਮ ਸਿੰਘ ਸਿੰਗਾਪੁਰ ਦੀ ਵਰਕਰਜ਼ ਪਾਰਟੀ ਦੇ ਸਕੱਤਰ ਜਨਰਲ ਬਣੇ

**ਸਿੰਗਾਪੁਰ:** ਸਿੰਗਾਪੁਰ ਵਿਚ ਭਾਰਤੀ ਮੂਲ ਦੇ ਕਾਨੂੰਨਸਾਜ਼ ਪ੍ਰੀਤਮ ਸਿੰਘ ਨੂੰ ਇਥੋਂ ਦੀ ਮੁੱਖ ਵਿਰੋਧੀ ਵਰਕਰਜ਼ ਪਾਰਟੀ ਦਾ ਨਿਰਵਿਰੋਧ ਸਕੱਤਰ ਜਨਰਲ ਚੁਣ ਲਿਆ ਗਿਆ। 41 ਸਾਲਾ ਪ੍ਰੀਤਮ ਸਿੰਘ ਵੈਟਰਨ ਐਮ.ਪੀ. ਲੋਅ ਥੀਆ ਖਿਆਂਗ 61 ਦੀ ਥਾਂ ਇਹ ਅਹੁਦਾ ਸੰਭਾਲਣਗੇ। ਮਈ 2011 ਵਿਚ ਪਾਰਲੀਮੈਂਟ ਲਈ ਚੁਣੇ ਜਾਣ ਤੋਂ ਬਾਅਦ ਪਾਰਟੀ ਦੀ ਦੋ ਸਾਲਾਂ ਮਗਰੋਂ ਕੇਂਦਰੀ ਐਗਜ਼ੈਕਟਿਵ ਕੌਂਸਲ ਦੀਆਂ ਚੋਣਾਂ ਮੌਕੇ ਪ੍ਰੀਤਮ ਸਿੰਘ ਨਿਰਵਿਰੋਧ ਸਹਾਇਕ ਸਕੱਤਰ ਜਨਰਲ ਚੁਣੇ ਗਏ ਸਨ। ਉਹ ਟਾਊਨ ਕੌਂਸਲ ਦੇ ਚੇਅਰਮੈਨ ਵੀ ਹਨ। ਉਹ ਸਿੰਗਾਪੁਰ ਦੇ ਉਤਰ-ਪੂਰਬੀ ਤੇ ਪੂਰਬੀ ਪੰਜ ਮੈਂਬਰੀ ਗਰੁੱਪ ਪ੍ਰਤੀਨਿਧ ਹਲਕੇ ਤੋਂ ਐਮ.ਪੀ. ਹਨ।



ਲੋਅ 2001 ਤੋਂ ਇਸ ਅਹੁਦੇ ਉਤੇ ਰਹੇ ਹਨ ਤੇ ਪਿਛਲੇ ਸਾਲ ਨਵੰਬਰ ਵਿਚ ਉਨ੍ਹਾਂ ਪਾਰਟੀ ਅਹੁਦੇ ਲਈ ਚੋਣ ਨਾ ਲੜਨ ਦਾ ਐਲਾਨ ਕੀਤਾ ਸੀ ਤਾਂ ਕਿ ਜਥੇਬੰਦੀ ਵਿਚ ਨਵੇਂ ਖੂਨ ਦਾ ਸੰਚਾਰ ਕੀਤਾ ਜਾ ਸਕੇ। ਅਗਲੇ ਮਹੀਨੇ ਪਾਰਲੀਮੈਂਟ ਦੇ ਸੈਸ਼ਨ ਸ਼ੁਰੂ ਹੋਣ ਤੱਕ ਪ੍ਰੀਤਮ ਸਿੰਘ ਵਰਕਰਜ਼ ਪਾਰਟੀ ਦੀ ਵਾਗਡੋਰ ਸੰਭਾਲ ਲੈਣਗੇ।

# ਪਰਵਾਸੀ ਪੰਜਾਬੀ ਔਰਤ ਦੇ ਪਲਾਟ 'ਤੇ ਕਬਜ਼ਾ

**ਮੋਗਾ:** ਹਥਿਆਰਬੰਦ ਭੌਂ-ਮਾਫੀਆ ਵੱਲੋਂ ਇਕ ਬਜ਼ੁਰਗ ਪਰਵਾਸੀ ਪੰਜਾਬੀ ਔਰਤ ਦੇ ਪਲਾਟ ਉਤੇ ਜਬਰੀ ਕਬਜ਼ਾ ਕਰਨ ਦੇ ਦੋਸ਼ ਹੇਠ ਪੁਲਿਸ ਨੇ 7 ਜਣਿਆਂ ਖਿਲਾਫ਼ ਕੇਸ ਦਰਜ ਕੀਤਾ ਹੈ। ਇਸ ਮਾਮਲੇ ਵਿਚ ਪਿਉ-ਪੁੱਤ ਸਣੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸਥਾਨਕ ਪ੍ਰੇਮ ਨਗਰ ਦੀ ਰਹਿਣ ਵਾਲੀ ਤੇ ਹੁਣ ਕੈਨੇਡਾ ਰਹਿੰਦੀ ਬਜ਼ੁਰਗ ਹਰਦਰਸ਼ਨ ਕੌਰ (78) ਦਾ ਬਹੋਨਾ ਚੌਕ ਵਿਚ 20 ਮਰਲੇ ਦਾ ਪਲਾਟ ਹੈ। ਉਸ ਦੇ ਪਤੀ ਦੀ ਮੌਤ ਹੋ ਚੁੱਕੀ ਹੈ। ਇਸ ਪਲਾਟ ਵਿਚ ਤਿੰਨ ਦੁਕਾਨਾਂ ਤੋਂ ਇਲਾਵਾ ਬਜ਼ੁਰਗ ਮਹਿਲਾ ਨੇ ਰਿਹਾਇਸ਼ੀ ਕਮਰੇ ਬਣਾਏ ਹੋਏ ਹਨ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪਲਾਟ ਦਾ ਰੱਖ-ਰਖਾਅ ਗਮਦੂਰ ਸਿੰਘ ਵਾਸੀ ਸੂਰਜ ਨਗਰ ਮੋਗਾ ਕਰ ਰਿਹਾ ਸੀ। ਮਹਿਲਾ ਜਦੋਂ ਕੈਨੇਡਾ ਤੋਂ ਤਕਰੀਬਨ 2 ਮਹੀਨੇ ਲਈ ਆਈ ਤਾਂ ਉਸ ਨੂੰ ਗਮਦੂਰ ਸਿੰਘ ਦੀ ਹੀ ਮਿਲੀਭੁਗਤ ਨਾਲ ਉਸ ਦੇ ਪਲਾਟ ਉਤੇ ਨਾਜਾਇਜ਼ ਕਬਜ਼ਾ ਕੀਤੇ ਜਾਣ ਦੀ ਸਾਜ਼ਿਸ਼ ਬਾਰੇ ਪਤਾ ਲੱਗਾ। ਸ਼ਿਕਾਇਤਕਰਤਾ ਪਰਵਾਸੀ ਔਰਤ ਨੇ ਦੋਸ਼ ਲਾਇਆ ਕਿ ਹਥਿਆਰਾਂ ਨਾਲ ਲੈਸ ਹੋ ਕੇ ਆਏ ਸੁਖਮੰਦਰ ਸਿੰਘ ਵਿਰਕ, ਸ਼ਿੰਦਰ ਸਿੰਘ ਦੋਵੇਂ ਪਿੰਡ ਸਿੰਘਾਂਵਾਲਾ, ਗੋਪੀ ਤੇ ਗਮਦੂਰ ਸਿੰਘ ਵਾਸੀ ਸੂਰਜ ਨਗਰ, ਲਛਮਣ ਸਿੰਘ ਤੇ ਉਸ ਦੇ ਪੁੱਤਰ ਸਨਮਪ੍ਰੀਤ ਸਿੰਘ ਦੋਵੇਂ ਵਾਸੀ ਬੋਹਨਾ ਰੋਡ ਅਤੇ ਜੈ ਕ੍ਰਿਸ਼ਨ ਦਾਸ ਵਾਸੀ ਬੋਹਨਾ ਚੌਕ ਨੇ ਪਲਾਟ ਉਤੇ ਕਬਜ਼ਾ ਕਰਨ ਦੀ ਨੀਅਤ ਨਾਲ ਮਕਾਨ ਦੇ ਜਿੰਦਰੇ ਤੋੜ ਦਿੱਤੇ ਤੇ ਉਥੇ ਪਿਆ ਸਾਮਾਨ ਵੀ ਚੋਰੀ ਕਰ ਲਿਆ। ਸ਼ਿਕਾਇਤਕਰਤਾ ਮੁਤਾਬਕ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ।

# ਮੈਲਬਰਨ ਵਿਚ ਮਲੂਕਾ ਵੱਲ ਸੁੱਟੀਆਂ ਜੁੱਤੀਆਂ

**ਮੈਲਬਰਨ:** ਇਕ ਕਬੱਡੀ ਕੱਪ ਦੌਰਾਨ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ। ਕਿੰਗਜ਼ ਕੱਪ ਦੇ ਨਾਂ ਹੇਠ ਹੋਏ ਕਬੱਡੀ ਮੁਕਾਬਲਿਆਂ 'ਚ ਕਈ ਟੀਮਾਂ ਹਿੱਸਾ ਲੈ ਰਹੀਆਂ



ਹਨ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬ ਤੋਂ ਪੁੱਜੇ ਅਕਾਲੀ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਜਦੋਂ ਮੰਚ ਉਤੇ ਸਨ ਤਾਂ ਬਿਲਕੁਲ ਨੇੜੇ ਪਹਿਲਾਂ ਤੋਂ ਹੀ ਪਹੁੰਚੇ ਹੋਏ ਨੌਜਵਾਨਾਂ ਨੇ ਉਨ੍ਹਾਂ ਵੱਲ ਪਾਣੀ ਦੀਆਂ ਬੋਤਲਾਂ ਅਤੇ ਜੁੱਤੀਆਂ ਸੁੱਟੀਆਂ।

ਇਸ ਮੌਕੇ ਵਿਰੋਧ ਕਰ ਰਹੇ ਨੌਜਵਾਨ ਪਿਛਲੀ ਸਰਕਾਰ ਮੌਕੇ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਸ੍ਰੀ ਮਲੂਕਾ ਦੀ ਹਾਜ਼ਰੀ ਵਿਚ ਅਰਦਾਸ ਤਬਦੀਲੀ ਦੀ ਘਟਨਾ ਨੂੰ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ। ਇਸ ਮੌਕੇ ਹਾਜ਼ਰ ਸੁਰੱਖਿਆ ਮੁਲਾਜ਼ਮਾਂ ਨੇ ਮੁਸਤੈਦੀ ਨਾਲ ਸਥਿਤੀ ਉਤੇ ਕਾਬੂ ਪਾ ਲਿਆ।

# ਇਸ ਵਾਰ ਕਿਸਾਨਾਂ ਨੂੰ ਖੁਸ਼ ਰੱਖੇਗੀ ਮੌਨਸੂਨ

**ਨਵੀਂ ਦਿੱਲੀ:** ਦੇਸ਼ ਦੇ ਕਿਸਾਨਾਂ ਲਈ ਚੰਗੀ ਖਬਰ ਹੈ ਕਿਉਂਕਿ ਇਸ ਸਾਲ ਮੌਨਸੂਨ ਦੌਰਾਨ ਭਰਵੀਂ ਬਾਰਸ਼ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਮੌਸਮ ਦਾ ਅਨੁਮਾਨ ਲਗਾਉਣ ਵਾਲੀ ਨਿੱਜੀ ਏਜੰਸੀ ਸਕਾਈਮੈੱਟ ਮੁਤਾਬਕ ਦੇਸ਼ 'ਚ ਇਸ ਵਾਰ ਮੌਨਸੂਨ ਆਮ ਰਹਿਣ ਦੀ ਸੰਭਾਵਨਾ ਹੈ ਹਾਲਾਂਕਿ ਉਨ੍ਹਾਂ ਦੱਖਣੀ ਪ੍ਰਾਇਦੀਪ ਅਤੇ ਉਤਰ ਪੂਰਬੀ ਭਾਰਤ ਦੇ ਕਈ ਇਲਾਕਿਆਂ 'ਚ ਆਮ ਨਾਲੋਂ ਘੱਟ ਬਾਰਸ਼ ਹੋਣ ਦਾ ਅਨੁਮਾਨ ਲਾਇਆ ਹੈ। ਦੱਸਿਆ ਗਿਆ ਕਿ ਲੰਮੀ ਮਿਆਦ ਔਸਤ (ਐਲ.ਪੀ.ਏ.) ਦੇ ਅਨੁਮਾਨ ਅਨੁਸਾਰ ਇਸ ਵਾਰ ਭਾਰਤ ਵਿਚ ਮੌਨਸੂਨ ਦੌਰਾਨ 100 ਫੀਸਦੀ ਬਾਰਸ਼ ਹੋਣ ਦੇ ਆਸਾਰ ਹਨ। ਇਸ ਸਾਲ ਸੋਕਾ ਪੈਣ ਦੀ ਸੰਭਾਵਨਾ ਸਿਫਰ ਫੀਸਦੀ ਹੈ ਜਦਕਿ ਆਮ ਨਾਲੋਂ ਵੱਧ ਮੀਂਹ ਪੈਣ ਅਤੇ ਆਮ ਨਾਲੋਂ ਘੱਟ ਮੀਂਹ ਪੈਣ ਦੇ ਆਸਾਰ ਕ੍ਰਮਵਾਰ 20-20 ਫੀਸਦੀ ਹਨ।

# ਪੈਨਸ਼ਨ ਲੈਣ ਲਈ ਮਰੀ ਮਾਂ ਨੂੰ 3 ਸਾਲ ਫ੍ਰੀਜ਼ਰ 'ਚ ਰੱਖਿਆ

**ਕੋਲਕਾਤਾ:** ਇਥੇ ਇਕ ਅਜੀਬੋ-ਗਰੀਬ ਮਾਮਲਾ ਸਾਹਮਣੇ ਆਇਆ ਹੈ। ਇਕ ਮੁੰਡੇ ਨੇ ਆਪਣੀ ਮਾਂ ਦੀ ਲਾਸ਼ ਨੂੰ ਤਿੰਨ ਸਾਲ ਤੱਕ ਫ੍ਰੀਜ਼ਰ ਵਿਚ ਰੱਖਿਆ ਅਤੇ ਉਸ ਦੇ ਅੰਗੂਠੇ ਦੇ ਨਿਸ਼ਾਨ ਲੈ ਕੇ ਪੈਨਸ਼ਨ ਕਢਵਾਉਂਦਾ ਰਿਹਾ। ਪੁਲਿਸ ਔਰਤ ਦੇ ਉਸ ਜਨਮ ਸਰਟੀਫਿਕੇਟ ਦੀ ਵੀ ਜਾਂਚ ਕਰ ਰਹੀ ਹੈ ਜਿਸ ਨੂੰ ਪੈਨਸ਼ਨ ਲਈ ਬੈਂਕ ਵਿਚ ਜਮ੍ਹਾਂ ਕਰਵਾਇਆ ਗਿਆ ਸੀ।

ਦੱਸਿਆ ਜਾ ਰਿਹਾ ਹੈ ਕਿ ਮੁੰਡਾ ਬੇਰੁਜ਼ਗਾਰ ਹੈ ਅਤੇ ਇਸ ਲਈ ਉਸ ਨੇ ਆਪਣੀ ਮਾਂ ਦੀ ਲਾਸ਼ ਨੂੰ ਰੱਖੀ ਰੱਖਿਆ ਤਾਂ ਜੋ ਪੈਨਸ਼ਨ ਮਿਲਦੀ ਰਹੇ। ਪੁਲਿਸ ਨੇ ਬਜ਼ੁਰਗ ਔਰਤ ਬੀਨਾ ਮਜੂਮਦਾਰ ਦੀ ਲਾਸ਼ ਇਕ ਫ੍ਰੀਜ਼ਰ ਵਿਚੋਂ ਬਰਾਮਦ ਕੀਤੀ। ਸਰੀਰ ਨੂੰ ਕੈਮੀਕਲ ਲਾ ਕੇ ਤਿੰਨ ਸਾਲ ਤੱਕ ਸੁਰੱਖਿਅਤ ਰੱਖਿਆ ਗਿਆ ਸੀ। ਮੁਲਜ਼ਮ ਸੁਬਰਤ ਮਜੂਮਦਾਰ ਦੀ ਉਮਰ 50 ਸਾਲ ਹੈ।

# ਸ਼ਵੇਤ ਮਲਿਕ ਦੀ ਪੰਜਾਬ ਭਾਜਪਾ ਪ੍ਰਧਾਨ ਵਜੋਂ ਤਾਜਪੋਸ਼ੀ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਸ਼ਵੇਤ ਮਲਿਕ ਨੇ ਅਹੁਦਾ ਸੰਭਾਲ ਲਿਆ ਹੈ। ਪਾਰਟੀ ਦੇ ਸੂਬਾ ਦਫਤਰ 'ਚ ਮਲਿਕ ਦੀ ਤਾਜਪੋਸ਼ੀ ਲਈ ਰੱਖੇ ਗਏ ਸਮਾਗਮ 'ਚ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਪ੍ਰਭਾਤ ਝਾਅ, ਰਾਸ਼ਟਰੀ ਸੀਨੀਅਰ ਮੀਤ ਪ੍ਰਧਾਨ ਅਵਿਨਾਸ਼ ਰਾਏ ਖੰਨਾ ਸਮੇਤ ਹੋਰ ਆਗੂ ਪੁੱਜੇ।



ਇਸ ਮੌਕੇ ਮਲਿਕ ਨੇ ਕਿਹਾ ਕਿ ਪੂਰਨ ਕਰਜ਼ਾ ਮੁਆਫੀ, ਇਕ ਮਹੀਨੇ ਵਿਚ ਨਸ਼ੇ ਦਾ ਖਾਤਮਾ, ਘਰ-ਘਰ ਨੌਕਰੀ ਅਤੇ ਜਦੋਂ ਤੱਕ ਨੌਕਰੀ ਨਾ ਮਿਲੇ ਉਦੋਂ ਤੱਕ 2500 ਰੁਪਏ ਬੇਰੁਜ਼ਗਾਰੀ ਭੱਤਾ ਅਤੇ ਸਮਾਰਟ ਫੋਨ, ਬਜ਼ੁਰਗਾਂ ਨੂੰ 1500 ਰੁਪਏ ਪੈਨਸ਼ਨ, ਇਨ੍ਹਾਂ ਚਾਰ ਮੁੱਖ ਵਾਅਦਿਆਂ ਰਾਹੀਂ ਕਿਸਾਨਾਂ, ਨੌਜਵਾਨਾਂ, ਬਜ਼ੁਰਗਾਂ, ਗਰੀਬਾਂ ਅਤੇ ਆਮ ਸਮਾਜ ਨੂੰ ਆਪਣੇ ਪੱਖ ਵਿਚ ਖੜ੍ਹਾ ਕਰ ਕੇ ਚੋਣ ਜਿੱਤਣ ਵਾਲੀ ਪੰਜਾਬ ਦੀ ਕਾਂਗਰਸ ਸਰਕਾਰ ਇਕ ਸਾਲ ਪੂਰਾ ਹੋਣ ਉਤੇ ਵੀ ਆਪਣੇ ਕਿਸੇ ਵੀ ਵਾਅਦੇ ਉਤੇ ਖਰੀ ਨਹੀਂ ਉੱਤਰੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਦੀ ਵਾਅਦਾਖਿਲਾਫ਼ੀ, ਮਾੜੇ ਸ਼ਾਸਨ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਖਿਲਾਫ਼ ਭਾਰਤੀ ਜਨਤਾ ਪਾਰਟੀ ਸੂਬਾ ਭਰ ਵਿਚ 'ਕਾਂਗਰਸ ਪੰਜਾਬ ਛੱਡੋ' ਅੰਦੋਲਨ ਸ਼ੁਰੂ ਕਰੇਗੀ।

ਉਨ੍ਹਾਂ ਕਿਹਾ ਕਿ ਰਾਜ ਵਿਚ ਕਿਸਾਨ, ਖੇਤ ਮਜ਼ਦੂਰ, ਨੌਜਵਾਨ, ਸ਼ਹਿਰੀ, ਮਹਿਲਾ, ਬਜ਼ੁਰਗ ਸਾਰੇ ਆਪਣੇ ਆਪ ਨੂੰ ਠੱਗਿਆ-ਠੱਗਿਆ ਜਿਹਾ ਮਹਿਸੂਸ ਕਰ ਰਹੇ ਹਨ। ਨਵ ਨਿਯੁਕਤ ਪਾਰਟੀ ਪ੍ਰਧਾਨ ਨੇ ਕਿਹਾ ਕਿ ਪਾਰਟੀ ਦੇ ਵਰਕਰ ਹੀ ਅਸਲੀ ਪ੍ਰਧਾਨ ਹਨ, ਉਨ੍ਹਾਂ ਦੀ ਮਿਹਨਤ ਕਰ ਕੇ ਹੀ ਪਾਰਟੀ ਅੱਜ ਬੁਲੰਦੀਆਂ ਉਤੇ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਅਮਿਤ ਸ਼ਾਹ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਉਮੀਦ ਨਾਲ ਪਾਰਟੀ ਨੇ ਉਨ੍ਹਾਂ ਨੂੰ ਸੂਬੇ ਦੀ ਵਾਗਡੋਰ ਸੰਭਾਲੀ ਹੈ, ਉਹ ਉਸ ਉਮੀਦ ਉਤੇ ਖਰਾ ਉਤਰਨ ਲਈ ਜੀਅ ਤੋੜ ਯਤਨ ਕਰਨਗੇ।

# ਵਿਧਾਨ ਸਭਾ ਕਮੇਟੀ ਦੀ ਰਿਪੋਰਟ ਤੋਂ ਕਿਸਾਨ ਔਖੇ

**ਬਠਿੰਡਾ:** ਕਿਸਾਨ ਖੁਦਕੁਸ਼ੀਆਂ ਦੇ ਕਾਰਨ ਤੇ ਹੱਲ ਤਲਾਸ਼ਣ ਲਈ ਵਿਧਾਨ ਸਭਾ ਕਮੇਟੀ ਦੇ ਇਕ ਸੁਝਾਅ 'ਤੇ ਕਿਸਾਨਾਂ ਨੇ ਤਿੱਖਾ ਵਿਰੋਧ ਕੀਤਾ ਹੈ। ਕਿਸਾਨ, ਸਦਨ ਕਮੇਟੀ ਦੀ ਉਸ ਰਿਪੋਰਟ ਦਾ ਵਿਰੋਧ ਕਰ ਰਹੇ ਹਨ ਜਿਸ ਮੁਤਾਬਕ ਆੜ੍ਹਤੀਆਂ ਕਰ ਕੇ ਕਿਸਾਨ ਵੱਲੋਂ ਕੀਤੀ ਖੁਦਕੁਸ਼ੀ ਦੇ ਚੱਲਦਿਆਂ ਪੁਲਿਸ ਕਪਤਾਨ ਰੈਂਕ ਦੇ ਅਫਸਰ ਦੀ ਜਾਂਚ ਪਿਛੋਂ ਹੀ ਕਾਰਵਾਈ ਹੋਣੀ ਚਾਹੀਦੀ ਹੈ।

ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ ਮਾਮਲੇ ਦੀ ਜਾਂਚ ਕਰ ਰਹੀ ਸਦਨ ਕਮੇਟੀ ਵੱਲੋਂ ਵਿਧਾਨ ਸਭਾ ਵਿਚ ਪੇਸ਼ ਕੀਤੀ ਰਿਪੋਰਟ 'ਚ ਕਿਸਾਨ ਖੁਦਕੁਸ਼ੀਆਂ ਮਾਮਲੇ ਵਿਚ ਆੜ੍ਹਤੀਆਂ ਨੂੰ ਦਿੱਤੀ ਗਈ ਰਿਆਇਤ ਦੇ ਮਸਲੇ ਵਿਚ ਕਿਸਾਨ ਜਥੇਬੰਦੀਆਂ ਅਤੇ ਕਿਸਾਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਬਠਿੰਡਾ ਵਿਚ ਕਿਸਾਨਾਂ ਨੇ ਕਿਹਾ ਕਿ ਹੋਣਾ ਤਾਂ ਇਵੇਂ ਚਾਹੀਦਾ ਹੈ ਕਿ ਜਦੋਂ ਵੀ ਕਿਸੇ ਆੜ੍ਹਤੀਏ ਕਾਰਨ ਕਿਸਾਨ ਖੁਦਕੁਸ਼ੀ ਕਰਦਾ ਹੈ ਤਾਂ ਨਾਲ ਦੀ ਨਾਲ ਆੜ੍ਹਤੀਏ ਉਪਰ ਕੇਸ ਦਰਜ ਹੋਣਾ ਚਾਹੀਦਾ ਹੈ ਤੇ ਉਸੇ ਵੇਲੇ ਉਸ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ ਪਰ ਹੁਣ ਤਿੰਨਾਂ ਪਾਰਟੀਆਂ ਦੇ ਵਿਧਾਇਕਾਂ ਦੀ ਸਾਂਝੀ ਕਮੇਟੀ ਵੀ ਆੜ੍ਹਤੀਆਂ ਦਾ ਪੱਖ ਪੂਰਦੀ ਨਜ਼ਰ ਆਈ ਹੈ।

# ਹਜ਼ਾਰ ਕਮਰਿਆਂ ਵਾਲੀ ਸਰਾਂ ਬਣਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਦੇ ਠਹਿਰਾਅ ਵਾਸਤੇ ਵਧ ਰਹੀ ਸਰਾਵਾਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲੀ ਮਾਰਕਿਟ ਵਿਚ ਇਕ ਹਜ਼ਾਰ ਕਮਰਿਆਂ ਦੀ ਸਰਾਂ ਬਣਾਉਣ ਦੀ ਮੁੜ ਯੋਜਨਾ ਬਣਾਈ ਗਈ ਹੈ। ਇਸ ਯੋਜਨਾ ਵਾਸਤੇ ਬਜਟ ਵਿਚ ਵੀ ਦਸ ਕਰੋੜ ਰੁਪਏ ਰੱਖੇ ਗਏ ਹਨ।


ਸ੍ਰੀ ਹਰਿਮੰਦਰ ਸਾਹਿਬ ਸਮੂਹ ਨੇੜੇ ਅਕਾਲੀ ਮਾਰਕਿਟ ਵਿਚ ਸ਼੍ਰੋਮਣੀ ਕਮੇਟੀ ਕੋਲ ਲਗਭਗ ਪੰਜ ਏਕੜ ਜ਼ਮੀਨ ਹੈ। ਇਸ ਜ਼ਮੀਨ ਵਿਚ ਸੌ ਤੋਂ ਵੱਧ ਦੁਕਾਨਾਂ ਬਣੀਆਂ ਹੋਈਆਂ ਹਨ ਅਤੇ ਜ਼ਮੀਨ ਦਾ ਵੱਡਾ ਹਿੱਸਾ ਖਾਲੀ ਹੈ।

ਜ਼ਮੀਨ ਉਤੇ ਪਹਿਲਾਂ ਵੀ ਸਰਾਂ ਬਣਾਉਣ ਦੀ ਯੋਜਨਾ ਬਣਾਈ ਗਈ ਸੀ। ਉਸ ਵੇਲੇ ਇਸ ਸਬੰਧੀ ਨਕਸ਼ਾ ਵੀ ਤਿਆਰ ਕੀਤਾ ਗਿਆ ਸੀ ਪਰ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੇ ਵੇਲੇ ਇਸ ਜਗ੍ਹਾ 'ਤੇ ਵੱਡਾ ਅਜਾਇਬ ਘਰ ਬਣਾਉਣ ਦੀ ਵੀ ਯੋਜਨਾ ਤਿਆਰ ਕੀਤੀ ਸੀ ਪਰ ਇਹ ਯੋਜਨਾ ਵੀ ਅਮਲੀ ਰੂਪ ਨਾ ਲੈ ਸਕੀ। ਹੁਣ ਇਕ ਵਾਰ ਮੁੜ ਇਸ ਜ਼ਮੀਨ ਉਤੇ ਇਕ ਹਜ਼ਾਰ ਕਮਰਿਆਂ ਦੀ ਸਰਾਂ ਬਣਾਉਣ ਦੀ ਯੋਜਨਾ ਹੈ। ਇਸ ਸਬੰਧੀ ਮੌਜੂਦਾ ਵਿੱਤੀ ਵਰ੍ਹੇ ਦੇ ਬਜਟ ਵਿਚ ਦਸ ਕਰੋੜ ਰੁਪਏ ਵੀ ਰੱਖੇ ਗਏ ਹਨ। ਇਹ ਰਕਮ ਸਿਰਫ ਪਹਿਲੇ ਪੜਾਅ ਦੀ ਉਸਾਰੀ ਲਈ ਰੱਖੀ ਗਈ ਹੈ।

ਵੇਰਵਿਆਂ ਮੁਤਾਬਕ ਇਸ ਜ਼ਮੀਨ ਉਤੇ ਉਸਾਰੀ ਜਾਣ ਵਾਲੀ ਸਰਾਂ ਦਾ ਨਕਸ਼ਾ ਲੁਧਿਆਣਾ ਦੀ ਇਕ ਕੰਪਨੀ ਕੋਲੋਂ ਤਿਆਰ ਕਰਵਾਇਆ ਜਾ ਰਿਹਾ ਹੈ। ਜੇਕਰ ਇਹ ਯੋਜਨਾ ਅਮਲ ਵਿਚ ਆਉਂਦੀ ਹੈ ਤਾਂ ਸ਼੍ਰੋਮਣੀ ਕਮੇਟੀ ਨੂੰ ਸ਼ਰਧਾਲੂਆਂ ਲਈ ਕਮਰਿਆਂ ਦੀ ਪੇਸ਼ ਆਉਂਦੀ ਮੁਸ਼ਕਲ ਵਿਚ ਵੱਡੀ ਰਾਹਤ ਮਿਲੇਗੀ।

# ਅਸ਼ੋਕ ਭੌਰਾ ਦੀ ਪੁਸਤਕ 'ਭੌਰੇ ਦਾ ਬਾਲ ਸੰਸਾਰ' ਰਿਲੀਜ਼

**ਮਾਹਿਲਪੁਰ, ਹੁਸ਼ਿਆਰਪੁਰ (ਬਿਊਰੋ):** ਲੇਖਕ ਅਤੇ ਪੱਤਰਕਾਰ ਐਸ. ਅਸ਼ੋਕ ਭੌਰਾ ਦੀ ਬਾਲ ਸਾਹਿਤ ਨੂੰ ਸਮਰਪਿਤ ਪੁਸਤਕ 'ਭੌਰੇ ਦਾ ਬਾਲ ਸੰਸਾਰ' ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਕਾਲਜ ਦੇ ਪ੍ਰਿੰਸੀਪਲ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵਲੋਂ ਕਰਵਾਏ ਇਕ ਸਾਹਿਤਕ ਸਮਾਗਮ ਦੌਰਾਨ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਪ੍ਰਧਾਨਗੀ ਮੰਡਲ ਵਿਚ ਪ੍ਰਿੰਸੀਪਲ ਪਰਵਿੰਦਰ ਸਿੰਘ, ਡਾ. ਮਨਮੋਹਨ ਸਿੰਘ ਦਾਊਂ, ਪ੍ਰੋ. ਸੰਧੂ ਵਰਿਆਣਵੀ ਅਤੇ ਪਰਵਾਸੀ ਕਹਾਣੀਕਾਰ ਚਰਨਜੀਤ ਪੰਨੂ ਸ਼ਾਮਲ ਸਨ।



*ਪੁਸਤਕ ਲੋਕ ਅਰਪਿਤ ਕੀਤੇ ਜਾਣ ਦਾ ਦ੍ਰਿਸ਼।*

ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਹਾਜ਼ਰ ਸ਼ਖਸੀਅਤਾਂ ਨੂੰ ਕਾਲਜ ਦੀਆਂ ਸਾਹਿਤਕ ਗਤੀਵਿਧੀਆਂ ਬਾਰੇ ਦੱਸਿਆ।

ਡਾ. ਮਨਮੋਹਨ ਸਿੰਘ ਦਾਊਂ ਨੇ ਬਾਲ ਸਾਹਿਤ ਦੀ ਰਚਨਾ ਪ੍ਰਕ੍ਰਿਆ ਬਾਰੇ ਵਿਚਾਰ ਰੱਖੇ ਅਤੇ ਐਸ. ਅਸੋਕ ਭੌਰਾ ਦੀ ਇਸ ਪੁਸਤਕ ਨੂੰ ਵਿਸ਼ੇ ਅਤੇ ਕਲਾ ਪੱਖ ਤੋਂ ਬਾਲ ਮਨਾਂ ਦੇ ਅਨੁਕੂਲ ਦੱਸਿਆ ਕਿ ਲੇਖਕ ਨੇ ਇਸ ਪੁਸਤਕ ਰਾਹੀਂ ਬਚਪਨ ਦੀ ਸੂਖਮਤਾ ਲਿਖੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਭੌਰਾ ਨੇ ਸਾਹਿਤ ਦੀ ਹਰ ਵਿਧਾ 'ਤੇ ਲਿਖਿਆ ਹੈ ਅਤੇ ਹੁਣ ਬਾਲ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦੀ ਆਮਦ ਪੰਜਾਬੀ ਸਾਹਿਤ ਲਈ ਸ਼ੁਭ ਸ਼ਗਨ ਵਜੋਂ ਜਾਣੀ ਜਾਵੇਗੀ। ਇਸ ਮੌਕੇ ਪਰਵਾਸੀ ਲੇਖਕ ਚਰਨਜੀਤ ਪੰਨੂ ਨੇ ਸ੍ਰੀ ਭੌਰਾ ਦੀਆਂ ਲੋਕ ਗਾਇਕਾਂ ਬਾਰੇ ਰਚਨਾਵਾਂ ਬਾਰੇ ਚਰਚਾ ਕਰਦਿਆਂ ਲੇਖਕ ਦੇ ਸਮੁੱਚੇ ਸਾਹਿਤਕ ਯੋਗਦਾਨ ਬਾਰੇ ਦੱਸਿਆ।

ਸ੍ਰੀ ਭੌਰਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਇਸ ਪੁਸਤਕ ਰਾਹੀਂ ਆਪਣੇ ਬਚਪਨ ਨੂੰ ਦੁਬਾਰਾ ਜੀਅ ਕੇ ਵੇਖ ਲਿਆ ਹੈ। ਉਨ੍ਹਾਂ ਕਿਹਾ ਕਿ ਬਾਲ ਸਾਹਿਤ ਵਿਚ ਅਜੇ ਹੋਰ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਉਨ੍ਹਾਂ ਆਪਣੇ ਲੱਛੇਦਾਰ ਭਾਸ਼ਣ ਦੌਰਾਨ ਵਿਦਿਆਰਥੀਆਂ ਨੂੰ ਕਈ ਵਾਰ ਹੱਸਣ ਅਤੇ ਖੁੱਲ੍ਹ ਕੇ ਤਾੜੀਆਂ ਮਾਰਨ ਲਈ ਮਜਬੂਰ ਵੀ ਕੀਤਾ। ਪਹਿਲੀ ਬਾਲ ਪੁਸਤਕ ਮਾਹਿਲਪੁਰ 'ਚ ਰਿਲੀਜ਼ ਕੀਤੇ ਜਾਣ ਦਾ ਤਰਕ ਦਿੰਦਿਆਂ ਉਨ੍ਹਾਂ ਕਿਹਾ ਜਿਸ ਸ਼ੌਂਕੀ ਮੇਲੇ ਨੂੰ ਪੰਜਾਬ ਦੇ ਸੱਭਿਆਚਾਰਕ ਹਲਕਿਆਂ ਵਿਚ ਇਕ ਇਤਿਹਾਸ ਵਜੋਂ ਜਾਣਿਆ ਜਾਂਦਾ ਹੈ, ਉਸ ਮੇਲੇ ਦੀ ਪੈੜ ਵੀ ਮੈਂ ਇਥੇ ਹੀ ਪਹਿਲੀ ਵਾਰ 1989 'ਚ ਪਾਈ ਸੀ। ਅੰਬੀਆਂ ਦਾ ਦੇਸ਼ ਕਰਕੇ ਜਾਣਿਆ ਜਾਂਦਾ ਮਾਹਿਲਪੁਰ ਮੇਰੀਆਂ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਦਾ ਹਮੇਸ਼ਾ ਮੁੱਖ ਧੁਰਾ ਰਿਹਾ ਹੈ ਤੇ ਰਹੇਗਾ। ਉਨ੍ਹਾਂ ਕਿਹਾ ਕਿ ਇਹ ਪੁਸਤਕ ਬੱਚਿਆਂ ਲਈ ਹੈ ਇਸ ਲਈ ਅਧਿਆਪਕ ਬਣਨ ਜਾ ਰਹੇ ਵਿਦਿਆਰਥੀਆਂ ਦੀ ਹਾਜ਼ਰੀ ਇਸ ਸਮਾਗਮ ਵਿਚ ਯਕੀਨੀ ਬਣਾਈ ਗਈ ਤਾਂ ਜੋ ਨਵੇਂ ਬਣੇ ਅਧਿਆਪਕ ਅੱਜ ਇਸ ਸਮਾਗਮ ਵਿਚੋਂ ਕੁਝ ਸਿੱਖ ਕੇ ਜਾਣ।

ਮੰਚ ਸੰਚਾਲਨ 'ਨਿੱਕੀਆਂ ਕਰੂਬਲਾਂ' ਮੈਗਜ਼ੀਨ ਦੇ ਮੁੱਖ ਸੰਪਾਦਕ ਬਲਜਿੰਦਰ ਮਾਨ ਨੇ ਕੀਤਾ। ਇਸ ਮੌਕੇ ਪਰਵਾਸੀ ਸਾਹਿਤਕਾਰ ਹਰਭਜਨ ਚੇੜਾ, ਗੀਤਕਾਰ ਗੁਰਮਿੰਦਰ ਕੈਂਡੋਵਾਲ, ਚੈਂਚਲ ਸਿੰਘ ਬੈਂਸ, ਪ੍ਰੋ. ਜੇ. ਬੀ. ਸੇਖੋਂ, ਬੱਗਾ ਸਿੰਘ ਆਰਟਿਸਟ, ਕੇਵਲ ਕ੍ਰਿਸਨ ਪੁਰੀ, ਬਲਵੀਰ ਸਿੰਘ ਪੱਟੀ, ਅਵਤਾਰ ਲੰਗੇਰੀ, ਪ੍ਰੋ. ਬਲਵੀਰ ਕੌਰ, ਦਵਿੰਦਰ ਸਿੰਘ, ਸੂਬੇਦਾਰ ਨਸੀਬ ਚੰਦ, ਹਰਮਿੰਦਰ ਸਿੰਘ, ਅਵਤਾਰ ਸਿੰਘ ਸੰਧੂ ਆਦਿ ਹਾਜ਼ਰ ਸਨ।







ੴ ਸਤਿਗੁਰ ਪ੍ਰਸਾਦਿ॥

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀਂ ਮੋ ਸੇ ਗਰੀਬ ਕਰੋਰ ਪਰੇ॥2॥

# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀ ਸਮੂਹ ਸਿੱਖ ਸੰਗਤਾਂ, ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਕੋਟਾਨਿ-ਕੋਟਿ ਵਧਾਈ

ਆਉ, ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ, ਦੇ ਹੁਕਮਾਂ ਉਪਰ ਪਹਿਰਾ ਦਿੰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਪੂਰਨ ਸੇਧ ਲਈਏ ਅਤੇ ਕਿਸੇ ਹੋਰ ਗ੍ਰੰਥ ਜਾਂ ਮਨੁੱਖ ਉਪਰ ਟੇਕ ਨਾ ਰੱਖਣ ਦਾ ਪ੍ਰਣ ਕਰੀਏ



**ਬਲਬੀਰ ਸਿੰਘ ਸੋਹਲ**

ਪ੍ਰਧਾਨ, ਪ੍ਰਬੰਧਕ ਕਮੇਟੀ ਸਿੱਖ ਟੈਂਪਲ ਗੁਰਦੁਆਰਾ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥


ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੇਊ ਮੈ ਸਾਰਾ।
ਜਬ ਯਹ ਜਹੈ ਬਿਪਰਨ ਕੀ ਰੀਤ। ਮੈ ਨ ਕਰਹੁੰ ਇਨ ਕੀ ਪ੍ਰਤੀਤ।

# ਸਮੂਹ ਪੰਜਾਬੀ ਭਾਈਚਾਰੇ ਨੂੰ ਗੁਰੂ ਰੂਪ ਖਾਲਸਾ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਵਿਸਾਖੀ ਦੀ

# ਲੱਖ-ਲੱਖ ਵਧਾਈ



ਦਲਵੀਰ ਸਿੰਘ ਗਿੱਲ, ਪੋਤਰੇ ਮਨਰਾਜ ਅਤੇ ਗੁਰਮੀਤ ਸਿੰਘ ਗਿੱਲ ਨਾਲ



ਦਲਬੀਰ ਸਿੰਘ ਗਿੱਲ ਦੀ ਨੂੰਹ ਲਖਵਿੰਦਰ ਕੌਰ ਗਿੱਲ, ਪੁੱਤਰ ਮਨਦੀਪ ਸਿੰਘ ਗਿੱਲ ਅਤੇ ਪੋਤਰਾ ਮਨਰਾਜ ਸਿੰਘ ਗਿੱਲ


## ਦਲਵੀਰ ਸਿੰਘ ਗਿੱਲ ਫੋਨ:530-713-4256
## ਪਰਮਜੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਗਿੱਲ

## ਗਿੱਲ ਬ੍ਰਦਰਜ਼ ਫਾਰਮਜ਼, ਯੂਬਾ ਸਿਟੀ (ਕੈਲੀਫੋਰਨੀਆ)

ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥

# ਸਮੂਹ ਪੰਜਾਬੀ ਭਾਈਚਾਰੇ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਲੱਖ ਲੱਖ ਵਧਾਈ ਹੋਵੇ




## ਗੁਰਨਾਮ ਸਿੰਘ ਪੰਮਾ

ਚੇਅਰਮੈਨ, ਨਗਰ ਕੀਰਤਨ ਕਮੇਟੀ
ਸਿੱਖ ਟੈਂਪਲ ਗੁਰਦੁਆਰਾ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ ਸਾਜਨਾ ਦਿਵਸ ਦੀ ਸਮੂਹ ਸਿੱਖ ਸੰਗਤਾਂ, ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ

## ਵਿਸਾਖੀ ਮੁਬਾਰਕ!



ਵਲੋਂ:

## ਗੁਰਮੇਜ ਸਿੰਘ ਗਿੱਲ
## ਅਤੇ ਪਰਿਵਾਰ
## ਯੂਬਾ ਸਿਟੀ

# ਮਲਾਲਾ ਤੇ ਮੁਖਤਾਰਾਂ ਦਾ ਮਲਾਲ

ਗੱਲ 2012 ਦੀ ਹੈ। ਪੰਦਰਾਂ ਸਾਲ ਦੀ ਬੱਚੀ ਆਪਣੀਆਂ ਦੋ ਸਹੇਲੀਆਂ ਨਾਲ ਸਵਾਤ ਵਾਦੀ ਵਿਚਲੇ ਸਕੂਲ ਜਾ ਰਹੀ ਸੀ। ਅਚਾਨਕ ਉਸ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਗਈਆਂ। ਗੋਲੀਆਂ ਤਿੰਨਾਂ ਨੂੰ ਲੱਗੀਆਂ। ਪੰਦਰਾਂ ਸਾਲ ਦੀ ਬੱਚੀ ਦੇ ਸਿਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਗੋਲੀ ਉਸ ਦੇ ਦਿਮਾਗ ਨਾਲ ਖਹਿੰਦੀ ਹੋਈ ਮੋਢੇ ਵਿਚ ਜਾ ਅਟਕੀ। ਉਸ ਦਾ ਬਚਾਅ ਹੋ ਗਿਆ। ਉਹ ਹੁਣ ਵੀ ਜ਼ਿੰਦਾ ਹੈ। ਸ਼ਾਇਦ

**ਅਸਦ ਹਾਸ਼ਿਮ**

ਇਹੀ ਉਸ ਦਾ ਜੁਰਮ ਹੈ।

ਇਕ ਪਾਸੇ ਇਹ ਕੁੜੀ ਸੀ ਜਿਹੜੀ ਕੁੜੀਆਂ ਲਈ ਤਾਲੀਮ ਦੇ ਹੱਕ ਵਿਚ ਖੁੱਲ੍ਹ ਕੇ ਬੋਲਦੀ ਸੀ; ਉਸ ਦੀ ਇਸੇ ਦਲੇਰੀ ਬਦਲੇ ਉਸ ਦੇ ਸੂਬੇ (ਖ਼ੈਬਰ ਪਖ਼ਤੂਨਖ਼ਵਾ) ਦੀ ਸਰਕਾਰ ਨੇ ਉਸ ਦਾ ਸਨਮਾਨ ਕੀਤਾ। ਦੂਜੇ ਪਾਸੇ ਪਾਕਿਸਤਾਨੀ ਤਾਲਿਬਾਨ ਸਨ। ਅੰਤਾਂ ਦੇ ਕੱਟੜ; ਅੰਤਾਂ ਦੇ ਤੁਅੱਸਬੀ। ਉਹ ਆਪਣੀ ਦਕਿਆਨੂਸੀ ਹਥਿਆਰਬੰਦ ਲਹਿਰ ਰਾਹੀਂ ਖ਼ਲਕਤ ਉਪਰ ਇਸਲਾਮੀ ਸ਼ਰ੍ਹਾ ਦੀ ਆਪਣੀ ਵਿਆਖਿਆ ਥੋਪਣੀ ਚਾਹੁੰਦੇ ਸਨ। ਮਲਾਲਾ ਉਨ੍ਹਾਂ ਦੀ ਸੋਚ, ਉਨ੍ਹਾਂ ਦੇ ਖਿਆਲਾਤ ਮੰਨਣ ਲਈ ਤਿਆਰ ਨਹੀਂ ਸੀ। ਇਸੇ ਲਈ ਉਸ ਨੂੰ 'ਸੋਧਣਾ' ਹੀ ਪੈਣਾ ਸੀ।

ਉਹ ਮਾਰੀ ਨਹੀਂ ਜਾ ਸਕੀ। ਇਸੇ ਕਾਰਨ ਉਸ ਨੂੰ ਪੱਛਮੀ ਦੇਸ਼ਾਂ ਨੇ ਸਾਂਭ ਲਿਆ; ਪਹਿਲਾਂ ਇਲਾਜ ਦੇ ਬਹਾਨੇ, ਫਿਰ ਉਸ ਦੀ ਜਾਨ ਦੇ ਖ਼ਤਰੇ ਦੇ ਬਿਨਾਅ 'ਤੇ। ਉਹ ਵਤਨ ਪਰਤਣਾ ਚਾਹੁੰਦੀ ਸੀ, ਪਰ ਉਸ ਦੇ ਸਰਪ੍ਰਸਤ ਜਾਣਦੇ ਸਨ ਕਿ ਉਸ ਨੂੰ ਵਤਨ ਭੇਜਣਾ ਸੁਰੱਖਿਅਤ ਨਹੀਂ। ਉਹ ਨੋਬੇਲ ਅਮਨ ਪੁਰਸਕਾਰ ਵਿਜੇਤਾ ਬਣ ਚੁੱਕੀ ਸੀ। ਇਸ ਕੁੜੀ ਦਾ ਨਾਂ ਮਲਾਲਾ ਯੂਸਫ਼ਜ਼ਈ ਹੈ।

ਛੇ ਸਾਲ ਬਾਅਦ, ਮਲਾਲਾ ਯੂਸਫ਼ਜ਼ਈ ਜਦੋਂ ਆਪਣੇ ਵਤਨ ਪਰਤੀ ਤਾਂ 'ਸਵਾਗਤ' ਧਮਕੀਆਂ ਅਤੇ ਗੁਸੈਲ ਨਾਅਰਿਆਂ ਨਾਲ ਹੋਇਆ। ਇਸਲਾਮਾਬਾਦ ਹਵਾਈ ਅੱਡੇ ਦੇ ਬਾਹਰ ਵੱਡਾ ਹਜੂਮ ਸੀ ਜਿਸ ਨੇ 'ਮੈਂ ਮਲਾਲਾ ਨਹੀਂ' ਦੀ ਲਿਖ਼ਤ ਵਾਲੀਆਂ ਤਖਤੀਆਂ ਚੁੱਕੀਆਂ ਹੋਈਆਂ ਸਨ। ਇਨ੍ਹਾਂ ਤਖਤੀਆਂ 'ਤੇ ਉਸ ਨੂੰ 'ਸੀ ਆਈ ਏ ਦੀ ਏਜੰਟ' ਦੱਸਿਆ ਗਿਆ ਸੀ। ਉਸ ਨੂੰ ਪੱਛਮੀ ਦੇਸ਼ਾਂ ਦੀ ਪਿੱਠੂ ਦੱਸਣ ਵਾਲਿਆਂ ਦੀ ਗਿਣਤੀ ਪਾਕਿਸਤਾਨ ਵਿਚ ਘੱਟ ਨਹੀਂ। ਇਨ੍ਹਾਂ ਵਿਚ ਕੁਝ ਪਾਕਿਸਤਾਨੀ ਅਖ਼ਬਾਰਾਂ ਦੇ ਸੰਪਾਦਕ ਅਤੇ ਸਰਕਰਦਾ ਕਾਲਮਨਵੀਸ ਵੀ ਸ਼ੁਮਾਰ ਹਨ। ਉਹ ਉਸ ਉਪਰ ਦੌਲਤ ਤੇ ਸ਼ੁਹਰਤ ਖ਼ਾਤਿਰ ਪਾਕਿਸਤਾਨ ਨੂੰ ਬਦਨਾਮ ਕਰਨ ਦੇ ਦੋਸ਼ ਲਾਉਂਦੇ ਹਨ।

ਦੂਜੇ ਪਾਸੇ ਅਜਿਹੇ ਲੋਕ ਵੀ ਹਨ ਜਿਹੜੇ ਇਨ੍ਹਾਂ ਤਖ਼ਤੀਆਂ ਵਾਲਿਆਂ ਨੂੰ ਅਹਿਮਕ ਜਾਂ ਤਾਲਿਬਾਨੀ ਦੱਸਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜੇ ਲੋਕ ਕਿਸੇ ਮੁਟਿਆਰ ਦੇ ਖ਼ੂਨ ਦੇ ਪਿਆਸਿਆਂ ਦੀ ਸੋਚ ਦੇ ਪੈਰੋਕਾਰ ਹਨ, ਉਹ ਇਨਸਾਨੀਅਤ ਦੇ ਨਾਂ 'ਤੇ ਧੱਬਾ ਹਨ।

ਮਨੋਵਿਗਿਆਨੀਆਂ ਅਨੁਸਾਰ ਨਫ਼ਰਤ ਕਦੇ ਵੀ ਮੂਰਖ ਜਾਂ ਅਹਿਮਕ ਨਹੀਂ ਹੁੰਦੀ। ਉਸ ਪਿੱਛੇ ਕੋਈ ਸਿਆਸਤ, ਵਿਚਾਰਧਾਰਾ ਅਤੇ ਨਿੱਜੀ ਹਿਤ ਹੁੰਦੇ ਹਨ। ਦੂਜੇ ਪਾਸੇ ਨਫ਼ਰਤ ਦਾ ਨਿਸ਼ਾਨਾ, ਭਾਵ ਜਿਸ ਨੂੰ ਨਫ਼ਰਤ ਕੀਤੀ ਜਾਂਦੀ ਹੈ, ਉਹ ਦਰਅਸਲ, ਨਫ਼ਰਤ ਦਾ ਕੇਂਦਰ ਬਿੰਦੂ ਆਮ ਤੌਰ 'ਤੇ ਨਹੀਂ ਹੁੰਦਾ। ਨਫ਼ਰਤ ਬੰਦੇ ਨਾਲ ਨਹੀਂ, ਉਸ ਦੀ ਸੋਚ ਜਾਂ ਉਸ ਦੀਆਂ ਖ਼ੂਬੀਆਂ-ਖ਼ਾਮੀਆਂ ਨੂੰ ਕੀਤੀ ਜਾਂਦੀ ਹੈ। ਇਸ ਪਿਛੇ ਵਿਅਕਤੀਗਤ ਸਿਆਸਤ ਵੀ ਹੁੰਦੀ ਹੈ ਅਤੇ ਸਮੂਹਿਕ ਸਿਆਸਤ ਵੀ। ਇਸੇ ਕਾਰਨ ਇਸ ਸਵਾਲ ਦਾ ਜਵਾਬ ਜਾਨਣਾ ਜ਼ਰੂਰੀ ਹੈ ਕਿ ਉਹ ਮਲਾਲਾ ਨੂੰ ਇੰਨੀ ਜ਼ਿਆਦਾ ਨਫ਼ਰਤ ਕਿਉਂ ਕਰਦੇ ਹਨ?

ਇਸ ਸਵਾਲ ਦਾ ਜਵਾਬ ਹੈ: ਇਸਤਰੀ ਜਾਤੀ ਪ੍ਰਤੀ ਦਵੈਖ਼ ਜਾਂ ਹਿਕਾਰਤ। ਕੋਈ ਵੀ ਪੁਰਸ਼-ਪ੍ਰਧਾਨ ਸਮਾਜ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਤੀਵੀਂ ਹੋ ਕੇ ਵੀ ਉਹ ਮਰਦਾਂ ਦੀ ਬਰਾਬਰੀ ਵਾਲੇ ਹੱਕ ਮੰਗੇ। ਮਲਾਲਾ ਯੂਸਫ਼ਜ਼ਈ ਉਸ ਸਾਰੇ ਕੁਝ ਦੀ ਨੁਮਾਇੰਦਗੀ ਕਰਦੀ ਹੈ ਜੋ ਪੁਰਸ਼ ਪ੍ਰਧਾਨ ਸਮਾਜ ਬਰਦਾਸ਼ਤ ਨਹੀਂ ਕਰ ਸਕਦਾ। ਉਹ ਅਜਿਹੀ ਔਰਤ ਹੈ ਜੋ ਖ਼ਾਮੋਸ਼ ਹੋਣ 'ਤੇ ਵੀ ਔਰਤਾਂ ਦੇ ਹੱਕਾਂ ਲਈ ਖ਼ਾਮੋਸ਼ ਨਾ ਹੋਣ ਦਾ ਪ੍ਰਭਾਵ ਦਿੰਦੀ ਹੈ। ਉਹ ਜਿਥੇ ਵੀ ਜਾਂਦੀ ਹੈ, ਆਪਣੇ ਨਾਲ ਹੋਈਆਂ 'ਜ਼ਿਆਦਤੀਆਂ' ਦੀ ਯਾਦ ਦਿਵਾਉਂਦੀ ਹੈ। ਜਿਹੜੀ ਔਰਤ ਪੁਰਸ਼-ਪ੍ਰਧਾਨ ਸਮਾਜ ਨੂੰ ਹਮੇਸ਼ਾ ਸਵਾਲਾਂ ਦੇ ਚੱਕਰਵਿਊ ਵਿਚ ਫਸਾਈ ਰੱਖੇ, ਕੀ ਉਸ ਨੂੰ ਝੱਲਿਆ ਜਾ ਸਕਦਾ ਹੈ?

ਪਾਕਿਸਤਾਨ ਵਿਚ ਮਸਲਾ ਹੀ ਇਹੋ ਹੈ। ਜੇ ਹੋਰ ਕੁਝ ਨਹੀਂ ਲੱਭਦਾ ਤਾਂ 'ਪੱਛਮ ਦੀ ਏਜੰਟ' ਦਾ ਠੱਪਾ ਲਾ ਦਿਉ। ਮਲਾਲਾ ਯੂਸਫ਼ਜ਼ਈ 'ਪੱਛਮ ਦੀ ਏਜੰਟ' ਹੈ। ਮੁਖ਼ਤਾਰਾਂ 'ਪੱਛਮ ਦੀ ਏਜੰਟ' ਹੈ? ਹਫ਼ੀਜ਼ਾ ਬੀ 'ਪੱਛਮ ਦੀ ਏਜੰਟ' ਹੈ। ਇਹ ਔਰਤਾਂ ਜਨਤਕ ਤੌਰ 'ਤੇ ਸਿਗਰਟਨੋਸ਼ੀ ਨਹੀਂ ਕਰਦੀਆਂ। ਪੱਛਮੀ ਪਹਿਰਾਵੇ ਨਹੀਂ ਪਾਉਂਦੀਆਂ। ਪਾਕ-ਸਾਫ਼ ਪਾਕਿਸਤਾਨੀ ਹੋਣ ਦਾ ਭਰਮ ਪੈਦਾ ਕਰਨ ਲਈ ਸਿਰ ਢੱਕ ਕੇ ਰੱਖਦੀਆਂ ਹਨ ਪਰ ਪਾਕਿਸਤਾਨ ਨੂੰ ਬਦਨਾਮ ਕਰਦੀਆਂ ਹਨ। ਆਪਣੀਆਂ ਕਹਾਣੀਆਂ ਸੁਣਾ ਕੇ; ਆਪਣੇ ਨਾਲ ਹੋਏ 'ਜ਼ੁਲਮਾਂ' ਦੇ ਕਿੱਸੇ ਬਿਆਨ ਕੇ। ਆਬਿਦਾ ਆਫ਼ਤਾਬ ਫ਼ੈਸਲਾਬਾਦ ਵਿਚ ਮਰਦੀ ਹੈ, ਇਹ ਲੰਡਨ ਤੇ ਓਸਲੋ ਵਿਚ ਬੈਠ ਕੇ ਇਸ ਮੌਤ 'ਤੇ ਕੀਰਨੇ ਪਾਉਂਦੀਆਂ ਹਨ। ਪਾਕਿਸਤਾਨ ਦੀ ਬਦਨਾਮੀ ਬਾਰੇ ਜ਼ਰਾ ਨਹੀਂ ਸੋਚਦੀਆਂ। ਹਰ ਪਾਕਿਸਤਾਨੀ ਨੂੰ ਆਪਣੇ ਮੁਲਕ ਦੇ ਐਟਮੀ ਹਥਿਆਰਾਂ ਨਾਲ ਲੈਸ ਮੁਲਕ ਹੋਣ 'ਤੇ ਮਾਣ ਹੋਣਾ ਚਾਹੀਦਾ ਹੈ, ਪਰ ਉਹ ਤਾਂ ਇਨ੍ਹਾਂ ਹਥਿਆਰਾਂ ਲਈ ਪਾਕਿਸਤਾਨ ਨੂੰ ਨਿੰਦਦੀਆਂ ਹਨ। ਕੀ ਇਹ ਅਕ੍ਰਿਤਘਣਤਾ ਨਹੀਂ? ਇਹ ਇਨਸਾਨੀ ਸਮਾਜ ਅੰਦਰਲਾ ਅਜੀਬ ਜਿਹਾ ਵਿਰੋਧਾਭਾਸ ਹੈ ਕਿ ਉਹ ਰਵਾਇਤੀ ਦਿੱਖ ਵਾਲੀਆਂ ਔਰਤਾਂ ਨੂੰ ਰਵਾਇਤਾਂ ਦੇ ਚੌਗਿਰਦੇ ਵਿਚ ਹੀ ਕੈਦ ਰੱਖਣਾ ਚਾਹੁੰਦਾ ਹੈ। ਇਸ ਤੋਂ ਨਾ ਪੱਛਮ ਮੁਕਤ ਹੈ ਅਤੇ ਨਾ ਹੀ ਪੂਰਬ। ਪਾਕਿਸਤਾਨੀ ਸਮਾਜ ਵਿਚ ਅਜਿਹੀਆਂ ਔਰਤਾਂ ਦੀ ਕਮੀ ਨਹੀਂ ਜੋ ਮਰਦਾਂ ਵਿਚ ਮਰਦਾਂ ਵਾਂਗ ਵਿਚਰਦੀਆਂ ਹਨ, ਉਚ ਅਹੁਦਿਆਂ 'ਤੇ ਤਾਇਨਾਤ ਹਨ, ਪੇਸ਼ੇਵਾਰਾਨਾ ਜਾਂ ਨਿੱਜੀ ਮਹਿਫ਼ਲਾਂ ਵਿਚ ਗਲਾਸ ਫੜਨ ਅਤੇ ਖਾਲੀ ਕਰਨ ਤੋਂ ਨਹੀਂ ਝਿਜਕਦੀਆਂ, ਮਰਦਾਂ ਵਰਗੀ ਗਾਲੀ-ਗਲੋਚ ਵੀ ਕਰ ਲੈਂਦੀਆਂ ਹਨ, ਪਰ ਉਨ੍ਹਾਂ ਨੂੰ ਨਾ ਤੁਅੱਸਬੀ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ ਅਤੇ ਨਾ ਹੀ ਸਮਾਜਿਕ ਅਖ਼ਲਾਕ ਦੇ ਮੁਦਈ ਮੰਨੇ ਜਾਂਦੇ ਦਾਨਿਸ਼ਵਰ ਉਨ੍ਹਾਂ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਤਕਰੀਰਾਂ ਲਈ ਸੱਦੇ ਦੇਣ ਤੋਂ ਝਿਜਕਦੇ ਹਨ; ਪਰ ਜਦੋਂ ਰਵਾਇਤੀ ਪਹਿਰਾਵੇ ਵਾਲੀ ਤੇ ਸਿਰ 'ਤੇ ਦੁਪੱਟੇ ਵਾਲੀ ਤਾਲੀਮਯਾਫ਼ਤਾ ਬੀਬੀ, ਔਰਤਾਂ ਦੇ ਹੱਕਾਂ ਦੀ ਹਮਾਇਤ ਵਿਚ ਤਕਰੀਰ ਕਰਦਿਆਂ ਉਸੇ ਜ਼ੁਬਾਨ ਦੀ ਵਰਤੋਂ ਕਰਦੀ ਹੈ ਜੋ 'ਗ਼ੈਰ ਰਵਾਇਤੀ' ਪਹਿਰਾਵੇ ਵਾਲੀ ਕਰਦੀ ਆਈ ਸੀ ਤਾਂ ਇਸ ਬੀਬੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਸ ਨੂੰ ਬਨਾਵਟੀ ਸਮਝਿਆ ਜਾਂਦਾ ਹੈ।



ਮਲਾਲਾ ਯੂਸਫ਼ਜ਼ਈ ਕਰਾਚੀ ਵਿੱਚ ਇਕ ਸਕੂਲ ਵਿਚ ਬੱਚਿਆਂ ਨਾਲ।

ਉਂਜ, ਇਕੱਲੀ ਮਲਾਲਾ ਹੀ ਨਹੀਂ, ਪਾਕਿਸਤਾਨੀ ਸਮਾਜ ਨੇ ਹੋਰ ਔਰਤਾਂ ਨੂੰ ਵੀ ਆਪਣੀ ਨਫ਼ਰਤ ਦਾ ਨਿਸ਼ਾਨਾ ਬਣਾਇਆ ਹੈ। ਮੁਖ਼ਤਾਰਾਂ ਮਾਈ ਦਾ ਮਾਮਲਾ ਸਾਡੇ ਸਾਹਮਣੇ ਹੈ। ਉਸ ਦੇ ਭਾਈਚਾਰੇ ਦੀ ਪੰਚਾਇਤ ਨੇ ਹੀ ਉਸ ਦੇ ਸਮੂਹਿਕ ਬਲਾਤਕਾਰ ਦਾ ਹੁਕਮ ਦਿੱਤਾ ਸੀ ਪਰ ਅਜਿਹੀ ਵਹਿਸ਼ੀਆਨਾ ਹਰਕਤ, ਇੰਨਾ ਸ਼ਦੀਦ ਜ਼ੁਲਮ ਵੀ ਉਸ ਨੂੰ ਝੁਕਾਅ ਨਹੀਂ ਸਕਿਆ। ਉਸ ਉਪਰ ਇਕ ਨਹੀਂ, ਕਈ ਵਾਰ ਜ਼ੁਲਮ ਹੋਇਆ; ਸਮਾਜ ਨੇ ਹੀ ਉਸ ਦੀ ਇੱਜ਼ਤ ਨੂੰ ਤਾਰ ਤਾਰ ਕੀਤਾ; ਉਸ ਨਾਲ ਜੋ ਜ਼ੁਲਮ ਹੋਏ, ਉਨ੍ਹਾਂ ਦਾ ਕਸੂਰ ਵੀ ਉਸੇ ਸਿਰ ਮੜ੍ਹਿਆ ਅਤੇ ਇਹ ਸਭ ਕੁਝ ਕਰਨ ਦੇ ਬਾਵਜੂਦ ਉਸ ਉਪਰ ਹੁਣ ਵੀ ਇਹੋ ਦੋਸ਼ ਲਾਇਆ ਜਾਂਦਾ ਹੈ ਕਿ ਉਹ ਪਾਕਿਸਤਾਨ ਨੂੰ ਆਲਮੀ ਮੰਚਾਂ ਉਤੇ ਬਦਨਾਮ ਕਰਦੀ ਹੈ, ਉਹ ਵੀ ਸਿਰਫ਼ ਆਪਣੀ ਹਾਜ਼ਰੀ ਰਾਹੀਂ, ਬਿਨਾਂ ਕੁਝ ਬੋਲਿਆਂ!



ਮੁਖਤਾਰਾਂ ਮਾਈ

ਦਰਅਸਲ, ਮਲਾਲਾ ਹੋਵੇ ਜਾਂ ਮੁਖ਼ਤਾਰਾਂ, ਇਨ੍ਹਾਂ ਔਰਤਾਂ ਦਾ ਇਕੋ ਹੀ ਗੁਨਾਹ ਹੈ: ਜ਼ਿਲਤ, ਗਲਾਜ਼ਤ ਤੇ ਨਫ਼ਰਤ ਰੂਪੀ ਚਿੱਕੜ ਲਗਾਤਾਰ ਇਨ੍ਹਾਂ ਵੱਲ ਸੁੱਟੇ ਜਾਣ 'ਤੇ ਵੀ ਇਨ੍ਹਾਂ ਨੇ ਜੁਝਾਰੂ ਜਜ਼ਬਾ ਮਰਨ ਨਹੀਂ ਦਿੱਤਾ। ਮਾਈ ਤੇ ਮਲਾਲਾ ਦਰਮਿਆਨ ਤਾਂ ਇਕ ਹੋਰ ਸਾਂਝ ਹੈ। ਦੋਵਾਂ ਨੂੰ ਪੱਛਮੀ ਸਮਾਜ ਵੀ ਆਦਰਸ਼ ਮੰਨਦਾ ਹੈ। ਮਲੀਹਾ ਲੋਧੀ ਜਾਂ ਸ਼ੈਰੀ ਰਹਿਮਾਨ ਵਰਗੀਆਂ ਉਚ ਤਾਲੀਮਯਾਫ਼ਤਾ ਅਤੇ ਉਚ ਅਹੁਦਿਆਂ 'ਤੇ ਰਹੀਆਂ ਪਾਕਿਸਤਾਨੀ ਔਰਤਾਂ ਨੂੰ ਨਹੀਂ, ਮਲਾਲਾ ਤੇ ਮੁਖ਼ਤਾਰਾਂ ਨੂੰ! ਪਾਕਿਸਤਾਨੀ ਸਮਾਜ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ? ਸ਼ਾਇਦ ਇਸੇ ਲਈ ਪਰਵੇਜ਼ ਮੁਸ਼ੱਰਫ਼ ਨੇ ਮੁਲਕ ਦਾ ਹਾਕਮ ਹੁੰਦਿਆਂ ਇਹ ਕਹਿਣੋਂ ਝਿਜਕ ਨਹੀਂ ਸੀ ਦਿਖਾਈ ਕਿ ਮੁਖਤਾਰਾਂ ਮਾਈ ਉਤੇ ਓਨਾ ਜ਼ਿਆਦਾ ਜ਼ੁਲਮ ਨਹੀਂ ਹੋਇਆ, ਜਿੰਨਾ ਉਹ 'ਵੇਚ' ਰਹੀ ਹੈ; ਅਤੇ ਜੇ ਕੁਝ ਹੋਇਆ ਵੀ ਤਾਂ ਉਸ ਦੀ ਆਪਣੀ ਇੱਛਾ ਨਾਲ ਹੋਇਆ, ਕਿਉਂਕਿ ਉਹ ਵਿਦੇਸ਼ੀ ਨਾਗਰਿਕਤਾ ਹਾਸਲ ਕਰਨਾ ਚਾਹੁੰਦੀ ਸੀ।

ਮਲਾਲਾ ਆਪਣੇ ਵਤਨ ਤੋਂ ਲੰਡਨ ਪਰਤ ਗਈ ਹੈ। ਉਸ ਨੇ ਛੇ ਦਿਨਾਂ ਦੌਰਾਨ ਜੋ ਤਕਰੀਰਾਂ ਕੀਤੀਆਂ, ਜੋ ਵੀ ਇੰਟਰਵਿਊਜ਼ ਦਿੱਤੇ, ਉਨ੍ਹਾਂ ਵਿਚੋਂ ਪਾਕਿਸਤਾਨ ਖ਼ਿਲਾਫ਼ ਕੋਈ ਮਲਾਲ ਸਾਹਮਣੇ ਨਹੀਂ ਆਇਆ। ਉਸ ਦੇ ਬੋਲਾਂ ਵਿਚ ਸਿੱਕ ਸੀ, ਵਤਨ ਵਿਚ ਵਿਚਰਨ ਦੀ। ਆਮ ਵਰਗੀ ਜ਼ਿੰਦਗੀ ਜਿਊਣ ਦੀ। ਆਪਣੀਆਂ ਹਮਵਤਨਾਂ ਦੇ ਭਵਿਖ ਨੂੰ ਸੰਵਾਰਨ ਲਈ ਕੁਝ ਕਰਨ ਦੀ। ਉਸ ਦੀ ਇਹੋ ਸਿੱਕ, ਉਸ ਦਾ ਸਹਿਜ, ਉਸ ਦੀ ਜ਼ੁਬਾਨ ਦੀ ਮਿਠਾਸ ਹੀ ਉਨ੍ਹਾਂ ਲੋਕਾਂ ਨੂੰ ਡਰਾਉਂਦੀ ਰਹੀ ਜਿਨ੍ਹਾਂ ਨੇ ਨਫ਼ਰਤ ਦੀ ਕਾਸ਼ਤ ਨੂੰ ਆਪਣਾ ਦੀਨ ਬਣਾਇਆ ਹੋਇਆ ਹੈ। ਉਹ ਜਿਊਂਦੀ ਹੈ, ਇਹੀ ਉਨ੍ਹਾਂ ਲਈ ਉਸ ਦਾ ਗੁਨਾਹ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਅਪਰੈਲ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-321



*ਸੱਭਿਆਚਾਰਕ ਦੂਤ ਜਾਪਦੇ ਇਹ ਪਰਵਾਸੀ ਬੱਚੇ।*
*ਵਿਚ ਵਿਸਾਖੀ ਮੇਲੇ ਜਾ ਕੇ, ਵੇਖਿਉ ਕਿੱਦਾਂ ਨੱਚੇ!*

## ਕੈਪਸ਼ਨ ਮੁਕਾਬਲਾ-319



ਹਰੇ ਕਚੂਰ ਘਾਹ ਦਾ ਬੱਠਲ
ਦੇਖ ਬੱਕਰੀ ਨੇ ਲਾਈ ਨਾ ਦੇਰ।
ਪੌਂਡੇ ਲਾ ਲਏ ਢਾਕ ਕੁੜੀ ਦੇ
ਤੁਰੀ ਜਾਂਦੀ ਨੂੰ ਲਿਆ ਉਸ ਘੇਰ।
ਥੱਕੀ ਹੰਭੀ ਸੀ ਉਹ ਭਾਵੇਂ
ਦੇਖ ਸ਼ਰਾਰਤ ਬੱਕਰੀ ਦੀ ਉਹ
ਮੋਹ ਨਾਲ ਮੁਸਕਰਾਈ ਫੇਰ।

**-ਦਵਿੰਦਰ ਕੌਰ**

---

ਕਿਉਂ ਹੱਸੇਂ ਤੇ ਤਰਸਾਵੇਂ ਮੈਨੂੰ
ਭੁੱਖ ਨਾਲ ਮੈਂ ਮਰਦੀ ਜਾਵਾਂ।
ਹੁਣ ਨ੍ਹੀਂ ਮੈਥੋਂ ਸਬਰ ਹੋਂਵਦਾ
ਨਹੀਂ ਦਿੰਦੀ ਤਾਂ ਦਾਅ ਲਗਾਵਾਂ।
ਢਾਕ ਤੇਰੀ 'ਤੇ ਲਾ ਕੇ ਪੌਂਡੇ
ਨਵਾਂ ਪੈਂਤੜਾ ਅੱਜ ਦਿਖਾਵਾਂ।

**-ਜਗਮੀਤ ਸਿੰਘ ਪੰਧੇਰ**

---

ਹਰਾ ਕਚੂਰ ਤੱਕ ਲਲਚਾਈ
ਬੱਕਰੀ ਆਢਾ ਲਾ ਕੇ ਖਾਵੇ।
ਮੁਸਕਾਵੇ ਤੱਕ ਕਰਤੂਤ ਕੁੜੀ
ਨਾਲੇ ਟੇਢੀ ਹੁੰਦੀ ਜਾਵੇ।
ਅੱਲੜ੍ਹ ਅੱਥਰੀ ਦਾ ਮੇਲ ਹੋ ਗਿਆ
ਰਲ ਨਵਾਂ ਪੋਜ਼ ਬਣਾਵੇ।

**-ਸੇਵਾ ਸਿੰਘ ਨੂਰਪੁਰੀ, ਬੰਗਾ**

---

ਨਿੱਕੀ ਹੁੰਦੀ ਨਾਲ ਪਿਆਰ ਦੇ
ਬੁੱਕਲ ਵਿਚ ਬਿਠਾਉਂਦੀ ਸੀ।
ਨਿੱਕੇ ਨਿੱਕੇ ਹੱਥਾਂ ਦੇ ਨਾਲ
ਸਭ ਕੁਝ ਮੈਨੂੰ ਖਵਾਉਂਦੀ ਸੀ।
ਹੁਣ ਕੋਲ ਦੀ ਲੰਘ ਜਾਂਦੀ ਏਂ,
ਹਰੇ ਦਾ ਟੋਕਰਾ ਸਿਰ 'ਤੇ ਧਰ ਕੇ।
ਮੈਥੋਂ ਤਾਂ ਭੈਣੇ ਜਰ ਨਾ ਹੋਇਆ
ਹੱਥ ਪਾ ਲਿਆ ਜੇਰਾ ਕਰ ਕੇ।

**-ਗੁਰਦੇਵ ਸਿੰਘ ਢਿਪਾਲੀ, ਬਠਿੰਡਾ**

---

ਬੱਕਰੀ ਵਰਗਾ ਗੁਣਕਾਰੀ ਤੇ ਸਾਊ
ਜਾਨਵਰ ਨਾ ਲੱਭਦਾ ਕੋਈ।
ਆਪਣੇ ਜਿਹਾਂ ਨਾਲ ਕਰੇ ਕਲੋਲਾਂ
ਫਿਤਰਤ 'ਚ ਫਿਰੇ ਗੁਣ ਲੁਕੋਈ।

**-ਜਗਜੀਤ ਕੌਰ ਤੂਰ, ਚੰਡੀਗੜ੍ਹ।**

---

ਹਰੇ ਹਰੇ ਪੱਠੇ ਵੇਖ ਕੇ
ਬੱਕਰੀ ਦੇ ਮੂੰਹ 'ਚ ਆਇਆ ਪਾਣੀ।
ਬੱਕਰੀ ਜ਼ਾਤ ਸਿਆਣੇ ਕਹਿੰਦੇ
ਹੁੰਦੀ ਏ ਬਹੁਤ ਸਿਆਣੀ।

**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਜ਼ਿਆਦਾ ਕੁੜੀਆਂ ਜੇ ਹੋਵਣ 'ਕੱਠੀਆਂ
ਕਿਚਰ ਕਿਚਰ ਬੋਲਦੀਆਂ ਰਹਿਣ।
ਉਂਜ ਚਿੜੀਆਂ ਵੀ ਹੋ ਇਕੱਠੀਆਂ
ਚੀਂ ਚੀਂ ਕਰਦੀਆਂ ਰਹਿਣ।
ਬੱਕਰੀ ਮੈਂ ਮੈਂ ਕਰ ਘੁਮਾਵੇ ਸਿਰ
ਦਿਸ ਪੈਣ ਤੁੱਕੇ ਜੇ ਕਿੱਕਰਾਂ ਦੇ
ਜਾਂ ਕੋਈ ਹਰਾ ਚਾਰਾ, ਟੁੱਟ ਕੇ ਪੈ ਜਾਵੇ।

**-ਦਰਸ਼ਨਪਾਲ ਦੋਸਾਂਝ**

---

ਬੱਕਰੀ ਸਾਂਝ ਦਾ ਅਹਿਸਾਸ ਕਰਾਉਂਦੀ
ਪੱਠਿਆਂ 'ਤੇ ਆਪਣਾ ਹੱਕ ਜਤਾਵੇ।
ਕੁੜੀ ਵੀ ਬੱਕਰੀ ਦੀਆਂ ਹਰਕਤਾਂ ਦੇਖ
ਖੁਸ਼ੀ ਵਿਚ ਫੁੱਲੀ ਨਾ ਸਮਾਵੇ।
ਕਾਸ਼! ਬੰਦਾ ਪੈਸੇ ਦੀ ਅੰਨੀ ਦੌੜ 'ਚ
ਆਪਣਿਆਂ ਨੂੰ ਭੁੱਲਦਾ ਨਾ ਜਾਵੇ।

**-ਅਮਰਜੀਤ ਸਿੰਘ ਤੂਰ**

ੴ ਸਤਿਗੁਰ ਪ੍ਰਸਾਦਿ

ਗੁਰ ਸਿਮਰ ਮਨਾਈ ਕਾਲਕਾ, ਖੰਡੇ ਕੀ ਵੇਲਾ॥
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮੁ ਸੁਹੇਲਾ॥

## ਕਲਗੀਧਰ ਦਸ਼ਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਨੇ 1699 ਦੀ ਵਿਸਾਖੀ ਦੇ ਦਿਹਾੜੇ ਮਰਜੀਵੜਿਆਂ ਦੇ ਇਕ ਨਵੇਂ ਪੰਥ ਖਾਲਸਾ ਪੰਥ ਨੂੰ ਪ੍ਰਗਟ ਕੀਤਾ ਅਤੇ ਨਿਸਚੈ ਕਰ ਅਪਨੀ ਜੀਤ ਕਰੋਂ ਦਾ ਵਰ ਦਿੱਤਾ, ਇਸ ਪਵਿੱਤਰ ਦਿਹਾੜੇ ਦੀ ਸਮੂਹ ਖਾਲਸਾ ਪੰਥ ਅਤੇ ਅਖਬਾਰ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ



ਵਲੋਂ: ਬਲਰਾਜ ਸਿੰਘ ਢਿੱਲੋਂ ਅਤੇ ਮਨਦੀਪ ਸਿੰਘ ਢਿੱਲੋਂ
ਯੂਬਾ ਸਿਟੀ, ਕੈਲੀਫੋਰਨੀਆ

# ਹੰਗਾਮਿਆਂ ਦੀ ਭੇਟ ਚੜ੍ਹ ਗਿਆ ਸੰਸਦ ਦਾ ਬਜਟ ਸੈਸ਼ਨ

**ਨਵੀਂ ਦਿੱਲੀ:** ਵਿਰੋਧ ਪ੍ਰਦਰਸ਼ਨਾਂ ਕਰ ਕੇ ਤਕਰੀਬਨ ਪੂਰਾ ਬਜਟ ਇਜਲਾਸ ਠੱਪ ਹੋ ਕੇ ਰਹਿ ਗਿਆ ਅਤੇ 250 ਕੰਮਕਾਜੀ ਘੰਟੇ ਬਰਬਾਦ ਹੋ ਗਏ। ਰਾਜ ਸਭਾ ਵਿਚ ਜਿਹੜੇ 19 ਸਵਾਲ ਪੜ੍ਹੇ ਜਾਂਦੇ ਹਨ ਅਤੇ ਉਨ੍ਹਾਂ ਉਤੇ ਪੂਰਕ ਸਵਾਲ ਬਾਰੇ ਨੋਟਿਸਾਂ 'ਤੇ ਲੋਕ ਸਭਾ ਵਿਚ ਚਰਚਾ ਤੱਕ ਨਹੀਂ ਹੋ ਸਕੀ। ਇਜਲਾਸ ਦਾ ਦੂਜਾ ਪੜਾਅ, ਜੋ 5 ਮਾਰਚ ਤੋਂ ਸ਼ੁਰੂ ਹੋਇਆ ਸੀ, ਤਹਿਤ 22 ਬੈਠਕਾਂ ਹੋਈਆਂ ਜਿਨ੍ਹਾਂ 'ਚੋਂ ਜ਼ਿਆਦਾ ਦੌਰਾਨ ਅੜਿੱਕਾ ਪਿਆ। ਆਪਣੀ ਸੰਖੇਪ ਰਿਪੋਰਟ ਵਿਚ




ਪੁੱਛੇ ਜਾਂਦੇ ਹਨ, ਵਿਚੋਂ ਮਹਿਜ਼ ਪੰਜ ਦਾ ਹੀ ਮੰਤਰੀਆਂ ਵੱਲੋਂ ਜ਼ਬਾਨੀ ਜਵਾਬ ਦਿੱਤਾ ਗਿਆ ਜਦਕਿ 29 ਬੈਠਕਾਂ ਦੌਰਾਨ ਲੋਕ ਸਭਾ 'ਚ ਅਜਿਹੇ 580 ਸਵਾਲਾਂ ਵਿਚੋਂ 17 ਦੇ ਹੀ ਜਵਾਬ ਦਿੱਤੇ ਜਾ ਸਕੇ। ਇਹ ਹਰੇਕ ਦਿਨ ਔਸਤਨ 0.58 ਸਵਾਲਾਂ ਦੇ ਜਵਾਬ ਬਣਦੇ ਹਨ। ਬਾਕੀ ਰਹਿੰਦੇ ਸਵਾਲਾਂ ਦੇ ਲਿਖਤੀ ਜਵਾਬ ਦਿੱਤੇ ਗਏ ਅਤੇ 6670 ਹੋਰ ਸਵਾਲ ਸਦਨ ਵਿਚ ਰੱਖੇ ਗਏ।

ਰੌਲੇ ਰੱਪੇ ਕਾਰਨ ਸਰਕਾਰ ਖਿਲਾਫ਼ ਵਿਰੋਧੀ ਧਿਰ ਵੱਲੋਂ ਪੇਸ਼ ਕੀਤੇ ਗਏ ਬੇਵਿਸਾਹੀ ਦੇ ਮਤਿਆਂ ਸ੍ਰੀਮਤੀ ਮਹਾਜਨ ਨੇ ਕਿਹਾ ਕਿ ਲੋਕ ਸਭਾ ਦੀਆਂ 29 ਬੈਠਕਾਂ ਦੌਰਾਨ 34 ਘੰਟੇ ਅਤੇ 5 ਮਿੰਟ ਹੀ ਕੰਮ ਹੋ ਸਕਿਆ। ਕੁੱਲ 127 ਘੰਟੇ ਅਤੇ 45 ਮਿੰਟ ਅੜਿੱਕਿਆਂ ਅਤੇ ਕਾਰਵਾਈ ਮੁਲਤਵੀ ਹੋਣ ਕਾਰਨ ਪ੍ਰਭਾਵਤ ਹੋਏ। ਕਰੀਬ 9 ਘੰਟੇ 47 ਮਿੰਟਾਂ ਦੌਰਾਨ ਜ਼ਰੂਰੀ ਸਰਕਾਰੀ ਕੰਮਕਾਜ ਹੋਇਆ।

ਲੋਕ ਸਭਾ 'ਚ ਅਹਿਮ ਵਿੱਤ ਬਿੱਲ 2018 ਸਮੇਤ ਪੰਜ ਬਿੱਲ ਪਾਸ ਹੋ ਸਕੇ ਅਤੇ ਪੰਜ ਹੋਰਾਂ ਨੂੰ ਪੇਸ਼ ਕੀਤਾ ਗਿਆ ਸੀ। ਸਦਨ ਜਨ ਹਿੱਤ ਅਤੇ ਲੋਕਾਂ ਦੀ ਭਲਾਈ ਨਾਲ ਸਬੰਧਤ ਮੁੱਦੇ ਉਠਾਉਣ ਦਾ ਪਵਿੱਤਰ ਮੰਚ ਹੈ। ਉਧਰ ਰਾਜ ਸਭਾ 'ਚ ਵੀ ਅਜਿਹੇ ਦ੍ਰਿਸ਼ ਦੇਖਣ ਨੂੰ ਮਿਲੇ ਜਿਸ 'ਤੇ ਸਭਾਪਤੀ ਐਮ ਵੈਂਕਈਆ ਨਾਇਡੂ ਨੇ ਅਫਸੋਸ ਜਤਾਇਆ। ਇਜਲਾਸ ਦੇ ਦੂਜੇ ਪੜਾਅ ਦੌਰਾਨ ਰਾਜ ਸਭਾ ਦੀਆਂ ਕੁੱਲ 30 ਬੈਠਕਾਂ ਹੋਈਆਂ ਜਿਸ ਵਿਚੋਂ 44 ਘੰਟੇ ਹੀ ਸਦਨ ਜੁੜਿਆ ਅਤੇ ਉਪਰਲੇ ਸਦਨ ਦੇ 121 ਤੋਂ ਵੱਧ ਘੰਟੇ ਅਜਾਈਂ ਗਏ। 27 ਦਿਨ ਪ੍ਰਸ਼ਨਕਾਲ ਨਹੀਂ ਹੋ ਸਕਿਆ।

## ਰਾਜ ਸਭਾ 'ਚ ਕਰਵਾਈ ਰੋਕਣ ਦਾ ਬਣਿਆ ਨਵਾਂ ਰਿਕਾਰਡ

**ਨਵੀਂ ਦਿੱਲੀ:** ਭਾਰਤ ਦੀ ਸਿਆਸਤ ਵਿਚ ਨਵੇਂ-ਨਵੇਂ ਰਿਕਾਰਡ ਬਣ ਰਹੇ ਹਨ। ਤਾਜ਼ਾ ਰਿਕਾਰਡ ਰਾਜ ਸਭਾ ਵਿਚ ਬਣਿਆ ਹੈ। ਰਾਜ ਸਭਾ ਵਿਚ ਸ਼ੋਰ-ਸ਼ਰਾਬੇ ਕਰ ਕੇ ਸਦਨ ਨੂੰ ਰਿਕਾਰਡ ਗਿਆਰਾਂ ਵਾਰ ਉਠਾਉਣਾ ਪਿਆ। ਇਹ ਪਾਰਲੀਮੈਂਟ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਰਾਜ ਸਭਾ ਵਿਚ ਰਿਸ਼ਵਤ ਵਿਰੋਧੀ (ਸੋਧ) ਬਿੱਲ 2013 ਨੂੰ ਪਾਸ ਕਰਨ ਲਈ ਸੱਤਾਧਾਰੀ ਤੇ ਵਿਰੋਧੀ ਧਿਰ ਵਿਚ ਤਕਨੀਕੀ ਨੁਕਤਿਆਂ ਨੂੰ ਲੈ ਕੇ ਬਿਖੇੜਾ ਪਿਆ ਰਿਹਾ। ਬਾਅਦ ਵਿਚ ਸੱਤਾਧਾਰੀ ਧਿਰ ਨੇ ਬਿੱਲ ਨੂੰ ਜ਼ਬਾਨੀ ਵੋਟਾਂ ਨਾਲ ਪਾਸ ਕਰਨ ਲਈ ਵੀ ਜ਼ੋਰ ਦਿੱਤਾ ਜਦੋਂਕਿ ਵਿਰੋਧੀ ਧਿਰ ਵੋਟਾਂ ਪਵਾਉਣ ਉਤੇ ਅੜੀ ਰਹੀ ਪਰ ਵੋਟਾਂ ਨਾ ਪੈ ਸਕੀਆਂ।

# ਸਾਧੂਆਂ ਨੂੰ ਮੰਤਰੀ ਬਣਾਉਣ 'ਤੇ ਖੜ੍ਹਾ ਹੋਇਆ ਨਵਾਂ ਵਿਵਾਦ

**ਭੁਪਾਲ:** ਮੱਧ ਪ੍ਰਦੇਸ਼ ਵਿਚ ਸ਼ਿਵਰਾਜ ਸਿੰਘ ਚੌਹਾਨ ਸਰਕਾਰ ਵੱਲੋਂ ਪੰਜ ਅਧਿਆਤਮਕ ਚਿਹਰਿਆਂ ਨੂੰ ਰਾਜ ਮੰਤਰੀ ਦਾ ਦਰਜਾ ਦੇਣ ਉਤੇ ਕਰਨੀ ਸੀ ਪਰ ਹੁਣ ਉਹ ਇਸ ਗੱਲੋਂ ਟਾਲਾ ਵੱਟ ਰਹੇ ਹਨ ਤੇ ਸੋਸ਼ਲ ਮੀਡੀਆ ਯੂਜ਼ਰਜ਼ ਉਨ੍ਹਾਂ ਨੂੰ ਪੁਰਾਣੀਆਂ ਗੱਲਾਂ ਯਾਦ ਕਰਾ ਰਹੇ ਹਨ।



ਵਿਵਾਦ ਵਧ ਗਿਆ ਹੈ। ਇਨ੍ਹਾਂ ਸਾਧੂਆਂ ਵਿਚੋਂ ਇਕ 'ਕੰਪਿਊਟਰ ਬਾਬਾ' ਨੂੰ ਲੈ ਕੇ ਵਿਰੋਧੀ ਧਿਰ ਲਗਾਤਾਰ ਮੁੱਖ ਮੰਤਰੀ ਉਤੇ ਸ਼ਬਦੀ ਹਮਲੇ ਕਰ ਰਹੀ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਨਰਮਦਾ ਘੁਟਾਲੇ ਨੂੰ ਦਬਾਉਣ ਲਈ ਸਾਧੂਆਂ ਨੂੰ ਰਾਜ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ।

ਰਾਜ ਮੰਤਰੀ ਦਾ ਦਰਜਾ ਮਿਲਣ ਤੋਂ ਪਹਿਲਾਂ ਕੰਪਿਊਟਰ ਬਾਬੇ ਨੇ ਭਾਜਪਾ ਸਰਕਾਰ ਖਿਲਾਫ਼ ਨਰਮਦਾ ਘੁਟਾਲਾ ਰਥ ਯਾਤਰਾ ਯਾਤਰਾ ਦਾ ਐਲਾਨ ਕੀਤਾ ਸੀ ਜੋ ਪਹਿਲੀ ਮਾਰਚ ਨੂੰ ਸ਼ੁਰੂ

ਜਾਣਕਾਰੀ ਮੁਤਾਬਕ ਸ਼ਿਵਰਾਜ ਸਰਕਾਰ ਨੇ ਵੱਖ-ਵੱਖ ਖੇਤਰਾਂ ਖਾਸਕਰ ਨਰਮਦਾ ਕਿਨਾਰੇ ਦੇ ਇਲਾਕਿਆਂ 'ਚ ਪਾਣੀ ਸੰਭਾਲ, ਸਫਾਈ, ਬੂਟੇ ਲਗਾਉਣਾ ਆਦਿ ਵਿਸ਼ਿਆਂ 'ਤੇ ਜਾਗਰੂਕਤਾ ਮੁਹਿੰਮ ਨਿਰੰਤਰ ਚਲਾਉਣ ਲਈ 31 ਮਾਰਚ ਨੂੰ ਵਿਸ਼ੇਸ਼ ਕਮੇਟੀ ਗਠਿਤ ਕੀਤੀ ਤੇ ਇਸ 'ਚ 5 ਵਿਸ਼ੇਸ਼ ਮੈਂਬਰਾਂ ਨਰਮਦਾਨੰਦ, ਹਰਿਹਰਾਨੰਦ, ਭੈਯੂ, ਕੰਪਿਊਟਰ ਬਾਬਾ ਤੇ ਯੋਗੇਂਦਰ ਮਹੰਤ ਨੂੰ ਰਾਜ ਮੰਤਰੀ ਪੱਧਰ ਦਾ ਦਰਜਾ ਪ੍ਰਦਾਨ ਕੀਤਾ ਗਿਆ ਹੈ। ਰਾਜ ਮੰਤਰੀ ਦਾ ਦਰਜਾ ਹਾਸਲ ਕਰਨ ਤੋਂ ਬਾਅਦ ਕੰਪਿਊਟਰ ਬਾਬਾ ਨੇ ਕਿਹਾ ਕਿ ਅਸੀਂ ਇਹ ਯਾਤਰਾ ਰੱਦ ਕਰ ਦਿੱਤੀ ਹੈ, ਕਿਉਂਕਿ ਸੂਬਾ ਸਰਕਾਰ ਨੇ ਨਰਮਦਾ ਨਦੀ ਦੀ ਸੰਭਾਲ ਲਈ ਸਾਧੂ-ਸੰਤਾਂ ਦੀ ਕਮੇਟੀ ਬਣਾਉਣ ਦੀ ਸਾਡੀ ਮੰਗ ਪੂਰੀ ਕਰ ਦਿੱਤੀ ਹੈ। ਇਸੇ ਦੌਰਾਨ 5 ਸੰਤਾਂ ਨੂੰ ਰਾਜ ਮੰਤਰੀ ਦਾ ਦਰਜਾ ਦੇਣ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ।

## ਘੱਟ ਗਿਣਤੀ ਕਮਿਸ਼ਨ ਕੋਲ ਮੁਸਲਿਮ ਭਾਈਚਾਰੇ ਦੀਆਂ ਸਭ ਤੋਂ ਵੱਧ ਸ਼ਿਕਾਇਤ

**ਨਵੀਂ ਦਿੱਲੀ:** ਕੌਮੀ ਘੱਟ ਗਿਣਤੀ ਕਮਿਸ਼ਨ ਕੋਲ ਪਿਛਲੇ ਸਾਲ ਸਿਰਫ 83 ਸਿੱਖਾਂ ਨੇ ਹੀ ਸ਼ਿਕਾਇਤ ਕੀਤੀ ਹੈ ਜਦੋਂ ਕਿ ਪਾਰਸੀ ਭਾਈਚਾਰੇ ਦੀਆਂ ਨਾਮਾਤਰ 3 ਸ਼ਿਕਾਇਤਾਂ ਹੀ 2017-18 ਵਿਚ ਆਈਆਂ ਹਨ। ਘੱਟ ਗਿਣਤੀਆਂ ਮੁਸਲਮ, ਸਿੱਖ, ਇਸਾਈ, ਬੋਧੀ, ਜੈਨੀ ਤੇ ਪਾਰਸੀਆਂ ਦੀ ਰਾਖੀ ਲਈ ਬਣੇ ਇਸ ਕਮਿਸ਼ਨ ਕੋਲ ਮੁਸਲਮਾਨਾਂ ਨੇ ਇਸ ਸਾਲ ਦੌਰਾਨ 1128 ਸ਼ਿਕਾਇਤਾਂ ਕੀਤੀਆਂ ਸਨ।

ਇਸਾਈਆਂ ਨੇ 100, ਜੈਨੀਆਂ ਨੇ 48 ਤੇ ਬੋਧੀ ਭਾਈਚਾਰੇ ਨੇ 22 ਸ਼ਿਕਾਇਤਾਂ ਕੀਤੀਆਂ। 2017-18 ਦੌਰਾਨ ਕਮਿਸ਼ਨ ਕੋਲ 1498 ਸ਼ਿਕਾਇਤਾਂ ਆਈਆਂ ਜਿਨ੍ਹਾਂ ਵਿਚੋਂ 1263 ਦੇ ਹੱਲ ਕੱਢੇ ਗਏ। ਸ਼ਿਕਾਇਤਾਂ ਵਿਚੋਂ 114 ਅਜਿਹੀਆਂ ਸਨ ਜੋ ਘੱਟ ਗਿਣਤੀਆਂ ਦੀ ਬਜਾਏ ਹੋਰਨਾਂ ਵਰਗਾਂ ਤੋਂ ਸਨ। ਕਾਨੂੰਨ ਦੀ ਹਾਲਤ ਬਾਰੇ 877 ਸ਼ਿਕਾਇਤਾਂ ਆਈਆਂ। ਕਮਿਸ਼ਨ ਕੋਲ ਸੇਵਾਵਾਂ, ਸਿੱਖਿਆ, ਧਰਮ ਤੇ ਵਕਫ ਬੋਰਡ ਨਾਲ ਕ੍ਰਮਵਾਰ 128, 93, 56 ਤੇ 54 ਸ਼ਿਕਾਇਤਾਂ ਮਿਲੀਆਂ ਸਨ। ਇਸ ਤੋਂ ਇਲਾਵਾ 275 ਸ਼ਿਕਾਇਤਾਂ ਹੋਰ ਮੁੱਦਿਆਂ ਨਾਲ ਜੁੜੀਆਂ ਸਨ।

# ਸਕੂਲ ਬੱਸ ਖੱਡ ਵਿਚ ਡਿੱਗੀ, 30 ਹਲਾਕ

**ਊਨਾ:** ਜ਼ਿਲ੍ਹਾ ਸਦਰ ਮੁਕਾਮ ਧਰਮਸ਼ਾਲਾ ਤੋਂ ਲਗਭਗ 100 ਕਿਲੋਮੀਟਰ ਦੂਰ ਨੂਰਪੁਰ-ਚੰਬਾ ਰਾਜਮਾਰਗ ਉਪਰ ਪਿੰਡ ਗੁਰਚਲ ਨੇੜੇ ਇਕ ਸਾਲਾ ਮਦਨ ਲਾਲ ਤੇ ਦੋ ਅਧਿਆਪਕਾਵਾਂ ਦੀ ਵੀ ਹਾਦਸੇ ਵਿਚ ਮੌਤ ਹੋ ਗਈ। ਸਕੂਲ ਬੱਸ ਵਿਚ 40-45 ਜਣੇ ਸਵਾਰ ਸਨ।



ਸਕੂਲ ਬੱਸ ਬੇਕਾਬੂ ਹੋ ਕੇ ਡੂੰਘੀ ਖੱਡ ਵਿਚ ਜਾ ਡਿੱਗੀ ਜਿਸ ਕਾਰਨ 27 ਬੱਚਿਆਂ ਸਮੇਤ 30 ਜਣੇ ਮਾਰੇ ਗਏ। ਮਾਰੇ ਗਏ ਬੱਚੇ ਰਾਮ ਸਿੰਘ ਪਠਾਨੀਆ ਸਕੂਲ ਦੇ ਸਨ। ਬੱਸ ਚਾਲਕ 67

ਮਰਨ ਵਾਲਿਆਂ ਵਿਚੋਂ ਜ਼ਿਆਦਾਤਰ ਪ੍ਰਾਇਮਰੀ ਕਲਾਸਾਂ ਦੇ ਵਿਦਿਆਰਥੀ ਸਨ। ਦੁਖਦਾਈ ਖ਼ਬਰ ਸੁਣ ਕੇ ਮਾਪੇ ਤੇ ਰਿਸ਼ਤੇਦਾਰ ਹਾਦਸੇ ਵਾਲੀ ਜਗ੍ਹਾ ਵੱਲ ਦੌੜੇ ਤੇ ਪੂਰੇ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ। ਬਚਾਅ ਤੇ ਰਾਹਤ ਕਾਰਜਾਂ ਵਿਚ ਤੇਜ਼ੀ ਲਿਆਉਣ ਲਈ ਫੂਡ ਸਪਲਾਈਜ਼ ਮੰਤਰੀ ਕ੍ਰਿਸ਼ਨ ਕਪੂਰ ਨੂੰ ਮੌਕੇ ਉਤੇ ਭੇਜਿਆ ਗਿਆ। ਮੁਕਾਮੀ ਨੌਜਵਾਨਾਂ ਦੀ ਮਦਦ ਨਾਲ ਮਲਬੇ ਹੇਠੋਂ ਲਾਸ਼ਾਂ ਕੱਢੀਆਂ ਜਾ ਰਹੀਆਂ ਸਨ। ਜਾਣਕਾਰੀ ਅਨੁਸਾਰ ਨੂਰਪੁਰ-ਮਲਕਵਾਲ ਕੋਲ ਬਾਅਦ ਦੁਪਹਿਰ ਸਕੂਲ ਬੱਸ 200 ਫੁੱਟ ਡੂੰਘੀ ਖਾਈ ਵਿਚ ਜਾ ਡਿੱਗੀ। ਇਹ ਬੱਸ ਇਕ ਪ੍ਰਾਈਵੇਟ ਸਕੂਲ ਦੀ ਸੀ ਅਤੇ ਛੁੱਟੀ ਤੋਂ ਬਾਅਦ ਬੱਚਿਆਂ ਨੂੰ ਘਰ ਘਰ ਛੱਡਣ ਲਈ ਰਵਾਨਾ ਹੋਈ ਸੀ। ਜ਼ਖ਼ਮੀ ਬੱਚਿਆਂ ਨੂੰ ਸਿਵਲ ਹਸਪਤਾਲ ਨੂਰਪੁਰ ਵਿਚ ਦਾਖਲ ਕਰਵਾਇਆ ਗਿਆ। ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਹਾਦਸੇ ਵਿਚ ਹੋਈਆਂ ਮੌਤਾਂ ਉਤੇ ਦੁੱਖ ਪ੍ਰਗਟਾਇਆ ਹੈ।

ਮ੍ਰਿਤਕਾਂ 'ਚ ਸ਼ਰੁਤੀ ਪੁੱਤਰੀ ਨਰੇਸ਼, ਦੀਕਸ਼ਾ, ਈਸ਼ਿਤਾ, ਯੁਵਰਾਜ ਪੁੱਤਰ ਦਿਲਬਾਗ, ਸਰਿਤਾ, ਸਨੇਹਾ, ਹਰਸ਼ ਪਠਾਨੀਆ ਅਤੇ ਵਰੁਣ ਸ਼ਰਮਾ ਸ਼ਾਮਲ ਹਨ ਜਦਕਿ ਜ਼ਖ਼ਮੀਆਂ 'ਚ ਕੋਮਲ, ਨਿਤਿਨ, ਅਵੰਸ਼ੀ, ਕਨਿਕਾ, ਮਨੀਸ਼, ਆਵਨੀ, ਸ਼ਿਵਾਨੀ, ਨਿਸ਼ਾਂਤ, ਵੰਸ਼ਿਕਾ, ਦਿਵਿਆ, ਰਣਬੀਰ, ਨਤਾਸ਼ਾ, ਰਿਆ, ਜੀਵਿਕਾ ਤੇ ਹਾਰਦਿਕ ਸ਼ਾਮਲ ਹਨ।

## ਸਿੱਖ ਗੁਰੂ ਦੀ ਤਸਵੀਰ ਨਾਲ ਛੇੜਛਾੜ ਕਰਨ ਵਾਲਾ ਠਾਣੇਦਾਰ ਮੁਅੱਤਲ

**ਕੈਥਲ:** ਵਟਸਐਪ ਗਰੁਪ 'ਚ ਸਿੱਖ ਗੁਰੂ ਦੀ ਛੇੜ ਛਾੜ ਕਰ ਕੇ ਪਾਈ ਤਸਵੀਰ ਬਦਲੇ ਕੈਥਲ ਪੁਲਿਸ ਦੇ ਇਕ ਐਸ. ਆਈ. ਨੂੰ ਮੁਅੱਤਲ ਕਰ ਦਿੱਤਾ ਹੈ। ਇਕ ਔਰਤ ਵੱਲੋਂ 7 ਅਪਰੈਲ ਨੂੰ ਕੀਤੀ ਸ਼ਿਕਾਇਤ ਦੇ ਆਧਾਰ 'ਤੇ ਐਸ. ਆਈ. ਸੁਰੇਸ਼ ਕੁਮਾਰ ਨੂੰ ਮੁਅੱਤਲ ਕੀਤਾ ਗਿਆ ਹੈ।

ਸ਼ਿਕਾਇਤ ਕਰਨ ਵਾਲੀ ਔਰਤ ਨੇ ਦਾਅਵਾ ਕੀਤਾ ਕਿ ਪੁਲਿਸ ਅਧਿਕਾਰੀ ਦੀ ਹਰਕਤ ਨਾਲ ਨਾ ਸਿਰਫ ਸਿੱਖਾਂ ਦੀਆਂ ਬਲਕਿ ਦੂਸਰੇ ਭਾਈਚਾਰੇ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗੀ ਹੈ। ਕੈਥਲ ਦੀ ਐਸ.ਪੀ. ਆਸਥਾ ਮੋਦੀ ਨੇ ਕਿਹਾ ਕਿ ਉਸ ਨੇ ਮਾਮਲੇ ਦੀ ਵਿਭਾਗੀ ਜਾਂਚ ਦਾ ਹੁਕਮ ਦਿੱਤਾ ਹੈ। ਕਸੂਰਵਾਰ ਨੂੰ ਕਾਨੂੰਨ ਮੁਤਾਬਕ ਸਜ਼ਾ ਦਿੱਤੀ ਜਾਵੇਗੀ।

# ਨਿਤਿਸ਼ ਵੱਲੋਂ ਪਟਨਾ ਸਾਹਿਬ 'ਚ ਦੀਵਾਨ ਹਾਲ ਦਾ ਨੀਂਹ ਪੱਥਰ

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਤਖਤ ਸ੍ਰੀ ਪਟਨਾ ਸਾਹਿਬ ਦੇ ਦੱਖਣ ਵਾਲੇ ਪਾਸੇ ਬਣਾਏ ਜਾਣ ਵਾਲੇ ਦੀਵਾਨ ਹਾਲ ਦਾ ਨੀਂਹ ਪੱਥਰ ਰੱਖਿਆ। ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਜਿੰਦਰ ਸਿੰਘ ਨੇ ਦੱਸਿਆ ਕਿ ਪਹਿਲਾਂ ਮੁੱਖ ਮੰਤਰੀ ਨੇ ਤਖਤ ਸ੍ਰੀ ਪਟਨਾ ਸਾਹਿਬ ਪਹੁੰਚ ਕੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਦੇ ਪ੍ਰਧਾਨ ਭਾਈ ਮਹਿੰਦਰ ਸਿੰਘ ਵੱਲੋਂ ਦੀਵਾਨ ਹਾਲ ਦਾ ਨਿਰਮਾਣ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਾਲਸ ਰਾਏ ਜੌਹਰੀ ਦੀਵਾਨ ਹਾਲ ਦੇ ਹੇਠਾਂ ਪਾਰਕਿੰਗ ਤੋਂ ਇਲਾਵਾ ਸ਼ਰਧਾਲੂਆਂ ਦੇ ਠਹਿਰਨ ਲਈ ਕਮਰੇ ਉਸਾਰੇ ਜਾਣਗੇ।

ਗਿਆਨੀ ਇਕਬਾਲ ਸਿੰਘ ਨੇ ਇਸ ਮੌਕੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੂੰ ਸਿਰੋਪਾਓ ਭੇਟ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਤੇ ਸ਼ੁਕਰਾਨਾ ਸਮਾਰੋਹ ਨੂੰ ਸਫਲ ਬਣਾਉਣ ਵਾਲੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਹਾਜ਼ਰ ਕੇਂਦਰੀ ਰਾਜ ਮੰਤਰੀ ਐਸ.ਐਸ. ਆਹਲੂਵਾਲੀਆ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਗੁਰ ਪੁਰਬ ਨੂੰ ਸਮਰਪਿਤ ਭਾਰਤ ਸਰਕਾਰ ਵੱਲੋਂ ਜਾਰੀ ਕੀਤਾ ਜਾ ਰਿਹਾ 350 ਰੁਪਏ ਦਾ ਸਿੱਕਾ ਗੁਰੂ ਘਰ ਵਿਚ ਹੀ ਜਾਰੀ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਹੱਥੋਂ ਗੁਰੂ ਘਰ ਵਿਚ ਹੀ ਸਿੱਕਾ ਜਾਰੀ ਕਰਨ ਦੀ ਰੂਪ ਰੇਖਾ ਉਲੀਕੀ ਜਾ ਰਹੀ ਹੈ।



## ਮਨੀਲਾ 'ਚ ਪੰਜਾਬੀ ਨੌਜਵਾਨ ਦਾ ਕਤਲ

**ਸਮਾਲਸਰ:** ਕੋਠੇ ਸਮਾਲਸਰ ਦੇ ਇਕ ਨੌਜਵਾਨ ਦਾ ਮਨੀਲਾ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਕੁਲਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ (30) 13 ਸਾਲ ਪਹਿਲਾਂ ਮਨੀਲਾ ਵਿਚ ਰੋਜ਼ੀ ਕਮਾਉਣ ਗਿਆ ਸੀ। ਉਥੇ ਉਹ ਆਪਣੀ ਪਤਨੀ ਤੇ 10 ਕੁ ਸਾਲਾਂ ਦੀ ਧੀ ਨਾਲ ਰਹਿ ਰਿਹਾ ਸੀ। ਜਦ ਉਹ ਕੰਮ ਤੋਂ ਘਰ ਪਰਤ ਰਿਹਾ ਸੀ ਤਾਂ ਕੁਝ ਅਣਪਛਾਤੇ ਲੁਟੇਰਿਆਂ ਨੇ ਉਸ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਉਸ ਦੇ ਨੇੜਲਿਆਂ ਨੇ ਉਸ ਨੂੰ ਡਾਕਟਰ ਕੋਲ ਪਹੁੰਚਾਇਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# ਦਿੱਲੀ-ਪਠਾਨਕੋਟ ਹਵਾਈ ਸੰਪਰਕ ਸ਼ੁਰੂ

**ਪਠਾਨਕੋਟ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਲੇਠੀ ਦਿੱਲੀ-ਪਠਾਨਕੋਟ-ਦਿੱਲੀ ਉਡਾਣ ਦਾ ਸਵਾਗਤ ਕੀਤਾ ਹੈ, ਜਿਸ ਨਾਲ ਪਠਾਨਕੋਟ, ਖੇਤਰੀ ਸੰਪਰਕ ਸਕੀਮ (ਆਰ.ਸੀ.ਐਸ.) ਵਿਚ ਸ਼ਾਮਲ ਹੋ ਗਿਆ ਹੈ। ਇਸ 'ਉਡਾਣ' ਸਕੀਮ ਹੇਠ ਇਹ ਖੇਤਰ ਹਵਾਈ ਸੰਪਰਕ ਨਾਲ ਜੁੜ ਗਿਆ ਹੈ, ਜਿਸ ਨਾਲ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ।

ਮੁੱਖ ਮੰਤਰੀ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਨੀਲ ਜਾਖੜ ਨਾਲ ਮਿਲ ਕੇ ਦਿੱਲੀ ਤੋਂ ਪੁੱਜੀ ਪਹਿਲੀ ਸਿਵਲ ਉਡਾਣ ਦੇ ਮੁਸਾਫਰਾਂ ਦਾ ਹਵਾਈ ਅੱਡੇ ਉਤੇ ਸਵਾਗਤ ਕੀਤਾ। ਇਹ ਉਡਾਣ ਪੰਜਾਬ ਸਰਕਾਰ, ਕੇਂਦਰੀ ਹਵਾਬਾਜ਼ੀ ਮੰਤਰਾਲੇ ਤੇ ਏਅਰਪੋਰਟ ਅਥਾਰਿਟੀ ਆਫ ਇੰਡੀਆ ਵਿਚਕਾਰ 15 ਜੂਨ 2017 ਨੂੰ ਹੋਏ ਸਮਝੌਤੇ ਦੇ ਨਤੀਜੇ ਵਜੋਂ ਸ਼ੁਰੂ ਹੋਈ ਹੈ। ਇਹ ਉਡਾਣ ਸੋਮਵਾਰ, ਮੰਗਲਵਾਰ ਅਤੇ ਵੀਰਵਾਰ ਨੂੰ ਜਾਵੇਗੀ। ਇਸ ਦਾ ਇਕ ਪਾਸੇ ਦਾ ਕਿਰਾਇਆ 2570 ਰੁਪਏ ਹੋਵੇਗਾ। ਪੰਜਾਬ ਸਰਕਾਰ ਨੇ ਏ.ਟੀ.ਐਫ. ਤੇ ਇਕੱਤਰ ਹੋਣ ਵਾਲੇ ਵੈਟ ਦੀ ਦਰ ਨੂੰ ਆਰ.ਸੀ.ਐਸ. ਉਡਾਣਾਂ ਵਾਸਤੇ ਇਕ ਫੀਸਦੀ ਤੱਕ ਘਟਾਇਆ ਹੈ। ਇਸ ਨਾਲ ਏਅਰਪੋਰਟ ਟਰਮੀਨਲਾਂ ਲਈ ਸਾਰੇ ਸੁਰੱਖਿਆ ਪ੍ਰਬੰਧ ਵੀ ਕੀਤੇ ਗਏ ਹਨ।

## ਆਦਮਪੁਰ ਹਵਾਈ ਅੱਡੇ ਤੋਂ ਉਡਾਣਾਂ ਪਹਿਲੀ ਮਈ ਤੋਂ

**ਆਦਮਪੁਰ:** ਆਦਮਪੁਰ ਹਵਾਈ ਅੱਡੇ ਤੋਂ ਖੇਤਰੀ ਹਵਾਈ ਸੇਵਾ ਉਡਾਣ ਤਹਿਤ ਪਹਿਲੀ ਮਈ ਤੋਂ ਉਡਾਣਾਂ ਸ਼ੁਰੂ ਹੋਣਗੀਆਂ। ਅਧਿਕਾਰੀਆਂ ਦਾ ਦਾਅਵਾ ਹੈ ਕਿ ਹਵਾਈ ਅੱਡੇ ਦਾ ਵਿਜ਼ਿਟਰ ਅਤੇ ਵੀ.ਆਈ.ਪੀ. ਲਾਉਂਜ ਪੂਰੀ ਤਰ੍ਹਾਂ ਤਿਆਰ ਹੈ ਅਤੇ ਇਸੇ ਤਰ੍ਹਾਂ ਹਵਾਈ ਅੱਡੇ ਵਿਚ ਅਤਿ ਆਧੁਨਿਕ ਐਕਸਰੇ ਮਸ਼ੀਨਾਂ ਵੀ ਲਾਈਆਂ ਜਾ ਚੁੱਕੀਆਂ ਹਨ। ਹਵਾਈ ਅੱਡੇ ਵਿਚ ਸਪਾਈਸ ਜੈੱਟ ਵੱਲੋਂ ਆਪਣਾ ਬੁਨਿਆਦੀ ਢਾਂਚਾ ਖੜ੍ਹਾ ਕਰ ਲਿਆ ਗਿਆ ਹੈ। ਪੰਜਾਬ ਸਰਕਾਰ ਨੇ ਇਸ ਹਵਾਈ ਅੱਡੇ ਦੇ ਵਿਸਥਾਰ ਲਈ ਜ਼ਮੀਨ, ਇਥੇ ਤੱਕ ਪਹੁੰਚਣ ਲਈ ਸੜਕ, ਹਵਾਈ ਅੱਡੇ ਲਈ ਨਿਰਵਿਘਨ ਜਲ ਸਪਲਾਈ ਤੇ ਬਿਜਲੀ ਦੀ ਵਿਵਸਥਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਹਵਾਈ ਅੱਡੇ ਤੋਂ ਛੇਤੀ ਤੋਂ ਛੇਤੀ ਹਵਾਈ ਸੇਵਾ ਸ਼ੁਰੂ ਕਰਨ ਲਈ ਵਚਨਬੱਧ ਹੈ।

# 'ਦੀ ਬਲੈਕ ਪ੍ਰਿੰਸ': ਸਿੱਖ ਰਾਜ ਨੂੰ ਮੁੜ ਹਾਸਲ ਕਰਨ ਦੀ ਤਾਂਘ

## ਫਿਲਮ ਦੇ ਡਿਜੀਟਲ ਰਿਲੀਜ਼ ਮੌਕੇ 'ਤੇ ਵਿਸ਼ੇਸ਼

ਇਤਿਹਾਸ ਨੇ ਸੂਰਬੀਰ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਨੂੰ ਸਿੱਖ ਕੌਮ ਦੇ 'ਹਮ ਰਾਖਤ ਪਾਤਸ਼ਾਹੀ ਦਾਵਾ' ਦੇ ਹਕੀਕਤ ਦਾ ਰੂਪ ਧਾਰਨ ਕਰਨ ਅਤੇ ਫਿਰ ਵਿਰਾਟ ਰੂਪ 'ਚ ਖੜ੍ਹੀ ਹੋਈ ਸਿੱਖ ਸਲਤਨਤ ਦੇ ਖੇਰੂੰ-ਖੇਰੂੰ ਹੋਣ ਤਕ ਨੂੰ ਵੱਖਰੇ-ਵੱਖਰੇ ਨਜ਼ਰੀਏ ਅਤੇ ਕੋਣਾਂ ਤੋਂ ਸੰਭਾਲਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਉਮਰ ਦੇ ਆਖਰੀ ਪੜਾਅ ਅਤੇ ਬਾਅਦ 'ਚ ਉਨ੍ਹਾਂ ਦੀ ਮੌਤ ਤੋਂ ਬਾਅਦ ਖਾਲਸਾ ਰਾਜ ਦੀਆਂ ਆਖਰੀ


**ਮਨਜੀਤ ਸਿੰਘ ਟਿਵਾਣਾ**
ਫੋਨ: 91-99158-94002


ਸ਼ਾਮਾਂ ਦੇ ਇਤਿਹਾਸਕ ਲਮਹਿਆਂ 'ਚ ਵਿਚਰਦਿਆਂ ਸਾਨੂੰ ਜਿਹੜੇ ਸਬਕ ਪੜ੍ਹਨ ਤੇ ਗੁੜ੍ਹਨ ਦੀ ਜ਼ਰੂਰਤ ਅੱਜ ਵੀ ਹੈ, ਉਨ੍ਹਾਂ ਤਰਕਾਂ ਤੇ ਵਿਤਰਕਾਂ ਨੂੰ ਲੈ ਕੇ ਪਿਛਲੇ ਸਾਲ ਸਿੱਖ ਸਲਤਨਤ ਦੇ ਆਖਰੀ ਸ਼ਹਿਜ਼ਾਦੇ ਮਹਾਰਾਜਾ ਦਲੀਪ ਸਿੰਘ 'ਤੇ ਬਣੀ ਬਹੁ-ਭਾਸ਼ਾਈ ਫਿਲਮ 'ਦੀ ਬਲੈਕ ਪ੍ਰਿੰਸ' ਨੇ ਪੂਰੇ ਵਿਸ਼ਵ ਦੇ ਫਿਲਮ ਸਮੀਖਿਅਕਾਂ ਦਾ ਧਿਆਨ ਖਿੱਚਿਆ ਹੈ।

'ਦੀ ਬਲੈਕ ਪ੍ਰਿੰਸ' ਇਕ ਇਤਿਹਾਸਕ ਫਿਲਮ ਹੈ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਅਧਾਰਤ ਹੈ। ਹੁਣ ਇਹ ਫਿਲਮ ਮਲਟੀ ਸਕਰੀਨਾਂ ਦੀ ਟਿਕਟ ਖਿੜਕੀ ਵਾਲਾ ਆਪਣਾ ਸਫਰ ਪੂਰਾ ਕਰਨ ਤੋਂ ਬਾਅਦ ਡਿਜ਼ੀਟਲ ਤਕਨੀਕ ਦੀ ਦੁਨੀਆਂ ਦੇ ਬੂਹੇ ਅੱਗੇ ਜਾ ਖੜ੍ਹੀ ਹੋਈ ਹੈ। ਬੌਧਿਕ ਹਲਕਿਆਂ ਵਿਚ ਇਹ ਫਿਲਮ ਹੁਣ ਤਕ ਕਾਫੀ ਨਾਮਣਾ ਖੱਟ ਚੁੱਕੀ ਹੈ। ਵਿਸ਼ਵ ਪ੍ਰਸਿੱਧ ਹਾਲੀਵੁੱਡ ਸਿਨੇਮਾ-ਤਕਨੀਕ ਨਾਲ ਕੀਤੀ ਗਈ ਕਮਾਲ ਦੀ ਪਿਕਚਰਾਈਜ਼ੇਸ਼ਨ ਸਮੇਤ ਇਸ ਦਾ ਵੱਡਾ ਕਾਰਨ ਸ਼ਾਇਦ ਇਸ ਫਿਲਮ ਦੀ ਕਹਾਣੀ ਦਾ ਇਤਿਹਾਸ ਦੇ ਉਸ ਦੌਰ (ਖਾਲਸਾ ਰਾਜ) ਨਾਲ ਸਬੰਧਤ ਹੋਣਾ ਵੀ ਹੈ, ਜੋ ਹਿੰਦੂਸਤਾਨ, ਇੰਗਲਿਸਤਾਨ ਸਮੇਤ ਪੂਰੇ ਵਿਸ਼ਵ 'ਚ ਆਪਣੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਕਰਕੇ ਹਮੇਸ਼ਾਂ ਦਿਲਚਸਪੀ ਦਾ ਕਾਰਨ ਰਿਹਾ ਹੈ।

ਇਸ ਫਿਲਮ ਬਾਰੇ ਇਕ ਬਹੁਤ ਹੀ ਭਾਵਪੂਰਤ ਟਿੱਪਣੀ ਕਰਦਿਆਂ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਦਾ ਕਹਿਣਾ ਹੈ ਕਿ, 'ਇਸ ਫਿਲਮ ਦੀ ਮੌਜੂਦਾ ਸਮੇਂ 'ਚ ਪ੍ਰਸੰਗਿਕਤਾ ਦਾ ਇਕ ਪੱਖ ਇਸ ਨੂੰ ਕੇਵਲ ਇਕ ਫਿਲਮ ਵੱਜੋਂ ਦੇਖਣ ਤੋਂ ਪਾਰ ਜਾ ਕੇ ਮਹਿਸੂਸ ਕਰਨ ਦਾ ਵੀ ਹੈ। ਇਹ ਵੀ ਹੈ ਕਿ ਅੱਜ ਜਦੋਂ ਦੇਸ਼ ਵਿਚ ਘੱਟ ਗਿਣਤੀਆਂ ਅੰਦਰ ਆਪਣੇ ਸੁਰੱਖਿਅਤ ਭਵਿੱਖ ਨੂੰ ਲੈ ਕੇ ਬਹੁਤ ਸਾਰੇ ਤੌਖਲੇ ਪਾਏ ਜਾ ਰਹੇ ਹਨ ਤਾਂ ਅਸੀਂ ਸਿੱਖ ਰਾਜ ਦੀਆਂ ਕਿਸੇ ਵੇਲੇ ਦੀਆਂ ਸ਼ਾਨਾਂਮੱਤੀਆਂ ਧਰਮ ਨਿਰਪੱਖ ਰਵਾਇਤਾਂ ਅਤੇ ਮਗਰੋਂ ਗੁਲਾਮ ਹੋ ਜਾਣ ਦੀਆਂ ਮਨਹੂਸ ਘੜੀਆਂ




ਨੂੰ ਇਕ ਫਿਲਮ ਰਾਹੀਂ ਪਰਦੇ 'ਤੇ ਰੂਪਮਾਨ ਹੁੰਦਾ ਦੇਖਦੇ ਹਾਂ। ਇਹ ਫਿਲਮ ਸਾਨੂੰ ਇਕ ਤੁਲਨਾਤਮਕ ਅਧਿਐਨ ਦਾ ਮੌਕਾ ਦਿੰਦੀ ਹੈ ਕਿ ਅਸੀਂ ਕਿਥੋਂ ਤੁਰ ਕੇ ਕਿਥੇ ਅੱਪੜ ਗਏ ਹਾਂ।'

ਇਕ ਬਹੁਤ ਹੀ ਵੱਡੇ ਤੇ ਮਾਣਮੱਤੇ ਇਤਿਹਾਸ ਨਾਲ ਜੁੜੀ ਇਤਿਹਾਸਕ ਫਿਲਮ ਵੇਖਣ ਲਈ ਇਕ ਵੱਡੇ ਜਿਗਰੇ ਤੇ ਜੇਰੇ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਮਸਾਲਾ ਬਹੁਤ ਘੱਟ ਹੁੰਦਾ ਹੈ। ਹਾਂ ਜੇਕਰ ਬਾਲੀਵੁਡ ਵਾਲੇ ਕਿਸੇ ਨਿਰਦੇਸ਼ਕ ਨੇ ਫਿਲਮ ਬਣਾਈ ਹੁੰਦੀ ਤਾਂ ਸ਼ਾਇਦ ਸਭ ਨੂੰ ਬਹੁਤ ਚੰਗੀ ਲੱਗਦੀ, ਪਰ ਇਹ ਹਾਲੀਵੁੱਡ ਵਾਲਿਆਂ ਨਾਲ ਜੁੜੇ ਲੋਕਾਂ ਨੇ ਬਣਾਈ ਹੈ, ਜੋ ਮੇਰੇ ਮੁਤਾਬਕ ਸਾਡੇ ਨਾਲੋਂ ਜ਼ਿਆਦਾ ਸੂਝਬੂਝ ਰੱਖਦੇ ਨੇ। ਇਸੇ ਕਰਕੇ ਦਰਸ਼ਕ ਨੂੰ ਇਤਿਹਾਸ ਦੇ ਨੇੜੇ-ਤੇੜੇ ਹੀ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ।

ਅਸਲ ਵਿਚ ਕਾਫੀ ਸਮੇਂ ਤੋਂ ਪੰਜਾਬੀ ਸਿਨੇਮਾ ਜੱਟਵਾਦ ਨਾਲ ਜੁੜਿਆ ਰਿਹਾ ਹੈ, ਫਿਰ ਪਰਵਾਸ ਦੇ ਵਿਸ਼ੇ ਨਾਲ ਅਤੇ ਉਸ ਪਿਛੋਂ ਹਾਸ-ਰਸੀ ਫਿਲਮਾਂ ਨਾਲ ਜੋੜ ਦਿੱਤਾ ਗਿਆ। ਇਸ ਤੋਂ ਬਾਅਦ ਪੰਜਾਬੀ ਸੱਭਿਆਚਾਰ ਅਤੇ ਪੁਰਾਣੇ ਰੀਤੀ ਰਿਵਾਜਾਂ 'ਤੇ ਅਧਾਰਿਤ ਫਿਲਮਾਂ ਨਾਲ ਪੰਜਾਬੀ ਦਰਸ਼ਕਾਂ ਨੂੰ ਜੋੜਨ ਦੀ ਕੋਸਿਸ਼ ਹੋਈ। ਹਾਲਾਂਕਿ ਅਜਿਹੀਆਂ ਬਹੁਤੀਆਂ ਫਿਲਮਾਂ ਦੀ ਕੋਈ ਸਟੋਰੀ ਨਹੀਂ ਸੀ ਹੁੰਦੀ। ਪਰ ਕਿਉਂਕਿ ਅਸੀਂ ਆਪਣੇ ਪੁਰਾਣੇ ਵਿਰਸੇ ਨੂੰ ਭੁੱਲ ਗਏ ਸਾਂ, ਬਸ ਫਿਲਮ ਵਾਲਿਆਂ ਨੇ ਸਾਡੀ ਇਸੇ ਕਮਜ਼ੋਰੀ ਨੂੰ ਰੰਗੀਨ ਬਣਾ ਕੇ ਸਾਨੂੰ ਪਰੋਸ ਦਿੱਤਾ ਅਤੇ ਅਸੀਂ ਕਰੀਬ ਦੋ ਘੰਟੇ ਸਿਨੇਮਿਆਂ 'ਚੋਂ ਹੱਸਦੇ ਹਸਾਉਂਦੇ ਘਰਾਂ ਨੂੰ ਆ ਜਾਂਦੇ ਹਾਂ।

ਸੰਸਾਰ ਦੇ ਲਗਭਗ ਸਾਰੇ ਸਿਆਣੇ ਲੋਕ ਇਸ ਗੱਲ 'ਤੇ ਇਕਮਤ ਹਨ ਕਿ ਅਸੀਂ ਦਿਨੋ-ਦਿਨ ਸੰਵੇਦਨਹੀਣ ਹੁੰਦੇ ਜਾ ਰਹੇ ਹਾਂ। ਅਸੀਂ ਬਹੁਤ ਤਣਾਅ ਵਿਚੋਂ ਨਿਕਲ ਰਹੇ ਹਾਂ ਅਤੇ ਤਣਾਅਪੂਰਨ ਸਥਿਤੀ 'ਚੋਂ ਨਿਕਲਣ ਲਈ ਗੰਭੀਰ ਦੀ ਥਾਂ ਹਾਸਰਸ ਫ਼ਿਲਮਾਂ ਨੂੰ ਤਰਜੀਹ ਦਿੰਦੇ ਹਾਂ। 'ਦੀ ਬਲੈਕ ਪ੍ਰਿੰਸ' ਵਿਚ ਅਜਿਹਾ ਕੁਝ ਵੀ ਦੇਖਣ ਨੂੰ ਨਹੀਂ ਹੈ। ਦਰਅਸਲ ਇਹ ਫਿਲਮ ਕਿਤੇ ਧੁਰ ਅੰਦਰਲੇ ਸਿੱਖ-ਮਨ ਵਿਚ ਆਪਣਾ ਰਾਜ ਮੁੜ ਤੋਂ ਸਥਾਪਿਤ ਕਰਨ ਦੀ ਖਿੱਚ ਅਤੇ ਗੁਰੂ ਨਾਲ ਮੁੜ ਜੁੜਨ ਦੀ ਤਾਂਘ ਨੂੰ ਝੰਜੋੜਦੀ ਹੈ। ਹੋ ਸਕਦਾ ਹੈ ਫਿਲਮ ਦਾ ਇਹੋ ਖਾਸਾ ਕਈਆਂ ਨੂੰ ਚੁਭਿਆ ਵੀ ਹੋਵੇ। ਇਸ ਕਰਕੇ ਇਸ ਫਿਲਮ ਦੀ ਪਰਖ-ਪੜਚੋਲ ਕਰਨ ਵੇਲੇ ਰਵਾਇਤੀ ਕਮਰਸ਼ੀਅਲ ਸਿਨੇਮਾ ਵਾਲੇ ਮਾਪਦੰਡ ਵਰਤਣੇ ਅਨਿਆਂ ਹੀ ਹੋਵੇਗਾ। ਸਿਨੇਮਾ ਹਾਲ ਦੀਆਂ ਕਿੰਨੀਆਂ ਕੁਰਸੀਆਂ ਕਿੰਨੇ ਦਿਨ ਤਕ ਭਰੀਆਂ ਰਹਿੰਦੀਆਂ ਹਨ, ਜ਼ਰੂਰ ਹੀ ਕਿਸੇ ਫਿਲਮ ਦੇ ਲੋਕਾਂ ਦੀ ਪਸੰਦ 'ਤੇ ਖਰਾ ਉਤਰਨ ਦੀ ਇਕ ਕਸਵੱਟੀ ਹੁੰਦਾ ਹੈ ਪਰ 'ਦੀ ਬਲੈਕ ਪ੍ਰਿੰਸ' ਨੂੰ ਇਸ ਕਸਵੱਟੀ 'ਤੇ ਅਪਵਾਦ ਮੰਨ ਲੈਣਾ ਹੀ ਤਰਕਸੰਗਤ ਹੋਵੇਗਾ। ਅਜਿਹੀਆਂ ਫਿਲਮਾਂ ਘੱਟ ਹੀ ਬਣਦੀਆਂ ਹਨ ਤੇ ਅਜਿਹੀਆਂ ਫਿਲਮਾਂ ਬਣਾਉਣ ਵਾਲਿਆਂ ਦਾ ਜਿਗਰਾ ਵੱਡਾ ਹੁੰਦਾ ਹੈ।

'ਦੀ ਬਲੈਕ ਪ੍ਰਿੰਸ' ਭਾਵੇਂ ਮੂਲ ਰੂਪ ਵਿਚ ਇਕ ਬਹੁਭਾਸ਼ਾਈ ਫਿਲਮ ਹੈ ਜੋ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਤਿੰਨ ਭਾਸ਼ਾਵਾਂ 'ਚ ਹੈ ਪਰ ਪੰਜਾਬੀ ਸਿਨੇਮਾ ਲਈ ਇਹ ਕਥਾਨਕ, ਇਤਿਹਾਸ ਤੇ ਕਹਾਣੀ ਦੇ ਪੱਖ ਤੋਂ ਜ਼ਿਆਦਾ ਮਾਣ ਕਰਨ ਵਾਲੀ ਪ੍ਰਾਪਤੀ ਹੈ। ਇਸ ਦੇ ਪੰਜਾਬੀ ਰੂਪ ਦਾ ਗੀਤ-ਸੰਗੀਤ ਕਾਬਿਲੇ ਤਾਰੀਫ਼ ਹੈ। ਸ਼ਬਦ ਤੇ ਸੋਚ-ਪ੍ਰਧਾਨ ਪੰਜਾਬੀ ਗਾਇਕੀ ਦੇ ਸ਼ਾਹ-ਅਸਵਾਰ ਗਾਇਕ ਸਤਿੰਦਰ ਸਰਤਾਜ ਨੇ ਹਰ ਦ੍ਰਿਸ਼ ਨਾਲ ਢੁਕਵੀਂ ਕਾਵਿਕ ਸ਼ਬਦਾਵਲੀ ਵਿਚ ਲਿਖੇ ਗੀਤ ਦਿਲ ਨੂੰ ਧੂਹ ਪਾਉਣ ਵਾਲੀ ਆਵਾਜ਼ ਵਿਚ ਗਾਏ ਹਨ। ਇਕ ਇਤਿਹਾਸਕ ਪਾਤਰ ਪ੍ਰਿੰਸ ਦਲੀਪ ਸਿੰਘ ਦੇ ਰੋਲ ਵਿਚ ਸਰਤਾਜ ਨੇ ਅਦਾਕਾਰੀ ਦੇ ਵੀ ਚੰਗੇ ਜੌਹਰ ਦਿਖਾਏ ਹਨ।

'ਦਰਦਾਂ ਵਾਲਾ ਦੇਸ਼' ਗੀਤ ਜ਼ਿਹਨ 'ਚ ਵੱਜਦਾ ਹੈ ਤੇ ਇਕ ਪਲ ਲਈ ਸਮਾਂ ਠਹਿਰ ਜਾਂਦਾ ਹੈ। ਪ੍ਰੇਮ, ਹਰਦੀਪ ਦਾ ਸੰਗੀਤ ਚਾਰ-ਚੰਨ ਲਾਉਂਦਾ ਹੈ। ਜੌਰਜ ਕੈਲਿਸ ਦਾ ਪਿੱਠਵਰਤੀ ਸੰਗੀਤ ਉਦਾਸ ਕਹਾਣੀ ਦਾ ਮਾਹੌਲ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਮਨਮੋਹਕ ਸ਼ਾਹੀ ਅਜਾਇਬ ਘਰਾਂ, ਮਹਿਲਾਂ ਅਤੇ ਇਤਿਹਾਸਕ ਥਾਂਵਾਂ 'ਤੇ ਫਿਲਮਾਈ ਗਈ 'ਦੀ ਬਲੈਕ ਪ੍ਰਿੰਸ' ਦੇ ਦ੍ਰਿਸ਼ਾਂ ਨੂੰ ਸਿਨੇਮੈਟੋਗ੍ਰਾਫਰ ਐਰੋਨ ਸੀ. ਸਮਿੱਥ ਨੇ ਬਹੁਤ ਹੀ ਬਿਹਤਰੀਨ

> ਫਿਲਮ ਦੀ ਡੀ.ਵੀ.ਡੀ ਵੈਬਸਾਈਟ
> www.theblackprince.com
> ਰਾਹੀਂ ਮਿਲ ਸਕਦੀ ਹੈ।

ਤਰੀਕੇ ਨਾਲ ਪਰਦੇ ਉਪਰ ਉਤਾਰਿਆ ਹੈ। ਮਹਿਲਾਂ ਦੇ ਅੰਦਰ ਫਿਲਮਾਏ ਗਏ ਬਹੁਤੇ ਦ੍ਰਿਸ਼ ਮੋਮਬੱਤੀਆਂ ਦੀ ਲੋਅ ਵਾਲੇ ਮਾਹੌਲ ਨੂੰ ਕਲਾਤਮਕਤਾ ਨਾਲ ਸਿਰਜਦੇ ਹਨ।

ਛੇ ਮਿਲੀਅਨ ਅਮਰੀਕੀ ਡਾਲਰ (ਲਗਭਗ 42 ਕਰੋੜ ਭਾਰਤੀ ਰੁਪਏ) ਨਾਲ ਬਣੀ ਇਹ ਫਿਲਮ ਅੰਗਰੇਜ਼ਾਂ ਵਲੋਂ ਸਿੱਖ ਇਤਿਹਾਸ 'ਚ ਪਾਏ ਗਏ ਬਹੁਤ ਸਾਰੇ ਭੁਲੇਖਿਆਂ ਅਤੇ ਝੂਠ ਦਾ ਪਰਦਾ ਫਾਸ਼ ਕਰਦੀ ਹੈ। ਇਹ ਫਿਲਮ ਸਾਨੂੰ ਸਾਡੇ ਸ਼ਾਨਾਂਮੱਤੇ ਇਤਿਹਾਸ ਤੋਂ ਜਾਣੂੰ ਕਰਵਾਉਣ ਦੇ ਨਾਲ-ਨਾਲ ਸਿੱਖਾਂ ਦੀ ਆਜ਼ਾਦੀ ਦੀ ਤਾਂਘ ਦੀਆਂ ਵਿਰਾਸਤੀ ਭਾਵਨਾਵਾਂ ਅਤੇ ਦੇਸ਼ ਕੌਮ ਲਈ ਮਰ ਮਿਟਣ ਦੇ ਜਜ਼ਬਿਆਂ ਦੀ ਬਾਤ ਵੀ ਪਾਉਂਦੀ ਹੈ।

ਫਿਲਮ 'ਚ ਤੱਥਾਂ ਤੇ ਸਬੂਤਾਂ ਨਾਲ ਬਰਤਾਨਵੀ ਹਾਕਮਾਂ ਵਲੋਂ ਸਿੱਖ ਰਾਜ ਨੂੰ ਹੜੱਪਣ, ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਅਤੇ ਪ੍ਰਿੰਸ ਦਲੀਪ ਸਿੰਘ ਦੀ ਆਜ਼ਾਦੀ ਲਈ ਕੀਤੀ ਗਈ ਵੱਡੀ ਘਾਲਣਾ ਨੂੰ ਬਹੁਤ ਹੀ ਕਲਾਤਮਕ ਤੇ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਗੌਰਤਲਬ ਹੈ ਕਿ ਇਹ ਫਿਲਮ ਵਿਸ਼ਵ ਪ੍ਰਸਿੱਧ 'ਕੇਨ ਫਿਲਮ ਫੈਸਟੀਵਲ' 'ਚ ਸ਼ਾਮਲ ਹੋ ਕੇ ਵੀ ਨਾਮਣਾ ਖੱਟ ਚੁੱਕੀ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ 'ਦੀ ਬਲੈਕ ਪ੍ਰਿੰਸ' ਨੇ ਸਿੱਖ ਇਤਿਹਾਸ ਦੇ ਅਣਫਰੋਲੇ ਵਰਕਿਆਂ ਨੂੰ ਨਵੀਂ ਪੀੜ੍ਹੀ ਦੇ ਲੋਕਾਂ ਦੇ ਸਨਮੁੱਖ ਕੀਤਾ ਹੈ।

# ##

# ਸਭਿਆਚਾਰਕ ਨੀਤੀ ਇੱਕ ਗੋਰਖ ਧੰਦਾ

## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com


ਪਿਛਲੇ ਦਿਨਾਂ ਵਿਚ ਸੋਸ਼ਲ ਮੀਡੀਏ ਰਾਹੀਂ ਦੇਸ਼-ਵਿਦੇਸ਼ ਵਿਚ ਆ ਰਿਹਾ ਸਭਿਆਚਾਰਕ ਬਦਲਾਓ ਚਰਚਾ ਦਾ ਵਿਸ਼ਾ ਰਿਹਾ ਹੈ। ਪੰਜਾਬ ਦੇ ਸਭਿਆਚਾਰਕ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਲੱਚਰ ਗਾਇਕੀ ਨੂੰ ਨੱਥ ਪਾਉਣ ਲਈ ਸੁਰਜੀਤ ਪਾਤਰ ਦੀ ਕਮਾਂਡ ਥੱਲੇ ਸਭਿਆਚਾਰਕ ਕਮਿਸ਼ਨ ਸਥਾਪਤ ਕਰਨ ਦਾ ਐਲਾਨ ਕੀਤਾ ਹੈ।

ਉਧਰ ਚੀਨ ਦੀ ਸਰਕਾਰ ਨੇ ਕਮਿਊਨਿਸ਼ਟ ਨਾਇਕਾਂ ਦੇ ਕਾਰਟੂਨ ਪੋਸਟ ਕਰਨ ਵਾਲੀਆਂ ਫੇਸਬੁਕਾਂ 'ਤੇ ਜੁਰਮਾਨੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਚੀਨ ਸਰਕਾਰ ਨੇ ਇਸ ਤੋਂ ਪਹਿਲਾਂ ਇਸ ਅਮਲ ਨੂੰ ਰੋਕਣ ਲਈ ਪਾਬੰਦੀ ਲਾਈ ਸੀ, ਜੋ ਕਾਰਗਰ ਨਹੀਂ ਹੋਈ ਜਾਪਦੀ। ਪੱਛਮੀ ਚੀਨ ਦੇ ਸ਼ਿਆਚਿਨ ਸੂਬੇ ਦੀ ਇੱਕ ਕੰਪਨੀ ਉਤੇ ਇਕ ਕ੍ਰਾਂਤੀਕਾਰੀ ਗੀਤ ਦੀ ਨਕਲ ਲਾਉਣ ਉਤੇ ਬਹੁਤ ਭਾਰੀ ਜੁਰਮਾਨਾ ਲਾਇਆ ਹੈ। ਉਨ੍ਹਾਂ ਨੂੰ ਕੌਣ ਦੱਸੇ, ਸਾਡੇ ਦੇਸ਼ ਦਾ 'ਸ਼ੰਕਰਜ਼ ਵੀਕਲੀ' ਰਸਾਲਾ ਨੇਤਾ ਲੋਕਾਂ ਦੇ ਕਾਰਟੂਨ ਛਾਪਦਾ ਸੀ ਤਾਂ ਨੇਤਾ ਲੋਕ ਉਸ ਪਰਚੇ ਦੀ ਬੇਸਬਰੀ ਨਾਲ ਉਡੀਕ ਕਰਦੇ ਸਨ, ਪੰਡਿਤ ਜਵਾਹਰ ਲਾਲ ਨਹਿਰੂ ਤੱਕ। ਇਸ ਉਤੇ ਸੋਸ਼ਲ ਮੀਡੀਆ ਨੇ ਟਿਪਣੀ ਕਰਦਿਆਂ ਇਹ ਵੀ ਕਿਹਾ ਹੈ ਕਿ ਚੀਨ ਦੀ ਸਰਕਾਰ ਨੇ ਇਹ ਹੱਦ ਵੀ ਤੈਅ ਕਰ ਦਿੱਤੀ ਹੈ ਕਿ ਉਥੋਂ ਦੇ ਲੋਕਾਂ ਨੂੰ ਆਨ ਲਾਈਨ ਕਿੰਨਾ ਕੁ ਹੱਸਣ ਦੀ ਆਗਿਆ ਹੈ।

ਇਸੇ ਤਰ੍ਹਾਂ ਕੈਨੇਡਾ ਦੀ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਨੇ ਐਲਬਰਟਾ ਦੇ ਹਿਊਮਨ ਰਾਈਟਸ ਮੰਤਰੀ ਇਰਫਾਨ ਸਾਬਰ ਨੂੰ ਮੰਗ ਪੱਤਰ ਦੇ ਕੇ ਵਾਸਤਾ ਪਾਇਆ ਹੈ ਕਿ ਭਾਰਤ ਤੋਂ ਟੂਰਿਸਟ ਵੀਜ਼ੇ ਉਤੇ ਜਾਣ ਵਾਲੇ ਉਨ੍ਹਾਂ ਯਾਤਰੀਆਂ ਨੂੰ ਰੋਕਣ ਜੋ ਕੈਨੇਡਾ ਜਾ ਕੇ ਵਹਿਮਾਂ ਭਰਮਾ ਦੇ ਪ੍ਰਚਾਰ ਰਾਹੀਂ ਡਾਲਰ ਹੀ ਨਹੀਂ ਕਮਾਉਂਦੇ, ਭੋਲੇ-ਭਾਲੇ ਲੋਕਾਂ ਨੂੰ ਗੁਮਰਾਹ ਵੀ ਕਰਦੇ ਹਨ। ਉਨ੍ਹਾਂ ਨੇ ਇਹ ਮੰਗ ਕੈਨੇਡਾ ਦੀ ਫੈਡਰਲ ਸਰਕਾਰ ਕੋਲੋਂ ਵੀ ਕੀਤੀ ਹੈ।


ਸਪਸ਼ਟ ਹੈ ਕਿ ਆਪਣੇ ਸਭਿਆਚਾਰ ਨੂੰ ਚੁਸਤ-ਦਰੁਸਤ ਰੱਖਣ ਲਈ ਕੇਵਲ ਪੰਜਾਬ ਹੀ ਨਹੀਂ, ਹੋਰ ਦੇਸ਼ ਵੀ ਚਿੰਤਤ ਹਨ। ਉਰਦੂ ਭਾਸ਼ਾ ਵਿਚ ਤਨਜ਼ ਮਜ਼ਾਹ ਰਾਹੀਂ ਮਾੜੇ ਰਾਹ ਤੁਰਨ ਵਾਲਿਆਂ ਨੂੰ ਡਾਂਟਣ ਵਾਲਾ ਟੀ. ਐਨ. ਰਾਜ ਲਿਖਦਾ ਹੈ:

ਸਾਧੂਓਂ ਕਾ ਹੋਗਾ ਸੰਗਮ
ਅਬ ਕੇ ਜੋ ਭੀ ਘਾਟ ਪਰ
ਹੈ ਖਬਰ ਸਭ ਐਸ਼ੋ ਇਸ਼ਰਤ
ਟੈਂਟ ਹੀ ਮੇਂ ਪਾਏਂਗੇ।
ਮੁਫਲਸੀ, ਬੇਰੋਜ਼ਗਾਰੀ,
ਰੇਪ, ਰਿਸ਼ਵਤ, ਕਤਲ ਸਭ
ਵਕਤੇ ਆਖਿਰ ਨਾਮ ਤੇਰੇ
ਐ ਵਤਨ ਕਰ ਜਾਏਂਗੇ।

ਉਸ ਦੇ ਬੋਲ ਸਭਿਆਚਾਰਕ ਪ੍ਰਦੂਸ਼ਣ ਨੂੰ ਕਿੰਨਾ ਕੰਟਰੋਲ ਕਰ ਸਕੇ ਹਨ, ਸਭ ਜਾਣਦੇ ਹਨ। ਭਾਵਨਾ ਸਭਨਾਂ ਦੀ ਠੀਕ ਹੈ, ਪਰ ਮਸਲਾ ਮੰਗ ਤੇ ਪ੍ਰਾਪਤੀ (ਸਪਲਾਈ ਤੇ ਡਿਮਾਂਡ) ਦਾ ਹੈ। ਜੇ ਮੰਗ ਹੀ ਨਾ ਹੋਵੇ ਤਾਂ ਸਪਲਾਈ ਕਰਨ ਵਾਲਿਆਂ ਦੀ ਕੀ ਮਜਾਲ ਹੈ ਕਿ ਦੁਕਾਨ ਖੋਲ੍ਹ ਕੇ ਬਹਿ ਜਾਣ। ਚੀਨ ਦੀ ਸਰਕਾਰ ਦਾ ਡੰਡਾ ਸਖਤ ਹੈ। ਚੱਲ ਸਕਦਾ ਹੈ। ਕੈਨੇਡਾ ਦੀ ਸਰਕਾਰ ਵੀ ਹਿਊਮਨ ਰਾਈਟਸ ਵਾਲਿਆਂ ਤੋਂ ਸੇਧ ਲੈ ਕੇ ਗਲਤ ਟੋਲੀਆਂ ਨੂੰ ਵੀਜ਼ੇ ਲਾਉਣ ਤੋਂ ਨਾਂਹ ਕਰ ਸਕਦੀ ਹੈ। ਪੰਜਾਬ ਸਰਕਾਰ ਕਿੱਥੋਂ ਤੱਕ ਜਾ ਸਕਦੀ ਹੈ, ਕੁਝ ਕਹਿ ਨਹੀਂ ਸਕਦੇ!

ਇਥੇ ਬੈਂਕਾਕ ਦੇ ਮਾਲਿਸ਼ ਘਰਾਂ ਦੀ ਮਿਸਾਲ ਦੇਣੀ ਕੁਥਾਂ ਨਹੀਂ। ਉਸ ਦੇਸ਼ ਦੀ ਆਰਥਕਤਾ ਮਾਲਿਸ਼ ਘਰਾਂ ਦੇ ਸਿਰ 'ਤੇ ਖੜ੍ਹੀ ਹੈ। ਇਥੋਂ ਤੱਕ ਕਿ ਨਵਾਂ ਮਾਲਿਸ਼ ਘਰ ਸਥਾਪਤ ਕਰਨ ਸਮੇਂ ਉਥੋਂ ਦੀ ਸਰਕਾਰ ਉਦਘਾਟਨ ਕਰਨ ਲਈ ਹਾਜ਼ਰ ਹੁੰਦੀ ਹੈ। ਇਨ੍ਹਾਂ ਵਿਚ ਜੋ ਕੁਝ ਹੁੰਦਾ ਹੈ, ਨਫੀਸ ਵੇਸਵਾਪਣ ਤੋਂ ਘੱਟ ਨਹੀਂ। ਲੱਚਰ ਗਾਇਕੀ ਵੀ ਇਸੇ ਦਾ ਇੱਕ ਰੂਪ ਹੈ। ਸ਼ੁੱਭ ਇੱਛਾਵਾਂ ਕਬੂਲ ਕਰੋ ਮੇਰੇ ਪੰਜਾਬੀਓ, ਪਰ ਚਲੋ ਜ਼ਰਾ ਬੱਚ ਕੇ!

**ਤਲਾਕ ਤੋਂ ਅੱਧੀ ਸਦੀ ਪਿੱਛੋਂ ਭੁੱਲ ਬਖਸ਼ਾਉਣਾ:** ਅਮਰੀਕਾ ਦੀ ਕੈਨਟੱਕੀ ਸਟੇਟ ਦੀ ਇੱਕ ਜੋੜੀ ਤਲਾਕ ਤੋਂ 50 ਸਾਲ ਪਿੱਛੋਂ ਮੁੜ ਵਿਆਹ ਕਰਵਾ ਰਹੀ ਹੈ। ਮਰਦ ਦਾ ਨਾਂ ਹੈਰਾਲਡ ਹਾਲੈਂਡ ਹੈ ਤੇ ਔਰਤ ਦਾ ਲਿਲੀਅਨ ਬਾਨਰਸ। ਉਨ੍ਹਾਂ ਦਾ ਵਿਆਹ 1955 ਦੀ ਕ੍ਰਿਸਮਸ ਨੂੰ ਹੋਇਆ ਸੀ। ਪੰਜ ਬੱਚਿਆਂ ਦੇ ਮਾਤਾ-ਪਿਤਾ ਬਣਨ ਪਿੱਛੋਂ 1968 ਵਿਚ ਜੁਦਾ ਹੋ ਗਏ। ਦੋਨਾਂ ਨੇ ਨਵੇਂ ਵਿਆਹ ਵੀ ਰਚਾ ਲਏ। ਦੋਵਾਂ ਦੇ ਨਵੇਂ ਜੀਵਨ ਸਾਥੀ 2015 ਵਿਚ ਅਕਾਲ ਚਲਾਣਾ ਕਰ ਗਏ। ਹੁਣ 2018 ਦੀ 14 ਅਪਰੈਲ ਨੂੰ ਉਹ ਮੁੜ ਇੱਕ ਦੂਜੇ ਨਾਲ ਵਿਆਹ ਕਰ ਰਹੇ ਹਨ। ਥੋੜ੍ਹੇ ਦਿਨ ਪਹਿਲਾਂ ਉਹ ਦੋਵੇਂ ਆਪਣੀ ਔਲਾਦ ਤੇ ਉਨ੍ਹਾਂ ਦੇ ਬਾਲ ਬੱਚਿਆਂ ਨਾਲ ਮਿਲ ਕੇ ਇੱਕ ਜਸ਼ਨ ਮਨਾ ਚੁਕੇ ਹਨ। ਪਰ ਵਿਆਹ ਦੀ ਰਸਮੀ ਕਾਰਵਾਈ ਲਈ ਸਬੱਬ ਨਾਲ 14 ਅਪਰੈਲ ਦਾ ਦਿਨ ਮਿਥਿਆ ਗਿਆ ਹੈ, ਜਿਸ ਦਿਨ ਉਤਰੀ ਭਾਰਤ ਵਿਚ ਵਿਸਾਖੀ ਮਨਾਈ ਜਾਂਦੀ ਹੈ।



*ਹੈਰਾਲਡ ਹਾਲੈਂਡ ਅਤੇ ਲਿਲੀਅਨ ਬਾਨਰਸ*

ਚੇਤੇ ਰਹੇ, ਉਨ੍ਹਾਂ ਨੇ ਪਹਿਲਾ ਵਿਆਹ ਕ੍ਰਿਸਮਸ ਵਾਲੇ ਦਿਨ ਕੀਤਾ ਸੀ। ਰਾਲਡ 83 ਵਰ੍ਹਿਆਂ ਦਾ ਹੈ ਤੇ ਇਹ ਗੱਲ ਕਹਿਣ ਤੋਂ ਨਹੀਂ ਝਿਜਕਦਾ ਕਿ ਤਲਾਕ ਲੈਂਦੇ ਸਮੇਂ ਉਹ ਗਲਤ ਸੀ। ਇਸ ਗਲਤੀ ਉਤੇ ਪਰਦਾ ਪਾਉਣ ਲਈ ਇਹ ਦਲੀਲ ਦਿੰਦਾ ਹੈ ਕਿ ਉਸ ਵੇਲੇ ਦੇ ਤੋੜ ਵਿਛੋੜੇ ਦਾ ਮੁੱਖ ਕਾਰਨ ਦੂਰ ਦੁਰਾਡੇ ਸ਼ਹਿਰ ਵਿਚ ਰੁਜ਼ਗਾਰ ਮਿਲਣਾ ਸੀ। ਹੁਣ ਤਾਂ ਉਸ ਨੇ ਇਹ ਵੀ ਐਲਾਨ ਕੀਤਾ ਹੈ ਕਿ ਉਹ ਆਪਣੀ ਪਤਨੀ ਨੂੰ ਉਥੇ ਲੈ ਜਾਵੇਗਾ, ਜਿੱਥੇ ਵੀ ਉਹ ਰਹਿਣਾ ਪਸੰਦ ਕਰੇਗੀ। ਬੁੱਢੀ ਜੋੜੀ ਜ਼ਿੰਦਾਬਾਦ!

**ਜੱਜ ਦੇ ਅਰਦਲੀ ਤੋਂ ਮੰਤਰੀ ਦਾ ਸਲਾਹਕਾਰ:** ਪੰਜਾਬੀ ਦੇ ਪਾਠਕ ਨਿੰਦਰ ਘੁਗਿਆਣਵੀ ਨੂੰ ਉਸ ਦੀ ਚਰਚਿਤ ਜੀਵਨ ਗਾਥਾ 'ਮੈਂ ਸਾਂ ਜੱਜ ਦਾ ਅਰਦਲੀ' ਕਰਕੇ ਜਾਣਦੇ ਹਨ ਭਾਵੇਂ ਉਹ ਇਸ ਰਚਨਾ ਤੋਂ ਪਿੱਛੋਂ ਅਨੇਕਾਂ ਹੋਰ ਪੁਸਤਕਾਂ ਲਿਖ ਚੁਕਾ ਹੈ। ਹੁਣ ਜੱਜ ਦਾ ਅਰਦਲੀ ਰਹਿ ਚੁਕੇ ਇਸ ਨਿੰਦਰ ਨੂੰ ਪੰਜਾਬ ਦੇ ਸਭਿਆਚਾਰ ਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਪਣੀ ਉਚਤਮ ਸਾਹਿਤ ਸਭਿਆਚਾਰ ਸੰਸਥਾ ਪੰਜਾਬ ਕਲਾ ਪ੍ਰੀਸ਼ਦ ਦਾ ਮੀਡੀਆ ਤੇ ਸਭਿਆਚਾਰ



*ਨਿੰਦਰ ਘੁਗਿਆਣਵੀ*

ਸਲਾਹਕਾਰ ਅਤੇ ਸੰਯੋਜਕ ਲੈ ਲਿਆ ਹੈ। ਬੰਦਾ ਜੁਗਤੀ ਹੈ, ਨਵੀਆਂ ਜੁਗਤਾਂ ਦੀ ਆਸ ਰੱਖੀ ਜਾ ਸਕਦੀ ਹੈ।

**ਅੰਤਿਕਾ: ਬਰਜਿੰਦਰ ਚੌਹਾਨ**

ਫੇਰ ਕੀ ਮਜਬੂਰ ਜੇ ਹੋਣਾ ਪਿਐ ਪਰਵਾਸ 'ਤੇ
ਬੇਘਰੇ ਹੋਣਾ ਵੀ ਪੈਂਦਾ ਹੈ ਕਦੇ ਘਰ ਵਾਸਤੇ।
ਕਿਸ਼ਤੀਆਂ ਦਾ ਡੁੱਬਣਾ ਤੇਰੇ ਲਈ ਹੈ ਹਾਦਸਾ
ਰੋਜ਼ ਦਾ ਪਰ ਸ਼ੁਗਲ ਹੈ ਇਹ ਤਾਂ ਸਮੁੰਦਰ ਵਾਸਤੇ।
ਰਾਹ ਦਿਆਂ ਰੁੱਖਾਂ ਲਈ ਸਤਿਕਾਰ ਤਾਂ ਚਾਹੀਦਾ ਹੈ
ਪਰ ਉਨ੍ਹਾਂ ਦਾ ਮੋਹ ਨਹੀਂ ਚੰਗਾ ਮੁਸਾਫਰ ਵਾਸਤੇ।

## ਗੁਰਮਤਿ ਵਿਚਾਰ

# ਜਪੁਜੀ ਦਾ ਰੱਬ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਜਪੁਜੀ ਦਾ ਰੱਬ ਭਾਵੇਂ ਭਗਤਾਂ ਲਈ ਇਕ ਪੂਜਨੀਕ ਤੇ ਸਰਬ-ਕਲਾ ਸਮਰੱਥ ਪੁਰਸ਼ ਹੈ ਪਰ ਗੁਰੂ ਨਾਨਕ ਲਈ ਇਕ ਸੋਚ-ਬਿੰਬ ਤੇ ਸਦੀਵੀ ਖੋਜ ਪ੍ਰਸਤਾਵ ਹੈ। ਇਹ ਕਿਸੇ ਦੇ ਹੱਥ ਆਉਣ ਵਾਲੀ ਚੀਜ਼ ਨਹੀਂ। ਜਿੰਨਾ ਨੇੜੇ ਜਾਓ, ਉਨਾ ਹੀ ਦੂਰ ਚਲਾ ਜਾਂਦਾ ਹੈ। ਇਹ ਮਨੁੱਖੀ ਸਮਝ ਦੇ ਦਿਸਹੱਦੇ ਤੋਂ ਬਾਹਰ ਚਮਕਦੀ ਇਕ ਸਦੀਵੀ ਪੀਂਘ ਹੈ ਜਿਸ ਦੀ ਰਹੱਸਮਈ ਹੋਂਦ ਮਨੁੱਖੀ ਵਿਵੇਕ ਨੂੰ ਹਮੇਸ਼ਾ ਨਵੀਆਂ ਬੁਲੰਦੀਆਂ ਵਲ ਧੂਹ ਪਾਉਂਦੀ ਰਹੇਗੀ। ਇਹ ਉਹ ਪਰਮ-ਸਤਿ ਹੈ ਜੋ ਅਸਲੀਅਤ ਤਾਂ ਹੈ ਪਰ ਅਗਿਆਤ ਕਿਸਮ ਦੀ।

ਇਸ ਅਗਿਆਤ ਅਸਲੀਅਤ ਦਾ ਹਾਲੇ ਨਾਮ ਵੀ ਪਤਾ ਨਹੀਂ। ਉਂਜ ਸਥਾਪਤ ਧਰਮਾਂ ਵਾਲਿਆਂ ਨੇ ਪਹਿਲਾਂ ਹੀ ਇਸ ਦੇ ਕਈ ਨਾਂ ਰੱਖੇ ਹੋਏ ਹਨ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਪਰ ਸਭ ਫਰਜ਼ੀ ਹਨ। ਕਾਰਨ ਇਹ ਕਿ ਇਹ ਗਲਤ ਵਿਧੀ ਨਾਲ ਭਗਤਾਂ ਦੀ ਮਰਜੀ ਅਨੁਸਾਰ ਰੱਖੇ ਹੋਏ ਹਨ। ਅਸਲ ਨਾਮ ਦਾ ਪਤਾ ਉਸ ਦੀਆਂ ਸਭ ਵਡਿਆਈਆਂ ਦੀ ਜਾਣਕਾਰੀ ਬਿਨਾ ਨਹੀਂ ਲੱਗ ਸਕਦਾ। ਕੋਈ ਚੀਜ਼ ਜੋ ਕੁਝ ਹੈ, ਉਹ ਆਖਰ ਕੁਝ ਗਿਆਤ ਗੁਣਾਂ ਦਾ ਪੁਲੰਦਾ ਹੀ ਤਾਂ ਹੁੰਦੀ ਹੈ। ਗੁਣਾਂ ਦੇ ਗਿਆਨ ਤੋਂ ਬਿਨਾ ਕਿਸੇ ਚੀਜ਼ ਦੀ ਹੋਰ ਕੋਈ ਗਿਆਤ ਹੋਂਦ ਨਹੀਂ ਹੁੰਦੀ। ਖੰਡ ਕੀ ਹੈ? ਦਾਣੇਦਾਰ ਹੈ, ਭਾਰੀ ਹੈ, ਚਿੱਟੀ ਹੈ, ਭਾਂਡੇ ਵਿਚ ਪਾਇਆਂ ਥਾਂ ਘੇਰਦੀ ਹੈ, ਪਾਣੀ ਆਦਿ ਤਰਲ ਪਦਾਰਥਾਂ ਵਿਚ ਪਾਇਆਂ ਘੁਲ ਜਾਂਦੀ ਹੈ ਤੇ ਜੀਭ 'ਤੇ ਰੱਖਿਆਂ ਮਿੱਠਾ ਸਵਾਦ ਦਿੰਦੀ ਹੈ। ਇਹ ਤਾਂ ਸਭ ਇਸ ਦੇ ਗੁਣ ਹਨ। ਫਿਰ ਖੰਡ ਕਿੱਥੇ ਹੈ ਤੇ ਇਸ ਦੀ ਹੋਂਦ ਕੀ ਹੈ? ਕੁਝ ਵੀ ਨਹੀਂ। ਬੱਸ ਇਹ ਗੁਣ ਹੀ ਇਸ ਦੀ ਹੋਂਦ ਹਨ।

ਇਸ ਤਰ੍ਹਾਂ ਮਨੁੱਖ ਦੀਆਂ ਗਿਆਨ ਇੰਦਰੀਆਂ ਬਣੀਆਂ ਹੀ ਪਦਾਰਥ ਦੇ ਗੁਣ ਜਾਣਨ ਦੇ ਸੀਮਤ ਜਿਹੇ ਕਾਰਜ ਲਈ ਹਨ। ਗੁਣ ਤੋਂ ਬਿਨਾ ਇਹ ਕਿਸੇ ਪਦਾਰਥ ਦੇ ਯਥਾਰਥ ਬਾਰੇ ਕੁਝ ਵੀ ਦੱਸ ਨਹੀਂ ਸਕਦੀਆਂ। ਜੇ ਪਦਾਰਥ ਦਾ ਹੀ ਇਸ ਦੇ ਗੁਣਾਂ ਤੋਂ ਬਿਨਾ ਕੁਝ ਪਤਾ ਨਹੀਂ ਲਗਦਾ ਤਾਂ ਪਰਮ-ਸਤਿ ਬਾਰੇ ਕੀ ਕਹੀਏ? ਕੁਝ ਕਹਿਣ ਤੋਂ ਪਹਿਲਾਂ ਇਸ ਦਾ ਨਾਮ ਜਾਣਨਾ ਜਰੂਰੀ ਹੈ ਤੇ ਨਾਮ ਜਾਣਨ ਤੋਂ ਵੀ ਪਹਿਲਾਂ ਇਸ ਦੇ ਗੁਣ ਜਾਣਨੇ ਜਰੂਰੀ ਹਨ। ਗੁਣਾਂ ਦੀ ਸਹੀ ਜਾਂਚ ਤੇ ਪ੍ਰਸਤੁਤੀ ਲਈ ਗਣਿਤੀ ਮਿਆਰ ਦੀ ਸੋਚ ਜਰੂਰੀ ਹੈ ਤੇ ਇਸ ਕੰਮ ਲਈ ਜਰੂਰੀ ਹੈ ਗਣਿਤ। ਇਸ ਲਈ ਪਰਮ-ਸਤਿ ਦੀ ਸਹੀ ਜਾਣਕਾਰੀ ਲਈ ੴ ਦੀ ਵਿਗਿਆਨਕ ਵਿਧੀ ਦੀ ਵਰਤੋਂ ਅਤਿ ਜਰੂਰੀ ਹੈ। ਇਹ ਵਿਧੀ ਯਕੀਨੀ ਬਣਾਉਂਦੀ ਹੈ ਕਿ ਜੋ ਗੱਲ ਕਹੀ ਜਾਵੇ, ਉਹ ਤਰਕ-ਸੰਗਤ ਹੋਵੇ। ਪ੍ਰਮਾਣੀਕ ਹੋਵੇ ਤਾਂ ਜੋ ਜਿਸ ਕਿਸੇ ਨੇ ਵੀ ਉਸ ਦੇ ਸਹੀ ਹੋਣ ਦੀ ਪੁਸ਼ਟੀ ਕਰਨੀ ਹੋਵੇ, ਕਰ ਸਕੇ। ਜਿਸ ਗੱਲ ਦਾ ਪਤਾ ਨਾ ਹੋਵੇ, ਉਸ ਦੀ ਖੋਜ ਕੀਤੀ ਜਾਵੇ, ਹਰ ਪੱਧਰ 'ਤੇ ਪੱਕੀ ਖੋਜ ਵਿਧੀ ਵਰਤੀ ਜਾਵੇ। ਗਲਤ-ਬਿਆਨੀ ਨਾ ਕੀਤੀ ਜਾਵੇ। ਨਵੀਂ ਜਾਣਕਾਰੀ ਪੂਰਵ-ਗਿਆਤ ਜਾਣਕਾਰੀ ਨਾਲ ਤਾਰਕਿਕ ਤੇ ਗਣਿਤੀ ਸਬੰਧ ਰੱਖਦੀ ਹੋਵੇ। ਪੂਰਵ-ਜਾਣਕਾਰੀ ਨੂੰ ਆਧਾਰ ਮੰਨਿਆ ਜਾਵੇ। ਜੇ ਨਵੀਂ ਜਾਣਕਾਰੀ ਵੱਧ ਪ੍ਰਮਾਣੀਕ ਹੋਵੇ ਤਾਂ ਪੂਰਵ-ਗਿਆਤ ਜਾਣਕਾਰੀਆਂ ਤੇ ਸੰਕਲਪਾਂ ਨੂੰ ਇਸ ਮੁਤਾਬਿਕ ਸੋਧਿਆ ਜਾਵੇ।

ਉਪਰੋਕਤ ਕਥਨ ਨੂੰ ਹੋਰ ਸਪਸ਼ਟ ਕਰਨ ਲਈ ਇਸ ਵਿਧੀ ਨੂੰ ਮੂਲ ਮੰਤਰ ਦੀ ਵਿਆਖਿਆ 'ਤੇ ਲਾਗੂ ਕਰਦੇ ਹਾਂ। ਮਿਸਾਲ ਲਈ "ਨਵੀਂ ਜਾਣਕਾਰੀ ਪੂਰਵ-ਗਿਆਤ ਜਾਣਕਾਰੀ ਨਾਲ ਤਾਰਕਿਕ ਤੇ ਗਣਿਤੀ ਸਬੰਧ ਰੱਖਦੀ ਹੋਵੇ" ਦੀ ਸ਼ਰਤ ਹੀ ਲੈਂਦੇ ਹਾਂ। ਮੂਲ ਮੰਤਰ ਦਾ ਅਰੰਭ ੴ ਦੇ ਹਿਸਾਬੀ ਸੂਤਰ ਨਾਲ ਕੀਤਾ ਗਿਆ ਹੈ। ਇਹ ਇਸ ਦਾ ਸਰਬ-ਪ੍ਰਥਮ ਸੰਕਲਪ ਹੈ। ਇਸ ਤੋਂ ਬਾਅਦ ਜੋ ਕੁਝ ਵੀ ਲਿਖਿਆ ਆਵੇਗਾ, ਉਸ ਦੀ ਵਿਆਖਿਆ ਇਸੇ ਦੀ ਲੋਅ ਵਿਚ ਕਰਨੀ ਹੋਵੇਗੀ। ਹਰ ਖੇਤਰ ਵਿਚ ਇਸ ਕਿਸਮ ਦੀ ਤਰਜੀਹ ਨਿਰਧਾਰਤ ਹੁੰਦੀ ਹੈ। ਕਾਨੂੰਨ ਵਿਚ ਸੰਵਿਧਾਨ ਦੀ ਤੇ ਸੰਵਿਧਾਨ ਵਿਚ ਪ੍ਰਸਤਾਵਨਾ (Preamble) ਦੀ ਸਰਬ-ਪ੍ਰਧਾਨਤਾ ਬਣੀ ਹੋਈ ਹੈ। ਮੈਡੀਕਲ ਸਾਇੰਸ ਵਿਚ ਮਾਨਸਿਕ ਅਲਾਮਤਾਂ ਨੂੰ ਸਰਬ-ਉਚ ਦਰਜਾ ਦਿੱਤਾ ਜਾਂਦਾ ਹੈ। ਇੱਥੇ ੴ ਤੋਂ ਬਾਅਦ ਸਤਿ ਨਾਮ ਲਿਖਿਆ ਹੈ। ਇਸ ਦਾ ਭਾਵ ਹੈ ਕਿ ੴ ਦਾ ਹਿਸਾਬੀ ਸੂਤਰ ਸਤਿ ਨਾਮੁ ਦੇ ਸੰਦਰਭ ਵਿਚ ਵਰਤਿਆ ਗਿਆ ਹੈ। ਅਰਥਾਤ ਪਰਮ-ਸਤਿ ਦੇ ਨਾਂ ਦੀ ਖੋਜ ਲਈ ਹਿਸਾਬੀ ਢੰਗ ਦੀ ਵਰਤੋਂ ਕਰਨੀ ਹੈ। ਇਸ ਪਿਛੋਂ ਵਾਰੀ ਵਾਰੀ ਕਰਤਾ ਪੁਰਖੁ, ਨਿਰਭਉ, ਨਿਰਵੈਰ ਆਦਿਕ ਸੰਗਿਆ-ਵਿਸ਼ੇਸ਼ਣ ਆਉਂਦੇ ਹਨ। ਇਨ੍ਹਾਂ ਦੇ ਲਿਖਣ ਤੋਂ ਭਾਵ ਹੈ ਕਿ ਨਾਮ ਦਾ ਖੁਲਾਸਾ ਗੁਣਾਂ ਦੀ ਜਾਣਕਾਰੀ ਉਪਰੰਤ ਹੋਵੇਗਾ। ਉਸ ਦੇ ਕਰਤਾ ਪੁਰਖੁ ਹੋਣ ਦਾ ਗੁਣ ਇਕ ਮਨੁੱਖੀ ਜਾਮੇ ਵਾਲੇ ਦੇਹਧਾਰੀ ਕਾਰੀਗਰ ਦਾ ਝਉਲਾ ਪਾਉਂਦਾ ਹੈ। ਪਰ ਉਹ ਇੱਦਾਂ ਦਾ ਨਹੀਂ ਹੋ ਸਕਦਾ ਕਿਉਂਕਿ ਕਿਸੇ ਦੇਹਧਾਰੀ ਮਨੁੱਖ ਨੂੰ ਲੱਭਣ ਲਈ ਗਣਿਤੀ ਵਿਧੀ ਦੀ ਲੋੜ ਨਹੀਂ।

ਮੰਨ ਲਓ ਕਿ ਉਹ ਦੇਹਧਾਰੀ ਹੀ ਹੈ ਕਿਉਂਕਿ ਉਸ ਦੇ ਅਗਲੇ ਦੋ ਗੁਣ ਨਿਰਭਉ ਤੇ ਨਿਰਵੈਰ ਵੀ ਉਸ ਦੀ ਹੋਂਦ ਦੇ ਨਿਰਣਾਇਕ ਚਿੰਨ੍ਹ ਨਹੀਂ ਹਨ। ਪਰ ਇਨ੍ਹਾਂ ਤੋਂ ਅਗਲੇ ਦੋ ਗੁਣ ਅਕਾਲ ਤੇ ਮੂਰਤਿ ਇਸ ਸ਼ੱਕ ਨੂੰ ਦੂਰ ਕਰ ਦਿੰਦੇ ਹਨ। ਜੇ ਉਹ ਇਕ ਅਮਰ ਬਿੰਬ ਵਾਂਗ ਹੈ ਤਾਂ ਦੇਹਧਾਰੀ ਨਹੀਂ ਹੋ ਸਕਦਾ। ਅਗਲੇ ਦੋ ਗੁਣ ਅਜੂਨੀ ਤੇ ਸੈਭੰ ਇਸ ਤੱਥ 'ਤੇ ਪੱਕੀ ਮੋਹਰ ਲਾਉਂਦੇ ਹਨ। ਇਨ੍ਹਾਂ ਅਨੁਸਾਰ ਜੇ ਉਹ ਅਜੂਨੀ ਹੈ ਤਾਂ ਕੋਈ ਅਜਿਹਾ ਕਰਤਾ ਪੁਰਖੁ ਹੈ ਜੋ ਦੇਹਧਾਰੀ ਨਹੀਂ ਹੈ। ਪਹਿਲਾ ਕਾਰਨ, ਜੀਵ ਦੀ ਦੇਹ ਉਸ ਦੇ ਜਨਮ ਕਰਕੇ ਹੀ ਹੋਂਦ ਵਿਚ ਆਉਂਦੀ ਹੈ। ਦੂਜਾ, ਪ੍ਰਕ੍ਰਿਤੀ ਦੇ ਨਿਯਮ ਅਨੁਸਾਰ ਦੇਹਧਾਰੀ ਜੀਵ ਅਮਰ ਹੋ ਹੀ ਨਹੀਂ ਸਕਦਾ। ਸੈਭੰ ਤੋਂ ਭਾਵ ਹੈ, ਉਹ ਆਪਣੀ ਸਮੁੱਚੀ ਮਾਯਾ ਵਿਚ ਸਮਾਇਆ ਹੋਇਆ ਹੈ ਤੇ ਮਾਯਾ ਨਾਲ ਉਜਾਗਰ ਹੈ। ਭਾਵ ਜੇ ਉਹ ਮਾਯਾ ਵਿਚ ਹੈ ਤਾਂ ਪਾਣੀ, ਅਗਨੀ, ਹਵਾ ਤੇ ਮਿੱਟੀ ਸਭ ਵਿਚ ਮੌਜੂਦ ਹੈ। ਕਿਉਂਕਿ ਕੋਈ ਦੇਹਧਾਰੀ ਪੁਰਸ਼ ਹਵਾ ਤੇ ਅਗਨੀ ਵਿਚ ਨਹੀਂ ਛੁਪ ਸਕਦਾ, ਇਸ ਲਈ ਦੇਹਧਾਰੀ ਕਰਤਾ ਪੁਰਖੁ ਦੀ ਕਲਪਨਾ ਮਿੱਥਿਆ ਸੋਚ ਤੋਂ ਵੱਧ ਕੁਝ ਨਹੀਂ।

ਇਸ ਲਈ ਇਹ ਉਦਾਂ ਦਾ ਕਰਤਾ ਪੁਰਖ ਨਹੀਂ ਜਿਸ ਦੇ ਇਕ ਪਾਸੇ ਕੱਚਾ ਮਾਲ ਤੇ ਦੂਜੇ ਪਾਸੇ ਔਜ਼ਾਰ ਪਏ ਹੋਣ। ਇਸ ਦੀ ਸਿਰਜਣ-ਕ੍ਰਿਆ ਹੱਥਾਂ ਪੈਰਾਂ ਵਾਲੇ ਦੇਹਧਾਰੀ ਕਾਰੀਗਰ ਵਾਲੀ ਨਹੀਂ ਸਗੋਂ ਇਕ ਅਦ੍ਰਿਸ਼ਟ ਸਿਰਜਣਹਾਰ ਦੀ ਹੈ ਜੋ ਆਪਣੇ ਵਜੂਦ ਨੂੰ ਹੀ ਅਸੰਖ ਰੂਪ-ਰੰਗ ਦੇ ਕੇ ਸ੍ਰਿਸ਼ਟੀ ਦੀ ਮਾਯਾ ਵਿਚ ਵਟ ਜਾਂਦਾ ਹੈ। ਉਹ ਪਾਣੀ, ਹਵਾ, ਅਗਨੀ, ਮੇਜ਼, ਕੁਰਸੀ ਆਦਿ ਸਭ ਮਾਯਾਵੀ ਵਸਤਾਂ ਵਿਚ ਹੈ। ਫਿਰ ਉਹ ਹੈ ਕੀ? ਇਹੀ ਤਾਂ ਮੂਲ ਪ੍ਰਸ਼ਨ ਹੈ ਜਿਸ ਨੂੰ ੴ ਦੀ ਵਿਗਿਆਨਕ ਵਿਧੀ ਰਾਹੀਂ ਸਹੀ ਤੌਰ 'ਤੇ ਹੱਲ ਕਰਨਾ ਹੈ। ਮੂਲ ਮੰਤਰ ਅਨੁਸਾਰ ਇਸ ਦੀ ਖੋਜ ਤੇ ਯਥਾ-ਯੋਗ ਧਿਆਨ ਲਗਾਉਣਾ ਹਰ ਸਿੱਖ ਭਾਵ ਹਰ ਵਿਗਿਆਨੀ ਦਾ ਮੁੱਖ ਕਾਰਜ ਭਾਵ ਜਪੁ ਕਾਰਜ ਹੈ।

ੴ ਦੀ ਵਿਗਿਆਨਕ ਵਿਧੀ ਬਾਰੇ ਉਪਰ ਪਹਿਲਾਂ ਹੀ ਬਹੁਤ ਕੁਝ ਕਿਹਾ ਜਾ ਚੁੱਕਾ ਹੈ। ਇਸ ਬਾਰੇ ਜਿੰਨਾ ਕਿਹਾ ਜਾਵੇ, ਉਨਾ ਹੀ ਘਟ ਹੈ ਕਿਉਂਕਿ ਇਹੀ ਸਿੱਖੀ ਦੀ ਬੁਨਿਆਦ ਹੈ। ਗੁਰੂ ਸਾਹਿਬ ਨੇ ਗਣਿਤੀ ਵਿਧੀ ਦੇ ਇਸ ਸੂਤਰ ਦਾ ਹਵਾਲਾ ਦੇ ਕੇ ਸਤਿ ਨਾਮ ਦੇ ਵਿਸ਼ੇ ਨੂੰ ਅੱਜ ਦੇ ਭੌਤਿਕ ਤੇ ਰਸਾਇਣ ਵਿਗਿਆਨ ਵਾਂਗ ਠੋਸ ਆਧਾਰ ਦਿੱਤਾ ਹੈ। ਦੂਜੇ ਸਭ ਵਿਗਿਆਨ ਵੀ ਗਣਿਤੀ ਵਿਧੀ ਰਾਹੀਂ ਹੀ ਵਧੇ ਫੁੱਲੇ ਹਨ। ਗਣਿਤ ਦੀ ਵਿਧੀ ਸਹੀ ਤੇ ਪਰਖਯੋਗ ਜਾਣਕਾਰੀ ਨਾਲ ਸਬੰਧ ਰੱਖਦੀ ਹੈ। ਇਹ ਵਿਧੀ ਮਨੁੱਖੀ ਸੁਭਾਅ ਦੇ ਪੱਖ-ਪਾਤ ਤੋਂ ਉਪਰ ਹੈ ਤੇ ਮਨ ਆਈਆਂ ਗੱਲਾਂ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਇਸ ਦੀ ਮਹੱਤਤਾ ਇਸ ਵਿਚ ਹੈ ਕਿ ਇਹ ਮਾਯਾ ਦੇ ਸਭ ਰੂਪਾਂ 'ਤੇ ਲਾਗੂ ਹੁੰਦੀ ਹੈ।

ਅੰਕ ਗਣਿਤ ਦੀਆਂ ਪ੍ਰਕ੍ਰਿਆਵਾਂ ਪਿੱਛੇ ਇਕੋ ਤਰਕ ਹੈ ਜਿਸ ਕਰਕੇ ਉਨ੍ਹਾਂ ਦੀ ਵਰਤੋਂ ਨਾਲ ਇਕੋ ਜਿਹੇ ਸਿੱਟੇ ਨਿਕਲਦੇ ਹਨ। ਦੋ ਦਾ ਭਾਵੇਂ ਤਿੰਨ ਵਾਰ ਜੋੜ ਕਰ ਲਵੋ, ਭਾਵੇਂ ਤਿੰਨ ਨਾਲ ਗੁਣਾ ਕਰ ਲਵੋ ਤੇ ਭਾਵੇਂ ਤਿੰਨ ਨੂੰ ਇਕ ਤੇ ਦੋ ਵਿਚ ਵਿਛੋੜ ਕੇ ਦੋਹਾਂ ਨੂੰ ਦੋ ਨਾਲ ਗੁਣਾ ਕਰ ਕੇ ਜੋੜ ਲਵੋ, ਹਰ ਤਰ੍ਹਾਂ ਉਤਰ ਛੇ ਹੀ ਆਵੇਗਾ। ਗਲਤੀ ਦੀ ਕੋਈ ਸੰਭਾਵਨਾ ਨਹੀਂ। ਇਕੋ ਭਾਂਤੀ ਦੀਆਂ ਵਸਤਾਂ ਦਾ ਹਿਸਾਬ ਅੰਕ-ਗਣਿਤ ਦੇ ਪਹਾੜਿਆਂ ਨਾਲ ਕੀਤਾ ਜਾਂਦਾ ਹੈ। ਜੇ ਸਭ ਵਸਤਾਂ ਇਕ ਹੀ ਤਰ੍ਹਾਂ ਦੀਆਂ ਨਾ ਹੋਣ ਭਾਵ ਇਸ ਮਿਸਾਲ ਵਿਚਲੀਆਂ ਦੋ ਚੀਜ਼ਾਂ ਵਖਰੀਆਂ ਤੇ ਤਿੰਨ ਵੱਖ ਕਿਸਮ ਦੀਆਂ ਹੋਣ, ਤਾਂ ਇਨ੍ਹਾਂ ਤੇ ਅੰਕ-ਗਣਿਤ ਦੀ ਵਰਤੋਂ ਗੁੰਝਲਦਾਰ ਤੇ ਅਸੰਭਵ ਹੋ ਸਕਦੀ ਹੈ। ਮਿਸਾਲ ਵਜੋਂ ਦੋ ਪੈਨਸਿਲਾਂ ਤੇ ਤਿੰਨ ਪੈਨਸਿਲਾਂ ਨੂੰ ਤਾਂ ਜੋੜ ਕੇ ਪੰਜ ਪੈਨਸਿਲਾਂ ਲਿਖਿਆ ਜਾ ਸਕਦਾ ਹੈ। ਪਰ ਜੇ ਦੋ ਪੈਨਸਿਲਾਂ ਨੂੰ ਤਿੰਨ ਡੱਬੀਆਂ ਨਾਲ ਜੋੜੋ ਤਾਂ ਅਜਿਹਾ ਸੰਭਵ ਨਹੀਂ। ਇਸ ਲਈ ਬਹੁ-ਭਾਂਤੀ ਵਸਤਾਂ ਦਾ ਹਿਸਾਬ ਬੀਜ-ਗਣਿਤ (ਅਲਜ਼ਬਰਾ) ਦੇ ਫਾਰਮੂਲੇ ਲਾ ਕੇ ਹੁੰਦਾ ਹੈ ਜਿਨ੍ਹਾਂ ਵਿਚ ਵਸਤਾਂ ਦੀਆਂ ਕਿਸਮਾਂ ਨੂੰ ਵੱਖ ਵੱਖ ਲਿਖਤੀ ਅੱਖਰਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਜਦੋਂ 'ਹੁਕਮੀ ਹੋਵਨਿ ਆਕਾਰ' ਦੀ ਗੱਲ ਆਉਂਦੀ ਹੈ ਤਾਂ ਸਭ ਵਸਤਾਂ ਦੀ ਬਣਤਰ ਦਾ ਹਿਸਾਬ ਰੇਖਾ-ਗਣਿਤ ਦੇ ਤਰਕ-ਸੰਗਤ ਤੇ ਪ੍ਰਮਾਣਿਤ ਸੂਤਰਾਂ ਨਾਲ ਕੀਤਾ ਜਾਂਦਾ ਹੈ। ਇਨ੍ਹਾਂ ਪਿੱਛੇ ਇਕ ਪੱਕਾ ਤਰਕ ਹੈ ਜਿਸ ਦੇ ਸਹਾਰੇ ਯੂਨਾਨੀ ਗਣਿਤ ਸ਼ਾਸਤਰੀ ਯੁਕਲਿਡ ਨੇ ਰੇਖਾ-ਗਣਿਤ ਦੀ ਨੀਂਹ ਰੱਖੀ ਸੀ। ਅੱਜ ਤੋਂ ਚੌਵੀ ਸੌ ਵਰ੍ਹੇ ਪਹਿਲਾਂ ਉਸ ਨੇ ਬਿਨਾ ਕਿਸੇ ਪੈਮਾਨੇ ਜਾਂ ਮਿਣਤੀ ਦੇ 465 ਰੇਖਾ-ਗਣਿਤੀ ਪ੍ਰਸਤਾਵ (Prepositions) ਸਿੱਧ ਕੀਤੇ ਜਿਨ੍ਹਾਂ ਦੇ ਪ੍ਰਮਾਣ ਤੇ ਸਬੂਤ ਇਕ ਦੂਜੇ ਨਾਲ ਜੁੜੇ ਹੋਏ ਹਨ। ਇਹ ਸਬੂਤ ਇੰਨੇ ਸਿੱਧ ਹਨ ਕਿ ਅੱਜ ਵੀ ਕਿਸੇ ਤੋਂ ਵਚੀ ਚੁਣੌਤੀ ਨਹੀਂ ਦੇ ਹੋਈ।

ਸੰਸਾਰ ਦੇ ਬਹੁਤੇ ਸੱਚ ਤੇ ਸਬੰਧ ਤਾਂ ਇਸ ਤਰ੍ਹਾਂ ਦੇ ਹਨ ਕਿ ਉਹ ਗਣਿਤ ਦੀ ਮਦਦ ਤੋਂ ਬਿਨਾ ਦਰਸਾਏ ਵੀ ਨਹੀਂ ਜਾ ਸਕਦੇ। ਮਿਸਾਲ ਵਜੋਂ ਭੌਤਿਕ ਵਿਗਿਆਨ ਦੇ ਇਸ ਮੁਢਲੇ ਸੂਤਰ $KxM1xM/d^2$ ਨੂੰ ਹੀ ਲੈ ਲਵੋ। ਇਸ ਨੂੰ ਸਾਧਾਰਣ ਸ਼ਬਦਾਂ ਰਾਹੀਂ ਨਾ ਪੁੱਛਿਆ ਜਾ ਸਕਦਾ ਹੈ, ਨਾ ਦੱਸਿਆ ਜਾ ਸਕਦਾ ਹੈ। ਇਹ ਮਾਤਰਾ ਗਣਿਤ ਰਾਹੀਂ ਹੀ ਸਮਝੀ ਜਾ ਸਕਦੀ ਹੈ। ਇਸ ਵਿਚ ਕਿਸੇ ਚੀਜ਼ ਦਾ ਨਾਂ ਨਹੀਂ ਲਿਖਿਆ ਪਰ ਇਹ ਸਭ ਵਸਤਾਂ 'ਤੇ ਲਾਗੂ ਹੁੰਦਾ ਹੈ। ਇਹ ਉਹ ਸੂਤਰ ਹੈ ਜੋ ਦੋ ਅਰਸ਼ੀ ਪਿੰਡਾਂ ਵਿਚਾਲੇ ਖਿੱਚ ਦੀ ਮਾਤਰਾ ਦੱਸਦਾ ਹੈ। ਇਸੇ ਤਰ੍ਹਾਂ ਦੋ ਦੁਨਿਆਵੀ ਪਾਤਰਾਂ ਜਾਂ ਦੋ ਅਤਿ-ਸੂਖਮ ਪਾਤਰਾਂ ਵਿਚਕਾਰ ਆਪਸੀ ਖਿੱਚ ਦਾ ਵੀ ਇਹੀ ਮਾਪ ਹੈ। ਇਹੀ ਖਿੱਚ ਹੈ ਜੋ ਸੰਸਾਰ ਰਚਨਾ ਲਈ ਸੀਮਿੰਟ ਦਾ ਕੰਮ ਕਰਦੀ ਹੈ। ਹਾਲ ਹੀ ਦਾ ਹਿੱਗਜ਼-ਬੋਸੋਨ (Higgs-Boson) ਦਾ ਮਹਾਨ ਤਜਰਬਾ ਵੀ ਇਸੇ ਨੂੰ ਸਮਝਣ ਦਾ ਉਪਰਾਲਾ ਸੀ। ਜੇ ਪਰਮ-ਸਤਿ ਦਾ ਨਿਵਾਸ ਬ੍ਰਹਿਮੰਡ ਵਿਚ ਹੀ ਹੈ ਤੇ ਸਮੁੱਚਾ ਬ੍ਰਹਿਮੰਡ ਉਸੇ ਦਾ ਪਸਾਰਾ ਹੈ ਤਾਂ ਉਸ ਦੇ ਗੁਣਾਂ ਦਾ ਅੰਦਾਜ਼ਾ ਹਿਸਾਬੀ ਗਿਣਤੀ-ਮਿਣਤੀ ਤੋਂ ਬਾਹਰ ਰਹਿ ਕੇ ਨਹੀਂ ਲੱਗ ਸਕਦਾ। ਭਾਵੇਂ ਕਹਿ ਦਿੰਦੇ ਹਨ ਕਿ ਕੁਦਰਤ ਬੇਅੰਤ ਹੈ ਪਰ ਮਨੁੱਖੀ ਉਤਸੁਕਤਾ ਦੀ ਤਸੱਲੀ ਲਈ ਇਹ ਵੇਖਣਾ ਜਰੂਰੀ ਹੈ ਕਿ ਇਹ ਕਿੰਨੀ ਕੁ ਬੇਅੰਤ ਹੈ!

ਅਕਾਲ ਮੂਰਤਿ ਦੀ ਗੱਲ ਕਹਿਣ ਨੂੰ ਬਹੁਤ ਸਾਧਾਰਨ ਹੈ ਪਰ ਇਸ ਸੰਕਲਪ ਨੂੰ ਵੀ ਗਣਿਤ ਤੋਂ ਬਿਨਾ ਸਮਝਣਾ ਔਖਾ ਹੈ। ਇਕ (1) ਦਾ ਅੰਕੜਾ ਹੀ ਲਵੋ। ਇਹ ਕੀ ਹੈ? ਇਕ ਸੰਕਲਪ ਹੈ। ਅਸੀਂ ਗਿਣਤੀ ਵੇਲੇ ਹਰ ਰੁੱਖ ਨੂੰ ਇਕ ਰੁੱਖ ਆਖਦੇ ਹਾਂ ਪਰ ਸਾਰੇ ਰੁੱਖ ਬਰਾਬਰ ਨਹੀਂ ਹੁੰਦੇ ਕਿਉਂਕਿ ਸਭ ਦੇ ਪੱਤੇ ਟਾਹਣੇ ਵੱਖ ਵੱਖ ਹੁੰਦੇ ਹਨ। ਇਕੋ ਰੁੱਖ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ। ਹਰ ਪਲ ਇਸ ਦੇ ਪੱਤੇ ਘਟਦੇ ਵਧਦੇ ਰਹਿੰਦੇ ਹਨ। ਇਸ ਲਈ ਇਕ ਕਿੱਥੇ ਹੈ, ਗਿਣਤੀ ਵਿਚ ਕਿ ਸੰਕਲਪ ਵਿਚ? ਗਿਣਤੀ ਵਿਚ ਤਾਂ ਕਿਤੇ ਲੱਭਦਾ ਨਹੀਂ। ਗਣਿਤ ਦੱਸਦਾ ਹੈ ਕਿ 0.9 ਵਿਚ 0.1 ਜੋੜਨ ਨਾਲ ਇਹ ਰਕਮ 1 ਦਾ ਅੰਕੜਾ ਬਣਦੀ ਹੈ। ਜੇ ਇਸ ਵਿਚ 0.1 ਜੋੜਨ ਦੀ ਥਾਂ ਜਰਾ ਥੋੜ੍ਹੀ ਮਾਤਰਾ ਵਾਲਾ 0.09 ਜੋੜ ਦੇਈਏ ਤਾਂ ਇਹ 0.99 ਬਣ ਜਾਵੇਗਾ। ਹਰ ਵਾਰ ਦਸ਼ਮਲਵ ਤੋਂ ਪਹਿਲਾਂ ਇਕ ਸਿਫਰ ਵਧਾ ਕੇ 9 ਜੋੜਨ ਨਾਲ ਇਹ 0.999999999... ਬਣਦਾ ਜਾਵੇਗਾ ਪਰ ਇਕ ਕਦੇ ਨਹੀਂ ਬਣੇਗਾ। ਫਿਰ 1 ਕਿੱਥੇ ਹੈ? ਇਸ ਦੇ ਸੰਕਲਪ ਵਿਚ ਹੈ ਜੋ ਦਸ਼ਮਲਵ ਪਿੱਛੇ ਕਰੋੜਾਂ 9 ਲਾਉਣ ਤੋਂ ਬਾਅਦ ਵੀ ਹਾਸਲ ਨਹੀਂ ਹੋਵੇਗਾ। ਇਹੀ ਹਾਲ 0 ਤੇ ਦੂਜੇ ਅੰਕੜਿਆਂ ਦਾ ਹੈ। ਇਸ ਲਈ ਇਹ ਹਨ ਵੀ, ਤੇ ਨਹੀਂ ਵੀ, ਹਰ ਇਕ ਬੇਅੰਤ ਹੈ। ਕਿਸੇ ਕੋਲ ਵੀ ਅੱਪੜਿਆ ਨਹੀਂ ਜਾ ਸਕਦਾ। ਸ਼ਾਇਦ ਇਸੇ ਤਰ੍ਹਾਂ ਦੀ ਹੋਂਦ ਨੂੰ ਗੁਰੂ ਜੀ ਨੇ ਅਕਾਲ ਮੂਰਤਿ ਕਿਹਾ ਹੈ। ਇਸ ਲਈ ਪਰਮ-ਸਤਿ ਦਾ ਅਕਾਲ ਮੂਰਤਿ ਹੋਣਾ ਵੀ ਇਸੇ ਤਰ੍ਹਾਂ ਦਾ ਸੰਕਲਪ ਹੈ ਜਿਸ ਨੂੰ ਹਿਸਾਬੀ ਵਿਧੀ ਨਾਲ ਹੀ ਸਮਝਿਆ ਜਾ ਸਕਦਾ ਹੈ।

ਗਣਿਤ ਤੇ ਗਣਿਤੀ ਵਿਧੀ ਤੋਂ ਬਿਨਾ ਪਰਮ-ਸਤਿ ਦੇ ਗੁੱਝੇ ਗੁਣ ਅਤੇ ਭੇਦ ਤਾਂ ਕੀ ਦੋ ਪੁਲਾੜੀ ਗ੍ਰਹਿਆਂ ਦਾ ਫਾਸਲਾ ਵੀ ਪਤਾ ਨਹੀਂ ਕੀਤਾ ਜਾ ਸਕਦਾ। ਇਸ ਖਾਤਰ ਅੰਕ ਗਣਿਤ, ਅੰਕੜਾ ਗਣਿਤ, ਬੀਜ ਗਣਿਤ, ਕੈਲਕੁਲਸ, ਰੇਖਾ ਗਣਿਤ, ਕੋ-ਆਰਡੀਨੇਟ ਜੁਮੈਟਰੀ, ਸੈਟ-ਸਿਧਾਂਤ, ਮੈਟਰਿਸ, ਤੇ ਗਣਿਤ ਦੀਆਂ ਇਕ ਤੋਂ ਇਕ ਹੋਰ ਸ਼ਾਖਾਵਾਂ ਦੀ ਲੋੜ ਪੈਂਦੀ ਹੈ। ਜਿੱਥੇ ਮਨੁੱਖੀ ਬੁੱਧੀ ਤੇ ਕਲਪਨਾ ਜਵਾਬ ਦੇ ਜਾਂਦੇ ਹਨ, ਉਥੇ ਗਣਿਤ ਦੇ ਸੰਕਲਪ ਤੇ ਸੂਤਰ ਹੀ ਕੰਮ ਆਉਂਦੇ ਹਨ। ਮਿਸਾਲ ਵਜੋਂ ਬ੍ਰਹਿਮੰਡੀ ਪਿੰਡਾਂ ਦੀਆਂ ਦੂਰੀਆਂ ਦੀ ਮਿਣਤੀ ਮੀਲਾਂ ਵਿਚ ਨਹੀਂ, ਪ੍ਰਕਾਸ਼-ਵਰ੍ਹਿਆਂ ਵਿਚ ਕੀਤੀ ਜਾਂਦੀ ਹੈ। ਇਹ ਪ੍ਰਕਾਸ਼ ਵਰ੍ਹੇ ਅਸਲ ਗਿਣਤੀ ਦੀ ਥਾਂ ਸੰਕਲਪਿਤ ਗਿਣਤੀ ਦੇ ਵਧੇਰੇ ਸੂਚਕ ਹਨ। ਮੀਲਾਂ ਨੂੰ ਚੱਲ ਕੇ ਦੇਖਿਆ ਜਾ ਸਕਦਾ ਹੈ ਪਰ ਪ੍ਰਕਾਸ਼-ਵਰ੍ਹੇ ਦਾ ਸਫਰ ਕਿਸੇ ਨੇ ਨਹੀਂ ਕੀਤਾ। ਇਸ ਦੀ ਦਿਮਾਗੀ ਕਲਪਨਾ ਵੀ ਮੁਸ਼ਕਿਲ ਹੈ। ਇਸੇ ਤਰ੍ਹਾਂ ਪੁਲਾੜੀ ਪਿੰਡਾਂ ਦੀ ਗਤੀ, ਕੋਣਿਕ ਗਤੀ, ਤੇ ਤੱਤ-ਕਾਲੀਨ ਗਤੀ ਆਦਿ ਜਾਣਨ ਲਈ ਜੋ ਸੂਤਰ ਵਰਤੇ ਜਾਂਦੇ ਹਨ, ਉਹ ਬਹੁਤ ਗੁੰਝਲਦਾਰ ਗਣਿਤੀ ਸੰਕਲਪਾਂ 'ਤੇ ਆਧਾਰਤ ਹਨ। ਇਹੀ ਹਾਲ ਉਨ੍ਹਾਂ ਸੂਖਮ ਪਿੰਡਾਂ ਭਾਵ ਕਣਾਂ ਦੀ ਜਾਣਕਾਰੀ ਦੇ ਸੂਤਰਾਂ ਦਾ ਹੈ ਜੋ ਸਾਡੀ ਦ੍ਰਿਸ਼ਟੀ ਦੇ ਘੇਰੇ ਤੋਂ ਪਰ੍ਹੇ ਸਾਡੇ ਨੇੜਲੇ ਪਦਾਰਥ ਦੀ ਡੂੰਘਾਈ ਵਿਚ ਹੀ ਮੌਜੂਦ ਹਨ।

ਕਈਆਂ ਦਾ ਇਤਰਾਜ਼ ਹੈ ਕਿ ਪਰਮ-ਸਤਿ ਤਾਂ ਧਿਆਨ ਸਮਾਧੀ ਜਾਂ ਭਜਨ ਬੰਦਗੀ ਰਾਹੀਂ ਜਾਣਿਆ ਜਾਂਦਾ ਹੈ ਫਿਰ ਇਸ ਨੂੰ ਗਣਿਤ ਨਾਲ ਬਦੋ-ਬਦੀ ਜੋੜਨ ਦਾ ਯਤਨ ਕਿਉਂ ਕੀਤਾ ਜਾ ਰਿਹਾ ਹੈ? ਇਹ ਇਤਰਾਜ਼ ਮੁੱਢੋਂ ਹੀ ਨਿਰਮੂਲ ਹੈ ਕਿਉਂਕਿ ਚੀਜ਼ਾਂ ਦੇ ਗੁਣ, ਗੁਣਾਂ ਦੇ ਅੰਦਰੂਨੀ ਸਬੰਧ, ਸਬੰਧਾਂ ਦੇ ਸੂਤਰ ਤੇ ਸੂਤਰਾਂ ਦੀਆਂ ਵਿਧੀਆਂ ਸਭ ਮਨੁੱਖ ਨੇ ਨਹੀਂ ਸਿਰਜੇ। ਇਹ ਮਨੁੱਖ ਤੋਂ ਪਹਿਲਾਂ ਹੀ ਪਰਮ-ਸਤਿ ਦੀ ਕ੍ਰਿਆਸ਼ੀਲ ਅਵਸਥਾ ਵਿਚ ਮੌਜੂਦ ਸਨ ਤੇ ਉਸ ਦੇ ਗੁਣ ਹਨ। ਇਕ ਤੇ ਦੋ ਮਨੁੱਖ ਨੇ ਨਹੀਂ ਖੋਜੇ। ਆਦਿ ਕਾਲ ਤੋਂ ਹਾਈਡਰੋਜਨ ਤੇ ਆਕਸੀਜਨ ਦੋ- ਇਕ ਦੇ ਅਨੁਪਾਤ ਵਿਚ ਮਿਲ ਕੇ ਪਾਣੀ ਬਣਦੇ ਆ ਰਹੇ ਹਨ ਤੇ ਅੱਗੋਂ ਇਵੇਂ ਹੀ ਬਣਦੇ ਰਹਿਣਗੇ। ਮਨੁੱਖ ਨੇ ਤਾਂ ਇਨ੍ਹਾਂ ਨੂੰ ਆਪਣੀ ਲੋੜ ਤੇ ਸੋਝੀ ਅਨੁਸਾਰ ਹੌਲੀ ਹੌਲੀ ਜਾਣਿਆ ਹੈ। ਜਰਾ ਕਲਪਨਾ ਕਰੋ ਕਿ ਸੋਝੀ ਤੋਂ ਪਹਿਲਾਂ ਸਭ ਰੁੱਖ ਰੁੱਖ ਹੀ ਜਾਪਦੇ ਹਨ। ਉਨ੍ਹਾਂ ਦਾ ਆਕਾਰ ਹੀ ਉਨ੍ਹਾਂ ਦੀ ਪਛਾਣ ਦਾ ਪਹਿਲਾ ਗੁਣ ਹੈ। ਪਰ ਸੋਝੀ ਤੋਂ ਬਾਅਦ ਉਨ੍ਹਾਂ ਦੇ ਕਈ ਹੋਰ ਗੁਣ ਜਿਵੇਂ ਦੂਰੀ, ਉਚਾਈ, ਭਾਰ, ਆਕਾਰ ਤੇ ਸਖਤਾਈ ਆਦਿ ਪਤਾ ਲੱਗਣੇ ਸ਼ੁਰੂ ਹੁੰਦੇ ਹਨ। ਇਸ ਅਨੁਭਵ ਤੋਂ ਬਾਅਦ ਅਜਿਹੇ ਗੁਣਾਤਮਕ ਪ੍ਰਸ਼ਨ ਉਠਣੇ ਸ਼ੁਰੂ ਹੋ ਜਾਂਦੇ ਹਨ ਕਿ ਕੁੱਲ ਰੁੱਖ ਕਿੰਨੇ ਹਨ, ਦੂਰ ਵਾਲਾ ਕਿੰਨਾ ਦੂਰ ਹੈ, ਉਚੇ ਵਾਲਾ ਕਿੰਨਾ ਉਚਾ ਹੈ ਤੇ ਭਾਰੀ ਵਾਲਾ ਕਿੰਨਾ ਭਾਰੀ ਹੈ। ਰੁੱਖਾਂ ਦੇ ਗੁਣਾਂ ਸਬੰਧੀ ਇਨ੍ਹਾਂ ਸਵਾਲਾਂ ਨਾਲ ਹੀ ਗਣਿਤ ਦੀ ਪ੍ਰਕ੍ਰਿਆ ਆ ਸ਼ਾਮਲ ਹੁੰਦੀ ਹੈ। ਜਿਉਂ ਜਿਉਂ ਪ੍ਰਸ਼ਨ ਵਧਦੇ ਜਾਂ ਗੁੰਝਲਦਾਰ ਹੁੰਦੇ ਜਾਂਦੇ ਹਨ, ਗਣਿਤ ਦੇ ਦੂਜੇ ਅੰਗ ਭਾਵ ਬੀਜ-ਗਣਿਤ ਤੇ ਰੇਖਾ-ਗਣਿਤ ਵੀ ਵਰਤੋਂ ਵਿਚ ਆਉਂਦੇ ਜਾਂਦੇ ਹਨ। ਜੇ ਕੋਈ ਰੁੱਖ ਟੇਢਾ ਹੈ ਤਾਂ ਇਸ ਦਾ ਟੇਢ-ਕੋਣ ਰੇਖਾ-ਗਣਿਤ ਰਾਹੀਂ ਜਾਣਨਾ ਪੈਂਦਾ ਹੈ। ਜੇ ਰੁੱਖ ਨੂੰ ਚੜ੍ਹ ਕੇ ਨਾਪਣਾ ਮੁਸ਼ਕਿਲ ਹੈ ਤੇ ਇਸ ਦੀ ਉਚਾਈ ਬਿਨਾ ਨਾਪੇ ਹੀ ਪਤਾ ਕਰਨੀ ਹੈ ਤਾਂ ਬੀਜ-ਗਣਿਤ ਦੀ ਲੋੜ ਪੈਂਦੀ ਹੈ। ਵਸਤਾਂ ਤੋਂ ਗੁਣ ਹਨ, ਗੁਣਾਂ ਤੋਂ ਗਣਿਤ ਹੈ ਤੇ ਗਣਿਤ ਤੋਂ ਗਿਆਨ ਹੈ। ਕਿਉਂਕਿ ਵਸਤਾਂ ਬ੍ਰਹਿਮੰਡ ਦਾ ਹਿੱਸਾ ਹਨ ਤੇ ਬ੍ਰਹਿਮੰਡ ਦੇ ਹਰ ਕਣ ਵਿਚ ਪਰਮ-ਸਤਿ ਦਾ ਨਿਵਾਸ ਹੈ, ਇਸ ਲਈ ਗਣਿਤ ਬਿਨਾ ਪਰਮ-ਸਤਿ ਦਾ ਸਹੀ ਗਿਆਨ ਸੰਭਵ ਨਹੀਂ। ਇਸੇ ਕਰਕੇ ਗੁਰੂ ਸਾਹਿਬ ਨੇ ਪਰਮ-ਸਤਿ ਦੇ ਗੁਣਾਂ ਨੂੰ ਗਣਿਤੀ ਵਿਧਾਨ ਅਨੁਸਾਰ ਜਾਣਨ 'ਤੇ ਜੋਰ ਦਿੱਤਾ ਹੈ।

ਕਈ ਇਹ ਵੀ ਇਤਰਾਜ਼ ਕਰਨਗੇ ਕਿ ਇਹ ਤਾਂ ਪਰਮ-ਸਤਿ ਦੇ ਗਿਣਤੀ ਮਿਣਤੀ ਵਾਲੇ ਗੁਣਾਂ ਦੀ ਗੱਲ ਹੈ ਪਰ ਉਸ ਦੀਆਂ ਅਸਲ ਖੂਬੀਆਂ ਤਾਂ ਗੁਣਾਤਮਕ ਹਨ ਜਿਨ੍ਹਾਂ ਦਾ ਪਤਾ ਗਣਿਤੀ ਵਿਧੀ ਨਾਲ ਨਹੀਂ ਲੱਗ ਸਕਦਾ ਸਗੋਂ ਦਿਲੋਂ ਮਹਿਸੂਸ ਕਰਕੇ, ਧਿਆਨ ਲਾ ਕੇ ਜਾਂ ਸਮਾਧੀ ਨਾਲ ਲੱਗਦਾ ਹੈ। ਕਈ ਆਪਣੇ ਦਿਲ ਦਿਮਾਗ ਤੋਂ ਵੀ ਅੱਗੇ ਇਕ ਆਤਮਾ ਲੱਗੀ ਮਹਿਸੂਸ ਕਰਦੇ ਹਨ ਜੋ ਉਨ੍ਹਾਂ ਅਨੁਸਾਰ ਪਰਮ-ਸਤਿ ਬਾਰੇ ਜਾਣਕਾਰੀ ਦਿੰਦੀ ਹੈ। ਅਜਿਹੇ ਵਿਦਵਾਨਾਂ ਲਈ ਘੱਟੋ ਘੱਟ ਦੋ ਗੱਲਾਂ ਦੀ ਜਾਣਕਾਰੀ ਜਰੂਰੀ ਹੈ। ਪਹਿਲੀ, ਗੁਣਾਤਮਕ ਵਿਸ਼ੇਸ਼ਤਾਈਆਂ ਦੇ ਗਿਆਨ ਤੋਂ ਪਹਿਲਾਂ ਮਾਤਰਾਤਮਿਕ ਵਿਸ਼ੇਸ਼ਤਾਈਆਂ ਦੀ ਜਾਣਕਾਰੀ ਜਰੂਰੀ ਹੈ। ਦੂਜੀ, ਗੁਣਾਤਮਕ ਕਹੀਆਂ ਜਾਂਦੀਆਂ ਵਿਸ਼ੇਸ਼ਤਾਈਆਂ ਵੀ ਅੰਦਰੋਂ ਮਾਤਰਿਕ ਹੀ ਹੁੰਦੀਆਂ ਹਨ ਤੇ ਇਨ੍ਹਾਂ ਦਾ ਹੀ ਸੰਕਲਨ ਹੁੰਦੀਆਂ ਹਨ। ਜੇ ਦੋ ਗੁਣਾਤਮਕ ਵਿਸ਼ੇਸ਼ਤਾਈਆਂ ਠੰਡ ਤੇ ਗਰਮੀ ਦੀ ਗੱਲ ਲਈਏ ਤਾਂ ਇਹ ਵੀ ਤਾਪ ਦੀਆਂ ਮਾਤਰਿਕ ਡਿਗਰੀਆਂ ਦੀ ਭਿੰਨਤਾ ਕਰਕੇ ਹੀ ਹਨ। ਇਸੇ ਤਰ੍ਹਾਂ ਲੋਹੇ ਤੇ ਸੋਨੇ ਦੀ ਬਾਹਰੀ ਗੁਣਾਤਮਕ ਭਿੰਨਤਾ ਵੀ ਇਨ੍ਹਾਂ ਦੀ ਬਣਤਰ ਦੇ ਅੰਦਰੂਨੀ ਤੱਤਾਂ ਦੀ ਮਾਤਰਿਕ ਭਿੰਨਤਾ ਕਾਰਨ ਹੈ ਜੋ ਸਰਲ ਗਿਣਤੀ ਵਿਚ ਆਸਾਨੀ ਨਾਲ ਪ੍ਰਗਟ ਕੀਤੀ ਜਾ ਸਕਦੀ ਹੈ। ਜਿਵੇਂ ਉਪਰ ਜ਼ਿਕਰ ਆਇਆ ਹੈ, ਸਭ ਪਦਾਰਥੀ ਵਸਤਾਂ ਗੁਣਾਂ ਰਾਹੀਂ ਹੀ ਜਾਣੀਆਂ ਜਾਂਦੀਆਂ ਹਨ ਤੇ ਗੁਣ ਜਾਣੇ ਜਾਂਦੇ ਹਨ, ਮਾਤਰਿਕ ਪ੍ਰਣਾਲੀਆਂ ਰਾਹੀਂ। ਦਿਲ, ਮਨ ਜਾਂ ਆਤਮਾ ਦੀ ਗਹਿਰਾਈ ਨਾਲ ਕੋਈ ਚੀਜ਼ ਨਹੀਂ ਜਾਣੀ ਜਾ ਸਕਦੀ ਕਿਉਂਕਿ ਇਹ ਗਿਆਨ ਇੰਦਰੇ ਨਹੀਂ ਹਨ। ਇਹ ਸਭ ਭਰਮਾਂ ਸਦਕੇ ਚਲਦੇ ਹਨ ਤੇ ਭ੍ਰਮਿਤ ਜਾਣਕਾਰੀ ਦਿੰਦੇ ਹਨ। ਫਰਾਂਸੀਸੀ ਵਿਦਵਾਨ ਰੂਸੋ ਨੇ ਤਿੰਨ ਸਦੀਆਂ ਪਹਿਲਾਂ ਆਤਮਾ ਨੂੰ ਭ੍ਰਮਿਤ ਸੂਝ-ਸ਼ਕਤੀ ਦੱਸ ਕੇ ਇਸ ਨੂੰ ਤਰਕ ਦੀ ਅਧੀਨਗੀ ਵਿਚ ਪਾ ਦਿੱਤਾ ਸੀ। ਭਰਮ ਦਾ ਕੋਈ ਪੈਮਾਨਾ ਨਹੀਂ ਹੁੰਦਾ। ਪਰ ਭਰਮਾਂ ਦੇ ਗੁਣ ਵੀ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਦੀ ਕੋਈ ਜਿਣਸੀ ਹੋਂਦ ਨਹੀਂ ਹੁੰਦੀ।

ਜੇ ਪਰਮ-ਸਤਿ ਦੀ ਜਾਣਕਾਰੀ ਦਿਲ, ਮਨ ਜਾਂ ਆਤਮਾ ਦੀਆਂ ਡੂੰਘਾਈਆਂ ਤੋਂ ਹੀ ਹੋਣੀ ਹੁੰਦੀ ਤਾਂ ਹੁਣ ਤੀਕ ਹੋ ਗਈ ਹੁੰਦੀ। ਪਰ ਇਹ ਨਹੀਂ ਹੋਈ ਕਿਉਂਕਿ ਇਨ੍ਹਾਂ ਨੇ ਮਾਯਾ ਦੇ ਭਰਮਾਂ ਵਿਚ ਪੈ ਕੇ ਇਕ ਵਾਰ ਨਹੀਂ ਸਗੋਂ ਸੈਂਕੜੇ ਵਾਰ ਟਪਲਾ ਖਾਧਾ ਹੈ। ਰਿਗ-ਵੈਦਿਕ ਕਾਲ ਵਿਚ ਜਦੋਂ ਸਮਾਜ ਸੁਤੰਤਰ ਕਬੀਲਿਆਂ ਵਿਚ ਵੰਡਿਆ ਹੋਇਆ ਸੀ ਤੇ ਸਵਾਧੀਨ ਕਬਾਇਲੀ ਸਰਦਾਰ ਕਬੀਲਿਆਂ 'ਤੇ ਕਾਬਜ਼ ਹੁੰਦੇ ਸਨ, ਉਦੋਂ ਦਿਲ, ਮਨ ਤੇ ਆਤਮਾ ਕਹਿੰਦੇ ਸਨ ਕਿ ਪਰਮ-ਸਤਿ ਦਾ ਰੂਪ ਅਣਗਿਣਤ ਸਵਾਧੀਨ ਸ਼ਕਤੀਆਂ ਵਾਲਾ ਹੈ। ਇਸ ਲਈ ਇਨ੍ਹਾਂ ਨੇ ਕਰੋੜਾਂ ਦੇਵੀ ਦੇਵਤਿਆਂ ਨੂੰ ਮੰਨਣ ਦੀ ਅਨੁਮਤੀ ਦੇ ਦਿੱਤੀ। ਜਦੋਂ ਖੇਤੀਬਾੜੀ ਯੁਗ ਵਿਚ ਕਬੀਲੇ ਟੁੱਟ ਕੇ ਜਮੀਨੀ ਰਾਜ ਹੋਂਦ ਵਿਚ ਆਏ ਤਾਂ ਇਨ੍ਹਾਂ ਦੇ ਸ਼ਕਤੀਸ਼ਾਲੀ ਰਾਜਿਆਂ ਨੇ ਕਬੀਲਿਆਂ ਨੂੰ ਜਿੱਤ ਕੇ ਆਪਣੇ ਰਾਜਾਂ ਵਿਚ ਸ਼ਾਮਲ ਕਰ ਲਿਆ। ਸਭ ਕਬੀਲੇ ਕਿਸੇ ਨਾ ਕਿਸੇ ਰਾਜ ਦੀ ਜਮੀਨ 'ਤੇ ਬੈਠ ਕੇ ਖੇਤੀਬਾੜੀ ਨਾਲ ਜੁੜ ਗਏ। ਕਬੀਲਿਆਂ ਦੇ ਮੁਕਾਬਲੇ ਰਾਜ ਕਰਦੇ ਸਵਾਧੀਨ ਰਾਜਾਂ ਦੀ ਗਿਣਤੀ ਬਹੁਤ ਘਟ ਸੀ। ਉਸ ਵੇਲੇ ਦਿਲ, ਮਨ ਤੇ ਆਤਮਾ ਆਦਿ ਨੇ ਵੀ ਪਰਮ-ਸਤਿ ਦੇ ਰੂਪਾਂ ਦੀ ਗਿਣਤੀ ਘਟਾ ਕੇ ਕੁਝ ਇਕ ਤੀਕ ਸੀਮਿਤ ਕਰ ਦਿਤੀ। ਇਸ ਤਰ੍ਹਾਂ ਸਦੀਆਂ ਤੀਕ ਬ੍ਰਹਮਾ, ਵਿਸ਼ਨੂੰ, ਸ਼ਿਵ ਤੇ ਇੰਦਰ ਜਿਹੇ ਕੁਝ ਦੇਵਤੇ ਹੀ ਮਨੁੱਖੀ ਦਿਲ, ਮਨ ਤੇ ਆਤਮਾ ਦੁਆਰਾ ਪ੍ਰਵਾਣਿਤ ਰਹੇ। ਫਿਰ ਜਦੋਂ ਵੱਡੇ ਵੱਡੇ ਛੱਤਰਪਤੀ ਸਾਮਰਾਜਾਂ ਦੀ ਚੜ੍ਹਤ ਬਣੀ ਤੇ ਛੋਟੇ ਰਾਜ ਅਲੋਪ ਹੋਣ ਲੱਗੇ ਤਾਂ ਦਿਲ, ਮਨ ਤੇ ਆਤਮਾ ਨੂੰ ਇਕੋ-ਇਕ ਸਰਬ-ਸ਼ਕਤੀਮਾਨ ਪਰਮਾਤਮਾ ਜਿਹੇ ਪਰਮ-ਸਤਿ ਦਾ

***(ਬਾਕੀ ਅਗਲੇ ਸਫੇ 'ਤੇ)***

# ਵਿਸਾਖੀ: ਇਤਿਹਾਸਕ ਤੇ ਸਭਿਆਚਾਰਕ ਪ੍ਰਸੰਗ

***ਵਿਸਾਖੀ ਸਿਰਫ ਤਿਉਹਾਰ ਨਹੀਂ ਬਲਕਿ ਸਮੁੱਚੀ ਜੀਵਨ ਜਾਚ ਹੈ। ਪੰਜਾਬ ਦੇ ਪ੍ਰਸੰਗ ਵਿਚ ਇਸ ਨਾਲ ਕਈ ਅਜਿਹੀਆਂ ਘਟਨਾਵਾਂ ਜੁੜੀਆਂ ਹੋਈਆਂ ਹਨ ਜਿਨ੍ਹਾਂ ਨੇ ਖਿੱਤੇ ਵਿਚ ਸਿਫਤੀ ਤਬਦੀਲੀ ਲਈ ਰਾਹ ਖੋਲ੍ਹਿਆ ਅਤੇ ਇਤਿਹਾਸ ਦਾ ਰੁਖ ਬਦਲ ਕੇ ਰੱਖ ਦਿੱਤਾ। ਸੁਖਦੇਵ ਮਾਦਪੁਰੀ ਨੇ ਇਸ ਤਿਉਹਾਰ ਦੇ ਇਨ੍ਹਾਂ ਕੁਝ ਪੱਖਾਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***


ਪੰਜਾਬ ਰਾਂਗਲੀਆਂ ਅਤੇ ਮਨਮੋਹਕ ਰੁੱਤਾਂ ਵਾਲਾ ਪ੍ਰਾਂਤ ਹੈ ਜਿਥੇ ਗਰਮੀ ਵੀ ਲੋਹੜੇ ਦੀ ਪੈਂਦੀ ਹੈ ਅਤੇ ਸਰਦੀ ਵੀ ਕਾਂਬਾ ਛੇੜ ਦਿੰਦੀ ਹੈ। ਸਾਉਣ ਮਹੀਨੇ ਦੀਆਂ ਫੁਹਾਰਾਂ ਰੂਹਾਂ ਨੂੰ ਸ਼ਰਸਾਰ ਕਰਦੀਆਂ ਹਨ। ਬਸੰਤ ਰੁੱਤ ਵਿਚ ਧਰਤੀ ਮੌਲਦੀ ਹੈ ਤੇ ਬਨਸਪਤੀ ਉਤੇ ਨਵਾਂ ਨਿਖਾਰ ਆਉਂਦਾ ਹੈ। ਪੰਜਾਬੀ ਇਨ੍ਹਾਂ ਵੰਨ-ਸੁਵੰਨੀਆਂ ਰੁੱਤਾਂ ਦੇ ਰੰਗਾਂ ਨੂੰ ਮਨੋਰੰਜਨ ਭਰਪੂਰ ਤਿਉਹਾਰ ਮਨਾ ਕੇ ਮਾਣਦੇ ਹਨ।

ਵਿਸਾਖੀ ਦਾ ਤਿਉਹਾਰ ਪੰਜਾਬੀਆਂ ਲਈ ਇਤਿਹਾਸਕ ਅਤੇ ਸਭਿਆਚਾਰ ਮਹੱਤਵ ਰੱਖਦਾ ਹੈ। ਇਸ ਨਾਲ ਕਈ ਅਹਿਮ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ ਜਿਸ ਕਰ ਕੇ ਇਸ ਦੀ ਵਿਸ਼ੇਸ਼ਤਾ ਉਘੜਵੇਂ ਰੂਪ ਵਿਚ ਉਜਾਗਰ ਹੁੰਦੀ ਹੈ। ਖਾਲਸਾ ਪੰਥ ਦੀ ਸਾਜਨਾ ਅਤੇ ਜੱਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ ਵਿਸਾਖੀ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਹਨ ਜਿਨ੍ਹਾਂ ਦੀ ਭਾਰਤ ਦੇ ਇਤਿਹਾਸ ਵਿਚ ਵਿਸ਼ੇਸ਼ ਭੂਮਿਕਾ ਹੈ।

ਸੁਖਦੇਵ ਮਾਦਪੁਰੀ
ਫੋਨ: +91-94630-34472

ਵਿਸਾਖ ਮਹੀਨੇ ਦੀ ਸੰਗਰਾਂਦ ਨੂੰ ਵਿਸਾਖੀ ਦਾ ਤਿਉਹਾਰ ਮਨਾਉਣ ਦੀ ਪਰੰਪਰਾ ਚਲੀ ਆਉਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਦਿਨ ਦੇਸ਼ ਦੇਸ਼ਾਂਤਰਾਂ ਤੋਂ ਸੰਗਤਾਂ ਗੁਰਦਰਸ਼ਨਾਂ ਲਈ ਇਕੱਤਰ ਹੁੰਦੀਆਂ ਸਨ ਅਤੇ ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਦੀ ਆਗਿਆ ਨਾਲ ਵਿਸਾਖੀ ਦਾ ਮੇਲਾ ਸ਼ੁਰੂ ਕੀਤਾ ਸੀ।

ਵਿਸਾਖੀ ਦਾ ਮੇਲਾ ਆਮ ਕਰ ਕੇ ਦਰਿਆਵਾਂ, ਝੀਲਾਂ ਅਤੇ ਸਰੋਵਰਾਂ ਦੇ ਕੰਢਿਆਂ 'ਤੇ ਮਨਾਇਆ ਜਾਂਦਾ ਹੈ। ਸ਼ਰਧਾਲੂ ਅਪਾਰ ਸ਼ਰਧਾ




ਨਾਲ ਦਰਿਆਵਾਂ ਅਤੇ ਸਰੋਵਰਾਂ ਵਿਚ ਇਸ਼ਨਾਨ ਕਰਨ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ। ਇਹ ਵੀ ਮਾਨਤਾ ਹੈ ਕਿ ਇਸ ਦਿਨ ਹਰਿਦੁਆਰ ਵਿਚ ਗੰਗਾਂ ਦਾ ਪਾਣੀ ਅੰਮ੍ਰਿਤ ਬਣ ਜਾਂਦਾ ਹੈ। ਇਸੇ ਦਿਨ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ 'ਚ ਰਵਾਲਸਰ ਵਿਚ ਰੋਗੀਆਂ ਨੂੰ ਇਸ਼ਨਾਨ ਕਰਾਉਣ ਦੀ ਪਿਰਤ ਹੈ। ਇਨ੍ਹਾਂ ਸਥਾਨਾਂ 'ਤੇ ਇਸ਼ਨਾਨ ਕਰ ਕੇ ਜਨ ਸਮੂਹ ਆਤਮਿਕ ਸ਼ਾਂਤੀ ਪ੍ਰਾਪਤ ਕਰਦਾ ਹੈ।

ਸਿੱਖ ਜਗਤ ਲਈ ਵਿਸਾਖੀ ਦੇ ਦਿਹਾੜੇ ਦੀ ਵਿਸ਼ੇਸ਼ ਤੇ ਵਿਲੱਖਣ ਮਹੱਤਤਾ ਹੈ। ਇਹ ਖਾਲਸੇ ਦਾ ਜਨਮ ਦਿਹਾੜਾ ਹੈ ਜੋ ਬਲਵਾਨ ਚਿੰਤਨ ਅਤੇ ਸੋਚ ਦੀ ਦੇਣ ਹੈ। ਸਾਹਿਬ-ਏ-ਕਮਾਲ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜਿਥੇ ਮਹਾਨ ਯੋਧੇ ਸਨ, ਉਥੇ ਉਹ ਪ੍ਰਬੋਧ ਵਿਦਵਾਨ, ਚਿੰਤਕ ਅਤੇ ਵਿਚਾਰਵਾਨ ਵੀ ਸਨ। ਸਦੀਆਂ ਦਾ ਇਤਿਹਾਸ ਉਨ੍ਹਾਂ ਦੇ ਸਾਹਮਣੇ ਸੀ। ਸੈਂਕੜੇ ਵਰ੍ਹਿਆਂ ਤੋਂ ਸਮਾਜਕ, ਰਾਜਸੀ ਅਤੇ ਮਾਨਸਿਕ ਗੁਲਾਮੀ ਭੋਗ ਰਹੀ ਜਨਤਾ ਦੀ ਮਾਨਸਿਕਤਾ ਨੂੰ ਬਦਲ ਕੇ ਉਨ੍ਹਾਂ ਵਿਚ ਸਵੈ-ਵਿਸ਼ਵਾਸ, ਆਤਮ-ਨਿਰਭਰਤਾ, ਨਿਡਰਤਾ, ਅਣਖ, ਸਵੈਮਾਣ ਅਤੇ ਮਨੋਬਲ ਨੂੰ ਬਲਵਾਨ ਰੱਖਣ ਦੀ ਭਾਵਨਾ ਨੂੰ ਸੰਚਾਰ ਕਰਨ ਦਾ ਅਹਿਮ ਸਰੋਕਾਰ ਸੀ। ਦਸਮੇਸ਼ ਪਿਤਾ ਨੇ ਉਨ੍ਹਾਂ ਦੀ ਸੋਚ ਅਤੇ ਗੁਲਾਮਾਂ ਵਾਲੀ ਮਾਨਸਿਕਤਾ ਬਦਲਣ ਲਈ ਕਈ ਇਤਿਹਾਸਕ ਤੇ ਇਨਕਲਾਬੀ ਕਦਮ ਪੁੱਟੇ। ਖਾਲਸਾ ਪੰਥ ਦੀ ਸਾਜਨਾ ਉਨ੍ਹਾਂ ਵੱਲੋਂ ਪੁਟਿਆ ਗਿਆ ਇਤਿਹਾਸਕ ਕਦਮ ਸੀ। ਇਹ ਸੰਸਾਰ ਦੇ ਇਤਿਹਾਸ ਵਿਚ ਵਾਪਰੀ ਅਹਿਮ ਘਟਨਾ ਹੈ ਜਿਸ ਨੇ ਸਿੱਖ ਜਗਤ ਵਿਚ ਨਵੀਂ ਚੇਤਨਾ ਜਗਾਈ ਅਤੇ ਉਨ੍ਹਾਂ ਨੂੰ ਵਿਲੱਖਣ ਪਛਾਣ ਦੇ ਕੇ, ਜਾਤਾਂ-ਪਾਤਾਂ ਦਾ ਭੇਦ ਮਿਟਾ ਕੇ ਸਦਾ ਚੜ੍ਹਦੀ ਕਲਾ ਵਿਚ ਰਹਿਣ, ਨਿਤਾਣਿਆਂ ਦਾ ਤਾਣ ਬਣਨ ਅਤੇ ਹੱਕ ਸੱਚ ਲਈ ਜੂਝਣ ਦਾ ਸੰਕਲਪ ਦਿੱਤਾ।

ਸੰਮਤ 1756 ਅਥਵਾ 1699 ਈਸਵੀ ਦੀ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਸਾਹਿਬ ਵਿਚ ਸਜੇ ਦੀਵਾਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਨੰਗੀ ਤਲਵਾਰ ਧੂਹ ਕੇ ਸੰਗਤਾਂ ਵਿਚੋਂ ਅਜਿਹੇ ਪ੍ਰੇਮੀ ਮਰਜੀਵੜੇ ਸਿੱਖਾਂ ਦੇ ਸੀਸ ਦੀ ਮੰਗ ਕੀਤੀ ਜੋ ਉਨ੍ਹਾਂ ਲਈ ਕੁਰਬਾਨੀ ਦੇ ਸਕਣ। ਸੰਗਤਾਂ ਵਿਚ ਸਹਿਮ ਛਾ ਗਿਆ। ਪੰਜ ਸਿੱਖ ਨਿਤਰੇ- ਲਾਹੌਰ ਦਾ ਖੱਤਰੀ ਦਿਆ ਰਾਮ, ਹਸਤਨਾਪੁਰ ਦਾ ਜੱਟ ਧਰਮ ਦਾਸ, ਨੰਗਲ ਸ਼ਹੀਦਾਂ ਦਾ ਨਾਈ ਸਾਹਿਬ, ਸੰਗਤਪੁਰ ਦਾ ਹਿੰਮਤ ਝਿਊਰ ਅਤੇ ਦਵਾਰਕਾ ਦਾ ਛੀਂਬਾ ਮੋਹਕਮ ਚੰਦ। ਗੁਰੂ ਜੀ ਨੇ ਇਨ੍ਹਾਂ ਮਰਜੀਵੜਿਆਂ ਨੂੰ ਪੰਜ ਪਿਆਰੇ ਆਖਿਆ ਅਤੇ ਆਪਣੀ ਹਿੱਕ ਨਾਲ ਲਾ ਲਿਆ। ਪੰਜਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ ਤੇ ਉਨ੍ਹਾਂ ਦੇ ਨਾਂ ਕ੍ਰਮਵਾਰ ਭਾਈ ਦਿਆ ਸਿੰਘ, ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ,



ਭਾਈ ਹਿੰਮਤ ਸਿੰਘ ਤੇ ਭਾਈ ਮੋਹਕਮ ਸਿੰਘ ਰੱਖ ਦਿੱਤੇ। ਇਸ ਤੋਂ ਮਗਰੋਂ ਗੁਰੂ ਜੀ ਨੇ ਇਨ੍ਹਾਂ ਪੰਜ ਪਿਆਰਿਆਂ ਹੱਥੋਂ ਆਪ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਤੇ ਇੰਜ ਖਾਲਸਾ ਪੰਥ ਦੀ ਸਾਜਨਾ ਕੀਤੀ। ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਨੇ ਨਤਾਣਿਆਂ ਨੂੰ ਆਤਮਿਕ ਬਲ ਬਖਸ਼ ਕੇ ਸਾਂਝੀਵਾਲਤਾ ਦੀ ਨੀਂਹ ਰੱਖੀ। ਪੰਜਾਬ ਦੇ ਮੁੱਖ ਗੁਰਦੁਆਰਿਆਂ, ਵਿਸ਼ੇਸ਼ ਕਰ ਕੇ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਪੁਰਬ ਖਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਲੱਖਾਂ ਦੀ ਗਿਣਤੀ ਵਿਚ ਸੰਗਤ ਇਸ ਮੌਕੇ ਧਾਰਮਿਕ ਦੀਵਾਨਾਂ ਵਿਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੈ।

ਵਿਸਾਖੀ ਦਾ ਤਿਉਹਾਰ ਸਾਨੂੰ ਭਾਰਤ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਤੇ ਸੂਰਬੀਰ ਮਰਜੀਵੜਿਆਂ ਦੀ ਯਾਦ ਵੀ ਦਿਵਾਉਂਦਾ ਹੈ ਜਿਨ੍ਹਾਂ ਨੇ ਆਪਣੇ ਦੇਸ਼ ਲਈ ਜਾਨਾਂ ਤੱਕ ਵਾਰ ਦਿੱਤੀਆਂ। 1919 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜੱਲ੍ਹਿਆਂ ਵਾਲੇ ਬਾਗ ਵਿਚ ਵਾਪਰੇ ਖੂਨੀ ਸਾਕੇ ਨੂੰ ਅਸੀਂ ਕਿਵੇਂ ਭੁਲਾ ਸਕਦੇ ਹਾਂ? ਉਸ ਦਿਨ ਦੇਸ਼ ਦੀ ਆਜ਼ਾਦੀ ਲਈ ਜੂਝਦੇ ਹਜ਼ਾਰਾਂ ਨਿਹੱਥੇ ਪੰਜਾਬੀਆਂ ਉਤੇ ਅੰਗਰੇਜ਼ ਸਾਮਰਾਜ ਨੇ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰ੍ਹਾ ਕੇ ਸੈਂਕੜਿਆਂ ਨੂੰ ਸ਼ਹਾਦਤ ਦਾ ਜਾਮ ਪਿਲਾ ਦਿੱਤਾ ਤੇ ਹਜ਼ਾਰਾਂ ਮਰਜੀਵੜੇ ਜ਼ਖਮੀ ਹੋ ਗਏ। ਵਿਸਾਖੀ ਵਾਲੇ ਦਿਨ ਸਾਰਾ ਭਾਰਤ ਇਨ੍ਹਾਂ ਮਰਜੀਵੜਿਆਂ ਦੀ ਯਾਦ 'ਚ ਸਿਰ ਝੁਕਾਉਂਦਾ ਹੈ।

ਜੇ ਅਸੀਂ ਸਭਿਆਚਾਰਕ ਨਜ਼ਰੀਏ ਤੋਂ ਵਿਸਾਖੀ ਦੇ ਮੇਲੇ ਦੇ ਸੁਭਾਅ ਅਤੇ ਕਿਰਦਾਰ ਵਲ ਝਾਤੀ ਮਾਰੀਏ ਤਾਂ ਇਹ ਤੱਥ ਸਪਸ਼ਟ ਤੌਰ 'ਤੇ ਸਿੱਧ ਹੋ ਜਾਂਦਾ ਹੈ ਕਿ ਇਹ ਤਿਉਹਾਰ ਅਸਲ ਵਿਚ ਕਿਸਾਨਾਂ ਦਾ ਮੌਸਮੀ ਤਿਉਹਾਰ ਹੈ ਜਿਸ ਨੂੰ ਉਤਰੀ ਭਾਰਤ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਬੜੇ ਉਤਸ਼ਾਹ ਨਾਲ ਦਰਿਆਵਾਂ, ਝੀਲਾਂ ਅਤੇ ਸਰੋਵਰਾਂ ਦੇ ਕੰਢਿਆਂ 'ਤੇ ਮਨਾਇਆ ਜਾਂਦਾ ਹੈ। ਉਤਰੀ ਭਾਰਤ ਦੀ ਰਬੀ (ਹਾੜ੍ਹੀ) ਦੀ ਫਸਲ ਕਣਕ ਜੋ ਇਸ ਖਿੱਤੇ ਦੀ ਮੁੱਖ ਫਸਲ ਹੈ, ਇਸ ਸਮੇਂ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਫਸਲ ਨਾਲ ਕਿਸਾਨਾਂ ਦੀਆਂ ਆਰਥਕ, ਸਮਾਜਕ ਅਤੇ ਮਾਨਸਿਕ ਲੋੜਾਂ ਤੇ ਭਾਵਨਾਵਾਂ ਜੁੜੀਆਂ ਹੋਈਆਂ ਹਨ। ਜਦੋਂ ਜੋਬਨ 'ਤੇ ਆਈ ਕਣਕ ਦੇ ਸੁਨਹਿਰੀ ਸਿੱਟੇ ਹਵਾ ਵਿਚ ਝੂਮਦੇ ਹਨ ਤਾਂ ਕਿਸਾਨ ਦਾ ਮਨ ਵਜਦ ਵਿਚ ਆ ਜਾਂਦਾ ਹੈ। ਮਿਹਨਤ ਨਾਲ ਕਮਾਈ ਉਸ ਦੀ ਫਸਲ ਉਸ ਦੇ ਸਾਹਮਣੇ ਝੂਮਦੀ ਉਹਨੂੰ ਅਕਹਿ ਖੁਸ਼ੀ ਬਖਸ਼ਦੀ ਹੈ ਜਿਸ ਕਰ ਕੇ ਉਹ ਆਪ ਮੁਹਾਰੇ ਨੱਚ ਉਠਦਾ ਹੈ, ਆਪਣੇ ਸ਼ਾਹਾਂ ਨੂੰ ਲਲਕਾਰੇ ਮਾਰਦਾ ਹੈ:

ਜੱਟ ਸ਼ਾਹਾਂ ਨੂੰ ਖੰਘੂਰੇ ਮਾਰੇ
ਕਣਕਾਂ ਨਿਸਰ ਗਈਆਂ।

ਭਰਪੂਰ ਫਸਲ ਦੀ ਪ੍ਰਾਪਤੀ ਲਈ ਕਿਸਾਨ ਸ਼ੁਕਰਾਨੇ ਵਜੋਂ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ। ਵਿਸਾਖੀ ਨੂੰ ਮੇਖ ਵੀ ਆਖਦੇ ਹਨ। ਲੋਕ ਅਖਾਣ ਹੈ:

ਜੱਟਾ ਆਈ ਮੇਖ
ਕੱਚੀ ਪੱਕੀ ਨਾ ਦੇਖ।

ਵਿਸਾਖੀ ਵਾਲੇ ਦਿਨ ਤੋਂ ਫਸਲ ਦੀ ਵਾਢੀ ਸ਼ੁਰੂ ਹੋ ਜਾਂਦੀ ਹੈ:

ਜੱਟਾ ਆਈ ਵਿਸਾਖੀ
ਮੁੱਕ ਗਈ ਫਸਲਾਂ ਦੀ ਰਾਖੀ।

ਪੰਜਾਬ ਦੀ ਮੁਟਿਆਰ ਵੀ ਆਪਣੇ ਹਾਣੀ ਨਾਲ ਹਾੜ੍ਹੀ ਵੱਢਣ ਲਈ ਉਤਸ਼ਾਹਿਤ ਹੋ ਜਾਂਦੀ ਹੈ:

ਹਾੜ੍ਹੀ ਵਢੂੰਗੀ ਬਰੋਬਰ ਤੇਰੇ
ਦਾਤੀ ਨੂੰ ਲਵਾ ਦੇ ਘੁੰਗਰੂ।

ਪੰਜਾਬ ਦੇ ਪਿੰਡਾਂ ਵਿਚ ਵੱਸਦੇ ਹੋਰਨਾਂ ਧੰਦਿਆਂ ਨਾਲ ਜੁੜੇ ਪਰਿਵਾਰ ਵੀ ਉਸੇ ਉਤਸ਼ਾਹ ਨਾਲ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ ਜਿਸ ਉਤਸ਼ਾਹ ਨਾਲ ਕਿਸਾਨ ਮਨਾਉਂਦਾ ਹੈ। ਵਿਸਾਖੀ ਦਾ ਮੇਲਾ ਦੇਖਣ ਜਾਂਦੇ ਪੰਜਾਬੀਆਂ ਦੀ ਝਾਲ ਝੱਲੀ ਨਹੀਂ ਜਾਂਦੀ। ਉਹ ਆਪਣੇ ਆਪ ਨੂੰ ਸ਼ਿੰਗਾਰ ਕੇ ਵੰਨ-ਸੁਵੰਨੇ ਪਹਿਰਾਵੇ ਪਹਿਨੀ ਮੇਲੇ ਦੀ ਰੌਣਕ ਨੂੰ ਦੋਬਾਲਾ ਕਰਦੇ ਹਨ। ਹਰ ਪਾਸੇ ਖੁਸ਼ੀਆਂ ਦਾ ਸਾਗਰ ਵਹਿ ਰਿਹਾ ਹੁੰਦਾ ਹੈ ਜਿਥੇ ਪੰਜਾਬ ਦਾ ਨੱਚਦਾ ਗਾਉਂਦਾ ਸਭਿਆਚਾਰ ਲੋਕ ਮਨਾਂ ਨੂੰ ਤ੍ਰਿਪਤ ਕਰਦਾ ਹੈ। ਗੱਭਰੂ ਮਸਤੀ ਵਿਚ ਝੂਲਦੇ ਢੋਲੀ ਦੇ ਡੱਗੇ ਦੀ ਤਾਲ 'ਤੇ ਭੰਗੜਾ ਪਾਉਂਦੇ ਹਨ। ਲੋਕ ਨਾਚ ਭੰਗੜਾ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਚ ਹੈ ਜੋ ਪੁਰਾਤਨ ਸਮੇਂ ਤੋਂ ਪੱਛਮੀ ਪੰਜਾਬ ਵਿਚ ਹੀ ਵਿਸਾਖੀ ਦੇ ਅਵਸਰ 'ਤੇ ਪਾਇਆ ਜਾਂਦਾ ਰਿਹਾ ਹੈ ਜਿਸ ਵਿਚ ਵਿਸਾਖੀ ਦੀ ਰੂਹ ਵਿਦਮਾਨ ਹੈ।

ਵਿਸਾਖੀ ਦਾ ਤਿਉਹਾਰ ਸਾਨੂੰ ਆਪਣੀ ਮਾਣਮੱਤੀ ਵਿਰਾਸਤ ਨਾਲ ਸਾਂਝ ਜੋੜਦਾ ਹੈ।

## ਜਪੁਜੀ ਦਾ ਰੱਬ

***(ਪਿਛਲੇ ਸਫੇ ਦੀ ਬਾਕੀ)***

ਖਿਆਲ ਆਇਆ। ਇਸ ਤਰ੍ਹਾਂ ਸਾਰੇ ਇਕ ਵੱਡੇ ਮਾਲਕ ਦੇ ਗੁਣ ਗਾਉਣ ਲੱਗੇ। ਹੁਣ ਜਦੋਂ ਵੱਡੇ ਰਾਜ ਤੇ ਸਲਤਨਤਾਂ ਦੀ ਥਾਂ ਲੋਕਤੰਤਰਾਂ ਨੇ ਲੈ ਲਈ ਹੈ ਤੇ ਸੱਤਾ ਲੋਕਾਂ ਵਿਚ ਬਿਖਰ ਗਈ ਹੈ ਤਾਂ ਉਹੀ ਦਿਲ, ਮਨ ਤੇ ਆਤਮਾਵਾਂ ਕਹਿਣ ਲੱਗੇ ਹਨ ਕਿ ਪਰਮ-ਸਤਿ ਤਾਂ ਇਕ ਸ਼ਕਤੀ ਹੈ ਜੋ ਕਾਇਨਾਤ ਦੇ ਜ਼ੱਰੇ ਜ਼ੱਰੇ ਵਿਚ ਸਮਾਈ ਹੋਈ ਹੈ। ਕੱਲ ਜਦੋਂ ਰਾਜ-ਰਹਿਤ ਵਿਵਸਥਾ ਆ ਗਈ ਤੇ ਮਨੁੱਖ ਦੀ ਪ੍ਰਭੁਤਾ ਬਹਾਲ ਹੋ ਗਈ ਤਾਂ ਦਿਲ, ਮਨ ਤੇ ਆਤਮਾ ਕਹਿਣਗੇ ਕਿ ਪਰਮ-ਸਤਿ ਤਾਂ ਜੀ ਅਤੀਤ ਦੀ ਗੱਲ ਹੈ, ਇਹ ਤਾਂ ਇਕ ਛਲਾਵਾ ਸੀ ਜਿਸ ਪਿੱਛੇ ਲੱਗ ਕੇ ਮਨੁੱਖਤਾ ਨੇ ਪੀੜ੍ਹੀਆਂ ਗਾਲ ਲਈਆਂ ਤੇ ਸਦੀਆਂ ਤੀਕ ਬੌਧਿਕਤਾ ਦਾ ਘਾਣ ਕੀਤਾ। ਇਸ ਲਈ ਸੰਸਾਰ ਦਾ ਸੱਚ ਤਾਂ ਵਿਗਿਆਨਿਕ ਢੰਗ ਨਾਲ ਨਿਰਪੱਖ ਤੇ ਨਿਰਲੇਪ ਰਹਿ ਕੇ ਹੀ ਲੱਭਣਾ ਬਣਦਾ ਹੈ।

ਇਸ ਲਈ ਗੁਰੂ ਨਾਨਕ ਅਨੁਸਾਰ ਗਣਿਤ ਦਾ ਵਿਗਿਆਨਕ ਤੇ ਭਵਿਖ-ਮੁਖੀ ਰਸਤਾ ਹੀ ਪਰਮ-ਸਤਿ ਦੀ ਭਾਲ ਲਈ ਇਕ ਸਿੱਧਾ ਤੇ ਜਾਇਜ਼ ਢੰਗ ਹੈ ਜੋ ਸਦਾ ਸਹੀ ਹੈ। ਇਹ ਸਿੱਖੀ ਦੇ ਗਿਆਨ ਮਾਰਗ ਦਾ ਪ੍ਰਤੀਕ ਹੈ। ਪਰਮ-ਸਤਿ ਬਾਰੇ ਸੋਚਣ ਤੋਂ ਪਹਿਲਾਂ ਹਰ ਸਿੱਖ ਤੇ ਹਰ ਮਨੁੱਖ ਨੂੰ ਇਸ ਮਾਰਗ ਦੀ ਸਹੀ ਜਾਣਕਾਰੀ ਹੋਣੀ ਚਾਹੀਦੀ ਹੈ। ਇਹੀ ਮਾਰਗ ਉਨ੍ਹਾਂ ਨੂੰ ਉਸ ਮੰਜ਼ਿਲ 'ਤੇ ਲੈ ਜਾਵੇਗਾ ਜਿਸ ਨੂੰ ਉਹ 'ਰੱਬ' ਕਹਿੰਦੇ ਹਨ। ਇਹ ਮੰਜ਼ਿਲ ਕੀ ਹੋਵੇਗੀ? ਹਾਲੇ ਕਿਸੇ ਨੂੰ ਨਹੀਂ ਪਤਾ। ਬੱਸ ਹਾਲੇ ਇਸ ਦਾ ਮਾਰਗ ਹੀ ਇਸ ਦੀ ਮੰਜ਼ਿਲ ਹੈ। ਇਸ ਕਰਕੇ ਉਨ੍ਹਾਂ ਲਈ ੧ੳ ਹੀ ਪਰਮ-ਸਤਿ ਹੈ ਤੇ ਪਰਮ-ਸਤਿ ਹੀ ੧ੳ। ਸ਼ਾਇਦ ਇਸੇ ਕਾਰਨ ਗੁਰੂ ਨਾਨਕ ਨੇ 'ਰੱਬ' ਜਾਂ ਇਸ ਆਸ਼ੇ ਦਾ ਕੋਈ ਹੋਰ ਸ਼ਬਦ ਸਾਰੇ ਜਪੁਜੀ ਵਿਚ ਕਿਧਰੇ ਨਹੀਂ ਲਿਖਿਆ।

***(ਸਮਾਪਤ)***

## ਓ ਜੱਟਾ ਆਈ ਵਿਸਾਖੀ

ਓ ਜੱਟਾ ਆਈ ਵਿਸਾਖੀ।
ਸੰਭਲ ਜਾ, ਕਿਤੇ ਲੜ ਨਾ ਜਾਵੇ ਛਪਾਕੀ।

ਉਹ ਵੀ ਸਮਾਂ ਸੀ ਜਦੋਂ,
ਖੂਬ ਵਾਹੀ ਸੀ ਗੱਡ
ਤੇ ਬਹੁਤ ਵਾਹੇ ਸੀ ਯੱਕੇ।
ਕਦੀ ਖੂਹ ਤੇ ਕਦੀ ਖਰਾਸੇ,
ਤਿੰਨ ਦਿਨ ਲਗਾਤਾਰ ਬਲਦ ਸੀ ਹੱਕੇ।
ਇੱਕ ਕਿੱਲਾ ਮਸਾਂ ਸੀ ਭਰਦਾ
ਲੈਂਦੇ ਲੈਂਦੇ ਝੱਪੇ।
ਪਿੱਛੇ ਨਾ ਬਲਦਾਂ ਦੇ ਤੁਰਨਾ ਪਵੇ,
ਨੈਣ-ਨਕਸ਼ ਖੋਪਿਆਂ ਨਾਲ ਸੀ ਢੱਕੇ।
ਨਾ ਮੇਜਰ ਸਿਉਂ, ਨਾ ਨਾਜਰ ਸਿਉਂ,
ਨਾ ਗਿੰਦਾ, ਨਾ ਮਿੰਦਾ, ਕਦੇ ਕੋਈ ਨਾ ਥੱਕੇ।
ਉਸ ਵੇਲੇ ਨੂੰ ਯਾਦ ਕਰਦਿਆਂ,
ਜਿਸ ਨੂੰ ਹੋ ਗਏ ਸਾਲ ਚੁਰਾਸੀ।
ਓ ਜੱਟਾ ਆਈ ਵਿਸਾਖੀ।
ਸੰਭਲ ਜਾ, ਕਿਤੇ ਲੜ ਨਾ ਜਾਵੇ ਛਪਾਕੀ।

ਪੁੱਤਰਾਂ ਵਾਂਗੂ ਪਾਲੀ ਹੈ,
ਰੱਬ ਸੁੱਖ ਹੀ ਰੱਖੇ।
ਮੀਂਹ-ਝੱਖੜ ਨਾ ਆਵੇ,
'ਕੱਠੇ ਕਰ ਲੈਣ ਦੇ ਡੱਕੇ।
ਬਹੁਤ ਮਿਹਨਤ ਕੀਤੀ,
ਦਿਨ-ਰਾਤ ਨੇ ਖਾਂਦੇ ਧੱਕੇ।
ਸਕੂਲ-ਦਫਤਰ ਲੇਟ ਖੁਲ੍ਹਦੇ,
ਠੰਡ ਪੈਣ ਦਾ ਕਰਕੇ।
ਅੱਧੀ ਰਾਤ ਨੂੰ ਆਵੇ ਬਿਜਲੀ,
ਜੱਟਾ ਤੂੰ ਸੀ ਮੋੜਦਾ ਨੱਕੇ।
ਕੱਲ ਪਰਸੋਂ ਫਿਰ ਮੀਂਹ ਪੈ ਗਿਆ,
ਓ ਰੱਬਾ ਤੂੰ ਵੀ ਹੱਦ ਮੁਕਾ'ਤੀ।
ਓ ਜੱਟਾ ਆਈ ਵਿਸਾਖੀ।
ਸੰਭਲ ਜਾ, ਕਿਤੇ ਲੜ ਨਾ ਜਾਵੇ ਛਪਾਕੀ।

ਚੌਵੀ ਘੰਟੇ ਕੰਮ ਤੂੰ ਕਰਦਾ,
ਫੇਰ ਵੀ ਕਦੇ ਨਾ ਅੱਕੇਂ।
ਚੁੱਕ ਸਾਰੇ ਸੋਮੇ ਫਸਲ ਤੇ ਲਾ'ਤੇ,
ਜਿਹੜੇ ਸਾਂਭ ਸੀ ਰੱਖੇ।
ਬਾਲ੍ਹੇ ਖਰਚੇ ਕਰ ਛੱਡੇ ਨੇ,
ਓ ਜੱਟ ਕਿਹਨੂੰ ਕੀ ਕੀ ਦੱਸੇ।
ਸਿੱਧਾ-ਸਾਦਾ ਬੰਦਾ ਹਾਂ ਮੈਂ,
ਕਿਹੜੇ ਲਿਖ ਕੇ ਰੱਖੇ।
ਆੜ੍ਹਤੀਆ ਹੀ ਰਕਮਾਂ ਲਿਖਦਾ,
ਉਹਨੇ ਹੀ ਲੈਣੇ ਗੱਫੇ।
ਸੁੱਖ-ਸੁਖਾਂਦੀ ਮੰਡੀ 'ਚ ਤੁਲ ਜੇ,
ਕੋਈ ਲਾ ਨਾ ਦੇਵੇ ਚਵਾਤੀ।
ਓ ਜੱਟਾ ਆਈ ਵਿਸਾਖੀ।
ਸੰਭਲ ਜਾ, ਕਿਤੇ ਲੜ ਨਾ ਜਾਵੇ ਛਪਾਕੀ।

ਮੁੰਡੇ-ਖੁੰਡੇ ਕੰਮ ਨਹੀਂ ਕਰਦੇ,
ਲਾਈ ਜਾਂਦੇ ਚਿੱਟੇ ਦੇ ਗੱਫੇ।
ਮਾਂ-ਪਿਓ ਸਾਈਕਲ ਨਾਲ ਗੁਜ਼ਾਰਾ ਕਰਦਾ,
ਇਨ੍ਹਾਂ ਬੁਲਟ ਨੇ ਰੱਖੇ।
ਕਿੱਕ ਮਾਰ, ਪਟਾਕੇ ਪਾਈ ਜਾਂਦੇ,
ਕਹਿੰਦੇ ਅਸੀਂ ਲਾਉਂਦੇ ਹਾਂ ਛੱਕੇ।
ਸਰਕਾਰ ਵੀ ਨੀਂਦਰ ਵਿਚ,
ਅਜੇ ਸਾਡੇ ਕੋਲ ਚਾਰ ਸਾਲ ਨੇ ਪੱਕੇ।
ਆਵਾ ਹੀ ਊਤ ਗਿਆ,
ਕੇਸ ਪੁਠਾ ਪੈ ਜੂ, ਕੀ ਪੁਲਿਸ ਨੂੰ ਦੱਸੇ।
ਓ ਬਾਬਾ ਡਰ-ਡਰ ਕੇ ਗੇਟ ਖੋਲ੍ਹਦਾ,
ਵੇਖ ਕੇ ਵਰਦੀ ਖਾਕੀ।
ਓ ਜੱਟਾ ਆਈ ਵਿਸਾਖੀ।
ਸੰਭਲ ਜਾ, ਕਿਤੇ ਲੜ ਨਾ ਜਾਵੇ ਛਪਾਕੀ।

*-ਡਾ. ਚਰਨਜੀਤ ਸਿੰਘ ਪੰਨੂੰ*
*ਫੋਨ: 408-646-3597*

---

## ਪਾਣੀ ਦੀ ਸੰਭਾਲ

ਨੀਵੇਂ ਵੱਲ ਨੂੰ ਸਦਾ ਹੈ ਵਹਿੰਦਾ
ਨਿਮਰ ਰਹੋ ਸਦਾ ਹੈ ਕਹਿੰਦਾ।
ਸਦੀਆਂ ਤੋਂ ਵੀ ਲੰਮੀ ਇਹਦੀ,
ਅਮਰ ਕਹਾਣੀ ਹੈ।
ਸਾਂਭ ਲਓ ਮਿੱਤਰੋ,
ਕੁਦਰਤ ਦੀ ਅਨਮੋਲ ਦਾਤ ਇਹ ਪਾਣੀ ਹੈ।

ਸੰਜਮ ਨਾਲ ਹੀ ਵਰਤੋ ਇਹਨੂੰ
ਲੋੜ ਤੋਂ ਵੱਧ ਨਾ ਖਰਚੋ ਇਹਨੂੰ।
ਬੂੰਦ-ਬੂੰਦ ਬਚਾਉਂਦੇ ਰਹਿਣਾ,
ਇਹੋ ਗੱਲ ਸਿਆਣੀ ਹੈ...।

ਸੋਚੋ! ਪਾਣੀ ਬਿਨਾ ਕੀ ਜ਼ਿੰਦਗੀ?
ਬਿਨ ਪਾਣੀ ਹੋਣੀ ਨਾ ਜੀਅ ਜ਼ਿੰਦਗੀ।
ਪਾਣੀ ਨਾਲ ਹੀ ਹੱਸਦੇ ਵੱਸਦੇ,
ਸਭ ਪਸ਼ੂ-ਪ੍ਰਾਣੀ ਹੈ...।

ਪਾਣੀ ਦਿਨੋਂ ਦਿਨ ਥੱਲੇ ਹੋਈ ਜਾਵੇ
ਭਵਿੱਖ ਬਾਰੇ ਇਹ ਸੁਚੇਤ ਕਰਾਵੇ।
ਸਮਾਂ ਰਹਿੰਦੇ ਜੇ ਅਸੀਂ ਸੰਭਲੇ ਨਾ
ਪੱਲੇ ਰਹਿ ਜਾਣੀ ਪਛਤਾਉਣੀ ਹੈ।
ਸਾਂਭ ਲਓ ਮਿੱਤਰੋ,
ਕੁਦਰਤ ਦੀ ਅਨਮੋਲ ਦਾਤ ਇਹ ਪਾਣੀ ਹੈ।

*-ਰਵਿੰਦਰ ਸਿੰਘ ਲਾਲਪੁਰੀ*
*ਫੋਨ: 91-94634-52261*

# ਮੋਰੀ ਰੁਣ-ਝੁਣ ਲਾਇਆ, ਭੈਣੇ ਸਾਵਣ ਆਇਆ

***ਦੇਸੀ ਸਾਲ ਦੇ ਤਪਦੇ ਸੇਕ ਛੱਡਦੇ ਮਹੀਨੇ ਹਾੜ੍ਹ ਤੋਂ ਬਾਅਦ ਪੰਜਵਾਂ ਸਾਉਣ ਦਾ ਮਹੀਨਾ ਕੁਦਰਤ ਦਾ ਵੱਖਰਾ ਰੰਗ ਲੈ ਕੇ ਆਣ ਹਾਜ਼ਰ ਹੁੰਦਾ ਹੈ। ਹਾੜ੍ਹ ਮਹੀਨੇ ਦੀ ਵਿਆਕੁਲਤਾ ਆਖਰਕਾਰ ਮਿੱਠੀਆਂ ਕਣੀਆਂ ਦਾ ਰੂਪ ਧਾਰ ਲੈਂਦੀ ਹੈ ਅਤੇ ਸਮੁੱਚੀ ਕਾਇਨਾਤ ਨੂੰ ਠਾਰ ਦਿੰਦੀ ਹੈ। ਲਿਖਾਰੀ ਲੋਕ ਆਪਣੀ ਰਚਨਾਵਾਂ ਵਿਚ ਇਸ ਮਹੀਨੇ ਦਾ ਜ਼ਿਕਰ ਬੜੇ ਚਾਅ ਨਾਲ ਕਰਦੇ ਹਨ ਅਤੇ ਵਸਲ ਦੀਆਂ ਬਾਤਾਂ ਪਾਉਂਦੇ ਹਨ। ਸਾਉਣ ਦੇ ਇਸ ਸੁਹੱਪਣ ਅਤੇ ਸੂਹਜ ਬਾਰੇ ਬਾਰੀਕ ਗੱਲਾਂ-ਬਾਤਾਂ ਲੇਖਕ ਆਸਾ ਸਿੰਘ ਘੁਮਾਣ ਨੇ ਆਪਣੇ ਇਸ ਲੇਖ ਵਿਚ ਖੂਬ ਕੀਤੀਆਂ ਹਨ। -ਸੰਪਾਦਕ***

ਸਾਉਣ (ਸਾਵਣ) ਮਹੀਨੇ ਨਾਲ ਪੰਜਾਬੀਆਂ ਦਾ ਵੱਖਰਾ ਰਿਸ਼ਤਾ ਹੈ। ਇਹ ਮਹੀਨਾ ਅੱਧ ਜੁਲਾਈ ਤੋਂ ਅੱਧ ਅਗਸਤ ਤੱਕ ਚਲਦਾ ਹੈ। ਸਾਉਣ ਮਹੀਨੇ ਦਾ ਨਹੀਂ, ਸਗੋਂ ਰੁੱਤ ਦਾ ਨਾਂ ਹੈ- ਮਿੱਠੀ, ਪਿਆਰੀ ਤੇ ਸੁਆਦਲੀ ਰੁੱਤ। ਬਰਸਾਤ ਦਾ ਆਗਾਜ਼ ਭਾਵੇਂ ਹਾੜ੍ਹ ਦੇ ਆਖਰੀ ਦਿਨਾਂ ਵਿਚ ਵੀ ਹੋ ਸਕਦਾ ਹੈ, ਪਰ ਮੁੱਖ ਤੌਰ 'ਤੇ ਸਾਉਣ-ਭਾਦੋਂ ਦੇ ਮਹੀਨੇ ਬਰਸਾਤ ਦੇ ਮਹੀਨੇ ਅਖਵਾਉਂਦੇ ਹਨ।

ਸਾਉਣ ਦਾ ਮਹੀਨਾ ਬੜੀਆਂ ਉਡੀਕਾਂ ਕਰਾ ਕੇ ਆਉਂਦਾ ਹੈ। ਜੇਠ-ਹਾੜ੍ਹ ਦੀਆਂ ਤਪਦੀਆਂ ਦੁਪਹਿਰਾਂ ਅਤੇ ਲੂ ਸੁੱਟਦੀਆਂ ਲੋਆਂ ਤੋਂ ਬਾਅਦ ਜਦ ਸਾਉਣ ਦੀ ਰੁੱਤ ਆਉਂਦੀ ਹੈ ਤਾਂ ਇਸ ਦਾ ਸਭ ਪਾਸਿਓਂ ਭਰਵਾਂ ਸੁਆਗਤ ਹੁੰਦਾ ਹੈ। ਸਾਉਣ ਦੀ ਪਹਿਲੀ ਬਰਸਾਤ ਜੇ ਅੱਛੀ ਹੋ ਜਾਵੇ ਤਾਂ ਗਰਦ-ਭਰਿਆ ਅਸਮਾਨ ਨਿੱਖਰ ਆਉਂਦਾ ਹੈ ਅਤੇ

ਆਸਾ ਸਿੰਘ ਘੁਮਾਣ
ਫੋਨ: 91-98152-53245

ਧਰਤੀ ਵਿਚੋਂ ਤਪਸ਼ ਖਤਮ ਹੋ ਜਾਂਦੀ ਹੈ।


ਕਈ ਵਾਰ ਸਾਉਣ ਦੀ ਸੰਗਰਾਂਦ ਨੂੰ ਹੀ ਮੇਘੇ ਨੂੰ ਫੁਰਮਾਨ ਹੋ ਜਾਂਦਾ ਹੈ- 'ਬਰਸੋ ਕ੍ਰਿਪਾ ਧਾਰਿ' ਦਾ, ਤਾਂ ਪਿੰਡਾਂ ਦੇ ਭਲੇ ਲੋਕ ਅਕਸਰ ਕਹਿੰਦੇ ਹਨ, "ਬਈ ਸੰਗਰਾਂਦ ਤੋਂ ਸ਼ੁਰੂ ਹੋ ਗਿਐ, ਹੁਣ ਤਾਂ ਸਾਰਾ ਮਹੀਨਾ ਏਦਾਂ ਹੀ ਚੱਲੂ।" ਬਰਸਾਤ ਸ਼ੁਰੂ ਹੋਣ ਨਾਲ ਤਾਪਮਾਨ 40-45 ਡਿਗਰੀ ਤੋਂ ਘਟ ਕੇ 30-40 'ਤੇ ਆ ਡਿੱਗਦਾ ਹੈ। ਸਾਉਣ ਦੀ ਪਹਿਲੀ ਬਰਸਾਤ ਸ਼ੁਭ ਮੰਨੀ ਜਾਂਦੀ ਹੈ। ਇਸ ਵਿਚ ਭਿੱਜਣਾ ਚੰਗਾ ਲੱਗਦਾ ਹੈ। ਛੋਟੇ ਬੱਚੇ ਨੰਗ-ਧੜੰਗੇ ਮੀਂਹ ਵਿਚ ਖੂਬ ਭਿੱਜਦੇ ਹਨ। ਇਹਦੇ ਨਾਲ ਜੇਠ ਹਾੜ੍ਹ ਦੀ ਨਿਕਲੀ ਪਿੱਤ ਮਾਰੀ ਜਾਂਦੀ ਹੈ।

ਸਾਉਣ ਮਹੀਨੇ ਦੇ ਬਰਸਾਤੀ ਨਜ਼ਾਰੇ ਮਨੁੱਖ ਦੀਆਂ ਸੁਣਨ, ਵੇਖਣ, ਸੁੰਘਣ ਤੇ ਮਹਿਸੂਸ ਕਰਨ ਦੀਆਂ ਸਭ ਸੁਰਤੀਆਂ ਨੂੰ ਭਰਪੂਰ ਅਨੰਦ ਬਖਸ਼ਦੇ ਹਨ। ਆਕਾਸ਼ ਵਿਚ ਕਾਲੇ, ਸੁਰਮਈ, ਘਸਮੈਲੇ, ਮਟਮੈਲੇ ਤੇ ਦੁਧੀਆ ਬੱਦਲ ਕਈ ਸ਼ਕਲਾਂ-ਸੂਰਤਾਂ ਤੇ ਅਕਾਰਾਂ ਵਿਚ ਆਕਾਸ਼ ਵਿਚ ਮਨ-ਮਾਨੀਆਂ ਕਰਦੇ ਨਜ਼ਰ ਆਉਂਦੇ ਹਨ ਅਤੇ ਮਨੁੱਖ ਅੰਦਰਲੇ ਸੁਹਜ ਨੂੰ ਪ੍ਰਚੰਡ ਕਰਦੇ ਹਨ। ਅਸਮਾਨ 'ਤੇ ਕਈ ਰੰਗਾਂ ਦਾ ਵਰਤਾਰਾ ਨਜ਼ਰ ਆਉਂਦਾ ਹੈ। ਘਨਘੋਰ ਕਾਲੀਆਂ ਘਟਾਵਾਂ ਸੰਭਾਵਨਾਵਾਂ-ਭਰਪੂਰ ਨਜ਼ਰ ਆਉਂਦੀਆਂ ਹਨ। ਕਾਲੀਆਂ ਘਟਾਵਾਂ ਦੇ ਅੱਗੇ ਚਿੱਟੇ ਬਗਲਿਆਂ ਦੀਆਂ ਡਾਰਾਂ, ਬਿਜਲੀ ਦੀਆਂ ਚਮਕਦੀਆਂ ਤਾਰਾਂ ਅਤੇ ਵੱਸ ਹਟਣ ਬਾਅਦ ਪੂਰਬ ਵਿਚ ਸਤਰੰਗੀ ਪੀਂਘ, ਕਿੰਨਾ ਕੁਝ ਹੁੰਦਾ ਹੈ-ਅਸਮਾਨ ਵਿਚ ਵੇਖਣ ਨੂੰ!

ਇਨ੍ਹਾਂ ਦਿਨਾਂ ਵਿਚ ਸ਼ਾਮ ਦਾ ਸਮਾਂ ਖਾਸ ਵਿਸਮਾਦੀ ਹੁੰਦਾ ਹੈ। ਸ਼ਾਮ ਨੂੰ ਅਸਮਾਨ ਵਿਚ ਛਾਏ ਕਾਲੇ ਚਿੱਟੇ ਬੱਦਲਾਂ 'ਤੇ ਜਦ ਸ਼ਾਮ ਪੈਣ ਲੱਗਦੀ ਹੈ ਤਾਂ ਆਲਾ ਦੁਆਲਾ ਸੁਰਮੇ ਰੰਗਾ ਹੋਣ ਲੱਗਦਾ ਹੈ। ਜੇ ਪੱਛਮ ਵਿਚ ਬੱਦਲ ਨਾ ਹੋਣ ਪਰ ਬਾਕੀ ਅਸਮਾਨ ਵਿਚ ਬੱਦਲ ਛਾਏ ਹੋਣ ਤਾਂ ਕਿਰਨਾਂ ਬੱਦਲਾਂ ਨੂੰ ਇੰਜ ਸੁਨਹਿਰੀ ਬਣਾ ਦਿੰਦੀਆਂ ਹਨ ਕਿ ਕਾਲੇ, ਚਿੱਟੇ, ਸੁਨਹਿਰੀ, ਲਾਲ, ਸੰਤਰੀ ਰੰਗਾਂ ਦੇ ਕਮਾਲ ਦੇ ਦ੍ਰਿਸ਼ ਸਿਰਜੇ ਜਾਂਦੇ ਹਨ। ਪਹਿਲਾਂ ਪਏ ਮੀਂਹ ਨਾਲ ਧਰਤੀ 'ਤੇ ਵਿਛੇ ਪਾਣੀਆਂ ਵਿਚ ਸ਼ਾਮ ਸਮੇਂ ਅਕਾਸ਼ ਵਿਚ ਛਾਏ ਬੱਦਲਾਂ ਦਾ ਪ੍ਰਛਾਵਾਂ ਕਮਾਲ ਦਾ ਨਜ਼ਾਰਾ ਸਿਰਜਦਾ ਹੈ। ਜੇ ਸਾਰਾ ਦਿਨ ਝੜੀ ਲੱਗੀ ਰਹੀ ਹੋਵੇ ਤਾਂ ਲਾਗੇ ਵਗਦੇ ਦਰਿਆਵਾਂ ਅਤੇ ਨਦੀਆਂ ਵਿਚ ਹੜ੍ਹ ਆਉਣ ਦਾ ਖਤਰਾ ਲਾਗੇ ਬੰਨੇ ਦੇ ਪਿੰਡਾਂ ਲਈ ਡਰ ਪੈਦਾ ਕਰ ਦਿੰਦਾ ਹੈ। ਕੱਚੇ ਤੇ ਕਮਜ਼ੋਰ ਮਕਾਨਾਂ ਵਾਲਿਆਂ ਨੂੰ ਰਾਤਾਂ ਡਰਾਉਣੀਆਂ ਲੱਗਣ ਲੱਗਦੀਆਂ ਹਨ। ਮੀਂਹ ਹਟਣ ਅਤੇ ਬੱਦਲ ਛਟਣ ਪਿਛੋਂ ਰਾਤ ਨਿਖਰਵੇਂ ਜਲੌਅ ਵਿਚ ਪੇਸ਼ ਆਉਂਦੀ ਹੈ। ਨਿੰਬਲ ਅਸਮਾਨ ਵਿਚ ਚਮਕਦੇ ਤਾਰਿਆਂ ਦੀ ਸ਼ੋਖ ਆਭਾ ਵੇਖ ਕੁਦਰਤ ਦੇ ਬਲਿਹਾਰੇ ਜਾਣ ਨੂੰ ਜੀ ਕਰਦਾ ਹੈ। ਨਿੱਕੇ ਨਿੱਕੇ, ਮਿੰਨੇ ਮਿੰਨੇ ਟਿਮਟਿਮਾਉਂਦੇ ਤਾਰੇ ਜੋ ਅੱਗੇ ਕਦੇ ਨਜ਼ਰ ਨਹੀਂ ਸਨ ਆਏ, ਹੁਣ ਆਪਣੀ ਭਰਪੂਰ ਹਾਜ਼ਰੀ ਲਵਾਉਂਦੇ ਹਨ ਅਤੇ ਅਕਾਸ਼ ਨੂੰ ਭਾਗਾਂ ਭਰਿਆ ਕਰ ਦਿੰਦੇ ਹਨ। ਤਾਰਾ ਸੰਸਾਰ ਵੱਲ ਨਜ਼ਰ ਭਰ ਵੇਖਣ 'ਤੇ ਮੂੰਹੋਂ 'ਬਲਿਹਾਰੀ ਕੁਦਰਤ ਵਸਿਆ' ਦਾ ਵਾਕ ਸਹਿਜ ਭਾ ਨਿਕਲਦਾ ਹੈ।

ਜਿਥੇ ਵੇਖਣ ਦੀਆਂ ਸੁਰਤੀਆਂ ਨੂੰ ਸੰਤੁਸ਼ਟੀ ਮਿਲਦੀ ਹੈ, ਉਥੇ ਸੁਣਨ ਨੂੰ ਵੀ ਬਹੁਤ ਵੰਨ-ਸੁਵੰਨਤਾ ਮਿਲਦੀ ਹੈ। ਕਦੀ ਕੜ ਕੜ ਕਰਦੀ ਗਰਜ ਕਲੇਜਾ ਹਿਲਾ ਦਿੰਦੀ ਹੈ ਅਤੇ ਕਦੀ ਛੱਤ 'ਤੇ ਪੈਂਦੀਆਂ ਕਣੀਆਂ ਦੀ ਰਿਮ-ਝਿਮ ਇਕ ਸੁਰ-ਮਈ ਸੰਗੀਤ ਪੈਦਾ ਕਰਦੀ ਹੈ। ਛੱਤਾਂ ਤੋਂ ਡਿਗਦੇ ਦੇਸੀ ਪਰਨਾਲੇ ਆਪਣਾ ਰਾਗ ਅਲਾਪੀ ਜਾਂਦੇ ਹਨ ਅਤੇ ਛੰਨਾਂ-ਢਾਰਿਆਂ, ਟੀਨਾਂ 'ਤੇ ਪੈਂਦਾ ਤੇਜ਼-ਧਾਰ ਮੀਂਹ ਆਪਣਾ ਰੌਲਾ ਪਾਈ ਜਾਂਦਾ ਹੈ। ਤੇਜ਼ ਅਤੇ ਵੱਡੇ ਕਣਿਆਂ ਦੀ ਸੁਰ ਹੋਰ ਹੁੰਦੀ ਹੈ।

ਸਾਉਣ ਲਈ ਇਹ ਵੀ ਕਿਹਾ ਜਾਂਦਾ ਹੈ:



"ਸਾਉਣ ਪੁੱਤ ਸਿਆਲੇ ਦਾ" ਕਿਉਂਕਿ ਜੇਠ-ਹਾੜ੍ਹ ਤੋਂ ਬਾਅਦ ਸਾਉਣ ਵਿਚ ਮੌਸਮ ਕੁਝ ਸੁਹਾਵਣਾ ਹੋ ਜਾਂਦਾ ਹੈ। ਇਕ ਵਾਰੀ ਫਿਰ ਨੇੜੇ-ਨੇੜੇ ਹੋਣ ਨੂੰ ਮਨ ਕਰਨ ਲੱਗਦਾ ਹੈ।

ਸਾਉਣ ਵਿਚ ਨਿੱਕੀ ਨਿੱਕੀ ਫੁਹਾਰ ਜਦ ਹਵਾ ਦੇ ਬੁੱਲੇ ਨਾਲ ਸਰੀਰਾਂ ਨਾਲ ਸਪਰਸ਼ ਕਰਦੀ ਹੈ ਤਾਂ ਵੱਖਰਾ ਅਨੰਦ ਦੇ ਜਾਂਦੀ ਹੈ। ਮਾੜਾ-ਮੋਟਾ ਭਿੱਜਣਾ-ਸਿੱਜਣਾ ਸਭ ਨੂੰ ਚੰਗਾ ਲੱਗਦਾ ਹੈ। ਪ੍ਰੇਮੀ ਜੋੜਿਆਂ ਦਾ ਮੀਂਹ ਵਿਚ ਭਿੱਜਣਾ ਹਿੰਦੀ ਫਿਲਮਾਂ ਦਾ ਬਹੁ-ਪਸੰਦ ਸੀਨ ਰਿਹਾ ਹੈ। ਇਸ ਮੌਸਮ ਵਿਚ ਆਪਣੇ ਸੱਜਣ-ਪਿਆਰੇ ਤੋਂ ਦੂਰ ਰਹਿਣਾ ਬੜਾ ਦੁਖਦਾਈ ਹੋ ਜਾਂਦਾ ਹੈ। ਵਿਜੋਗਣ ਦੇ ਹੰਝੂ ਛਮ ਛਮ ਵਹਿ ਉਠਦੇ ਹਨ। ਇਸ ਰੁਤ ਬਾਰੇ ਸ਼ਿਵ ਕੁਮਾਰ ਬਟਾਲਵੀ ਕਿਆ ਖੂਬ ਲਿਖਦਾ ਹੈ:

ਪੂਰਨ, ਅੱਜ ਦੀ ਰੁੱਤ ਬੜੀ ਪਿਆਰੀ ਹੈ
ਹਾਂ, ਮਾਂ ਜੀ ਜਿਉਂ ਰੋਂਦੀ ਬਿਰਹਨ ਨਾਰੀ ਹੈ।
ਹਾਂ ਪੂਰਨ! ਤੂੰ ਸੱਚੀ ਗੱਲ ਉਚਾਰੀ ਹੈ
ਇਹ ਰੁੱਤ ਹੰਝੂਆਂ ਲੱਦੀ, ਬਿਰਹਾ ਮਾਰੀ ਹੈ।

ਪਰ ਛੇਵੀਂ ਇਹ ਰੁੱਤ ਜਿਹਤੀ ਮਲਹਾਰ ਬਣੀ
ਜੋ ਅੱਜ ਸਾਡੇ ਸਾਹਵੇਂ ਬਿਰਹਣ ਵਾਂਗ ਖੜ੍ਹੀ
ਦੁਖਦਾਇਕ ਹੈ ਪੂਰਨ ਇਸ ਦੀ ਜਨਮ ਘੜੀ
ਐਂਦਰ ਹੋਰ ਕਿਸੇ ਦਿਉਤੇ ਸੰਗ ਗਈ ਵਰੀ
ਬਿਰਹੋਂ ਜਲੰਦੀ ਐਂਦਰ ਕਹਿੰਦੇ ਰੋਈ ਬੜੀ
ਕਹਿੰਦੇ ਉਸ ਦਿਨ ਇੰਦਰ ਨੇ ਇਹ ਰੁੱਤ ਘੜੀ
ਅੰਬਰ ਨੈਣੀਂ ਐਂਦਰ ਦੀ ਸਭ ਪੀੜ ਭਰੀ
ਤੇ ਇੰਦਰ ਨੇ ਕਹਿੰਦੇ ਏਨੀ ਮਦਰਾ ਪੀਤੀ
ਉਸ ਨੂੰ ਆਪਣੇ ਆਪੇ ਦੀ ਨਾ ਹੋਸ਼ ਰਹੀ
ਕਹਿੰਦੇ! ਜਦ ਵੀ ਇੰਦਰ ਦਾ ਦਿਲ ਜਲਦਾ ਹੈ
ਐਂਦਰ ਨੂੰ ਉਹ ਯਾਦ ਜਦੋਂ ਵੀ ਕਰਦਾ ਹੈ
ਓਸੇ ਦਿਨ ਅੰਬਰ ਤੋਂ ਪਾਣੀ ਵਰ੍ਹਦਾ ਹੈ।

ਮਾਂ ਜੀ, ਕੈਸੀ ਮਿੱਠੜੀ ਕਥਾ ਸੁਣਾਈ ਹੈ।
ਬੱਦਲਾਂ 'ਚੋਂ ਬਿਰਹਾ ਦੀ ਖੁਸ਼ਬੂ ਆਈ ਹੈ।
ਜਿਉਂ ਐਂਦਰ ਦੇ ਹੰਝੂਆਂ ਝੜੀ ਲਗਾਈ ਹੈ।

ਬਰਸਾਤ ਹੋਣ ਨਾਲ ਸਾਰੀ ਸ੍ਰਿਸ਼ਟੀ ਮੌਲ ਉਠਦੀ ਹੈ। ਸਾਉਣ ਦੇ ਮੇਘਲੇ ਕੇਵਲ ਮਾਨਵੀ ਜੀਵਨ ਦੀ ਰੌਂਅ ਹੀ ਨਹੀਂ ਬਦਲਦੇ ਸਗੋਂ ਸਾਰੀ ਕਾਇਨਾਤ ਦੀ ਰੌਂਅ ਹੀ ਬਦਲ ਦਿੰਦੇ ਹਨ। ਪੰਛੀ ਅਕਾਸ਼ ਵਿਚ ਚਹਿਕਣ ਲੱਗਦੇ ਹਨ। ਬਗਲੇ ਸਭ ਤੋਂ ਵੱਧ ਖੁਸ਼ ਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਜੀਵਨ ਨਿਰਬਾਹ ਹੀ ਪਾਣੀ 'ਤੇ ਹੁੰਦਾ ਹੈ। ਮੀਂਹ ਵੱਸੇਗਾ, ਛੱਪੜੀਆਂ, ਟੋਭਿਆਂ ਤੇ ਤਲਾਬਾਂ ਵਿਚ ਪਾਣੀ ਹੋਵੇਗਾ; ਡੱਡੀ-ਮੱਛੀ ਪੈਦਾ ਹੋਵੇਗੀ ਅਤੇ ਬਗਲਿਆਂ ਦੀ ਖੁਰਾਕ ਬਣੇਗੀ। ਘਨਘੋਰ ਘਟਾਵਾਂ ਬਗਲਿਆਂ ਅੰਦਰ ਖੇੜੇ ਪੈਦਾ ਕਰਦੀਆਂ ਹਨ, ਉਹ ਡਾਰਾਂ ਬੰਨ੍ਹ ਉਨ੍ਹਾਂ ਦੇ ਸੁਆਗਤ ਵਜੋਂ ਅੱਗੇ ਅੱਗੇ ਖੁਸ਼ੀ ਵਿਚ ਉਡਦੇ-ਝੂਮਦੇ ਨਜ਼ਰ ਆਉਂਦੇ ਹਨ।

ਕਾਲੀਆਂ ਘਟਾਵਾਂ ਮੋਰਾਂ ਦੇ ਮਨਾਂ ਵਿਚ ਵੀ ਕਾਦਰ ਦੀ ਕੁਦਰਤ ਨੂੰ ਸਿਜਦਾ ਕਰਨ ਹਿੱਤ ਨੱਚਣ ਅਤੇ ਪੈਲਾਂ ਪਾਉਣ ਲਈ ਬੇਕਾਬੂ ਕਰ ਦਿੰਦੀਆਂ ਹਨ। ਮੋਰ ਆਪਣੀ ਲੁਕਣ ਜਗ੍ਹਾ ਤੋਂ ਬਾਹਰ ਆ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਪੈਲਾਂ ਪਾਉਂਦੇ ਹਨ ਅਤੇ ਕਾਦਰ ਦੀ ਕੁਦਰਤ ਨੂੰ ਸਿਜਦਾ ਕਰਦੇ ਮਹਿਸੂਸ ਹੁੰਦੇ ਹਨ। ਮੋਰ ਨੂੰ ਪੈਲਾਂ ਪਾਉਂਦਿਆਂ ਦਾ ਵਿਚਿਤਰ ਦ੍ਰਿਸ਼ ਵੇਖ ਸਕਣਾ ਵੀ ਖੁਸ਼ਕਿਸਮਤੀ ਹੁੰਦੀ ਹੈ। ਵਿਸਾਖ ਦੇ ਮਹੀਨੇ ਤੋਂ ਗੀਤ ਗਾ ਰਹੀ ਕੋਇਲ ਸਾਉਣ ਦੇ ਮਹੀਨੇ ਵਿਚ ਵੀ ਆਪਣਾ ਗੀਤ ਜਾਰੀ ਰੱਖਦੀ ਹੈ। ਇਸ ਮਹੀਨੇ ਤੋਤੇ ਵੀ ਆਲੇ-ਦੁਆਲੇ ਦੀ ਹਰਿਆਵਲ ਸੰਗ ਇਕ-ਮਿਕ ਹੋ ਜਾਂਦੇ ਹਨ। ਸੋਹਣੇ ਸੰਵਰੇ ਨਿੱਖਰੇ ਰੂਪ ਵਿਚ ਚੁੰਘੀਆਂ ਭਰਦੇ ਤੋਤਿਆਂ ਨੂੰ ਇਸ ਮੌਸਮ ਵਿਚ ਖਾਣ-ਪੀਣ ਨੂੰ ਚੰਗਾ ਚੋਖਾ ਮਿਲ ਜਾਂਦਾ ਹੈ ਅਤੇ ਉਹ ਵੀ ਨੇੜਿਉਂ ਹੀ। ਇਨ੍ਹਾਂ ਦਿਨਾਂ ਵਿਚ ਅੰਬ, ਅਮਰੂਦ, ਨਾਖਾਂ ਵਗੈਰਾ ਪੱਕ ਰਹੇ ਹੁੰਦੇ ਹਨ। ਤੋਤਿਆਂ ਲਈ ਕੀ ਕੱਚਾ, ਕੀ ਪੱਕਾ; ਬੱਸ ਮੌਜਾਂ ਹੀ ਮੌਜਾਂ ਹੁੰਦੀਆਂ ਹਨ। ਮੀਂਹ ਪੈਣ ਨਾਲ ਟੋਭਿਆਂ-ਟੋਇਆਂ-ਛੱਪੜਾਂ ਵਿਚ ਪਾਣੀ ਆ ਜਾਣ ਨਾਲ ਪਾਣੀ ਨੇੜੇ ਵਸੇਬਾ ਕਰਨ ਵਾਲੇ ਪੰਛੀਆਂ 'ਤੇ ਵੀ ਬਹਾਰ ਆ ਜਾਂਦੀ ਹੈ। ਹੰਸ, ਸੀਲ੍ਹੀ, ਸੁਰਖਾਬ, ਗਡਵਾਲ, ਨੀਲ-ਸਿਰਾ, ਲਦੀਮ, ਮੁਰਗਾਬੀ, ਜਲ-ਮੁਰਗੀ ਆਦਿ ਵੀ ਖੁਸ਼ ਨਜ਼ਰ ਆਉਂਦੇ ਹਨ। ਇਨ੍ਹਾਂ ਵਿਚੋਂ ਕਈ ਪੰਛੀ ਮਈ-ਜੂਨ-ਜੁਲਾਈ ਦੇ ਮਹੀਨਿਆਂ ਵਿਚ ਆਂਡੇ ਦਿੰਦੇ ਹਨ ਅਤੇ ਬੱਚੇ ਪਾਲਦੇ ਹਨ।

ਜੇ ਦੇਸੀ ਮਹੀਨਿਆਂ ਦੇ ਪ੍ਰਸੰਗ ਵਿਚ ਰਚੇ ਗੀਤਾਂ ਦਾ ਹਿਸਾਬ-ਕਿਤਾਬ ਲਾਈਏ ਤਾਂ ਇਹ ਗੱਲ ਭਲੀ-ਭਾਂਤ ਸਾਹਮਣੇ ਆਉਂਦੀ ਹੈ ਕਿ ਲੋਕ ਗੀਤਾਂ ਦੀ ਸਭ ਤੋਂ ਵੱਧ ਗਿਣਤੀ ਸਾਉਣ ਮਹੀਨੇ ਦੇ ਹਿੱਸੇ ਆਉਂਦੀ ਹੈ। ਬਹੁਤ ਸਾਰੇ ਉਪਲਬਧ ਗੀਤ ਸਾਉਣ ਦੇ ਬੱਦਲਾਂ ਬਾਰੇ, ਅਜਿਹੇ ਮੌਸਮ ਵਿਚ ਉਠਦੇ ਜਜ਼ਬਾਤ, ਮੁੱਖ ਪੇਸ਼ੇ ਖੇਤੀ ਅਤੇ ਇਸ ਮੌਸਮ ਵਿਚ ਆਉਂਦੀਆਂ ਤਬਦੀਲੀਆਂ ਬਾਰੇ ਹਨ। ਕਾਲੀਆਂ ਸਿਆਹ ਘਟਾਵਾਂ ਪੰਜਾਬ ਵਿਚ ਜਿਥੇ ਉਪਜਾਇਕਤਾ ਕਰ ਕੇ ਖੁਸ਼-ਆਮਦੀਦ ਹਨ, ਉਥੇ ਇਨ੍ਹਾਂ ਨਾਲ ਵਸਲ-ਮਿਲਾਪ ਦੀਆਂ ਬਹੁ-ਮੁੱਲੀਆਂ ਭਾਵਨਾਵਾਂ ਵੀ ਜੁੜੀਆਂ ਹਨ। ਇਨ੍ਹਾਂ ਨਾਲ ਕਈ ਰੁਮਾਂਚਿਕ ਜਜ਼ਬਾਤ ਓਤ-ਪੋਤ ਹਨ। ਖਾਸ ਤੌਰ 'ਤੇ ਕਈ ਤਿੱਥ-ਤਿਉਹਾਰ, ਕਈ ਅਹਿਸਾਸ ਇਸ ਮੌਸਮ ਨਾਲ ਸਬੰਧਤ ਹਨ। ਕੋਮਲ ਮਨ-ਚਿੱਤ ਦੀ ਮਾਲਕਣ ਪੰਜਾਬਣ ਤਾਂ ਕਈ ਬੋਲੀਆਂ ਤੇ ਗੀਤਾਂ ਅਤੇ ਗਿੱਧੇ ਰਾਹੀਂ ਸਾਉਣ ਮਹੀਨੇ ਅਤੇ ਮੌਸਮ ਨਾਲ ਇਕ-ਮਿਕ ਹੋਣਾ ਲੋਚਦੀ ਰਹੀ ਹੈ:

ਸ਼ੌਕ ਨਾਲ ਮੈਂ ਗਿੱਧੇ 'ਚ ਆਵਾਂ
ਬੋਲੀਆਂ ਦੇ ਸ਼ਗਨ ਮਨਾਵਾਂ
ਸਾਉਣ ਦਿਆ ਬੱਦਲਾ ਵੇ
ਮੈਂ ਤੇਰਾ ਜੱਸ ਗਾਵਾਂ।

ਪੰਜਾਬੀ ਮਰਦਾਂ ਨੂੰ ਸਾਉਣ ਦੀਆਂ ਕਿਤੇ ਘੱਟ ਖੁਸ਼ੀਆਂ ਨਹੀਂ ਹੁੰਦੀਆਂ। ਸਾਉਣ ਦੀ ਆਮਦ ਖੁਸ਼ੀਆਂ ਦੀਆਂ ਫੁਹਾਰਾਂ, ਬਰਕਤਾਂ ਤੇ ਬਖਸ਼ਿਸ਼ਾਂ ਲੈ ਕੇ ਆਉਂਦੀ ਹੈ। ਭਰਵੀਂ ਫਸਲ ਅਤੇ ਘੁਟਵੀਂ ਨੇੜਤਾ।

ਕੇਵਲ ਪੰਜਾਬੀ ਸਾਹਿਤ ਵਿਚ ਹੀ ਨਹੀਂ ਬੱਦਲ, ਬਿਜਲੀ, ਕਣੀਆਂ, ਚਮਕ-ਦਮਕ ਆਦਿ ਦਾ ਜ਼ਿਕਰ ਦੁਨੀਆਂ ਦੀ ਹਰ ਬੋਲੀ ਦੇ ਸਾਹਿਤ ਵਿਚ ਮਿਲਦਾ ਹੈ। ਸਦੀਆਂ ਤੋਂ ਹੀ ਮਨੁੱਖ ਕੁਦਰਤ ਦੇ ਭੇਤਾਂ ਤੋਂ ਅਚੰਭਿਤ ਹੁੰਦਾ ਆਇਆ ਹੈ। ਸਾਉਣ ਦਾ ਮੌਸਮ ਮਨੁੱਖ ਨੂੰ ਕੁਦਰਤ ਦੇ ਕਈ ਭੇਤਾਂ ਬਾਰੇ ਸੋਚਣ ਲਾ ਦਿੰਦਾ ਹੈ। ਅਸਮਾਨ ਆਪਣੇ-ਆਪ ਵਿਚ ਹੀ ਰੱਬ ਸਮਝਿਆ ਜਾਂਦਾ ਰਿਹਾ ਹੈ। ਇਸ ਮੌਸਮ ਵਿਚ ਬੱਦਲਾਂ ਦੀਆਂ ਰਹੱਸਮਈ ਕ੍ਰਿਆਵਾਂ ਮਨ ਵਿਚ ਕਈ ਸੁਆਲ ਪੈਦਾ ਕਰਦੀਆਂ ਹਨ। ਬੱਦਲ ਕਿਵੇਂ ਬਣਦੇ ਹਨ? ਕਿਥੇ ਆਉਂਦੇ ਹਨ? ਪਾਣੀ ਕਿਥੋਂ ਲਿਆਉਂਦੇ ਹਨ? ਵਰਖਾ ਕਿਵੇਂ ਕਰਦੇ ਹਨ? ਵੱਸ ਹਟਣ ਬਾਅਦ ਬੱਦਲ ਕਿਥੇ ਚਲੇ ਜਾਂਦੇ ਹਨ? ਆਦਿ ਕਈ ਸੁਆਲ ਮਨ ਵਿਚ ਆਉਂਦੇ ਹਨ।

ਲੋਕ ਸਾਹਿਤ ਤੋਂ ਬਿਨਾ ਪੰਜਾਬੀ ਵਿਚ ਧਨੀ ਰਾਮ ਚਾਤ੍ਰਿਕ, ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਆਦਿ ਨੇ ਸਾਉਣ ਮਹੀਨੇ ਦੇ ਵਰਤਾਰੇ ਅਤੇ ਵਿਛੋੜੇ ਤੇ ਵਸਲ ਬਾਰੇ ਸੋਹਣੀਆਂ ਕਵਿਤਾਵਾਂ ਲਿਖੀਆਂ ਹਨ। ਸਾਉਣ ਦੇ ਸੁਹਾਵਣੇ ਮੌਸਮ ਵਿਚ ਬਿਰਹਾ ਦੀਆਂ ਭਾਵਨਾਵਾਂ ਨੂੰ ਪ੍ਰਥਮ ਪਾਤਿਸ਼ਾਹੀ ਗੁਰੂ ਨਾਨਕ ਦੇਵ ਨੇ ਆਤਮਾ ਅਤੇ ਪਰਮਾਤਮਾ ਦੇ ਰੂਹਾਨੀ ਪਿਆਰ ਨਾਲ ਜੋੜਦਿਆਂ ਕਮਾਲ ਦੀ ਰਚਨਾ ਕੀਤੀ ਹੈ। ਸਾਉਣ ਮਾਹ ਜੀਵ-ਆਤਮਾ ਲਈ ਹੋਰ ਵੀ ਬਿਰਹਾ-ਕੁੱਠਾ ਹੁੰਦਾ ਹੈ ਕਿਉਂਕਿ ਮੌਸਮ ਦੇ ਹਿਸਾਬ ਨਾਲ ਇਹ ਮਿਲਾਪ ਦਾ ਮਹੀਨਾ ਹੈ:

ਸਾਉਣ ਸਰਸ ਮਨਾ
ਘਰ ਵਰਸਹਿ ਰੁਤਿ ਆਏ॥
ਮੈਂ ਮਨਿ ਤਨਿ ਸਹੁ ਭਾਵੈ
ਪਿਰ ਪਰਦੇਸਿ ਸਿਧਾਏ॥
ਪਿਰ ਘਰਿ ਨਹੀ ਆਵੈ
ਮਰੀਐ ਹਾਵੈ ਦਾਮਨ ਚਮਕਿ ਡਰਾਏ॥
ਸੇਜ ਅਕੇਲੀ ਖਰੀ ਦੁਹੇਲੀ
ਮਰਣ ਭਇਆ ਦੁਖ ਮਾਏ॥
ਹਰਿ ਬਿਨ ਭੂਖ ਕਹੁ ਕੈਸੀ
ਕਾਪੜ ਤਨ ਨ ਸਖਾਵਏ॥
ਨਾਨਕ ਸਾ ਸੁਹਾਗਣ ਕੰਤੀ
ਪਿਰ ਕੈ ਅੰਕ ਸਮਾਵਏ॥

ਸਾਉਣ ਦਾ ਇਕੱਲਾ ਅਜਿਹਾ ਮਹੀਨਾ ਹੈ ਜਿਸ ਬਾਰੇ ਸਿੱਖ ਗੁਰੂ ਸਹਿਬਾਨ ਨੇ ਬਹੁਤ ਬਾਣੀ ਰਚੀ ਹੈ। ਬਾਰਾਹ-ਮਾਹ ਤੋਂ ਬਿਨਾ ਹੋਰ ਰਾਗਾਂ ਵਿਚ ਵੀ ਸਾਉਣ, ਬਰਸਾਤ ਰੁੱਤ ਅਤੇ ਮੇਘਲੇ ਬਾਰੇ ਸ਼ਬਦ, ਸ਼ਲੋਕ ਜਾਂ ਤੁਕਾਂ ਉਪਲਬਧ ਹਨ।

ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਨੇ ਇਸ ਮਹੀਨੇ ਬਾਰੇ ਆਪੋ ਆਪਣੇ ਅੰਦਾਜ਼ ਵਿਚ ਹਾਵ-ਪ੍ਰਭਾਵ ਪ੍ਰਗਟਾਏ ਹਨ। ਗੁਰਬਾਣੀ ਵਿਚ ਬਰਸਾਤ ਦਾ ਕਿਤੇ ਕਿਤੇ ਤਾਂ ਅਜਿਹਾ ਚਿਤਰਨ ਉਭਰਦਾ ਹੈ ਜਿਵੇਂ ਗੁਰੂ ਸਾਹਿਬਾਨ ਕੁਦਰਤ ਦਾ ਇਹ ਕਮਾਲ ਆਪਣੇ ਸਾਹਮਣੇ ਵੇਖ ਰਹੇ ਹੋਣ ਅਤੇ ਪਰਮਾਤਮਾ ਵੱਲੋਂ ਬਖਸ਼ੀ ਪ੍ਰਤਿਭਾ ਸਦਕਾ ਅਤਿ ਸੁੰਦਰ ਸ਼ਬਦਾਂ ਵਿਚ ਚਿਤਰਨ ਕਰੀ ਜਾ ਰਹੇ ਹੋਣ:

ਮੋਰੀ ਰੁਣ ਝੁਣ ਲਾਇਆ
ਭੈਣੇ ਸਾਉਣ ਆਇਆ। (ਗੁਰੂ ਨਾਨਕ)

## ਬਾਰਹਮਾਹ

ਸਾਉਣ ਆਇਆ ਹੇ ਸਖੀ
ਜਲਹਰ ਬਰਸਨਹਾਰ॥
ਨਾਨਕ ਸੁਖ ਸਵਨ ਸੋਹਾਗਣੀ
ਜਿਨ ਸਹੁ ਨਾਲਿ ਪਿਆਰ॥ (ਗੁਰੂ ਅੰਗਦ ਦੇਵ)
ਉਨਵ ਉਨਵ ਆਇਆ ਵਰਸੈ ਲਾਇ ਝੜੀ॥
ਨਾਨਕ ਭਾਣੈ ਚਲੈ ਕੰਤ ਸੁ ਮਾਣੇ ਸਦਾ ਰਲੀ॥
(ਗੁਰੂ ਅਮਰ ਦਾਸ)
ਸਾਉਣ ਆਇਆ ਝਿਮ ਝਿਮਾ
ਹਰਿ ਗੁਰਮੁਖਿ ਨਾਮ ਧਿਆਇ॥
ਦੁਖ ਭੁਖ ਕਾੜਾ ਸਭ ਚੁਕਾਇਸੀ
ਮੀਂਹ ਵੁੱਠਾ ਛਹਿਬਰ ਲਾਇ॥ (ਗੁਰੂ ਰਾਮ ਦਾਸ)
ਨਾਨਕ ਬਿਜਲੀਆਂ ਚਮਕੰਨਿ
ਮੂ ਕਹੀ ਨ ਜੇਹੀਆ॥
ਬਰਸਨਿ ਮੇਘ ਅਪਾਰ
ਨਾਨਕ ਸੰਗਮ ਪਿਰੀ ਸੁਹੰਦੀਆ॥
(ਗੁਰੂ ਅਰਜਨ ਦੇਵ)

ਕੇਸ਼ਵ ਦਾਸ ਨੇ ਵੱਖ ਵੱਖ ਮੌਸਮਾਂ ਦਾ ਵਰਣਨ ਕਰਦਿਆਂ ਲੋਕਾਂ ਦੇ ਹਾਵਾਂ-ਭਾਵਾਂ, ਦੁੱਖਾਂ-ਤਕਲੀਫਾਂ, ਰਸਮਾਂ-ਰਿਵਾਜਾਂ, ਅਦਾਵਾਂ-ਮੁਦਰਾਵਾਂ ਆਦਿ ਨੂੰ ਬਹੁਤ ਸੋਹਣੇ ਅੰਦਾਜ਼ ਵਿਚ ਚਿਤਰਿਆ ਹੈ। ਬਰਸਾਤ ਰੁੱਤ ਬਾਰੇ ਕੇਸ਼ਵ ਦਾਸ ਲਿਖਦਾ ਹੈ:

"ਵਰ੍ਹਦੇ ਬੱਦਲ ਨੇ ਧਰਤੀ ਦੀ ਕੁੱਖ ਨੂੰ ਜੀਵਨ ਦੇ ਪਾਣੀ ਨਾਲ ਭਰ ਦਿੱਤਾ ਹੈ ਅਤੇ ਤਿਹਾਈ ਧਰਤੀ ਇਕ ਦਮ ਹਰੇ ਘਾਹ ਦੇ ਕਲੀਨ ਨਾਲ ਢਕੀ ਜਾਂਦੀ ਹੈ। ਲਾਲ ਸੂਹੀਆਂ ਮਖਮਲੀ ਬੀਰ ਵਹੁਟੀਆਂ ਧਰਤੀ ਨੂੰ ਅਜਿਹੀ ਸੁੰਦਰੀ ਵਾਂਗ ਬਣਾ ਦਿੰਦੀਆਂ ਹਨ ਜਿਸ ਨੇ ਚਮਕੀਲੀਆਂ ਮਣੀਆਂ ਨਾਲ ਆਪਣੇ ਆਪ ਨੂੰ ਸ਼ਿੰਗਾਰਿਆ ਹੋਵੇ। ਮੀਂਹ ਅੰਬ ਦਿਆਂ ਪੱਤਿਆਂ ਉਤੇ ਵਰ੍ਹਦਾ ਹੈ ਅਤੇ ਅੰਬ ਦੀਆਂ ਕਲਗੀਆਂ ਵਿਚ ਸੁਹਾਵਾ ਰਾਗ ਪੈਦਾ ਹੁੰਦਾ ਹੈ। ਮੀਂਹ ਦੀਆਂ ਕਣੀਆਂ ਪਿੰਡ ਦੇ ਛੱਪੜਾਂ ਉਤੇ ਰੰਗ-ਬ-ਰੰਗੇ ਬੁਲਬੁਲਿਆਂ ਨੂੰ ਜਨਮ ਦੇ ਰਹੀਆਂ ਹਨ, ਜੋ ਆਪਣਾ ਖਿਨ-ਭੰਗੁਰ ਜਲਵਾ ਦਿਖਾ ਕੇ ਛੱਪੜ ਦੇ ਪਾਣੀ ਵਿਚ ਲੀਨ ਹੋ ਜਾਂਦੇ ਹਨ।"

ਪੁਰਾਣੇ ਸਮਿਆਂ ਵਿਚ ਦੁਪਹਿਰ ਵੇਲੇ ਪਿੰਡ ਦੀਆਂ ਔਰਤਾਂ ਕੰਮ-ਕਾਰ ਤੋਂ ਵਿਹਲੀਆਂ ਹੋ ਵੱਡੇ ਵਿਹੜੇ ਵਿਚ ਰੁੱਖਾਂ ਥੱਲੇ ਜਾ ਬੈਠਦੀਆਂ ਸਨ। ਵਿਚੇ ਹੀ ਕੰਮ ਦੇ ਨਾਲ ਨਾਲ ਗੀਤ ਚੱਲ ਪੈਂਦੇ, ਸਰੀਰ ਨੂੰ ਹਵਾ ਲਵਾਉਣ ਲਈ ਕੋਈ ਦੋ ਮੁਟਿਆਰਾਂ ਉਠ ਕਿੱਕਲੀ ਪਾਉਣ ਲੱਗਦੀਆਂ, ਸਰੀਰਾਂ ਨੂੰ ਹਵਾ ਲਗਦੀ, ਚੰਗਾ ਚੰਗਾ ਲੱਗਦਾ। ਕੋਈ ਪਸੀਨਾ ਸੁਕਾਉਣ ਲਈ ਪੀਂਘ ਪਾ ਲੈਂਦੀ। ਉਧਰੋਂ ਬੱਦਲ ਆ ਚੜ੍ਹਦੇ, ਖੁਸ਼ੀ ਵਿਚ ਗਿੱਧਾ ਪਾਇਆ ਜਾਂਦਾ ਤੇ ਬੱਦਲਾਂ ਦਾ ਜੱਸ ਗਾਇਆ ਜਾਂਦਾ।

ਪ੍ਰਤੀਤ ਹੁੰਦਾ ਹੈ ਔਰਤਾਂ ਦਾ ਰੁੱਖਾਂ ਥੱਲੇ ਬੈਠਣਾ, ਖੇਡਣਾ, ਨੱਚਣਾ ਗਾਉਣਾ ਅਤੇ ਪੀਂਘ ਚੜ੍ਹਾਉਣਾ ਹੀ ਸਮਾਂ ਪਾ ਕੇ ਤਿਉਹਾਰ ਬਣ ਗਿਆ ਜਿਸ ਨੂੰ ਤੀਆਂ ਕਿਹਾ ਜਾਣ ਲੱਗਾ। ਤੀਆਂ ਔਰਤਾਂ ਦਾ ਨਿਰੋਲ ਪ੍ਰਾਕ੍ਰਿਤਕ ਤਿਉਹਾਰ ਹੈ। ਇਹ ਤਿਉਹਾਰ ਸਾਉਣ ਦੇ ਚਾਨਣੇ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੋਂ ਇਕ ਦਿਨ ਪਹਿਲਾਂ ਤੱਕ ਚੱਲਦਾ ਹੈ। ਪੂਰਨਮਾਸ਼ੀ ਵਾਲੇ ਦਿਨ ਰੱਖੜੀ ਹੁੰਦੀ ਹੈ। ਤੀਆਂ ਦੇ ਮੌਕੇ ਪਿਤਾ ਜਾਂ ਵੀਰ ਆਪਣੀ ਉਸੇ ਸਾਲ ਵਿਆਹੀ ਧੀ-ਭੈਣ ਨੂੰ ਸਹੁਰਿਓਂ ਲੈਣ ਜਾਂਦਾ ਹੈ। ਉਹ ਆਪਣੇ ਨਾਲ ਖਾਣ-ਪੀਣ ਦੀਆਂ ਵਸਤੂਆਂ, ਕੱਪੜਾ-ਟਾਕੀ, ਫਲ-ਫਰੂਟ ਲੈ ਕੇ ਜਾਂਦਾ ਹੈ, ਜਿਸ ਨੂੰ ਸੰਧਾਰਾ ਕਹਿੰਦੇ ਹਨ। ਅਣ-ਮੁਕਲਾਈਆਂ ਲਈ ਸੰਧਾਰਾ ਸਹੁਰੇ ਘਰ ਵਾਲੇ ਪੇਕੇ ਘਰ ਲੈ ਕੇ ਆਉਂਦੇ ਹਨ। ਤੀਆਂ ਮੌਕੇ ਕੁੜੀਆਂ ਨੂੰ (ਖਾਸ ਤੌਰ 'ਤੇ ਨਵ-ਵਿਆਹੀ ਨੂੰ) ਪੇਕੇ ਘਰੀਂ ਲੈ ਕੇ ਆਉਣ ਪਿੱਛੇ ਉਨ੍ਹਾਂ ਨੂੰ ਪੇਕੇ ਪਿੰਡ ਨਾਲ ਜੋੜੀ ਰੱਖਣ ਦੀ ਕੋਸ਼ਿਸ਼ ਲੱਗਦੀ ਹੈ। ਧੀਆਂ ਨੂੰ ਵੀ ਪੇਕੇ ਘਰ ਦੀ ਬੰਦਿਸ਼ ਰਹਿਤ ਜ਼ਿੰਦਗੀ ਦਾ ਮੁੜ ਅਨੰਦ ਲੁੱਟਣਾ ਅਤੇ ਨਵ-ਵਿਆਹੀ ਦੇ ਰੂਪ ਵਿਚ ਵਿਚਰਨਾ ਚੰਗਾ ਲੱਗਦਾ ਸੀ। ਅਜਿਹੇ ਮੌਸਮ ਵਿਚ ਖੁਸ਼ੀਆਂ ਮਨਾਉਂਦਿਆਂ, ਸਹੇਲੀਆਂ ਨਾਲ ਤਾਜ਼ੇ ਤਾਜ਼ੇ ਬਣੇ ਰਿਸ਼ਤੇ ਬਾਰੇ ਨਿੱਕੀਆਂ ਨਿੱਕੀਆਂ ਬਾਤਾਂ ਪਾਉਂਦਿਆਂ, ਪਿੱਪਲੀ ਦੇ ਬੂਟੇ 'ਤੇ ਪੀਂਘਾਂ ਝੂਟਦਿਆਂ, ਕਣੀਆਂ ਪੈਣ 'ਤੇ ਜਿਸਮ ਦੇ ਭਿੱਜਣ ਸਮੇਂ ਮਾਹੀ ਦੀ ਯਾਦ ਆਉਣ ਨਾਲ ਪਿਆਰ ਭਾਵਨਾ ਪ੍ਰਬਲ ਹੁੰਦੀ ਸੀ। ਤੀਆਂ ਪਿਛੋਂ ਘਰਵਾਲਾ ਲੈਣ ਆ ਜਾਂਦਾ। ਸਾਉਣ ਦੀ ਪੂਰਨਮਾਸ਼ੀ ਨੂੰ ਰੱਖੜੀ ਹੁੰਦੀ ਹੈ। ਅਗਲੇ ਦਿਨ ਆਪਣੇ ਵੀਰਿਆਂ ਨੂੰ ਰੱਖੜੀ ਬੰਨ੍ਹ ਭੈਣਾਂ ਮਾਹੀਏ ਨਾਲ ਵਾਪਸ ਸਹੁਰੇ ਘਰ ਨੂੰ ਤੁਰ ਪੈਂਦੀਆਂ ਹਨ। ਉਧਰੋਂ ਭਾਦੋਂ ਚੜ੍ਹ ਪੈਂਦਾ ਹੈ। ਇਹ ਲੋਕ ਬੋਲੀ ਸੱਚ ਸਾਬਤ ਹੋ ਜਾਂਦੀ ਹੈ:

ਸਾਉਣ ਵੀਰ 'ਕੱਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ।

# ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ

ਗੁਰੂ ਤੇਗ ਬਹਾਦਰ ਨੇ ਮਨੁੱਖ ਦੇ ਆਪਣੇ ਇਸ਼ਟ ਨੂੰ ਮੰਨਣ ਦੇ ਮੂਲ ਮਨੁੱਖੀ ਅਧਿਕਾਰ ਦੀ ਰੱਖਿਆ ਲਈ ਆਪਣਾ ਸੀਸ ਦਿੱਲੀ ਜਾ ਕੇ ਵਾਰਿਆ ਜਿਸ ਦੇ ਤਤਕਾਲੀ ਪ੍ਰਭਾਵ ਪੈਣੇ ਕੁਦਰਤੀ ਗੱਲ ਸੀ। ਉਨ੍ਹਾਂ ਦੀ ਸ਼ਹਾਦਤ ਨੇ ਵੱਡੇ ਪੱਧਰ 'ਤੇ ਪਸਰੇ ਜ਼ੁਲਮ ਤੇ ਕੱਟੜਤਾ ਨੂੰ ਮੰਨਣ ਤੋਂ ਇਨਕਾਰ ਕਰਨ ਅਤੇ ਇਸ ਦਾ ਟਾਕਰਾ ਕਰਨ ਦਾ ਰਸਤਾ ਅਖਤਿਆਰ ਕਰਨਾ ਸੁਝਾਇਆ। ਇਸ ਨੇ ਸਮਾਜ ਲਈ ਇੱਕ ਨਵਾਂ ਭਵਿੱਖ ਸਿਰਜਣ ਵੱਲ ਸੰਕੇਤ ਕੀਤਾ, ਇੱਕ ਅਜਿਹਾ ਭਵਿੱਖ ਜੋ ਜ਼ੁਲਮ ਅਤੇ ਅਸਹਿਣਸ਼ੀਲਤਾ ਤੋਂ ਬਿਲਕੁਲ ਆਜ਼ਾਦ ਹੋਵੇ।



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਗੋਬਿੰਦ ਸਿੰਘ ਨੇ ਮਹਿਸੂਸ ਕੀਤਾ ਕਿ ਸਿੱਖ ਸਮਾਜ ਨੂੰ ਇਸ ਤਰ੍ਹਾਂ ਦੇ ਸੰਗਠਨ ਦੀ ਲੋੜ ਹੈ ਜਿਸ ਵਿਚ ਅੰਦਰੂਨੀ ਇੱਕਮੁਠਤਾ ਹੋਵੇ ਅਤੇ ਜੋ ਬਾਹਰੀ ਸੁਰੱਖਿਆ ਮੁਹੱਈਆ ਕਰ ਸਕੇ। ਇਸ ਲਈ ਉਨ੍ਹਾਂ ਨੇ ਪੁਰਾਣੀ ਚਰਨ-ਪਾਹੁਲ ਦੀ ਰਸਮ ਨੂੰ ਨਵੀਂ ਰਸਮ ਖੰਡੇ ਦੀ ਪਾਹੁਲ ਵਿਚ ਬਦਲਣ ਦਾ ਵਿਚਾਰ ਲਿਆਂਦਾ ਜਿਸ ਨਾਲ ਗੁਰੂ ਨਾਨਕ ਦੇ ਸਿਰਜੇ 'ਪੰਥ' (ਰਸਤੇ) ਨੂੰ ਹੋਰ ਮਜ਼ਬੂਤ ਕਰਦਿਆਂ ਇੱਕ ਨਵਾਂ ਰੂਪ ਦਿੱਤਾ ਜਾ ਸਕੇ।

ਇਹ ਕੋਈ ਰਾਤੋ-ਰਾਤ ਵਾਪਰੀ ਘਟਨਾ ਨਹੀਂ ਸੀ। ਇਸ ਨੂੰ ਭਾਈ ਗੁਰਦਾਸ ਦੂਜੇ ਨੇ ਅਕਾਲ ਪੁਰਖ ਦੇ ਹੁਕਮ ਵਿਚ ਉਪਜੇ ਆਤਮ ਗਿਆਨ ਵਿਚ ਵਾਪਰਿਆ ਕੌਤਕ ਕਿਹਾ ਹੈ, "ਗੁਰੁਬਰਅਕਾਲ ਕੇ ਹੁਕਮ ਸਿਉਂ ਉਪਜਿਓ ਬਿਗਿਆਨਾ। ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।" ਇਹ ਇੱਕ ਸਹਿਜ ਅਮਲ ਸੀ ਜਿਸ ਦੀ ਨੀਂਹ ਗੁਰੂ ਨਾਨਕ ਨੇ 'ਸਿਰ ਧਰ ਤਲੀ ਗਲੀ ਮੇਰੀ ਆਉ' ਕਹਿ ਕੇ ਧਰੀ ਸੀ, ਪਰ ਸਦੀਆਂ ਤੋਂ ਦਬੀ-ਕੁਚਲੀ, ਗੁਲਾਮੀ ਦਾ ਸੰਤਾਪ ਹੰਢਾ ਰਹੀ ਲੋਕਾਈ ਇਸ ਇਨਕਲਾਬੀ ਤਬਦੀਲੀ ਵਾਸਤੇ ਮਾਨਸਿਕ ਤੌਰ 'ਤੇ ਰਾਤੋ-ਰਾਤ ਤਿਆਰ ਨਹੀਂ ਸੀ ਹੋ ਸਕਦੀ। ਗਲੀਆਂ-ਸੜੀਆਂ ਸਮਾਜਕ ਰਹੁ-ਰੀਤਾਂ ਅਤੇ ਕਰਮ-ਕਾਂਡੀ ਧਾਰਮਿਕ ਵਿਧੀਆਂ ਨਾਲ ਜੰਗਾਲੀ ਮਾਨਸਿਕਤਾ ਨੂੰ ਸਵੱਛਤਾ ਅਤੇ ਨਿਰਮਲਤਾ ਵਿਚ ਤਬਦੀਲ ਕਰਨ ਲਈ ਲੰਬਾ ਸਮਾਂ ਚਾਹੀਦਾ ਸੀ। ਅਜਿਹੀ ਮਾਨਸਿਕਤਾ ਨੂੰ ਤਿਆਰ ਕਰਨ ਲਈ, ਜੋ ਇਸ ਇਨਕਲਾਬੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰ ਸਕਣ ਦੇ ਯੋਗ ਹੋਵੇ, ਪੂਰੀਆਂ ਦਸ ਪੀੜ੍ਹੀਆਂ ਲੱਗੀਆਂ ਅਰਥਾਤ ਗੁਰੂ ਨਾਨਕ ਸਾਹਿਬ, ਬਾਨੀ ਗੁਰੂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ, ਆਖਰੀ ਅਤੇ ਦਸਵੇਂ ਸਰੀਰਕ ਗੁਰੂ ਤੱਕ ਅਤੇ ਕਰੀਬ ਢਾਈ ਸੌ ਸਾਲ ਦੇ ਯਤਨਾਂ ਤੋਂ ਬਾਅਦ ਹੀ ਅਜਿਹੀ ਮਾਨਸਿਕਤਾ ਦੀ ਤਿਆਰੀ ਸੰਭਵ ਹੋ ਸਕੀ। ਇਸ ਤਰ੍ਹਾਂ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੱਖ ਸੰਗਤਿ ਨੂੰ ਖਾਲਸੇ ਵਿਚ ਤਬਦੀਲ ਕਰਕੇ ਉਨ੍ਹਾਂ ਇੱਕ ਐਸੀ ਇਨਕਲਾਬੀ ਸ਼ਕਤੀ ਤਿਆਰ ਕੀਤੀ ਜੋ ਜ਼ੁਲਮ ਅਤੇ ਅਨਿਆਂ ਨਾਲ ਟੱਕਰ ਲੈ ਸਕੇ।

ਖਾਲਸਾ ਸਿਰਜਣਾ ਦੇ ਇਸ ਅਦੁੱਤੀ ਕੌਤਕ ਨਾਲ ਕੁੱਝ ਹੀ ਦਿਨਾਂ ਵਿਚ ਕਰੀਬ ਇੱਕ ਲੱਖ ਸਿੱਖ ਸੰਗਤਿ ਨੇ ਅੰਮ੍ਰਿਤ ਛਕ ਕੇ ਖਾਲਸੇ ਦਾ ਰੂਪ ਅਖਤਿਆਰ ਕਰ ਲਿਆ। ਅੰਮ੍ਰਿਤ ਛਕਣ ਵਾਲੀ ਇਹ ਸਿੱਖ ਸੰਗਤਿ ਮੁਲਕ ਦੇ ਵੱਖ ਵੱਖ ਹਿੱਸਿਆਂ ਤੋਂ ਵਹੀਰਾਂ ਘੱਤ ਕੇ ਆਈ ਸੀ। ਇਸ ਕੌਤਕ ਨੇ ਨਾ ਸਿਰਫ ਕਮਜ਼ੋਰ ਕਹੇ ਜਾਣ ਵਾਲੇ ਲੋਕਾਂ ਨੂੰ ਇੱਕ ਸ਼ਕਤੀਸ਼ਾਲੀ ਖਾਲਸੇ ਦਾ ਰੂਪ ਦੇ ਦਿੱਤਾ ਬਲਕਿ ਹਜਾਰਾਂ ਸਾਲਾਂ ਤੋਂ ਪਏ ਜਾਤ-ਪਾਤ, ਊਚ-ਨੀਚ ਦੇ ਵਖਰੇਵਿਆਂ ਅਤੇ ਬੰਧਨਾਂ ਨੂੰ ਦੂਰ ਕਰ ਦਿੱਤਾ। ਵਾਕਿਆ ਹੀ ਇਹ ਇੱਕ ਨਿਰਾਲਾ ਕੌਤਕ ਸੀ ਜਿਸ ਨੇ ਜਾਦੂ ਵਰਗਾ ਕੰਮ ਕੀਤਾ, ਮਨੁੱਖ ਦਾ ਕਾਇਆ ਕਲਪ ਕਰ ਦਿੱਤਾ। ਅੰਮ੍ਰਿਤ ਛਕਣ ਤੋਂ ਬਾਅਦ ਇੱਕ ਵਿਅਕਤੀ ਖਾਲਸਾ ਪੰਥ ਦੇ ਦੂਜੇ ਮੈਂਬਰਾਂ ਵਰਗਾ ਹੀ ਹੱਕ ਰੱਖਣ ਦਾ ਅਧਿਕਾਰੀ ਹੋ ਗਿਆ ਭਾਵੇਂ ਉਹ ਸਮਾਜ ਦੇ ਕਿਸੇ ਵੀ ਵਰਗ ਵਿਚੋਂ ਆਇਆ ਸੀ।

ਤੇਜਾ ਸਿੰਘ ਅਤੇ ਗੰਡਾ ਸਿੰਘ ਨੇ ਜਿਵੇਂ 'ਏ ਸ਼ੌਰਟ ਹਿਸਟਰੀ ਆਫ ਦਾ ਸਿੱਖਸ' ਵਿਚ ਕਿਹਾ ਹੈ ਕਿ ਉਹ ਲੋਕ ਵੀ ਜਿਨ੍ਹਾਂ ਨੂੰ ਮਨੁੱਖੀ ਸਮਾਜ ਵਿਚ ਨੀਵੇਂ ਮੰਨਿਆ ਜਾਂਦਾ ਸੀ, ਜਿਵੇਂ ਕੋਈ ਜਾਦੂ ਹੋ ਗਿਆ ਹੋਵੇ, ਕੁੱਝ ਅਜਿਹੇ ਵਿਚ ਤਬਦੀਲ ਹੋ ਗਏ ਜੋ ਅਮੀਰ ਅਤੇ ਨਿਰਾਲਾ ਸੀ। ਝਾੜੂ ਫੇਰਨ ਵਾਲੇ, ਨਾਈ ਅਤੇ ਹਲਵਾਈ, ਜਿਨ੍ਹਾਂ ਨੇ ਕਦੇ ਤਲਵਾਰ ਨੂੰ ਛੂਹਿਆ ਤੱਕ ਨਹੀਂ ਸੀ ਅਤੇ ਜਿਹੜੇ ਪੀੜ੍ਹੀ ਦਰ ਪੀੜ੍ਹੀ ਉਚੀਆਂ ਕਹੀਆਂ ਜਾਂਦੀਆਂ ਜਮਾਤਾਂ ਦੇ ਦਾਸ ਬਣ ਕੇ ਜੀਵਨ ਗੁਜ਼ਾਰਦੇ ਰਹੇ ਸਨ, ਗੁਰੂ ਗੋਬਿੰਦ ਸਿੰਘ ਦੀ ਉਤਸ਼ਾਹਿਤ ਅਗਵਾਈ ਹੇਠ ਹਿੰਮਤੀ ਯੋਧੇ ਬਣ ਗਏ ਜੋ ਡਰ ਤੋਂ ਕੰਬੇ ਨਹੀਂ ਅਤੇ ਗੁਰੂ ਦੇ ਹੁਕਮ 'ਤੇ ਮੌਤ ਦੇ ਜਬਾੜ੍ਹਿਆਂ ਵਿਚ ਜਾਣ ਲਈ ਤਿਆਰ ਸਨ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਬਿਲਕੁਲ ਨਵੇਂ ਲੋਕਾਂ ਦੀ ਸਿਰਜਣਾ ਕਰ ਦਿੱਤੀ ਅਤੇ ਭਾਰਤੀ ਇਤਿਹਾਸ ਦੇ ਅਖਾੜੇ ਵਿਚ ਇੱਕ ਨਵੀਂ ਗਤੀਸ਼ੀਲ ਸ਼ਕਤੀ ਦਾ ਸੰਚਾਰ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਨੇ ਖਾਲਸੇ ਵਿਚ ਆਪਣੀ ਤਾਕਤ ਭਰ ਦਿੱਤੀ, ਖਾਲਸੇ ਨੂੰ ਆਪਣਾ ਸਰੂਪ ਦੇ ਦਿੱਤਾ ਤਾਂ ਕਿ ਉਹ ਭਵਿੱਖ ਦੀ ਵਾਗਡੋਰ ਸੰਭਾਲ ਸਕੇ। ਇਸੇ ਨੂੰ 'ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੇਂ ਹਉਂ ਕਰੋਂ ਨਿਵਾਸ' ਕਿਹਾ ਹੈ। ਕੁੱਝ ਇਸੇ ਕਿਸਮ ਦਾ ਪ੍ਰਗਟਾਵਾ ਸਵੈਯਾਂ ਵਿਚ ਕੀਤਾ ਹੈ:

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਅਉਧ ਟਰੇ ਇਨ ਹੀ ਕੇ ਪ੍ਰਸਾਦਿ
ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨ ਹੀ ਕੀ ਕਿਰਪਾ ਕੇ ਸਜੇ ਹਮ ਹੈਂ
ਨਹੀਂ ਮੋਸੋ ਗਰੀਬ ਕਰੋਰ ਪਰੇ॥2
ਸੇਵ ਕਰੀ ਇਨ ਹੀ ਕੀ ਭਾਵਤ
ਅਉਰ ਕੀ ਸੇਵ ਸੁਹਾਤ ਨ ਜੀਕੋ।
ਦਾਨ ਦਯੋ ਇਨ ਹੀ ਕੋ ਭਲੋ
ਅਰੁ ਆਨਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨ ਹੀ ਕੋ ਦਯੋ
ਜਗ ਮੈ ਜਸੁ ਅਉਰ ਦਯੋ ਸਭ ਫੀਕੋ।
ਮੋ ਗ੍ਰਹ ਮੈ ਤਨ ਤੇ ਮਨ ਤੇ
ਸਿਰ ਲਉ ਧਨ ਹੈ ਸਬ ਹੀ ਇਨਹੀ ਕੋ॥3

ਆਪਣੀ ਇਸੇ ਭਵਿੱਖ-ਮੁਖੀ ਦ੍ਰਿਸ਼ਟੀ ਦੀ ਪੂਰਤੀ ਉਨ੍ਹਾਂ ਨੇ 1708 ਈਸਵੀ ਵਿਚ 'ਗ੍ਰੰਥ ਸਾਹਿਬ' ਨੂੰ ਗੁਰਗੱਦੀ ਦੇ ਕੇ, ਸ਼ਬਦ ਗੁਰੂ ਦੀ ਅਗਵਾਈ ਵਿਚ ਪੰਥ ਨੂੰ ਆਪਣੇ ਫੈਸਲੇ ਕਰਨ ਦਾ ਹੱਕ ਦੇ ਕੇ ਕੀਤੀ। ਉਨ੍ਹਾਂ ਨੇ ਸੰਗਤਿ ਨਾਲ ਆਪਣੀ ਪਛਾਣ ਨੂੰ ਇੱਕ ਰੂਪ ਕਰਦਿਆਂ ਸੰਸਾਰ ਦੇ ਚਿਤਰਪਟ ਤੇ ਅਧਿਆਤਮਕਤਾ ਦੇ ਖੇਤਰ ਵਿਚ ਇੱਕ ਬਿਲਕੁਲ ਹੀ ਅਦੁੱਤੀ ਮਿਸਾਲ ਕਾਇਮ ਕਰ ਦਿੱਤੀ ਅਤੇ ਪੰਜ ਪਿਆਰੇ ਸਾਜਣ ਤੋਂ ਬਾਅਦ ਉਨ੍ਹਾਂ ਦੇ ਹੀ ਹੱਥੋਂ ਆਪ ਉਸੇ ਅਮਲ ਰਾਹੀਂ ਅੰਮ੍ਰਿਤ ਪਾਨ ਕੀਤਾ। ਇਸੇ ਦਾ ਜ਼ਿਕਰ ਭਾਈ ਗੁਰਦਾਸ ਦੂਜੇ ਨੇ ਇਸ ਤਰ੍ਹਾਂ ਕੀਤਾ ਹੈ:

ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।
ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥1॥

ਇੱਕ ਪਾਸੇ ਗੁਰੂ 'ਅਕਾਲ ਰੂਪ' ਹੈ ਅਤੇ ਦੂਸਰੇ ਪਾਸੇ 'ਖਾਲਸਾ ਮੇਰੋ ਰੂਪੁ ਹੈ ਖਾਸ' ਦਾ ਐਲਾਨਨਾਮਾ ਹੈ ਜਿਸ ਨੇ ਖਾਲਸਾ-ਸਰੂਪ ਸਤਿ ਸੰਗਤਿ ਨੂੰ ਸਮੂਹਕ ਇਕਜੁਟਤਾ ਦੇ ਰੂਪ ਵਿਚ ਦੈਵੀ ਚਰਿੱਤਰ ਪ੍ਰਦਾਨ ਕੀਤਾ। ਧਿਆਨ ਦੇਣ ਯੋਗ ਤੱਥ ਇਹ ਹੈ ਕਿ ਫੈਸਲੇ ਲੈਣ ਲਈ ਗੁਰੂ ਰੂਪ ਹੋਣ ਦਾ ਇਹ ਦੈਵੀ ਚਰਿੱਤਰ ਜਾਂ ਦੈਵੀ ਗੁਣ ਕਿਸੇ ਇਕੱਲੇ-ਇਕਹਿਰੇ ਵਿਅਕਤੀ ਨੂੰ ਨਹੀਂ ਦਿੱਤਾ ਗਿਆ, ਖਾਲਸੇ ਨੂੰ ਸਮੁੱਚਤਾ ਦੇ ਰੂਪ ਵਿਚ ਦਿੱਤਾ ਗਿਆ ਹੈ। ਬਲਕਿ ਸ਼ਬਦ ਗੁਰੂ ਦੇ ਗਿਆਨ ਦੀ ਰੋਸ਼ਨੀ ਵਿਚ ਗੁਰੂ ਸ਼ਬਦ ਨਾਲ ਇੱਕਸੁਰ ਹੋ ਕੇ ਕੀਤੇ ਸਮੁੱਚਤਾ ਦੇ ਫੈਸਲੇ ਨੂੰ ਕਿਸੇ ਇਕੱਲੇ-ਇਕਹਿਰੇ ਵੱਡੇ ਤੋਂ ਵੱਡੇ ਵਿਅਕਤੀ ਨੂੰ ਵੀ ਬਦਲਣ ਦਾ ਹੱਕ ਨਹੀਂ ਹੈ। ਇਸ ਦੀ ਮਿਸਾਲ ਦਸਮ ਪਾਤਿਸ਼ਾਹ ਹਜ਼ੂਰ ਨੇ ਪੰਜ ਸਿੰਘਾਂ ਦੇ ਰੂਪ ਵਿਚ ਬੇਨਤੀ ਕੀਤੇ ਜਾਣ 'ਤੇ ਕਾਇਮ ਕੀਤੀ ਜਦੋਂ ਖਾਲਸੇ ਦਾ ਹੁਕਮ ਮੰਨਦਿਆਂ ਉਨ੍ਹਾਂ ਨੇ ਚਮਕੌਰ ਦੀ ਗੜ੍ਹੀ ਛੱਡਣ ਦਾ ਫੈਸਲਾ ਕੀਤਾ। ਇਸ ਤਰ੍ਹਾਂ ਸਮੂਹਕ ਫੈਸਲੇ ਨੂੰ ਰੱਦ ਕਰਨ ਦਾ ਹੱਕ ਉਨ੍ਹਾਂ ਨੇ ਕਿਸੇ ਇੱਕਲੇ ਵਿਅਕਤੀ ਨੂੰ ਨਹੀਂ ਦਿੱਤਾ ਅਤੇ ਨਾ ਹੀ ਇਕੱਲੇ ਵਿਅਕਤੀ ਨੂੰ ਸਮੂਹਕ ਖਾਲਸੇ ਉਤੇ ਆਪਣਾ ਹੁਕਮ ਲੱਦਣ ਦਾ ਹੱਕ ਦਿੱਤਾ। ਇਸ ਤੋਂ ਇਹ ਸਿੱਟਾ ਵੀ ਕੱਢਣ ਦੀ ਸੰਭਾਵਨਾ ਬਣ ਜਾਂਦੀ ਹੈ ਕਿ ਉਨ੍ਹਾਂ ਨੇ ਖਾਲਸੇ ਨੂੰ ਭਵਿੱਖ ਵਿਚ ਆਪਣੇ ਮਸਲੇ ਸੰਗਤੀ ਰੂਪ ਵਿਚ ਸੋਚ-ਵਿਚਾਰ ਕੇ ਕਰਨ ਦਾ ਆਦੇਸ਼ ਕੀਤਾ ਤਾਂ ਕਿ ਵਕਤ ਆਉਣ 'ਤੇ ਕਿਸੇ ਵੀ ਮਸਲੇ ਨੂੰ ਸਮੂਹਕ ਸਮਝ ਰਾਹੀਂ ਸੁਲਝਾਇਆ ਜਾ ਸਕੇ। ਇਸੇ ਵਿਚੋਂ 'ਗੁਰੂ 20 ਵਿਸਵੇ, ਸੰਗਤਿ 21 ਵਿਸਵੇ' ਦੀ ਪਰੰਪਰਾ ਕਾਇਮ ਹੋਈ। ਇੱਥੇ ਧਿਆਨ ਦੇਣ ਯੋਗ ਨੁਕਤਾ ਇਹ ਵੀ ਹੈ ਕਿ ਇਸ ਦਾ ਤਰਕ ਇਹ ਬਣਦਾ ਹੈ ਕਿ ਸੰਗਤਿ 21 ਵਿਸਵੇ ਇਸ ਲਈ ਹੈ ਕਿਉਂਕਿ ਗੁਰੂ ਉਸ ਵਿਚ ਬਿਰਾਜਮਾਨ ਹੈ, ਆਪ ਵੱਸ ਰਿਹਾ ਹੈ, ਸੰਗਤਿ ਸ਼ਬਦ ਗੁਰੂ ਦੀ ਅਨੁਸਾਰੀ ਹੋ ਕੇ ਕਾਰਜ ਕਰ ਰਹੀ ਹੈ। ਗੁਰੂ ਨੇ ਸੰਗਤਿ ਨੂੰ ਖਾਲਸੇ ਦਾ ਸਰੂਪ ਵਾਹਿਗੁਰੂ (ਅਕਾਲ ਪੁਰਖ) ਦਾ ਖਾਲਸਾ ਬਣਾ ਕੇ ਬਖ਼ਸ਼ਿਸ਼ ਕੀਤਾ।

ਇਤਿਹਾਸਕਾਰਾਂ ਅਨੁਸਾਰ ਦਸਮ ਗੁਰੂ ਨੇ ਖਾਲਸੇ ਦੀ ਸਿਰਜਣਾ ਇੱਕ ਅਜਿਹਾ ਸਮਾਜ-ਸਮੂਹ ਬਣਾਉਣ ਲਈ ਕੀਤੀ ਜੋ ਆਪ ਅਧਿਆਤਮਕ ਗੁਣਾਂ ਨਾਲ ਭਰਪੂਰ ਜ਼ਿੰਦਗੀ ਜੀਵੇ ਅਤੇ ਆਮ ਲੋਕਾਈ ਦੀ ਜ਼ੁਲਮ ਅਤੇ ਬੁਰਾਈ ਤੋਂ ਰੱਖਿਆ ਕਰਨ ਦੇ ਯੋਗ ਹੋ ਸਕੇ। ਸਿੱਖ ਨੂੰ ਆਪਣੇ ਮੂਲ ਚਰਿਤਰ, ਇੱਕ ਚੰਗਾ ਅਤੇ ਗੁਣੀ ਵਿਅਕਤੀ ਹੋਣ ਤੋਂ ਵਿਚਲਿਤ ਹੋਣ ਦੀ ਆਗਿਆ ਨਹੀਂ ਹੈ, ਭੈੜੇ ਤੋਂ ਭੈੜੇ ਹਾਲਾਤ ਵਿਚ ਵੀ ਆਪਣੀ ਅੱਛਾਈ ਅਤੇ ਗੁਣਾਂ ਦਾ ਤਿਆਗ ਕਰਨ ਜਾਂ ਬਦਲਣ ਦੀ ਆਗਿਆ ਨਹੀਂ ਹੈ। ਇਨ੍ਹਾਂ ਗੁਣਾਂ ਦਾ ਤਿਆਗ ਕਰਨ ਦਾ ਅਰਥ ਹੈ, ਗੁਰੂ ਦੇ ਹੁਕਮ ਵੱਲ ਪਿੱਠ ਕਰਨਾ, ਗੁਰੂ ਤੋਂ ਬੇਮੁੱਖ ਹੋਣਾ। ਇਸੇ ਕਰਕੇ ਮੁਗਲਾਂ ਦੇ ਜ਼ੁਲਮਾਂ ਨੂੰ ਠੱਲ ਪਾਉਣ ਲਈ ਉਨ੍ਹਾਂ ਨਾਲ ਯੁੱਧ ਕਰਦਿਆਂ ਜਿੱਤ ਦੀ ਸੂਰਤ ਵਿਚ ਵੀ ਖਾਲਸੇ ਨੇ ਇਸਤਰੀਆਂ ਦੀ ਇੱਜਤ ਦਾ ਪੂਰਾ ਖਿਆਲ ਰੱਖਿਆ, ਇਸ ਕਿਸਮ ਦੇ ਕਿਸੇ ਬਦਲੇ ਦੀ ਆਗਿਆ ਗੁਰੂ ਮਹਾਰਾਜ ਨੇ ਨਹੀਂ ਦਿੱਤੀ ਕਿਉਂਕਿ ਉਨ੍ਹਾਂ ਦੀ ਲੋਚਾ ਹਰ ਤਰ੍ਹਾਂ ਨਾਲ ਆਪਣੇ ਖਾਲਸੇ ਨੂੰ ਇੱਕ ਉਚ ਪਾਏ ਦੇ ਚਰਿੱਤਰ ਦਾ ਮਾਲਕ ਬਣਾਉਣਾ ਸੀ, ਜੋ ਮਜ਼ਲੂਮ ਦੀ ਰੱਖਿਆ ਕਰੇ ਅਤੇ ਪਾਪ-ਜ਼ੁਲਮ ਨੂੰ ਠੱਲ ਪਾਵੇ।

ਦਸ਼ਮੇਸ਼ ਪਿਤਾ ਨੇ 1699 ਦੀ ਵਿਸਾਖੀ ਨੂੰ ਖਾਲਸੇ ਦੀ ਸਿਰਜਣਾ ਕਰਕੇ ਅਤੇ ਫਿਰ ਉਸੇ ਖਾਲਸੇ ਦੇ ਹੱਥੋਂ ਆਪ ਅੰਮ੍ਰਿਤ ਛੱਕ ਕੇ, ਆਪਣੇ ਲਈ ਅਤੇ ਖਾਲਸੇ ਲਈ ਇੱਕੋ ਜਿਹੀ ਰਹਿਤ ਨਿਰਧਾਰਤ ਕਰਕੇ, ਖਾਲਸੇ ਨੂੰ ਪੂਰੇ ਹਕੂਕ ਦੇ ਕੇ ਅਸਲੀ ਅਰਥਾਂ ਵਿਚ ਪਹਿਲੀ ਵਾਰ ਹਿੰਦੁਸਤਾਨੀ ਧਰਤੀ 'ਤੇ ਇੱਕ ਨਿਵੇਕਲੇ ਕਿਸਮ ਦੇ ਲੋਕਤੰਤਰ ਦੀ ਨੀਂਹ ਰੱਖੀ ਜਿਸ ਵਿਚ ਬਿਨਾ ਕਿਸੇ ਜਾਤ-ਪਾਤ, ਊਚ-ਨੀਚ ਦੇ ਵਖਰੇਵੇਂ ਦੇ ਸਭ ਬਰਾਬਰੀ ਦੇ ਭਾਈਵਾਲ ਬਣ ਗਏ। ਇਹ ਇੱਕ ਨਿਵੇਕਲੀ ਕਿਸਮ ਦਾ ਸਮਾਜਵਾਦ ਸੀ ਜਿਸ ਦਾ ਮੂਲ ਆਧਾਰ ਅਧਿਆਤਮਕ ਸਿਧਾਂਤ ਬਣੇ। ਉਨ੍ਹਾਂ ਨੇ ਜ਼ੁਲਮ ਅਤੇ ਅਨਿਆਂ ਨਾਲ ਵੈਰ ਕਰਨਾ ਸਿਖਾਇਆ, ਨਾ ਕਿ ਮਨੁੱਖ ਦਾ ਮਨੁੱਖ ਨਾਲ ਵੈਰ ਜੋ ਕਿਸੇ ਧਾਰਮਿਕ ਅਕੀਦੇ ਜਾਂ ਅਜਿਹੇ ਕਿਸੇ ਹੋਰ ਵਖਰੇਵੇਂ ਕਾਰਨ ਹੋਵੇ। ਗੁਰੂ ਨੇ ਖਾਲਸੇ ਨੂੰ ਸਿਖਾਇਆ ਕਿ ਮਨੁੱਖ ਦਾ ਤਾਕਤਵਰ ਹੋਣਾ ਬੁਰਾ ਨਹੀਂ, ਬੁਰਾਈ ਉਸ ਤਾਕਤ ਦੀ ਗਲਤ ਵਰਤੋਂ ਕਰਨ ਵਿਚ ਹੈ, ਉਸ ਦੀ ਵਰਤੋਂ ਕਿਸੇ ਤੇ ਜ਼ੁਲਮ ਕਰਨ ਅਤੇ ਅਨਿਆਂ ਕਰਨ ਵਿਚ ਹੈ। ਇਹੀ ਵਜ੍ਹਾ ਸੀ ਕਿ ਉਨ੍ਹਾਂ ਨੇ ਖਾਲਸੇ ਦੇ ਪੰਜ ਕੱਕਾਰਾਂ ਵਿਚ ਸ਼ਾਮਲ, ਉਸ ਦੇ ਪਹਿਨੇ ਜਾਣ ਵਾਲੀ ਤਲਵਾਰ ਨੂੰ ਕ੍ਰਿਪਾਨ ਦਾ ਨਾਮ ਦਿੱਤਾ ਤਾਂ ਕਿ ਉਸ ਦੀ ਵਰਤੋਂ ਕਦੇ ਵੀ ਕਿਸੇ ਗਲਤ ਮਨਸੂਬੇ ਨਾਲ ਨਾ ਕੀਤੀ ਜਾਵੇ। ਸਾਰੇ ਮਨੁੱਖ ਉਸੇ ਇੱਕ ਵਾਹਿਗੁਰੂ ਦਾ ਪਰਗਟ ਸਰੂਪ ਹੋਣ ਦੇ ਨਾਤੇ ਆਪਸ ਵਿਚ ਭਾਈਵੰਦ ਅਤੇ ਬਰਾਬਰ ਹਨ; ਇਸੇ ਵਿਚ ਮਾਨਵਤਾ ਦਾ ਭਲਾ ਅਤੇ ਤਰੱਕੀ ਨਿਹਿਤ ਹੈ। ਦੂਸਰੇ ਨੂੰ ਅਪਨਾਉਣਾ ਅਤੇ ਉਸ ਦੀ ਬਣਦੀ ਜਗ੍ਹਾ ਦੇਣਾ, ਇਹੀ ਸਿੱਖ ਗੁਰੂ ਸਾਹਿਬਾਨ ਨੇ ਸਿਖਾਇਆ ਹੈ ਅਤੇ ਇਸੇ ਸਿਧਾਂਤ ਨੂੰ ਗੁਰੂ ਗੋਬਿੰਦ ਸਿੰਘ ਨੇ ਪੱਕਾ ਕੀਤਾ:

ਕੋਊ ਭਇਓ ਮੁੰਡੀਆ, ਸੰਨਿਆਸੀ ਕੋਊ ਜੋਗੀ ਭਇਓ;
ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ।
ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸ਼ਾਫੀ;
ਮਾਨਸ ਕੀ ਜਾਤਿ, ਸਬੈ ਏਕੈ ਪਹਚਾਨਬੋ।
ਕਰਤਾ ਕਰੀਮ ਸੋਈ, ਰਾਜ਼ਿਕ ਰਹੀਮ ਓਈ;
ਦੂਸਰੋ ਨਾ ਭੇਦ ਕੋਈ, ਭੂਲਿ ਭ੍ਰਮ ਮਾਨਬੋ।
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ;
ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ।85

ਕੁੱਝ ਦਿਨਾਂ ਨੂੰ ਵਿਸਾਖੀ, ਅਰਥਾਤ ਖਾਲਸੇ ਦਾ ਸਾਜਨਾ ਦਿਨ ਆ ਰਿਹਾ ਹੈ ਜਿਸ ਨੂੰ ਦੁਨੀਆਂ ਭਰ ਵਿਚ ਬੈਠੇ ਸਿੱਖ ਭਾਈਚਾਰੇ ਨੇ ਬਹੁਤ ਧੂਮ-ਧਾਮ ਅਤੇ ਜੋਸ਼-ਖਰੋਸ਼ ਨਾਲ ਮਨਾਉਣ ਦੇ ਉਪਰਾਲੇ ਕਰਨੇ ਹਨ। ਵਿਦੇਸ਼ਾਂ ਵਿਚ ਬੈਠੇ ਭਾਈਚਾਰੇ ਨੇ ਵੀ ਸੜਕਾਂ ਤੇ ਵੱਡੇ ਵੱਡੇ ਜਲੂਸ ਕੱਢਣੇ ਹਨ, ਲੰਗਰ ਲਾਉਣੇ ਹਨ, ਕੀਰਤਨ ਦਰਬਾਰ ਕਰਾਉਣੇ ਹਨ ਅਤੇ ਢਾਡੀਆਂ ਨੇ ਖਾਲਸੇ ਦੇ ਜਨਮ ਦੀਆਂ ਵਾਰਾਂ ਪੂਰੇ ਜਲੌ ਵਿਚ ਗਾਉਣੀਆਂ ਹਨ ਤੇ ਸਿੱਖ ਸੰਗਤਾਂ ਨੇ ਸੁਣ ਸੁਣ ਕੇ ਨਿਹਾਲ ਹੋਣਾ ਹੈ।

ਅਸੀਂ ਇਹ ਸਭ ਕੁੱਝ ਹਰ ਸਾਲ ਕਰਦੇ ਹਾਂ ਅਤੇ ਕਰਨਾ ਵੀ ਚਾਹੀਦਾ ਹੈ। ਗੁਰੂ ਨੇ ਸਾਡੇ 'ਤੇ ਬਖ਼ਸ਼ਿਸ਼ ਕੀਤੀ ਹੈ ਕਿ ਆਪਣਾ ਜਨਮ ਦਿਨ ਪੂਰੀ ਧੂਮ-ਧਾਮ ਨਾਲ ਮਨਾਈਏ ਪਰ ਕੀ ਕਦੀ ਅਸੀਂ ਸਿਰ ਜੋੜ ਕੇ ਸੰਗਤੀ ਰੂਪ ਵਿਚ, ਇੱਕ ਖਾਲਸੇ ਦੇ ਰੂਪ ਵਿਚ ਇਹ ਵੀ ਸੋਚਣ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਦੇ ਦੱਸੇ ਅਸੂਲਾਂ ਤੋਂ ਅਸੀਂ ਕਿਸ ਹੱਦ ਤੱਕ ਬੇਮੁੱਖ ਹੋ ਗਏ ਹਾਂ? ਕੀ ਆਪਣੇ ਆਪ ਨੂੰ ਕਦੀ ਉਨ੍ਹਾਂ ਪ੍ਰਸ਼ਨਾਂ ਦੇ ਸਨਮੁਖ ਕੀਤਾ ਹੈ ਜੋ ਸਾਡੇ ਸਮੂਹਕ ਅਮਲ ਦੇ ਫਲਸਰੂਪ ਹਰ ਰੋਜ਼ ਪੈਦਾ ਹੋ ਰਹੇ ਹਨ? ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਿਧਾਂਤਕ ਅਤੇ ਅਮਲੀ ਦੋਵਾਂ ਤਰ੍ਹਾਂ ਨਾਲ ਇਹ ਯਤਨ ਬਰਕਰਾਰ ਰਿਹਾ ਹੈ ਕਿ ਸਿੱਖ ਸਮਾਜ ਵਿਚ ਕੋਈ ਊਚ-ਨੀਚ, ਜਾਤ-ਪਾਤ ਦਾ ਵਖਰੇਵਾਂ ਨਾ ਹੋਵੇ। ਮਨੁੱਖੀ ਬਰਾਬਰੀ ਦੇ ਸਿਧਾਂਤ ਦੇ ਅਮਲੀ ਪ੍ਰਕਾਸ਼ਨ ਲਈ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ, ਲੰਗਰ ਅਤੇ ਸੰਗਤਿ ਕਾਇਮ ਕਰਨ ਦੀ ਸੰਸਥਾ ਤੋਂ ਲੈ ਕੇ ਖੰਡੇ ਦੀ ਪਾਹੁਲ ਰਾਹੀਂ ਖਾਲਸਾ ਸਾਜਣ ਤੱਕ, ਸਾਰੇ ਯਤਨ ਇਸ ਦੀ ਜਿਉਂਦੀ ਜਾਗਦੀ ਮਿਸਾਲ ਹਨ।

ਅੱਜ ਕੀ ਹੋ ਰਿਹਾ ਹੈ? ਉਸੇ ਇੱਕੋ ਗੁਰੂ ਨੂੰ ਮੰਨਣ ਵਾਲਾ ਖਾਲਸਾ, ਜੋ ਆਪਣੇ ਆਪ ਨੂੰ ਉਸੇ ਇੱਕੋ ਗੁਰੂ ਦਾ ਸਰੂਪ ਮੰਨਦਾ ਹੈ, ਇੱਕ ਇੱਕ ਪਿੰਡ ਵਿਚ ਜਾਂ ਖੇਤਰ ਵਿਚ ਕਈ ਕਈ ਗੁਰਦੁਆਰੇ ਉਸਾਰੀ ਬੈਠਾ ਹੈ। ਇਹ ਗੁਰਦੁਆਰੇ ਨਾ ਸਿਰਫ ਇੱਕ ਤੋਂ ਵੱਧ ਗਿਣਤੀ ਵਿਚ ਹਨ ਬਲਕਿ ਸਭ ਤੋਂ ਬੇਅਸੂਲੀ ਅਤੇ ਦੁਖਦਾਈ ਗੱਲ ਇਹ ਹੈ ਕਿ ਗੁਰੂ ਦੇ ਦਿੱਤੇ ਸਿਧਾਂਤਾਂ ਤੋਂ ਬੇਮੁੱਖ ਹੁੰਦਿਆਂ ਗੁਰਦੁਆਰੇ ਜਾਤਾਂ ਅਤੇ ਗੋਤਾਂ ਦੇ ਨਾਂ 'ਤੇ ਉਸਾਰੇ ਹੋਏ ਹਨ। ਇਸ ਦੀ ਜ਼ਿੰਮੇਵਾਰੀ ਸਭ ਤੋਂ ਵੱਧ ਉਨ੍ਹਾਂ 'ਤੇ ਆਉਂਦੀ ਹੈ ਜੋ ਆਪਣੇ ਆਪ ਨੂੰ ਗੁਰੂ ਦੇ ਸਿੱਖ ਵੀ ਅਖਵਾਉਂਦੇ ਹਨ ਅਤੇ ਨਾਲ ਹੀ ਉਚੀ ਜਾਤ ਹੋਣ ਦਾ ਅਭਿਮਾਨ ਵੀ ਪਾਲਦੇ ਹਨ। ਅਸੀਂ ਇਹ ਬਿਲਕੁਲ ਹੀ ਭੁੱਲ ਗਏ ਹਾਂ ਕਿ ਮਨੁੱਖਤਾ ਦੀ ਸੇਵਾ ਕਰਨਾ ਗੁਰੂ ਨੇ ਸਭ ਤੋਂ ਪਹਿਲਾਂ ਸਿਖਾਇਆ ਹੈ ਅਤੇ ਸੇਵਾ ਕਰਨ ਦੇ ਬਹੁਤ ਸਾਰੇ ਢੰਗ ਹਨ। ਇਹ ਸੇਵਾ ਵੱਖ ਵੱਖ ਗੁਰਦੁਆਰੇ ਉਸਾਰਨ ਦੀ ਥਾਂ ਪਿੰਡਾਂ ਥਾਂਵਾਂ 'ਤੇ ਸਕੂਲਾਂ, ਡਿਸਪੈਂਸਰੀਆਂ ਦੀਆਂ ਇਮਾਰਤਾਂ ਉਸਾਰ ਕੇ, ਲੋੜਵੰਦ ਬੱਚਿਆਂ ਨੂੰ ਮੁਫਤ ਵਿੱਦਿਆ ਦੇ ਕੇ, ਗਰੀਬਾਂ ਦੀ ਬਿਮਾਰੀ ਸਮੇਂ ਇਲਾਜ ਕਰਾਉਣ ਵਿਚ ਮਦਦ ਕਰਕੇ ਕੀਤੀ ਜਾ ਸਕਦੀ ਹੈ। ਪਿੰਡਾਂ ਵਿਚ ਨੌਜੁਆਨਾਂ ਲਈ ਲਾਇਬ੍ਰੇਰੀਆਂ ਖੋਲ ਕੇ, ਖੇਡਾਂ ਦਾ ਪ੍ਰਬੰਧ ਕਰਕੇ ਜੁਆਨੀ ਨੂੰ ਨਸ਼ਿਆਂ ਤੋਂ ਮੁਕਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੇ ਯਤਨਾਂ ਰਾਹੀਂ ਗੁਰੂ ਦੀ ਬਖ਼ਸ਼ਿਸ਼ ਦੇ ਭਾਗੀ ਵੀ ਬਣ ਸਕਦੇ ਹਾਂ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਵੀ ਕਰ ਸਕਦੇ ਹਾਂ।

## ਅਉਧ ਘਟੈ ਦਿਨਸੁ ਰੈਨਾਰੇ॥

### ਗੁਰਬਾਣੀ ਗਿਆਨ

**ਗਉੜੀ ਮਹਲਾ ੫॥**
ਅਉਧ ਘਟੈ ਦਿਨਸੁ ਰੈਨਾਰੇ॥
ਮਨ ਗੁਰ ਮਿਲਿ ਕਾਜ ਸਵਾਰੇ॥ ਰਹਾਉ॥
ਕਰਉ ਬੇਨੰਤੀ ਸੁਨਹੁ ਮੇਰੇ ਮੀਤਾ
ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ
ਆਗੈ ਬਸਨੁ ਸੁਹੇਲਾ॥
ਇਹੁ ਸੰਸਾਰੁ ਬਿਕਾਰੁ ਸਹਸੇ ਮਹਿ
ਤਰਿਓ ਬ੍ਰਹਮ ਗਿਆਨੀ॥
ਜਿਸਹਿ ਜਗਾਇ ਪੀਆਏ ਹਰਿ ਰਸੁ
ਅਕਥ ਕਥਾ ਤਿਨਿ ਜਾਨੀ॥
ਜਾ ਕਉ ਆਏ ਸੋਈ ਵਿਹਾਝਹੁ
ਹਰਿ ਗੁਰ ਤੇ ਮਨਹਿ ਬਸੇਰਾ॥
ਨਿਜ ਘਰ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ॥
ਅੰਤਰਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ॥
ਨਾਨਕੁ ਦਾਸੁ ਇਹੀ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਵਿਚ ਜੀਵਾਂ ਨੂੰ ਉਪਦੇਸ਼ ਕਰਦੇ ਹਨ, ਹੇ ਭਾਈ! ਤੇਰੀ ਉਮਰ ਇਕ ਇਕ ਦਿਨ ਅਤੇ ਇਕ ਇਕ ਰਾਤ ਕਰਕੇ ਘਟਦੀ ਜਾ ਰਹੀ ਹੈ; ਹੇ ਮੇਰੇ ਮਨ, ਜਿਸ ਕੰਮ ਲਈ ਤੂੰ ਇਸ ਜਗਤ ਵਿਚ ਆਇਆ ਸੀ, ਉਹ ਗੁਰੂ ਨੂੰ ਮਿਲ ਕੇ ਸਿਰੇ ਚਾੜ੍ਹ ਲੈ, ਭਾਵ ਵਿਅਰਥ ਕੰਮਾਂ ਨੂੰ ਛੱਡ ਕੇ ਗੁਰੂ ਦੀ ਮੱਤ ਲੈ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰ।

ਕਰਉ ਬੇਨੰਤੀ ਸੁਨਹੁ ਮੇਰੇ ਮੀਤਾ
ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ
ਆਗੈ ਬਸਨੁ ਸੁਹੇਲਾ॥

ਗੁਰਦੇਵ ਪਿਤਾ ਜੀ ਇਸ ਜੀਵ, ਜੋ ਮਾਇਆ ਦੇ ਮੋਹ ਦੀ ਨੀਂਦ ਵਿਚ ਸੁਤਾ ਪਿਆ ਹੈ, ਨੂੰ ਜਗਾਉਂਦਿਆਂ ਆਖਦੇ ਹਨ, ਹੇ ਮੇਰੇ ਮਿੱਤਰ ਜੀ ਸੁਣ! ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿ ਇਸ ਮਨੁੱਖਾ ਜਨਮ ਨੂੰ ਅਜਾਈਂ ਨਾ ਗਵਾ, ਇਹ ਤਾਂ ਸੰਤਾਂ ਦੀ ਸੇਵਾ ਕਰਨ ਦਾ ਸਮਾਂ ਹੈ। ਹੇ ਭਾਈ, ਇਥੋਂ ਹਰਿ ਨਾਮ ਦਾ ਲਾਹਾ ਖੱਟ ਕੇ ਤੁਰੋਗੇ ਤਾਂ ਅੱਗੇ ਪਰਲੋਕ ਵਿਚ ਵੱਸਣਾ ਸੌਖਾ ਪ੍ਰਾਪਤ ਹੋ ਜਾਵੇਗਾ।

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ
ਤਰਿਓ ਬ੍ਰਹਮ ਗਿਆਨੀ॥
ਜਿਸਹਿ ਜਗਾਇ ਪੀਆਏ ਹਰਿ ਰਸੁ
ਅਕਥ ਕਥਾ ਤਿਨਿ ਜਾਨੀ॥

ਗੁਰਦੇਵ ਜੀ ਆਖਦੇ ਹਨ, ਭਾਈ! ਇਹ ਸਾਰਾ ਸੰਸਾਰ ਤਾਂ ਵਿਕਾਰਾਂ ਦਾ ਰੂਪ ਹੀ ਬਣਿਆ ਪਿਆ ਹੈ, ਵਿਕਾਰਾਂ ਵਿਚ ਫਸ ਕੇ ਜੀਵ ਚਿੰਤਾ ਅਤੇ ਫਿਕਰਾਂ ਵਿਚ ਹੀ ਡੁਬੇ ਰਹਿੰਦੇ ਹਨ, ਪਰ ਬ੍ਰਹਮ ਗਿਆਨੀ ਤਾਂ ਉਹ ਹੀ ਹੈ ਜਿਸ ਨੇ ਉਸ ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ ਹੈ, ਉਹ ਇਸ ਸੰਸਾਰ ਸਮੁੰਦਰ ਵਿਚੋਂ ਪਾਰ ਲੰਘ ਜਾਂਦਾ ਹੈ; ਜਿਸ ਨੂੰ ਉਹ ਮਿਹਰਬਾਨ ਪ੍ਰਭੂ ਵਿਕਾਰਾਂ ਦੀ ਨੀਂਦ ਵਿਚੋਂ ਜਗਾ ਕੇ ਆਪਣਾ ਹਰਿਨਾਮ ਰਸ ਪਿਲਾਉਂਦਾ ਹੈ, ਉਸ ਦੀ ਪ੍ਰਭੂ ਪ੍ਰੀਤ ਦੀ ਅਕਥ ਕਥਾ ਬਿਆਨ ਨਹੀਂ ਕੀਤੀ ਜਾ ਸਕਦੀ।

ਜਾ ਕਉ ਆਏ ਸੋਈ ਵਿਹਾਝਹੁ
ਹਰਿ ਗੁਰ ਤੇ ਮਨਹਿ ਬਸੇਰਾ॥
ਨਿਜ ਘਰ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ॥

ਸਤਿਗੁਰੂ ਉਪਦੇਸ਼ ਕਰਦੇ ਹਨ, ਹੇ ਭਾਈ ਤੁਸੀਂ ਜੋ ਨਾਮ ਰੂਪੀ ਪਦਾਰਥ ਖਰੀਦਣ ਲਈ ਇਸ ਜਗਤ ਵਿਚ ਆਏ ਹੋ, ਉਹ ਸੌਦਾ ਹੀ ਖਰੀਦੋ, ਗੁਰੂ ਦੀ ਕਿਰਪਾ ਨਾਲ ਹੀ ਉਸ ਪਰਮ ਪਿਤਾ ਦਾ ਵਾਸਾ ਮਨ ਵਿਚ ਹੋ ਸਕਦਾ ਹੈ; ਹੇ ਭਾਈ, ਗੁਰੂ ਦੀ ਸ਼ਰਨ ਪੈ ਕੇ, ਆਤਮਕ ਅਡੋਲਤਾ ਦੇ ਅਨੰਦ ਵਿਚ ਟਿਕ ਕੇ ਆਪਣੇ ਹਿਰਦੇ ਘਰ ਵਿਚ ਪਰਮਾਤਮਾ ਦਾ ਟਿਕਾਣਾ ਲੱਭੋ, ਇਸ ਤਰ੍ਹਾਂ ਮੁੜ ਕੇ ਜਨਮ ਮਰਨ ਦਾ ਗੇੜਾ ਨਹੀਂ ਹੋਵੇਗਾ।

ਅੰਤਰਜਾਮੀ ਪੁਰਖ ਬਿਧਾਤੇ
ਸਰਧਾ ਮਨ ਕੀ ਪੂਰੇ॥
ਨਾਨਕੁ ਦਾਸੁ ਇਹੀ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ॥

ਸ਼ਬਦ ਦੇ ਆਖੀਰ ਵਿਚ ਬਾਣੀ ਦੇ ਬੋਹਿਥ ਸਤਿਗੁਰੂ ਬਚਨ ਕਰਦੇ ਹਨ, ਹੇ ਮਿਹਰਬਾਨ ਅੰਤਰਜਾਮੀ ਪਿਤਾ, ਹੇ ਸਰਬ ਵਿਆਪਕ, ਹੇ ਕਰਤਾਰ, ਮੇਰੇ ਮਨ ਦੀ ਸ਼ਰਧਾ ਆਸ ਪੂਰੀ ਕਰੋ ਜੀ। 'ਨਾਨਕੁ ਦਾਸੁ ਇਹੀ ਸੁਖੁ ਮਾਗੈ॥' ਪਿਤਾ ਜੀ ਤੇਰਾ ਇਹ ਦਾਸ ਨਾਨਕ ਤੇਰੇ ਕੋਲੋਂ ਇਹੋ ਹੀ ਸੁਖ ਮੰਗਦਾ ਹੈ। ਹੇ ਪਰਮ ਪਿਤਾ ਪ੍ਰਭੂ, ਮੈਨੂੰ ਆਪਣੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਾ ਦਿਓ ਜੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

ਕਹਾਣੀ

# ਹੱਥਾਂ ਦੀ ਕਮਾਈ

***ਕਹਾਣੀਕਾਰ ਮੁਹੰਮਦ ਸਲੀਮ ਅਖਤਰ ਦੀ ਲਿਖੀ ਕਹਾਣੀ 'ਹੱਥਾਂ ਦੀ ਕਮਾਈ' ਦੀ ਪਰਤ ਭਾਵੇਂ ਇਕਹਿਰੀ ਜਾਪਦੀ ਹੈ ਪਰ ਕਹਾਣੀ ਪੜ੍ਹਦਿਆਂ ਪਾਠਕ ਦੇ ਜ਼ਿਹਨ ਅੰਦਰ ਕਈ ਕਹਾਣੀਆਂ ਦੀ ਲੜੀ ਤੁਰਦੀ ਜਾਂਦੀ ਹੈ। ਇਹ ਲੜੀ ਮੁੱਖ ਪਾਤਰ ਦੁਆਲੇ ਘੁੰਮਦੀ ਹੈ ਜੋ ਜ਼ਿੰਦਗੀ ਦੇ ਚੱਕਰਵਿਊ ਵਿਚ ਘੁੰਮਦਾ ਖੁਦ ਇਸ ਅੰਦਰ ਫਸਿਆ ਪਿਆ ਹੈ। ਇਸ ਦਾ ਅਹਿਸਾਸ ਉਸ ਨੂੰ ਚਿਰਾਂ ਬਾਅਦ ਉਸ ਵਕਤ ਹੁੰਦਾ ਹੈ ਜਦੋਂ ਉਸ ਕੋਲ ਕਹਿਣ ਲਈ ਕੁਝ ਵੀ ਨਹੀਂ ਬਚਦਾ। -ਸੰਪਾਦਕ***

'ਮਿਹਨਤ ਵਿਚ ਇੱਜ਼ਤ ਹੈ। ਜੋ ਸੁਆਦ ਜਾਂ ਮਜ਼ਾ ਹੱਥਾਂ ਨਾਲ ਕਮਾਏ ਰਿਜ਼ਕ (ਧਨ) ਵਿਚ ਹੈ, ਉਹ ਕਿਸੇ ਹੋਰ ਚੀਜ਼ ਵਿਚ ਨਹੀਂ।' ਪਿਤਾ ਜੀ ਦੇ ਇਹ ਵਚਨ ਮੈਂ ਇਕ ਕੰਨ 'ਚੋਂ ਸੁਣਦਾ ਅਤੇ ਦੂਜੇ ਕੰਨ ਵਿਚੋਂ ਬਾਹਰ ਕਢ ਦਿੰਦਾ। ਮੈਂ ਵਡੇ ਸੁਪਨੇ ਦੇਖਦਾ, ਜਿਹੜੇ ਮਿਹਨਤ ਬਿਨਾ ਸਾਕਾਰ ਨਹੀਂ ਹੁੰਦੇ। ਮੈਂ ਮਿਹਨਤ ਤੋਂ ਬਿਨਾ ਸਿਖਰ 'ਤੇ ਪਹੁੰਚਣਾ ਚਾਹੁੰਦਾ ਸਾਂ। ਪਿੱਛਾ ਮੇਰਾ ਇਹ ਸੀ ਕਿ ਮੇਰਾ ਪਿਤਾ ਜੁੱਤੀਆਂ ਗੰਢਦਾ ਅਤੇ ਲੋਕ ਉਸ ਨੂੰ ਦਾਲੂ ਮੋਚੀ ਕਹਿੰਦੇ। ਮੇਰਾ ਨਾਂ ਗੁਲੂ ਮੋਚੀ ਵਜੋਂ ਮਸ਼ਹੂਰ ਸੀ, ਭਾਵੇਂ ਮੇਰਾ ਆਪਣਾ ਨਾਂ ਗੁਲਜ਼ਾਰ ਸੀ। ਅਸੀਂ ਪਿੰਡ ਦੇ ਚੌਧਰੀਆਂ, ਨੰਬਰਦਾਰਾਂ ਅਤੇ ਜ਼ਿਮੀਂਦਾਰਾਂ ਆਸਰੇ ਜਿਉਂਦੇ ਸਾਂ ਜਾਂ ਦਿਨ ਕਟੀ ਕਰਦੇ ਸਾਂ। ਫਸਲ ਪਕ ਜਾਣ 'ਤੇ ਜ਼ਿਮੀਂਦਾਰ ਕਣਕ ਅਤੇ ਦਾਲਾਂ ਭਿਛਿਆ ਵਜੋਂ ਸਾਨੂੰ ਦੇਂਦੇ। ਖੁਸ਼ੀ ਗਮੀ ਦੇ ਮੌਕੇ ਪਿਤਾ ਜੀ ਕੋਲੋਂ ਕੰਮੀਆਂ ਵਾਲਾ ਕੰਮ ਲਿਆ ਜਾਂਦਾ ਅਤੇ ਪਿਤਾ ਜੀ ਸਬਰ ਸ਼ੁਕਰ ਕਰਦੇ। ਉਹ ਪੰਜ ਵੇਲੇ ਨਮਾਜ ਪਾਬੰਦੀ ਨਾਲ ਅਦਾ ਕਰਦੇ ਅਤੇ

ਮੁਹੰਮਦ ਸਲੀਮ ਅਖਤਰ

ਕਦੀ ਕਦੀ ਅਜ਼ਾਨ (ਬਾਂਗ) ਵੀ ਦਿੰਦੇ। ਉਨ੍ਹਾਂ ਦੀ ਆਵਾਜ਼ 'ਚ ਸਰੂਰ ਸੀ। ਜਦੋਂ ਕਦੀ ਪਿੰਡ ਦਾ ਨੰਬਰਦਾਰ ਜਾਂ ਚੌਧਰੀ ਉਨ੍ਹਾਂ ਦੀ ਬਾਂਗ ਸੁਣ ਲੈਂਦਾ ਤਾਂ ਉਨ੍ਹਾਂ ਪਾਸੋਂ ਪ੍ਰਸ਼ੰਸਾ ਸੁਣ ਪਿਤਾ ਜੀ ਖੁਸ਼ ਹੋ ਜਾਂਦੇ, ਭਾਵੇਂ ਇਹ ਲੋਕ ਮਸਜਿਦ ਘਟ ਹੀ ਆਉਂਦੇ।

ਮੇਥੋਂ ਵਡੀਆਂ ਦੋ ਭੈਣਾਂ ਸਨ। ਮੈਂ ਉਨ੍ਹਾਂ ਦਾ ਇਕਲੌਤਾ ਭਰਾ। ਇਸ ਲਈ ਸਾਰੇ ਘਰ ਦਾ ਲਾਡਲਾ। ਸਭ ਚਾਹੁੰਦੇ ਸਨ ਕਿ ਵਿਦਿਆ ਹਾਸਲ ਕਰ ਕੇ ਖਾਨਦਾਨ ਦਾ ਨਾਂ ਰੋਸ਼ਨ ਕਰਾਂ। ਮੈਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਦਾਖਲ ਕਰਵਾਇਆ ਗਿਆ, ਪਰ ਮੇਰਾ ਦਿਲ ਪੜ੍ਹਾਈ ਵਿਚ ਨਾ ਲਗਦਾ। ਮੈਨੂੰ ਗਡੀਆਂ ਬੱਸਾਂ ਵਿਚ ਸੈਰ ਕਰਨ ਦਾ ਸ਼ੌਕ ਸੀ। ਮੈਂ ਆਪਣੀ ਗਡੀ ਦੇ ਸੁਪਨੇ ਦੇਖਦਾ। ਇਹੋ ਕਾਰਨ ਸੀ ਕਿ ਪੰਜਵੀਂ ਜਮਾਤ ਵੀ ਪਾਸ ਨਾ ਕਰ ਸਕਿਆ। ਦੂਜੀ ਵਾਰ ਫੇਲ੍ਹ ਹੋਣ 'ਤੇ ਮੈਨੂੰ ਸਕੂਲੋਂ ਹਟਾ ਲਿਆ ਗਿਆ। ਮੈਂ ਪਿਤਾ ਜੀ ਦੇ ਨਾਲ ਕੰਮ ਕਰਨ ਲੱਗਾ। ਉਨ੍ਹਾਂ ਦੇ ਡਰੋਂ ਮੈਂ ਜੱਦੀ ਕੰਮ ਸਿੱਖ ਤਾਂ ਲਿਆ ਪਰ ਉਸ ਨੂੰ ਪੇਸ਼ੇ ਦੇ ਤੌਰ 'ਤੇ ਅਪਨਾਉਣਾ ਨਹੀਂ ਸੀ ਚਾਹੁੰਦਾ। ਮੈਨੂੰ ਇਸ ਕੰਮ ਨਾਲ ਨਫਰਤ ਸੀ। ਪਿੰਡ ਦੇ ਲੋਕ ਮੈਨੂੰ ਗੁਲੂ ਮੋਚੀ ਕਹਿੰਦੇ ਤਾਂ ਮੇਰੇ ਅੰਦਰ ਅੱਗ ਲਗ ਜਾਂਦੀ। ਜੀ ਕਰਦਾ ਉਨ੍ਹਾਂ ਦੀ ਜੀਭ ਖਿਚ ਲਵਾਂ, ਜਿਹੜੇ ਮੈਨੂੰ ਮੋਚੀ ਕਹਿੰਦੇ ਹਨ। ਪਰ ਮੈਨੂੰ ਪਤਾ ਸੀ, ਇਕ ਗਰੀਬ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਗਰੀਬੀ ਅਪਰਾਧ ਹੈ। ਕਾਸ਼! ਮੈਂ ਦਿਲ ਲਾ ਕੇ ਪੜ੍ਹਾਈ ਕਰਦਾ ਤਾਂ ਜੀਵਨ ਸੁਧਰ ਜਾਂਦਾ। ਪਰ ਕੀ ਕੀਤਾ ਜਾ ਸਕਦਾ ਸੀ। ਪਿਤਾ ਜੀ ਨੂੰ ਵਾਰ-ਵਾਰ ਕਿਹਾ ਕਿ ਮੋਚੀ ਦਾ ਕੰਮ ਛਡ ਦਿਓ।

ਪਿਤਾ ਜੀ ਕਹਿੰਦੇ, "ਮੈਂ ਮਿਹਨਤ ਕਰਦਾ ਹਾਂ ਅਤੇ ਆਪਣੇ ਹੱਥਾਂ ਦੀ ਕਮਾਈ ਖਾਂਦਾ ਹਾਂ, ਮੈਂ ਝੋਲੀ ਨਹੀਂ ਅਡਦਾ।" ਪਰ ਮੈਨੂੰ ਇਹ ਜਵਾਬ ਅੱਛਾ ਨਾ ਲਗਦਾ। ਮੈਂ ਕਹਿੰਦਾ, ਪਿਤਾ ਜੀ ਮੈਂ ਇਕ ਦਿਨ ਤੁਹਾਡਾ ਇਹ ਕੰਮ ਛੁਡਵਾ ਕੇ ਸਾਹ ਲਵਾਂਗਾ। ਲੋਕ ਮੇਰੀ ਇੱਜ਼ਤ ਕਰਨਗੇ। ਮੈਂ ਘਰ 'ਚੋਂ ਗਰੀਬੀ ਦੂਰ ਕਰ ਦਿਆਂਗਾ।

"ਸ਼ੇਖ ਚਿਲੀ ਵਾਲੇ ਸੁਪਨੇ ਦੇਖਣੇ ਬੰਦ ਕਰ। ਪੰਜ ਜਮਾਤਾਂ ਤਾਂ ਪਾਸ ਨਹੀਂ ਕਰ ਸਕਿਆ, ਹੋਰ ਕੀ ਕਰੇਂਗਾ?" ਪਿਤਾ ਜੀ ਵਿਅੰਗ ਦੇ ਅੰਦਾਜ ਨਾਲ ਮੇਰਾ ਮੂੰਹ ਬੰਦ ਕਰ ਦਿੰਦੇ। ਮੈਂ ਅੰਦਰ ਹੀ ਅੰਦਰ ਕੁੜ੍ਹਦਾ ਉਬਲਦਾ, ਪਰ ਬੇਬਸ ਸੀ। ਮਜਬੂਰ ਹੋ ਕੇ ਪਿਤਾ ਜੀ ਨਾਲ ਜੱਦੀ ਕੰਮ ਕਰਦਾ। ਕਦੀ ਕਦੀ ਜੀ ਕਰਦਾ ਕਿ ਘਰ ਤੋਂ ਨੱਸ ਜਾਵਾਂ। ਪਰ ਪੱਲੇ ਪੈਸਾ ਨਹੀਂ ਸੀ। ਮੈਂ ਨੌਕਰੀ ਦੀ ਤਲਾਸ਼ ਵਿਚ ਸ਼ਹਿਰ ਗਿਆ ਪਰ ਪੜ੍ਹਿਆ ਨਾ ਹੋਣ ਕਰ ਕੇ ਕੋਈ ਪੱਠੇ ਨਾ ਪਾਉਂਦਾ।

ਸਾਡੇ ਪਿੰਡ ਤੋਂ ਦੋ ਮੀਲ ਦੀ ਵਿਥ 'ਤੇ ਇਕ ਹੋਰ ਪਿੰਡ ਸੀ। ਉਥੋਂ ਦੇ ਲੋਕ ਵੀ ਸਾਡੇ ਪਾਸ ਜੁੱਤੀਆਂ ਮੁਰੰਮਤ ਕਰਾਉਣ ਆਉਂਦੇ ਸਨ। ਇਸ ਪਿੰਡ ਦਾ ਇਕ ਆਦਮੀ ਵਕੀਲ ਸੀ। ਉਹ ਸ਼ਹਿਰ ਵਿਚ ਰਹਿੰਦਾ ਸੀ ਤੇ ਉਥੇ ਹੀ ਵਕਾਲਤ ਕਰਦਾ ਸੀ। ਪਿਤਾ ਜੀ ਨਾਲ ਉਨ੍ਹਾਂ ਦੀ ਦੁਆ-ਸਲਾਮ ਸੀ। ਇਸ ਕਾਰਨ ਉਹ ਮਿਲਣ ਲਈ ਆ ਗਿਆ। ਗੱਲਾਂ-ਗੱਲਾਂ ਵਿਚ ਮੇਰਾ ਜ਼ਿਕਰ ਹੋ ਗਿਆ ਤਾਂ ਪਿਤਾ ਜੀ ਨੇ ਕਿਹਾ:

"ਗੁਲੂ ਆਪਣੇ ਜੱਦੀ ਕੰਮ ਵਿਚ ਧਿਆਨ ਨਹੀਂ ਲਾਉਂਦਾ, ਵਕੀਲ ਸਾਹਿਬ। ਇਸ ਨੂੰ ਸ਼ਹਿਰ ਵਿਚ ਨੌਕਰੀ ਦਵਾ ਦਿਓ।"

"ਜੇਕਰ ਗੁਲੂ ਪੜ੍ਹਿਆ ਹੁੰਦਾ ਤਾਂ ਮੈਂ ਉਸ ਨੂੰ ਆਪਣਾ ਮੁਨਸ਼ੀ ਬਣਾ ਲੈਂਦਾ। ਹੁਣ ਤਾਂ ਇਹੋ ਹੋ ਸਕਦਾ ਹੈ ਕਿ ਆਪਣੇ ਦਫਤਰ ਦੇ ਕੰਮ ਅਤੇ ਸਫਾਈ ਆਦਿ ਲਈ ਰਖ ਲਵਾਂ। ਦਫਤਰ ਵਿਚ ਹੀ ਰਹਿ ਲਵੇਗਾ। ਕਚਹਿਰੀ ਦੀ ਕੰਟੀਨ ਵਿਚ ਖਾਣਾ ਖਾ ਲਿਆ ਕਰੇਗਾ। ਮੈਂ ਇਸ ਨੂੰ ਇਕ ਹਜ਼ਾਰ ਰੁਪਏ ਤਨਖਾਹ ਵੀ ਦੇ ਦਿਆ ਕਰਾਂਗਾ।"

ਵਕੀਲ ਸਾਹਿਬ ਦੀ ਗੱਲ ਸੁਣ ਕੇ ਮੈਂ ਆਕਾਸ਼ ਵਿਚ ਉਡਣ ਲੱਗਾ। ਉਨ੍ਹਾਂ ਦੀ ਗੱਲ ਮੰਨ ਕੇ ਮੈਂ ਸ਼ਹਿਰ ਆ ਗਿਆ। ਉਨ੍ਹਾਂ ਦਾ ਦਫਤਰ ਜ਼ਿਲ੍ਹਾ ਕਚਹਿਰੀ ਨਾਲ ਸੀ ਅਤੇ ਮੈਂ ਉਨ੍ਹਾਂ ਦਾ ਚਪੜਾਸੀ ਸਾਂ। ਮੈਂ ਬਹੁਤ ਖੁਸ਼ ਸਾਂ। ਜਦੋਂ ਕਦੀ ਉਨ੍ਹਾਂ ਦੇ ਨਾਲ ਏਅਰ ਕੰਡੀਸ਼ਂਡ ਗੱਡੀ ਵਿਚ ਬੈਠਦਾ ਤਾਂ ਜਾਪਦਾ ਜਿਵੇਂ ਜੰਨਤ ਵਿਚ ਹਾਂ। ਮੈਂ ਉਨ੍ਹਾਂ ਦੀ ਕਾਰ ਧੋਂਦਾ, ਕਦੀ ਸ਼ਿਕਾਇਤ ਦਾ ਮੌਕਾ ਨਾ ਦਿੰਦਾ। ਦਫਤਰ ਦੀ ਸਫਾਈ ਤੇ ਹੋਰ ਕੰਮ ਇਮਾਨਦਾਰੀ ਅਤੇ ਲਗਨ ਨਾਲ ਕਰਦਾ। ਵਕੀਲ ਸਾਹਿਬ ਖੁਸ਼ੀ ਨਾਲ ਤਨਖਾਹ ਤੋਂ ਬਿਨਾ ਕੁਝ ਨਾ ਕੁਝ ਦੇ ਦਿੰਦੇ।

ਮੈਂ ਕਚਹਿਰੀ ਦੇ ਮਾਹੌਲ ਵਿਚ ਰਚ-ਮਿਚ ਗਿਆ। ਪੰਜ ਸਾਲ ਇਵੇਂ ਹੀ ਬੀਤ ਗਏ। ਇਸ ਸਮੇਂ ਵਿਚ ਮੇਰੇ ਪਿਤਾ ਜੀ ਨੇ ਮੇਰੀਆਂ ਦੋਹਾਂ ਭੈਣਾਂ ਦਾ ਵਿਆਹ ਆਪਣੀ ਬਰਾਦਰੀ ਵਿਚ ਕਰ ਦਿਤਾ। ਇਸ ਵਿਚ ਮੇਰੀ ਕਮਾਈ ਵੀ ਸ਼ਾਮਿਲ ਸੀ। ਉਨ੍ਹਾਂ ਪੰਜਾਂ ਸਾਲਾਂ ਵਿਚ ਮੈਂ ਦੁਨੀਆਂ ਦੇ ਰੰਗ ਰੂਪ ਤੋਂ ਅੱਛੀ ਤਰ੍ਹਾਂ ਵਾਕਫ਼ ਹੋ ਗਿਆ। ਕਚਹਿਰੀ ਵਿਚ ਗਰੀਬ ਅਤੇ ਬੇਬਸ ਲੋਕਾਂ ਦੇ ਨਾਲ ਕਿਵੇਂ ਵਧੀਕੀਆਂ ਹੁੰਦੀਆਂ ਹਨ, ਇਹ ਵੀ ਜਾਣ ਗਿਆ। ਦੁਨੀਆਂ ਕੇਵਲ ਪੈਸੇ ਵਾਲੇ ਨੂੰ ਸਲਾਮ ਕਰਦੀ ਹੈ। ਇਕ ਦੂਜੇ ਨਾਲ ਪੈਸੇ ਦੀ ਖਾਤਰ ਹੱਥ ਮਿਲਾਏ ਜਾਂਦੇ ਹਨ। ਧਨ ਦੌਲਤ ਦੀ ਖਾਤਰ ਬੇਟਾ ਬਾਪ ਦਾ ਅਤੇ ਭਰਾ ਭਰਾ ਦਾ ਵੈਰੀ ਹੈ। ਕਚਹਿਰੀ ਦੇ ਅੰਦਰ ਕੇਵਲ ਇਕ ਹੀ ਝਨਕਾਰ ਸੁਣਾਈ ਦਿੰਦੀ- ਪੈਸਾ ਅਤੇ ਕੇਵਲ ਪੈਸਾ।

ਉਸ ਦਿਨ ਮੇਰੇ ਵਕੀਲ ਸਾਹਿਬ ਕਿਸੇ ਦੂਜੇ ਸ਼ਹਿਰ ਦੀ ਅਦਾਲਤ ਗਏ ਹੋਏ ਸਨ। ਮੁਨਸ਼ੀ ਵੀ ਨਾ ਆਇਆ। ਮੈਂ ਦਫਤਰ ਵਿਚ ਇਕੱਲਾ ਸਾਂ ਕਿ ਇਕ ਹੋਰ ਵਕੀਲ ਸਾਹਿਬ ਆ ਗਏ। ਉਨ੍ਹਾਂ ਮੈਥੋਂ ਸਾਹਿਬ ਬਾਰੇ ਪੁਛਿਆ ਤਾਂ ਮੈਂ ਦੱਸ ਦਿਤਾ ਕਿ ਉਹ ਦੂਜੇ ਸ਼ਹਿਰ ਦੀ ਅਦਾਲਤ ਵਿਚ ਗਏ ਹਨ। ਮੁਨਸ਼ੀ ਬਾਰੇ ਪੁਛਿਆ ਤਾਂ ਮੈਂ ਕਿਹਾ, ਉਸ ਨੇ ਛੁਟੀ ਕਰ ਲਈ ਹੈ।

"ਤੂੰ ਕੀ ਕਰ ਰਿਹਾ ਹੈਂ?" ਉਸ ਨੇ ਮੇਰੇ ਵਲ ਘੂਰਦੇ ਹੋਏ ਕਿਹਾ।

"ਮੈਂ ਕੁਝ ਨਹੀਂ ਕਰ ਰਿਹਾ। ਵਕੀਲ ਸਾਹਿਬ ਦਾ ਹੁਕਮ ਸੀ ਕਿ ਦਫਤਰ ਖੁਲ੍ਹਾ ਰਖਾਂ।"

"ਇਕ ਕੰਮ ਕਰੇਂਗਾ?" ਉਨ੍ਹਾਂ ਪੁੱਛਿਆ।



"ਮੇਰੇ ਵਸ ਦਾ ਹੋਇਆ ਤਾਂ ਕਰਾਂਗਾ ਜਨਾਬ।" ਮੈਂ ਇੱਜ਼ਤ-ਮਾਣ ਕਰਦੇ ਹੋਏ ਉਤਰ ਦਿਤਾ।

"ਮੇਰੇ ਇਕ ਮੁਕੱਦਮੇ ਵਿਚ ਗਵਾਹ ਦੀ ਲੋੜ ਹੈ"। ਉਸ ਨੇ ਭੇਤ ਭਰੇ ਢੰਗ ਵਿਚ ਕਿਹਾ।

"ਮੇਰਾ ਇਸ ਨਾਲ ਕੀ ਸਬੰਧ?" ਮੈਂ ਅਣਜਾਣ ਬਣ ਗਿਆ।

"ਜੇਕਰ ਤੂੰ ਗਵਾਹ ਬਣ ਜਾਵੇਂ ਤਾਂ...।"

"ਤਾਂ ਫਿਰ ਕੀ ਹੋ ਜਾਵੇਗਾ?" ਮੈਂ ਪੁਛਿਆ।

"ਪੂਰੇ ਦੋ ਹਜ਼ਾਰ ਮਿਲਣਗੇ। ਇਕ ਹਜ਼ਾਰ ਹੁਣ ਤੇ ਇਕ ਹਜ਼ਾਰ ਬਾਅਦ ਵਿਚ।" ਉਸ ਹਜ਼ਾਰ ਰੁਪਏ ਦਾ ਨੋਟ ਮੇਰੀ ਜੇਬ ਵਿਚ ਤੁੰਨਦੇ ਹੋਏ ਕਿਹਾ।

"ਮੈਨੂੰ ਸੋਚਣ ਦਿਓ।" ਮੈਂ ਘਬਰਾਹਟ ਵਿਚ ਸੀ।

"ਕੁਝ ਨਹੀਂ ਹੋਵੇਗਾ, ਗੁਲੂ ਬਾਦਸ਼ਾਹ! ਸੋਚੋ ਨਾ।" ਪਤਾ ਨਹੀਂ ਉਸ ਦੀਆਂ ਗੱਲਾਂ ਵਿਚ ਕੀ ਜਾਦੂ ਸੀ ਕਿ ਮੈਂ ਉਸ ਦੀ ਗੱਲ ਮੰਨ ਲਈ। ਉਸ ਨੇ ਉਥੇ ਹੀ ਮੈਨੂੰ ਬਿਆਨ ਸਮਝਾ ਦਿਤਾ।

ਜਦੋਂ ਮੈਂ ਝੂਠੀ ਗਵਾਹੀ ਦੇ ਕੇ ਬਾਹਰ ਨਿਕਲਿਆ ਤਾਂ ਇਕ ਹਜ਼ਾਰ ਦਾ ਹੋਰ ਨੋਟ ਮੇਰੀ ਜੇਬ ਵਿਚ ਸੀ। ਇਕ ਹਜ਼ਾਰ ਤਾਂ ਮੇਰੀ ਮਹੀਨੇ ਭਰ ਦੀ ਕਮਾਈ ਸੀ। ਪਰ ਹੁਣ ਮੈਂ ਦੋ ਘੰਟਿਆਂ ਵਿਚ ਏਨੇ ਕਮਾ ਲਏ ਸਨ। ਬਸ ਇਥੋਂ ਹੀ ਮੇਰੇ ਜੀਵਨ ਵਿਚ ਮੋੜ ਆ ਗਿਆ।

ਮੈਂ ਆਪਣੇ ਮਿਹਰਬਾਨ ਵਕੀਲ ਸਾਹਿਬ ਦੀ ਨੌਕਰੀ ਛਡ ਦਿਤੀ ਅਤੇ ਝੂਠੀ ਗਵਾਹੀ ਦੇਣ ਦਾ ਪੇਸ਼ਾ ਅਪਨਾ ਲਿਆ। ਮੈਂ ਪੂਰੀ ਕਚਹਿਰੀ ਵਿਚ 'ਗੁਲੂ ਬਾਦਸ਼ਾਹ' ਕਰ ਕੇ ਮਸ਼ਹੂਰ ਹੋ ਗਿਆ। ਮੈਂ ਕਚਹਿਰੀਆਂ ਵਿਚ ਭਟਕਣ ਵਾਲੇ ਲੋਕਾਂ ਨੂੰ ਵਕੀਲ ਕਰ ਦਿੰਦਾ, ਨਕਲਾਂ ਕਢਵਾ ਦਿੰਦਾ, ਅਸ਼ਟਾਮ ਪੇਪਰ ਖਰੀਦ ਦਿੰਦਾ ਅਤੇ ਇਹੋ ਜਿਹੇ ਹੋਰ ਕਈ ਧੰਦੇ ਕਰਨ ਲਗ ਪਿਆ। ਝੂਠ, ਬੇਈਮਾਨੀ ਅਤੇ ਗੁਨਾਹ ਭਰੀ ਜ਼ਿੰਦਗੀ ਨੇ ਮੈਨੂੰ ਨਵੀਆਂ ਲੱਜ਼ਤਾਂ ਦੀ ਪਛਾਣ ਕਰਵਾਈ। ਮੈਂ ਇਸ ਪੇਸ਼ੇ ਵਿਚ ਖੂਬ ਖੱਟੀ ਕੀਤੀ।

ਗੁਨਾਹ ਭਰੇ ਜੀਵਨ ਵਿਚ ਇਕ ਸੁਆਦ, ਸਰੂਰ ਅਤੇ ਨਸ਼ਾ ਹੁੰਦਾ ਹੈ ਜਿਹੜਾ ਇਨਸਾਨ ਨੂੰ ਸੋਚਣ ਸਮਝਣ ਨਹੀਂ ਦਿੰਦਾ। ਇਹੋ ਹਾਲ ਮੇਰਾ ਹੋਇਆ। ਝੂਠੀਆਂ ਗਵਾਹੀਆਂ ਨਾਲ ਕਈ ਅਪਰਾਧੀਆਂ ਅਤੇ ਗੁਨਾਹਗਾਰਾਂ ਦਾ ਜੀਵਨ ਲੰਮਾ ਹੋ ਗਿਆ। ਉਹ ਅਪਰਾਧੀ ਹੋ ਕੇ ਵੀ ਬਚ ਗਏ। ਬੇਕਸੂਰ ਕਸੂਰਵਾਰ ਹੋ ਗਏ। ਕਈ ਘਰਾਂ ਵਿਚ ਹਨੇਰਾ ਹੀ ਹਨੇਰਾ ਹੋ ਗਿਆ। ਕਈ ਘਰਾਂ ਵਿਚ ਵੈਣ ਪਏ। ਕਿਤੇ ਹਾਸੇ ਕਿਤੇ ਹੰਝੂ।

ਮੇਰੇ ਪਾਸ ਹੁਣ ਗੱਡੀ ਆ ਗਈ। ਸ਼ਹਿਰ ਵਿਚ ਮਕਾਨ ਵੀ ਖਰੀਦ ਲਿਆ। ਵਿਆਹ ਵੀ ਹੋ ਗਿਆ। ਮੈਂ ਅੱਛਾ ਖਾਂਦਾ-ਪੀਂਦਾ ਅਤੇ ਪਹਿਨਦਾ। ਸਿਵਾਏ ਈਦ ਦੀ ਨਮਾਜ ਦੇ ਮੈਂ ਹੋਰ ਕੋਈ ਨਮਾਜ ਨਾ ਪੜ੍ਹਦਾ। ਜੁੰਮੇ ਦੀ ਨਮਾਜ ਵੀ ਕਦੇ ਕਦਾਈਂ। ਗਡੀ ਵਿਚ ਬੈਠ ਕੇ ਜਦੋਂ ਪਿੰਡ ਜਾਂਦਾ ਤਾਂ ਲੋਕ ਹੈਰਾਨ ਹੁੰਦੇ। ਹੁਣ ਮੈਨੂੰ ਗੁਲੂ ਮੋਚੀ ਦੀ ਥਾਂ 'ਗੁਲੂ ਬਾਦਸ਼ਾਹ' ਕਹਿ ਕੇ ਬੁਲਾਇਆ ਜਾਂਦਾ।

ਲੋਕ ਮੈਨੂੰ ਮੇਰੇ ਕੰਮ ਧੰਦੇ ਅਤੇ ਕਮਾਈ ਬਾਰੇ ਪੁਛਦੇ ਤਾਂ ਮੈਂ ਦੱਸਦਾ ਕਿ ਮੈਂ ਜ਼ਬਾਨ ਦੀ ਕਮਾਈ ਖਾਂਦਾ ਹਾਂ, ਗੱਲਾਂ ਦਾ ਖਟਿਆ। ਮੇਰੇ ਪਿਤਾ ਜੀ ਹੱਥਾਂ ਦੀ ਕਮਾਈ ਖਾਂਦੇ ਸਨ, ਇਸ ਲਈ ਉਨ੍ਹਾਂ ਦਾ ਜੀਵਨ ਨਾ ਬਦਲਿਆ। ਮੈਂ ਗੱਲਾਂ ਦਾ ਖਟਿਆ ਖਾ ਕੇ ਮਜ਼ੇ ਦੀ ਜ਼ਿੰਦਗੀ ਬਿਤਾ ਰਿਹਾ ਹਾਂ।

ਉਸ ਦਿਨ ਕੋਈ ਗਵਾਹੀ ਦੇਣ ਲਈ ਮੈਨੂੰ ਦੂਜੇ ਸ਼ਹਿਰ ਜਾਣਾ ਪਿਆ। ਘਰੋਂ ਨਿਕਲਦਿਆਂ ਦੇਰ ਹੋ ਗਈ। ਮੈਂ ਗੱਡੀ ਤੇਜ਼ ਚਲਾਣ ਲੱਗਾ। ਸ਼ਹਿਰ ਦੇ ਨੇੜੇ ਹੀ ਸੀ ਕਿ ਅਚਾਨਕ ਕੋਈ ਬੱਚਾ ਸੜਕ ਪਾਰ ਕਰਦਿਆਂ ਮੇਰੀ ਗੱਡੀ ਸਾਹਮਣੇ ਆ ਗਿਆ। ਉਸ ਨੂੰ ਬਚਾਉਂਦਿਆਂ ਗੱਡੀ ਟਰੱਕ ਨਾਲ ਟਕਰਾ ਗਈ। ਮੈਨੂੰ ਕੋਈ ਹੋਸ਼ ਨਾ ਰਹੀ। ਤਿੰਨ ਦਿਨ ਬੇਹੋਸ਼ੀ ਦੀ ਹਾਲਤ ਵਿਚ ਹਸਪਤਾਲ ਪਿਆ ਰਿਹਾ। ਹੋਸ਼ ਆਈ ਤਾਂ ਸਾਰੇ ਸਰੀਰ 'ਤੇ ਪਟੀਆਂ ਸਨ ਅਤੇ ਮੂੰਹ ਸ਼ਿਕੰਜੇ ਵਿਚ ਜਕੜਿਆ ਹੋਇਆ ਸੀ। ਜਦੋਂ ਮੈਨੂੰ ਹੋਸ਼ ਆਇਆ ਤਾਂ ਡਾਕਟਰ ਅਤੇ ਨਰਸਾਂ ਦੌੜੇ ਮੇਰੇ ਕੋਲ ਆਏ। ਉਨ੍ਹਾਂ ਦੇ ਚਿਹਰੇ ਖੁਸ਼ੀ ਦਾ ਪ੍ਰਭਾਵ ਦੇ ਰਹੇ ਸਨ। ਜਾਪਦਾ ਸੀ ਕਿ ਮੇਰੇ ਜਿਉਂਦੇ ਰਹਿਣ ਅਤੇ ਹੋਸ਼ ਵਿਚ ਆਉਣ ਦੀ ਉਨ੍ਹਾਂ ਨੂੰ ਖੁਸ਼ੀ ਸੀ। ਏਨੇ ਵਿਚ ਪੁਲਿਸ ਇੰਸਪੈਕਟਰ ਵੀ ਅੰਦਰ ਆ ਗਿਆ। ਉਸ ਨੂੰ ਮੇਰੇ ਹੋਸ਼ ਵਿਚ ਆਉਣ ਦੀ ਖਬਰ ਮਿਲ ਗਈ ਸੀ।

"ਜੇਕਰ ਇਜਾਜ਼ਤ ਹੋਵੇ ਤਾਂ ਮੈਂ ਇਸ ਦਾ ਬਿਆਨ ਲੈ ਲਵਾਂ?" ਉਹਨੇ ਡਾਕਟਰ ਸਾਹਿਬ ਤੋਂ ਪੁਛਿਆ।

"ਕੀ ਕਰੋਗੇ ਬਿਆਨ ਲੈ ਕੇ ਜੋ ਹੋਣਾ ਸੀ, ਉਹ ਹੋ ਗਿਆ।" ਡਾਕਟਰ ਸਾਹਿਬ ਨੇ ਕਿਹਾ।

"ਕਾਨੂੰਨੀ ਕਾਰਵਾਈ ਲਈ ਇਹ ਜ਼ਰੂਰੀ ਹੈ। ਇਹ ਮੇਰਾ ਫਰਜ਼ ਵੀ ਹੈ।" ਇੰਸਪੈਕਟਰ ਦੇ ਬੋਲ ਵਿਚ ਤਲਖੀ ਸੀ।

"ਤੁਸੀਂ ਇਸ ਜ਼ਖਮੀ ਦਾ ਬਿਆਨ ਨਹੀਂ ਲੈ ਸਕਦੇ।" ਡਾਕਟਰ ਸਾਹਿਬ ਨੇ ਵੀ ਉਸੇ ਟੋਨ ਵਿਚ ਉਤਰ ਦਿਤਾ।

"ਮੈਂ ਇੰਸਪੈਕਟਰ ਹਾਂ, ਮੇਰੇ ਫਰਜ਼ ਦੀ ਰਾਹ ਵਿਚ ਰੁਕਾਵਟ ਨਾ ਬਣੋ ਡਾਕਟਰ ਸਾਹਿਬ।" ਇੰਸਪੈਕਟਰ ਦਾ ਲਹਿਜਾ ਹੋਰ ਤਲਖ ਹੋ ਗਿਆ।

"ਮੈਂ ਕਿਹਾ ਨਾ, ਤੁਸੀਂ ਇਸ ਦਾ ਬਿਆਨ ਨਹੀਂ ਲੈ ਸਕਦੇ। ਮੈਂ ਡਾਕਟਰ ਦੀ ਹੈਸੀਅਤ ਨਾਲ ਕਹਿ ਰਿਹਾ ਹਾਂ।" ਡਾਕਟਰ ਨੇ ਆਪਣਾ ਫਰਜ਼ ਉਸ ਨੂੰ ਦਸਣਾ ਚਾਹਿਆ।

"ਪਰ ਕਿਉਂ?" ਇੰਸਪੈਕਟਰ ਗੁੱਸੇ ਨਾਲ ਕੰਬ ਰਿਹਾ ਸੀ।

"ਕਿਉਂਕਿ ਇੰਸਪੈਕਟਰ ਸਾਹਿਬ, ਇਸ ਹਾਦਸੇ ਵਿਚ ਇਸ ਦੀ ਜੀਭ ਕੱਟੀ ਗਈ ਹੈ। ਹੁਣ ਇਹ ਬੋਲ ਨਹੀਂ ਸਕੇਗਾ।"

ਡਾਕਟਰ ਸਾਹਿਬ ਦੇ ਸ਼ਬਦ ਤੀਰ ਵਾਂਗ ਮੇਰੇ ਸਰੀਰ ਵਿਚ ਚੁਭ ਗਏ। ਮੇਰੀ ਗੱਲਾਂ ਦੀ ਖੱਟੀ ਰੁੜ੍ਹ ਗਈ। ਮੈਂ ਮੁੜ ਬੇਹੋਸ਼ ਹੋ ਗਿਆ।

ਇਕ ਮਹੀਨਾ ਹਸਪਤਾਲ ਵਿਚ ਰਹਿ ਕੇ ਘਰ ਆ ਗਿਆ। ਘਰ ਵਾਲੇ ਮੇਰੇ ਪਲੰਘ ਦੁਆਲੇ ਬੈਠੇ ਸਨ ਅਤੇ ਮੇਰੀਆਂ ਅੱਖਾਂ ਵਿਚ ਦੁਖ ਦਰਦ ਦੇ ਪਰਛਾਵੇਂ ਸਨ। ਉਸ ਰਾਤ ਮੈਨੂੰ ਅਹਿਸਾਸ ਹੋਇਆ ਕਿ ਮੈਂ ਕਈ ਇਨਸਾਨਾਂ ਦੇ ਅਰਮਾਨਾਂ ਅਤੇ ਉਮੰਗਾਂ ਦਾ ਖੂਨ ਕੀਤਾ ਹੈ। ਉਸ ਰਾਤ ਮੈਨੂੰ ਪਿਤਾ ਜੀ ਦੀਆਂ ਗੱਲਾਂ ਯਾਦ ਆਈਆਂ। ਉਹ ਸੱਚ ਕਹਿੰਦੇ ਸੀ ਕਿ ਹੱਥਾਂ ਦੀ ਕਮਾਈ ਵਿਚ ਇੱਜ਼ਤ ਅਤੇ ਬਰਕਤ ਹੈ। ਮੈਂ ਉਨ੍ਹਾਂ ਦੀ ਗੱਲ ਨਾ ਮੰਨੀ। ਮੈਂ ਇਹ ਵੀ ਭੁਲ ਗਿਆ ਕਿ ਧਰਤੀ ਦੀ ਮਿੱਟੀ ਜਿੰਨਾ ਵੀ ਉਪਰ ਵਲ ਉਛਾਲ ਲਵੇ, ਅਖੀਰ ਧਰਤੀ 'ਤੇ ਹੀ ਡਿਗਦੀ ਹੈ। ਮੈਂ ਵੀ ਧਰਤੀ 'ਤੇ ਆ ਗਿਆ ਸਾਂ। ਖੁਦਾ ਅੱਗੇ ਦੁਆ ਕੀਤੀ, ਗੁਨਾਹਾਂ ਦੀ ਮਾਫੀ ਮੰਗੀ ਅਤੇ ਸ਼ਹਿਰ ਛਡਣ ਦਾ ਫੈਸਲਾ ਕੀਤਾ।

ਹੁਣ ਮੈਂ ਸੜਕ ਦੇ ਕੰਢੇ ਬੈਠ ਜੱਦੀ ਕੰਮ (ਯਾਨਿ ਮੋਚੀ ਦਾ) ਕਰ ਰਿਹਾ ਹਾਂ। ਅਤੀਤ ਭੁਲਾਣਾ ਚਾਹੁੰਦਾ ਹਾਂ, ਪਰ ਭੁਲ ਨਹੀਂ ਸਕਦਾ। ਲੋਕਾਂ ਦੇ ਸਾਹਮਣੇ ਨਾ ਕੁਝ ਖਾ ਸਕਦਾ ਹਾਂ, ਨਾ ਪੀ ਸਕਦਾ ਹਾਂ। ਪਰ ਇਕ ਗੱਲ ਦਾ ਸਬਰ ਸੰਤੋਖ ਹੈ ਕਿ ਗੱਲਾਂ ਦੀ ਖੱਟੀ ਦੀ ਥਾਂ ਹੱਕ ਹਲਾਲ ਦੀ ਕਮਾਈ ਖਾਂਦਾ ਹਾਂ।

## ਵਿਸਾਖੀ

ਸ਼ਾਵਾ ਵਿਸਾਖੀ ਆਈ ਏ।
ਸ਼ਾਵਾ ਵਿਸਾਖੀ ਆਈ ਏ।
ਕਣਕਾਂ ਨੇ ਰੰਗ ਵਟਾਇਆ ਹੈ।
ਸੋਨੇ ਦਾ ਰੰਗ ਚੜ੍ਹਾਇਆ ਹੈ।
ਇਹ ਸਿੱਟੇ ਲੈਣ ਹੁਲਾਰੇ ਨੇ।
ਹਿੱਲ-ਹਿੱਲ ਕਰਨ ਇਸ਼ਾਰੇ ਨੇ।
ਉਪਰ ਕਸੀਰਾਂ ਝਾਲਰ ਲਾਈ ਏ।
ਸ਼ਾਵਾ ਵਿਸਾਖੀ ਆਈ ਏ।

ਰਲ ਬੈਠਾਂਗੇ ਠੰਢੀਆਂ ਛਾਂਵਾਂ ਵਿਚ।
ਸੱਜਣਾਂ ਦੇ ਆਉਣ ਦੇ ਚਾਵਾਂ ਵਿਚ।
ਭੰਗੜੇ ਪਾ ਕੇ ਜਸ਼ਨ ਮਨਾਵਾਂਗੇ।
ਨਾਲੇ ਗੀਤ ਖੁਸ਼ੀ ਦੇ ਗਾਵਾਂਗੇ।
ਸਧਰਾਂ ਦੀ ਮਸਤੀ ਛਾਈ ਏ।
ਸ਼ਾਵਾ ਵਿਸਾਖੀ ਆਈ ਏ।
ਖੇਤਾਂ ਦੇ ਵੱਲ ਵੀ ਜਾਵਾਂਗੇ।
ਮਿੱਠੀਆਂ ਗੋਲਾਂ ਤੋੜ ਲਿਆਵਾਂਗੇ।
ਠੰਢੀਆਂ-ਤੱਤੀਆਂ 'ਵਾਵਾਂ ਦੇ ਵਿਚ।
ਮਸਤ ਤੇ ਸ਼ੋਖ ਅਦਾਵਾਂ ਦੇ ਵਿਚ।
ਸਾਰਾ ਮੌਸਮ ਚਾਈਂ-ਚਾਈਂ ਏ।
ਸ਼ਾਵਾ ਵਿਸਾਖੀ ਆਈ ਏ।

ਮੇਲੇ ਦੇ ਵਿਚ ਜਾਵਾਂਗੇ।
ਲੱਡੂ-ਜਲੇਬੀਆਂ ਵੀ ਖਾਵਾਂਗੇ।
ਉਹ ਵੱਡੇ ਭੰਗੂੜੇ ਝੂਟਾਂਗੇ।
ਉਹ ਸਭ ਨਜ਼ਾਰੇ ਲੁੱਟਾਂਗੇ।
ਚਿਹਰੇ 'ਤੇ ਰੌਣਕ ਆਈ ਏ।
ਸ਼ਾਵਾ ਵਿਸਾਖੀ ਆਈ ਏ।

ਅੰਬਾਂ ਨੂੰ ਅੰਬੀਆਂ ਲੱਗੀਆਂ ਨੇ।
ਇਹ ਪੱਤੀਆਂ ਦੇ ਵਿਚ ਸਜੀਆਂ ਨੇ।
ਬਾਗਾਂ ਦੇ ਵਿਚ ਕੋਇਲ ਗਾਉਂਦੀ ਏ।
ਮਿੱਠੀ ਕੂਕ ਸੁਣਾਉਂਦੀ ਏ।
ਇਹ ਵਖਰੀ ਰੌਣਕ ਲਾਈ ਏ।
ਸ਼ਾਵਾ ਵਿਸਾਖੀ ਆਈ ਏ।

ਹੋਇਆ ਸੱਜਣਾਂ ਨਾਲ ਮੇਲ ਜਿਹਾ।
ਇਹ ਰੱਬ ਦਾ ਹੀ ਹੈ ਖੇਲ ਜਿਹਾ।
ਨਾ ਗਿਲੇ-ਸ਼ਿਕਵੇ ਰਹਿ ਗਏ ਨੇ।
ਪੇਚ ਮੁਹੱਬਤਾਂ ਵਾਲੇ ਪੈ ਗਏ ਨੇ।
ਸੱਜਣਾਂ ਨੇ ਫੇਰੀ ਪਾਈ ਏ...।

ਕਿਸਾਨ ਵੀ ਭੰਗੜਾ ਪਾਉਂਦਾ ਏ।
ਇਹ ਨੱਚਦਾ-ਟੱਪਦਾ ਆਉਂਦਾ ਏ।
ਫਸਲਾਂ ਦੀ ਖੁਮਾਰੀ ਚੜ੍ਹ ਗਈ ਏ।
ਮੁੱਛ ਗੱਭਰੂ ਦੀ ਵੀ ਖੜ੍ਹ ਗਈ ਏ।
'ਘੇਸਲ' ਮਿਹਨਤ ਰੰਗ ਲਿਆਈ ਏ।
ਸ਼ਾਵਾ ਵਿਸਾਖੀ ਆਈ ਏ।

*-ਕਸ਼ਮੀਰ ਘੇਸਲ, ਚੰਡੀਗੜ੍ਹ*
*ਫੋਨ: 91-94636-56047*

## ਔਰਤ

ਹੇ ਔਰਤ! ਗਿਐ ਬਦਲ ਜ਼ਮਾਨਾ, ਤਕੜੀ ਹੋ।
ਐਵੇਂ ਈ ਬੈਠੀ, ਹੰਝੂਆਂ ਦੇ ਨਾ ਹਾਰ ਪ੍ਰੋਅ।
ਤੂੰ ਨੀਂ ਅਬਲਾ, ਆਪਣੀ ਜਾਤ ਪਛਾਣ ਜ਼ਰਾ
ਅੰਦਰੋਂ ਸਾਰੇ ਕੱਢ ਦੇ ਆਪਣੇ ਡਰ ਤੇ ਭਓ।
ਸੁੱਖ ਵੇਲੇ ਦੇ ਸੰਗੀ, ਇਹ ਸਭ ਹਨ ਛਲਾਵਾ
ਦੁੱਖ ਦੇ ਵੇਲੇ ਦੁਨੀਆਂ ਲਏ ਦਰਵਾਜੇ ਢੋਅ।

ਉਚਾਈਆਂ ਨੂੰ ਜੇ ਛੂਹਣ ਲਈ ਠਾਣ ਲਵੇਂ
ਵਾਂਗ 'ਕਲਪਨਾ' ਸਕਦੀ ਏਂ ਤੂੰ ਅੰਬਰ ਛੋਹ।
ਪਾ ਲੈਂਦੀਆਂ ਰੁਤਬਾ ਆਖਿਰ, ਇਕ ਰੋਜ਼ ਨੇ
ਕਰ ਕੇ ਹਿੰਮਤ ਹੱਕਾਂ ਦੇ ਲਈ ਲੜਦੀਆਂ ਜੋ।
ਮੋਮ ਦੀ ਗੁੱਡੀ, ਜੇ ਤੂੰ ਬਣੀ ਤਾਂ ਢਲ ਜਾਏਂਗੀ
ਰਾਣੀ ਝਾਂਸੀ ਬਣ ਕੇ, ਚੁੱਕ ਤਲਵਾਰ ਖਲੋ।

ਤੁਰਦੇ ਜੋ ਪੱਕੇ ਪੈਰੀਂ, ਮੰਜ਼ਿਲ ਸਰ ਕਰ ਲੈਂਦੇ
ਝੰਡੇ ਜਾ ਕੇ ਟੀਸੀ ਉਤੇ, ਨੇ ਲਹਿਰਾਉਂਦੇ ਉਹ।
ਅੰਦਰ ਜੋ ਤੇਰੇ, ਸ਼ਕਤੀਆਂ ਦਾ ਕਰ ਅਹਿਸਾਸ
'ਰਾਠੀ' ਮਨ ਦੇ ਭਾਵਾਂ ਨੂੰ, ਨਾ ਤੂੰ ਇੰਜ ਲਕੋ।

*-ਰਾਜੇਸ਼ਵਰ ਸਿੰਘ ਸੂਰਾਪੁਰੀ*
*ਫੋਨ: 916-969-9337*

---

## ਕਵਿਤਾ

ਹਰ ਵਕਤ ਕਮਰੇ 'ਚ ਟਹਿਲਦਾ ਏਂ,
ਖਿੜਕੀਆਂ ਦੇ ਰਸਤੇ ਸਕੂਨ ਭਾਲਦਾ ਏਂ।
ਖਿੜਕੀ 'ਚੋਂ ਕਿੰਨਾ ਆਸਮਾਨ ਨਜ਼ਰ ਆਵੇਗਾ,
ਵਗਦੀਆਂ ਹਵਾਵਾਂ ਨੂੰ ਸੈਨਤਾਂ ਮਾਰਦਾ ਏਂ।
ਦੂਰ ਇੱਕ ਬੱਦਲ ਦਾ ਟੋਟਾ ਨਜ਼ਰ ਆਇਆ,
ਦੇਖ ਦੇਖ ਉਸ ਨੂੰ ਕਣੀਆ 'ਚ ਢਾਲਦਾ ਏਂ।
ਕਿਉਂ ਦੀਵਾਰਾਂ 'ਤੇ ਸਾਹਾਂ ਨੂੰ ਲਟਕਾ ਕੇ ਰੱਖਣਾ,
ਵਹਿੰਦੇ ਪਾਣੀਆਂ ਵਿਚ, ਪੱਥਰਾਂ ਨੂੰ ਤਾਰਦਾ ਏਂ।
ਖਿੜਕੀ ਤੋਂ ਬਾਹਰ, ਇੱਕ ਰੁੱਕਾ ਸੁੱਟ ਕੇ ਦੇਖ,
ਬਾਹਰ ਖੜ੍ਹਾ ਹੈ ਕੋਈ, ਕਿਉਂ ਟਾਲਦਾ ਏਂ।

*-ਦਿਲਜੋਧ ਸਿੰਘ, ਵਿਸਕਾਨਸਿਨ*

# ਕਿਲਾ ਰਾਇਪੁਰ ਦੀਆਂ ਖੇਡਾਂ ਦਾ ਥੰਮ੍ਹ ਸੀ ਆਤਮਾ ਸਿੰਘ ਗਰੇਵਾਲ

ਆਤਮਾ ਸਿੰਘ ਗਰੇਵਾਲ ਕਿਸੇ ਸਮੇਂ ਕਿਲਾ ਰਾਇਪੁਰ ਦੀਆਂ ਖੇਡਾਂ ਦਾ ਥੰਮ੍ਹ ਸੀ। ਉਹ ਖ਼ੁਦ ਹਾਕੀ ਦਾ ਤਕੜਾ ਖਿਡਾਰੀ ਸੀ ਜੋ ਕਿਲਾ ਰਾਇਪੁਰ ਦੀਆਂ ਖੇਡਾਂ ਨੂੰ ਭਰਵਾਂ ਸਹਿਯੋਗ ਦਿੰਦਾ ਸੀ। 28 ਫਰਵਰੀ 2018 ਨੂੰ ਉਹ 92 ਸਾਲ ਦੀ ਉਮਰੇ ਲਾਸ ਏਂਜਲਸ ਵਿਖੇ ਅਕਾਲ ਚਲਾਣਾ ਕਰ ਗਿਆ।

ਆਤਮਾ ਸਿੰਘ ਦਾ ਜਨਮ 9 ਜਨਵਰੀ 1926 ਨੂੰ ਗਰੇਵਾਲਾਂ ਦੇ ਪ੍ਰਸਿੱਧ ਪਿੰਡ ਕਿਲਾ ਰਾਇਪੁਰ ਵਿਚ ਸ. ਜੀਵਨ ਸਿੰਘ ਦੇ ਘਰ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਹੋਇਆ। ਉਸ ਨੇ ਮੁਢਲੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਕਰਨ ਪਿੱਛੋਂ ਦਸਵੀਂ ਖ਼ਾਲਸਾ ਹਾਈ ਸਕੂਲ ਕਿਲਾ ਰਾਇਪੁਰ ਤੋਂ ਕੀਤੀ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਉਥੇ ਹੀ ਉਹ ਹਾਕੀ ਖੇਡਣ ਲੱਗਾ ਅਤੇ ਬਾਅਦ ਵਿਚ ਹਾਕੀ ਦਾ ਨਾਮਵਰ ਖਿਡਾਰੀ ਬਣਿਆ। 1942 ਵਿਚ ਉਹ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਚ ਦਾਖ਼ਲ ਹੋਇਆ ਜਿਥੇ ਉਹਦੀ ਖੇਡ 'ਚ ਹੋਰ ਨਿਖਾਰ ਆਇਆ। ਇਹ ਉਹ ਦਿਨ ਸਨ ਜਦੋਂ ਬਲਬੀਰ ਸਿੰਘ ਸੀਨੀਅਰ ਵੀ ਉਸੇ ਕਾਲਜ ਵਿਚ ਹਾਕੀ ਖੇਡਦਾ ਸੀ। ਬਾਅਦ ਵਿਚ ਬਲਬੀਰ ਸਿੰਘ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਟੀਮ ਵਿਚ ਚਲਾ ਗਿਆ।

ਕਾਲਜ ਦੀ ਪੜ੍ਹਾਈ ਪੂਰੀ ਕਰ ਕੇ 1946 ਵਿਚ ਆਤਮਾ ਸਿੰਘ ਕਲਕੱਤੇ ਜਾਂਦਾ ਰਿਹਾ ਜਿਥੇ ਉਸ ਦੇ ਪਿਤਾ ਦਾ ਟਰਾਂਸਪੋਰਟ ਦਾ ਕਾਰੋਬਾਰ ਸੀ। ਉਥੇ ਉਸ ਨੇ 'ਪੰਜਾਬ ਸਪੋਰਟਸ ਕਲੱਬ' ਦੀ ਸਥਾਪਨਾ ਕੀਤੀ ਜਿਸ ਦੀ ਪ੍ਰਮੁੱਖ ਖੇਡ ਹਾਕੀ ਸੀ। ਉਹ ਪੰਜਾਬ ਤੋਂ ਖਿਡਾਰੀ ਲਿਜਾ ਕੇ ਉਸ ਕਲੱਬ ਵਿਚ ਖਿਡਾਉਂਦਾ ਰਿਹਾ ਤੇ ਕਲਕੱਤੇ ਦੇ ਕੱਪ ਜਿੱਤਦਾ ਰਿਹਾ। ਉਸ ਨੇ ਕਿਲਾ ਰਾਇਪੁਰ ਦੇ ਹਾਈ ਸਕੂਲ, ਲਾਹੌਰ ਦੇ ਸਿੱਖ ਨੈਸ਼ਨਲ ਕਾਲਜ ਤੇ ਕਲਕੱਤੇ ਦੇ ਪੰਜਾਬ ਸਪੋਰਟਸ ਕਲੱਬ ਦੀਆਂ ਹਾਕੀ ਟੀਮਾਂ ਦੀ ਕਪਤਾਨੀ ਕੀਤੀ। ਖੇਡਾਂ ਦੇ ਨਾਲ ਉਸ ਨੂੰ ਸਪੋਰਟਸ ਕਾਰਾਂ, ਦੇਸੀ ਵਿਦੇਸ਼ੀ ਗੰਨਾਂ, ਸ਼ਿਕਾਰ ਖੇਡਣ ਤੇ ਮੋਟਰ ਸਾਈਕਲ ਰੱਖਣ ਦਾ ਵੀ ਸ਼ੌਕ ਸੀ। ਉਸ ਨੇ ਸੁਤੰਤਰਤਾ ਸੰਗਰਾਮ ਵਿਚ ਵੀ ਬਣਦਾ ਯੋਗਦਾਨ ਪਾਇਆ ਤੇ ਪੂਰਬੀ ਬੰਗਾਲ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਨੂੰ ਸੰਭਾਲਿਆ।

ਆਤਮਾ ਸਿੰਘ ਦਾ ਵਿਆਹ 1952 ਵਿਚ ਬੀਬੀ ਜਸਪਾਲ ਕੌਰ ਨਾਲ ਹੋਇਆ ਜਿਸ ਦੀ ਕੁੱਖੋਂ ਇਕ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ। ਕਲਕੱਤੇ ਵਿਚ ਕਰੀਬ ਅੱਧੀ ਸਦੀ ਟਰਾਂਸਪੋਰਟ ਦਾ ਕਾਰੋਬਾਰ ਕਰਨ ਪਿਛੋਂ ਉਨ੍ਹਾਂ ਦਾ ਪਰਿਵਾਰ 1992 ਵਿਚ ਅਮਰੀਕਾ ਚਲਾ ਗਿਆ। ਉਹ ਅਖ਼ੀਰ ਤਕ ਚੜ੍ਹਦੀ ਕਲਾ ਵਿਚ ਰਿਹਾ।

ਆਤਮਾ ਸਿੰਘ ਜਿੰਨੀ ਦੇਰ ਪਿੰਡ ਜਾਂ ਕਲਕੱਤੇ ਰਿਹਾ ਹਰ ਸਾਲ ਕਿਲਾ ਰਾਇਪੁਰ ਦੇ ਖੇਡ ਮੇਲੇ ਦੀ ਤਨ, ਮਨ ਤੇ ਧਨ ਨਾਲ ਮਦਦ ਕਰਦਾ ਰਿਹਾ। ਇਹ ਅਰਸਾ ਅੱਧੀ ਸਦੀ ਦੇ ਕਰੀਬ ਬਣਦੈ। ਉਹ ਕਲਕੱਤੇ ਦੇ ਕਾਰੋਬਾਰ ਤੋਂ ਛੁੱਟੀਆਂ ਕਰ ਕੇ ਮਹੀਨਾ ਡੇਢ ਮਹੀਨਾ ਪਿੰਡ ਰਹਿ ਖੇਡ ਮੈਦਾਨ ਤਿਆਰ ਕਰਾਉਂਦਾ, ਟੀਮਾਂ ਮੰਗਵਾਉਂਦਾ, ਲੰਗਰ ਤੇ ਖੇਡ ਮੇਲੇ ਦੇ ਅਨੇਕਾਂ ਕਾਰਜਾਂ ਦਾ ਪ੍ਰਬੰਧ ਕਰਦਾ। ਉਹ ਇਸ ਦੀ ਪ੍ਰਬੰਧਕ ਕਮੇਟੀ ਦਾ ਸਕੱਤਰ ਵੀ ਰਿਹਾ। ਉਹਦੀ ਸੇਵਾ ਨਿਸ਼ਕਾਮ ਸੀ। ਉਸ ਦਾ ਇਨ੍ਹਾਂ ਖੇਡਾਂ ਵਿਚ ਪਾਇਆ ਯੋਗਦਾਨ ਦੇਰ ਤਕ ਯਾਦ ਰਹੇਗਾ।

ਕਿਲਾ ਰਾਇਪੁਰ ਦੇ ਖੇਡ ਮੇਲੇ ਦੀ ਸ਼ੁਰੂਆਤ 1933-34 ਵਿਚ ਹੋਈ ਸੀ। ਪੜ੍ਹੇ ਲਿਖੇ ਗਰੇਵਾਲਾਂ ਨੇ ਦੂਰ ਦੀ ਸੋਚ ਕੇ ਆਪਣੇ ਬੱਚਿਆਂ ਨੂੰ ਚੰਗੇ ਪਾਸੇ ਲਾਉਣ ਲਈ ਇਹ ਖੇਡ ਮੇਲਾ ਅਰੰਭ ਕੀਤਾ। ਮੇਲੇ ਦੇ ਮੋਢੀ ਇੰਦਰ ਸਿੰਘ, ਮਿਹਰ ਸਿੰਘ, ਹਰਚੰਦ ਸਿੰਘ, ਜੋਗਿੰਦਰ ਸਿੰਘ, ਦਲੀਪ ਸਿੰਘ ਤੇ ਸ਼ਿਵਦਿੱਤ ਸਿੰਘ ਸਨ। ਪਹਿਲੇ ਸਾਲ ਹਾਕੀ ਟੂਰਨਾਮੈਂਟ ਹੋਇਆ ਜਿਸ ਲਈ ਛੋਟਾ ਜਿਹਾ ਜਿਸਤੀ ਕੱਪ ਇਨਾਮ ਰੱਖਿਆ ਗਿਆ। 84 ਸਾਲਾਂ ਦੀ ਗਰਦ ਨਾਲ ਉਹ ਕੱਪ ਹੁਣ ਘਸਮੈਲਾ ਜਿਹਾ ਹੋਇਆ ਪਿਆ ਹੈ ਜਿਸ ਨੂੰ ਅਮੁੱਲ ਵਸਤੂ ਸਮਝ ਕੇ ਗਰੇਵਾਲ ਸਪੋਰਟਸ ਐਸੋਸੀਏਸ਼ਨ ਨੇ ਅੱਜ ਤਕ ਸੰਭਾਲਿਆ ਹੋਇਆ ਹੈ। ਹਾਕੀ ਦੇ ਟੂਰਨਾਮੈਂਟ ਨਾਲ ਵਾਲੀਬਾਲ ਦਾ ਮੈਚ ਤੇ ਕੁਝ ਦੌੜਾਂ ਦੇ ਮੁਕਾਬਲੇ ਵੀ ਕਰਵਾਏ ਗਏ ਸਨ। ਰਾਤ ਸਮੇਂ ਧਾਰਮਿਕ ਦੀਵਾਨ ਲੱਗਾ। ਦੂਜੇ ਸਾਲ ਬੈਲ ਗੱਡੀਆਂ ਦੀ ਦੌੜ ਵੀ ਸ਼ਾਮਲ ਕੀਤੀ ਗਈ ਜਿਸ ਨੇ ਪੇਂਡੂ ਲੋਕਾਂ ਦੀ ਕਲਪਨਾ ਨੂੰ ਅਜਿਹਾ ਟੁੰਬਿਆ ਕਿ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਕਿਲਾ ਰਾਇਪੁਰ ਦੀਆਂ ਖੇਡਾਂ ਵੱਲ ਖਿੱਚੇ ਜਾਣ ਲੱਗੇ। ਇਲਾਕੇ ਦੇ ਲੋਕ ਖੇਡਾਂ ਨੂੰ ਖੇਲ੍ਹਾਂ ਕਹਿੰਦੇ ਸਨ ਇਸ ਲਈ ਖੇਡਾਂ ਦੀ ਥਾਂ ਖੇਲ੍ਹਾਂ ਨਾਂ ਪ੍ਰਚਲਿਤ ਹੋ ਗਿਆ। ਬੈਲ ਗੱਡੀਆਂ ਦੀ ਦੌੜ ਇਨ੍ਹਾਂ ਖੇਡਾਂ ਦੀ ਵਿਸ਼ੇਸ਼ ਖਿੱਚ ਬਣ ਗਈ। ਬੈਲ ਗੱਡੀਆਂ ਦੀ ਦੌੜ ਦਾ ਮੋਹਰੀ ਬਖ਼ਸ਼ੀਸ਼ ਸਿੰਘ ਸੀ ਜੀਹਦੇ ਬਾਰੇ ਇਹ ਟੱਪਾ ਪ੍ਰਚਲਿਤ ਹੋਇਆ, "ਬਖ਼ਸ਼ੀ ਚਾਲਕ ਨੀ ਕਿਸੇ ਬਣ ਜਾਣਾ ਘਰ-ਘਰ ਪੁੱਤ ਜੰਮਦੇ।"

ਇਹ ਮੇਲਾ ਆਮ ਕਰ ਕੇ ਫਰਵਰੀ ਮਹੀਨੇ ਹੁੰਦਾ ਹੈ। ਉਂਜ ਬੱਝਵੀਆਂ ਤਾਰੀਖ਼ਾਂ ਕੋਈ ਨਹੀਂ। ਕਦੇ ਜਨਵਰੀ ਦੇ ਮਹੀਨੇ ਅਤੇ ਕਦੇ ਮਾਰਚ ਤਕ ਪਛੜ ਜਾਂਦਾ ਰਿਹਾ ਹੈ। 40ਵਿਆਂ 'ਚ ਪੁੱਜਦਿਆਂ ਇਸ ਦੀ ਏਨੀ ਮਸ਼ਹੂਰੀ ਹੋ ਗਈ ਕਿ ਗਰੇਵਾਲਾਂ ਦੇ ਪਿੰਡਾਂ 'ਚ ਵਿਆਹ ਮੰਗਣਿਆਂ ਦੀਆਂ ਗੰਢਾਂ ਮੇਲੇ ਦੀਆਂ ਤਾਰੀਖ਼ਾਂ ਪੁੱਛ ਕੇ ਈ ਭੇਜੀਆਂ ਜਾਂਦੀਆਂ ਸਨ। ਸੰਸਾ ਰਹਿੰਦਾ ਸੀ ਕਿਤੇ ਵਿਆਹ ਸਾਹੇ ਦੇ ਦਿਨ ਖੇਡਾਂ ਨਾ ਹੋ ਰਹੀਆਂ ਹੋਣ। ਇਹ ਖੇਡਾਂ ਇਕ ਤਰ੍ਹਾਂ ਨਾਲ ਇਲਾਕੇ ਦਾ ਵੱਡਾ ਜੋੜ-ਮੇਲਾ ਸਮਝੀਆਂ ਜਾਂਦੀਆਂ ਸਨ।

1943 ਵਿਚ ਕਿਲਾ ਰਾਇਪੁਰ ਦਾ ਇਕ ਰਿਟਾਇਰ ਫ਼ੌਜੀ ਦਲੀਪ ਸਿੰਘ ਗਰੇਵਾਲ ਮੇਲੇ ਵਿਚ ਆਇਆ। ਉਸ ਦਾ ਕਲਕੱਤੇ ਟਰਾਂਸਪੋਰਟ ਦਾ ਤਕੜਾ ਕਾਰੋਬਾਰ ਸੀ। ਉਹ ਮੇਲੇ ਵਿਚ



*ਆਤਮਾ ਸਿੰਘ ਗਰੇਵਾਲ*

ਖਿਡਾਰੀਆਂ ਉਤੋਂ ਦੀ ਰੁਪਈਆਂ ਦਾ ਮੀਂਹ ਵਰ੍ਹਾਉਣ ਲੱਗਾ। ਉਨ੍ਹੀਂ ਦਿਨੀਂ ਜਦੋਂ ਕਈ ਪੇਂਡੂਆਂ ਨੇ ਸੌ ਦਾ ਨੋਟ ਵੇਖਿਆ ਵੀ ਨਹੀਂ ਸੀ, ਉਹ ਕਬੱਡੀ ਦੇ ਇਕ-ਇਕ ਪੁਆਇੰਟ ਉਤੇ ਸੌ-ਸੌ ਦੇ ਨੋਟ ਇਨਾਮ ਦੇਣ ਲੱਗਾ। ਸੌ ਦਾ ਪਹਿਲਾ ਨੋਟ ਕਬੱਡੀ ਦੇ ਮਸ਼ਹੂਰ ਖਿਡਾਰੀ ਬਿੱਲੂ ਰਾਜੇਆਣੀਏਂ ਨੂੰ ਮਿਲਿਆ ਜਦੋਂ ਉਸ ਨੇ ਇਕ ਕਹਿੰਦੇ ਕਹਾਉਂਦੇ ਧਾਵੀ ਨੂੰ ਗੁੱਟੋਂ ਫੜ ਕੇ ਡੱਕ ਲਿਆ। ਉਦੋਂ ਜੋਗਿੰਦਰ ਸਿੰਘ ਪੀ. ਟੀ. ਖੇਡ ਮੁਕਾਬਲਿਆਂ ਦੀ ਕੁਮੈਂਟਰੀ ਕਰਦਾ ਹੁੰਦਾ ਸੀ। ਉਹਦੀਆਂ ਟਿੱਪਣੀਆਂ ਤੇ ਟੋਟਕੇ ਰੰਗ ਬੰਨ੍ਹੀ ਰੱਖਦੇ। ਜਦੋਂ ਬਿੱਲੂ ਨੇ ਗੁੱਟ ਫੜਨਾ ਤਾਂ ਪੀ. ਟੀ. ਨੇ ਲਾਊਡ ਸਪੀਕਰ ਤੋਂ ਕਹਿਣਾ, "ਲੈ ਆ-ਗੀ ਘੁਲਾਤੀ 'ਚ ਬਾਂਹ। ਭਲਾ ਘੁਲਾਤੀ 'ਚੋਂ ਬਾਂਹ ਵੀ ਕਦੇ ਨਿਕਲੀ ਐ?"

ਦਲੀਪ ਸਿੰਘ ਦੀ ਇਕ ਜੇਬ ਵਿਚ ਸੌ-ਸੌ ਦੇ ਨੋਟ ਹੁੰਦੇ ਤੇ ਦੂਜੀ ਵਿਚ ਦਸ-ਦਸ ਦੇ। ਉਹ ਕਬੱਡੀ ਦੇ ਪਾੜੇ 'ਤੇ ਖੜ੍ਹ ਕੇ ਇਨਾਮ ਦਿੰਦਾ। ਉਹਨੇ ਜਿਸ ਜੇਬ 'ਚ ਹੱਥ ਪਾਉਣਾ ਉਸੇ ਮੁਤਾਬਿਕ ਪੀ. ਟੀ. ਨੇ ਸੌ ਜਾਂ ਦਸ ਰੁਪਏ ਦਾ ਇਨਾਮ ਬੋਲ ਦੇਣਾ। ਲੋਕਾਂ ਨੇ ਕਹਿਣਾ, ਦਲੀਪ ਸਿੰਘ ਪੀ. ਟੀ. ਦੀ ਬੀਨ ਉਤੇ ਲੱਗਾ ਹੋਇਐ। ਖਿਡਾਰੀ ਕਹਿੰਦੇ, "ਕਿਲਾ ਰਾਇਪੁਰ ਦੀਆਂ ਖੇਡਾਂ ਨੇ ਸਾਡਾ ਪੂਰਾ ਮੁੱਲ ਪਾਇਆ।"

ਮੰਦੇ ਦੇ ਉਨ੍ਹੀਂ ਦਿਨੀਂ ਕਈ ਖਿਡਾਰੀਆਂ ਨੇ ਉਥੋਂ ਹਜ਼ਾਰ-ਹਜ਼ਾਰ ਦੇ ਇਨਾਮ ਹਾਸਲ ਕੀਤੇ। ਖੇਡ ਵਿਭਾਗ ਵਿਚ ਸੀਨੀਅਰ ਅਫ਼ਸਰ ਰਹੀ ਸ੍ਰੀਮਤੀ ਸੁਨੀਤਾ ਧੀਰ ਦੱਸਦੀ ਸੀ ਕਿ ਉਹ ਅਜੇ ਵਿਦਿਆਰਥਣ ਸੀ ਜਦੋਂ ਕਿਲਾ ਰਾਇਪੁਰ ਦੌੜਨ ਗਈ ਤੇ ਅੱਠ ਸੌ ਰੁਪਏ ਦੇ ਇਨਾਮ ਲੈ ਕੇ ਪਰਤੀ। ਕਬੱਡੀ ਦੀ ਕੁਮੈਂਟਰੀ ਕਿਲਾ ਰਾਇਪੁਰ ਦੀਆਂ ਖੇਡਾਂ ਵਿਚੋਂ ਜਨਮੀ। ਪੀ. ਟੀ. ਜੋਗਿੰਦਰ ਸਿੰਘ ਇਸ ਦਾ ਜਨਮਦਾਤਾ ਹੈ। ਉਹ ਕੁਮੈਂਟਰੀ ਵਿਚ ਲੋਕ ਗੀਤ, ਲਤੀਫ਼ੇ, ਕਹਾਵਤਾਂ ਤੇ ਨਿੱਕੇ-ਨਿੱਕੇ ਪ੍ਰਸੰਗ ਸੁਣਾਉਂਦਾ ਲੋਕਾਂ ਦਾ ਮਨੋਰੰਜਨ ਕਰੀ ਜਾਂਦਾ।

ਬੈਲ ਗੱਡੀਆਂ ਦੀ ਦੌੜ ਸਮੇਂ ਪੀ. ਟੀ. ਬੈਲ ਗੱਡੀਆਂ ਨਾਲ ਸਬੰਧਤ ਲੋਕ ਗੀਤਾਂ ਦੇ ਟੱਪੇ ਸੁਣਾ ਕੇ ਮੇਲੇ ਨੂੰ ਨਿਹਾਲ ਕਰਦਾ:

-ਗੱਡੀ ਚੜ੍ਹਦੀ ਨੇ ਪਿੰਜਣੀ ਤੋੜੀ ਚਾਅ ਮੁਕਲਾਵੇ ਦਾ।

-ਤੈਨੂੰ ਕੀ ਮੁਕਲਾਵਾ ਤਾਰੂ ਰੋਂਦੇ ਯਾਰ ਛੱਡ ਗਈ।

-ਗੱਡੀ ਵਿਚ ਮੈਂ ਰੋਵਾਂ ਮੇਰੀ ਕੱਤਣੀ 'ਚ ਰੋਣ ਗਲੋਟੇ।

ਇਸ ਮੇਲੇ ਦੀ ਡਾਇਮੰਡ ਜੁਬਲੀ ਆਉਣ ਵਾਲੀ ਹੈ। ਇਹਦੇ ਵਿਚ ਹਾਕੀ ਦੇ ਜਾਦੂਗਰ ਧਿਆਨ ਚੰਦ, ਬਲਬੀਰ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤਪਾਲ ਤੇ ਸੁਰਜੀਤ ਸਿੰਘ ਵਰਗੇ ਆਲਮੀ ਪ੍ਰਸਿੱਧੀ ਵਾਲੇ ਖਿਡਾਰੀ ਆਪਣੀ ਖੇਡ ਦੇ ਜੌਹਰ ਵਿਖਾਉਂਦੇ ਰਹੇ। ਓਲੰਪੀਅਨ ਕਰਨਲ ਗੁਰਚਰਨ ਸਿੰਘ ਤਾਂ ਸੀ ਹੀ ਕਿਲਾ ਰਾਇਪੁਰ ਦਾ। ਉਸ ਦੇ ਭਰਾ ਮਿਹਰ ਸਿੰਘ ਗਰੇਵਾਲ ਨੇ ਵੀ ਚੰਗੀ ਹਾਕੀ ਖੇਡੀ ਤੇ ਮੇਲੇ ਦੀ ਸ਼ਾਨ ਚਮਕਾਈ। ਦੇਸ਼ ਭਰ 'ਚੋਂ ਚੋਟੀ ਦੇ ਅਥਲੀਟ ਇਸ ਦੇ ਟਰੈਕ ਵਿਚ ਦੌੜਦੇ ਰਹੇ। ਇਥੇ ਗੋਲੇ ਦਾ ਸੁਟਾਵਾ ਪ੍ਰਦੁੱਮਣ ਸਿੰਘ ਆਇਆ, ਡਿਸਕਸ ਵਾਲਾ ਬਲਕਾਰ ਸਿੰਘ ਤੇ ਹੈਮਰ ਵਾਲਾ ਪਰਵੀਨ ਕੁਮਾਰ ਵੀ। ਇਥੇ ਕੁਸ਼ਤੀਆਂ ਭਾਵੇਂ ਨਹੀਂ ਸਨ ਹੁੰਦੀਆਂ ਪਰ ਕਰਤਾਰ ਸਿੰਘ ਤੋਂ ਲੈ ਕੇ ਦਾਰਾ ਸਿੰਘ ਤਕ ਪਹਿਲਵਾਨ ਦਰਸ਼ਨ ਦਿੰਦੇ ਰਹੇ।

ਇਸ 'ਪੇਂਡੂ ਓਲੰਪਿਕਸ' ਦੀ ਏਨੀ ਮਸ਼ਹੂਰੀ ਹੋਈ ਕਿ ਇਸ ਦੀਆਂ ਫਿਲਮਾਂ ਪਿਛਲੀ ਸਦੀ ਵਿਚ ਹੀ ਜਰਮਨੀ ਤੇ ਇੰਗਲੈਂਡ ਜਾ ਪੁੱਜੀਆਂ। ਸੁਰਗਵਾਸੀ ਸਾਧੂ ਸਿੰਘ ਹਮਦਰਦ, ਅਮਰ ਸਿੰਘ ਦੁਸਾਂਝ ਤੇ ਐਮ. ਐਲ. ਕਪੂਰ ਵਰਗੇ ਮੰਨੇ ਦੰਨੇ ਪੱਤਰਕਾਰ ਖੇਡ ਮੈਦਾਨ ਵਿਚ ਟੈਂਟ ਪੈ ਕੇ ਖੇਡਾਂ ਵੇਖਿਆ ਕਰਦੇ ਤੇ ਅਖ਼ਬਾਰਾਂ ਵਿਚ ਖੇਡਾਂ ਦੀਆਂ ਗੱਲਾਂ ਮਸਾਲੇ ਲਾ ਕੇ ਛਾਪਿਆ ਕਰਦੇ। ਇਥੇ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਵਰਗੇ ਲੇਖਕ ਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਕਵੀ ਆਉਂਦੇ ਰਹੇ। ਗੁਰਬਖ਼ਸ਼ ਸਿੰਘ ਨੇ ਇਨ੍ਹਾਂ ਖੇਡਾਂ ਬਾਰੇ ਇਕ ਪ੍ਰਸ਼ੰਸਾਮਈ ਲੇਖ ਪ੍ਰੀਤ ਲੜੀ ਵਿਚ ਵੀ ਛਾਪਿਆ।

ਨਾਰੰਗਵਾਲ ਦੇ ਸ. ਪ੍ਰਹਿਲਾਦ ਸਿੰਘ ਗਰੇਵਾਲ ਦਾ ਪੁੱਤਰ ਅਫ਼ਰੀਕਾ ਵਿਚ ਪਾਣੀ 'ਚ ਡੁੱਬ ਕੇ ਗੁਜ਼ਰ ਗਿਆ ਸੀ। ਉਸ ਨੇ ਆਪਣੇ ਪੁੱਤਰ ਦੀ ਯਾਦ ਵਿਚ 100 ਤੋਲੇ ਸ਼ੁੱਧ ਸੋਨੇ ਦਾ ਭਗਵੰਤ ਮੈਮੋਰੀਅਲ ਕੱਪ ਗਰੇਵਾਲ ਸਪੋਰਟਸ ਐਸੋਸੀਏਸ਼ਨ ਨੂੰ ਭੇਟ ਕੀਤਾ। ਇਹ ਕੱਪ ਹਾਕੀ ਦੀ ਸਰਦਾਰੀ ਦਾ ਚਿੰਨ੍ਹ ਹੈ ਜਿਸ ਨੂੰ ਜਿੱਤਣ ਲਈ ਹਰ ਸਾਲ ਹਾਕੀ ਦੀਆਂ ਬਿਹਤਰੀਨ ਟੀਮਾਂ ਜੂਝਦੀਆਂ ਹਨ। ਹਾਕੀ ਦੀ ਖੇਡ ਲਈ ਏਡਾ ਵੱਡਾ ਖ਼ਾਲਸ ਸੋਨੇ ਦਾ ਕੱਪ ਭਾਰਤ ਵਿਚ ਸ਼ਾਇਦ ਹੀ ਕੋਈ ਹੋਰ ਹੋਵੇ।

ਜਿਵੇਂ ਪੰਜਾਬੀ ਮੂਲ ਦੇ ਹਰਗੋਬਿੰਦ ਖੁਰਾਣੇ ਨੇ ਅਮਰੀਕਾ ਜਾ ਕੇ ਨੋਬਲ ਪੁਰਸਕਾਰ ਜਿੱਤਿਆ ਉਵੇਂ ਨਾਰੰਗਵਾਲ ਦੇ ਅਲੈਕਸੀ ਸਿੰਘ ਗਰੇਵਾਲ ਨੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ 'ਚੋਂ ਸਾਈਕਲ ਦੌੜ ਵਿਚ ਸੋਨੇ ਦਾ ਤਮਗਾ ਜਿੱਤਿਆ। ਅਲੈਕਸੀ ਦੀ ਮਾਂ ਜਰਮਨ ਮੂਲ ਦੀ ਹੈ ਤੇ ਪਿਤਾ ਪੰਜਾਬ ਦਾ ਸਿੰਘ ਸਰਦਾਰ। ਗਰੇਵਾਲ ਸਪੋਰਟਸ ਐਸੋਸੀਏਸ਼ਨ ਦੇ ਸੱਦੇ ਉਤੇ ਅਲੈਕਸੀ ਸਿੰਘ ਗਰੇਵਾਲ ਮੇਲੇ ਵਿਚ ਵੀ ਆਇਆ।

ਕਿਲਾ ਰਾਇਪੁਰ ਦੇ ਖੇਡ ਮੇਲੇ ਉਤੇ ਹਰ ਸਾਲ ਹਰ ਤਰ੍ਹਾਂ ਦੇ ਸਿਆਸਤਦਾਨ ਹਾਜ਼ਰੀ ਲੁਆਉਂਦੇ ਹਨ। ਉਥੇ ਪੁੱਜਣ ਲਈ ਸਾਬਕਾ ਰਾਸ਼ਟਰਪਤੀ ਵੀ. ਵੀ. ਗਿਰੀ ਪਰਿਵਾਰ ਸਮੇਤ ਹਵਾਈ ਜਹਾਜ਼ ਚੜ੍ਹਿਆ ਸੀ। ਸ. ਪ੍ਰਤਾਪ ਸਿੰਘ ਕੈਰੋਂ ਤੋਂ ਲੈ ਕੇ ਕੈਪਟਨ ਅਮਰਿੰਦਰ ਸਿੰਘ ਤਕ ਤੇ ਪੰਜਾਬ ਦੇ ਗਵਰਨਰ ਸਾਹਿਬਾਨ ਕਿਲਾ ਰਾਇਪੁਰ ਪਧਾਰ ਚੁੱਕੇ ਹਨ। ਜਸਟਿਸ ਗੁਰਨਾਮ ਸਿੰਘ ਤਾਂ ਸੀ ਹੀ ਘਰ ਦਾ। ਭਾਵੇਂ ਮੇਲੇ ਨੂੰ ਵੇਖਦਿਆਂ ਸਿਆਸੀ ਨੇਤਾ ਤਰ੍ਹਾਂ-ਤਰ੍ਹਾਂ ਦੇ ਐਲਾਨ ਕਰਦੇ ਰਹਿੰਦੇ ਹਨ ਪਰ ਉਨ੍ਹਾਂ 'ਤੇ ਅਮਲ ਘੱਟ-ਵੱਧ ਹੀ ਹੁੰਦਾ ਹੈ। ਇਹੋ ਕਾਰਨ ਹੈ ਕਿ ਕਿਲਾ ਰਾਇਪੁਰ ਵਰਗੇ ਖੇਡਾਂ ਦੇ ਕੁੰਭ ਵਿਚ ਵੀ ਸਰਕਾਰਾਂ ਵੱਲੋਂ ਆਧੁਨਿਕ ਖੇਡ ਸਹੂਲਤਾਂ ਮੁਹੱਈਆ ਨਹੀਂ ਕੀਤੀਆਂ ਗਈਆਂ। ਪੰਜਾਬ ਦੀਆਂ ਪੇਂਡੂ ਖੇਡਾਂ ਨੂੰ ਲੋਰੀ ਦੇਣ ਵਾਲੇ ਇਸ ਖੇਡ ਮੈਦਾਨ ਉਤੇ ਅਕਸਰ ਬਰਬਰ ਉਡਦੀ ਹੈ।

ਮੇਲਾ ਸ਼ੁਰੂ ਕਰਨ ਵਾਲੇ ਸੱਜਣ ਤਾਂ ਕਦੋਂ ਦੇ ਇਸ ਦੁਨੀਆਂ ਤੋਂ ਕੂਚ ਕਰ ਗਏ ਹਨ। ਦੂਜੀ ਪੀੜ੍ਹੀ ਦਾ ਆਖ਼ਰੀ ਥੰਮ੍ਹ ਆਤਮਾ ਸਿੰਘ ਵੀ ਫ਼ਤਿਹ ਬੁਲਾ ਗਿਆ ਹੈ। ਤੀਜੀ ਪੀੜ੍ਹੀ ਵੀ ਰਿਟਾਇਰ ਹੋ ਚੁੱਕੀ ਹੈ। ਚੌਥੀ ਪੀੜ੍ਹੀ ਜੋ ਕਦੇ ਦੀ ਕੰਡਿਆਲੇ ਚੱਬਦੀ ਸੀ, ਇਸ ਇਤਿਹਾਸਕ ਮੇਲੇ ਦੀਆਂ ਲਗਾਮਾਂ ਹੁਣ ਉਹਦੇ ਹੱਥ ਹਨ। ਵੇਖਦੇ ਹਾਂ, ਨਵੀਂ ਪੀੜ੍ਹੀ ਦੇ ਪੜ੍ਹੇ-ਲਿਖੇ ਨੌਜੁਆਨ ਕਿਲਾ ਰਾਇਪੁਰ ਦੀਆਂ 'ਪੇਂਡੂ ਓਲੰਪਿਕ ਖੇਡਾਂ' ਨੂੰ ਇੱਕੀਵੀਂ ਸਦੀ 'ਚ ਕਿਹੜੀਆਂ ਸਿਖਰਾਂ 'ਤੇ ਲਿਜਾਂਦੇ ਹਨ?

# ਬੰਦ ਅਤੇ ਬੰਦੇ

ਉਦੋਂ ਦੀ ਗੱਲ ਹੈ, ਜਦੋਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸੀ ਅਤੇ ਪੰਜਾਬ ਦਾ ਮੁੱਖ ਮੰਤਰੀ ਸੀ ਗਿਆਨੀ ਜ਼ੈਲ ਸਿੰਘ। ਹੋਲੇ ਮਹੱਲੇ 'ਤੇ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦਾ ਰਵਾਇਤੀ ਦੀਵਾਨ ਲੱਗਾ ਹੋਇਆ ਸੀ। ਆਖਰੀ ਦਿਨ ਸੀ ਅਤੇ ਸਾਰੀਆਂ ਸਿਆਸੀ ਹਸਤੀਆਂ ਹੁੰਮ-ਹੁਮਾ ਕੇ ਹਾਜ਼ਰ ਨਾਜ਼ਰ ਸਨ: ਤੁੜ, ਤਲਵੰਡੀ, ਟੌਹੜਾ; ਬਾਦਲ, ਬਰਨਾਲਾ ਤੇ ਬਲਵੰਤ ਸਿੰਘ; ਤਿੰਨ ਟੈਂਕੇ ਤੇ ਤਿੰਨ ਬੱਬੇ ਕਾਇਮ ਸਨ; ਦਨਦਨਾਉਂਦੇ ਹੋਏ। ਮਾਹੌਲ ਬਿਲਕੁਲ ਭਖਿਆ ਹੋਇਆ ਸੀ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਸਿਆਸੀ ਰੋਣ ਪਿੱਟਣ ਤੇ ਤਾਬੜ ਤੋੜ ਤੁਹਮਤਬਾਜ਼ੀ ਦਾ ਬਾਜ਼ਾਰ ਗਰਮ ਸੀ; ਮੁਰਦੇ ਪੁੱਟੇ ਅਤੇ ਜਿਉਂਦੇ ਦੱਬੇ ਜਾ ਰਹੇ ਸਨ।

ਅਕਾਲੀ ਲੀਡਰ ਉਪਰਲੀ ਕੇਂਦਰ ਸਰਕਾਰ ਤੋਂ ਦੁਖੀ ਸਨ ਤੇ ਹੇਠਲੀ ਪੰਜਾਬ ਸਰਕਾਰ ਤੋਂ ਖਫਾ ਸਨ; ਉਪਰਲਿਆਂ ਤੋਂ ਦੁਖੀ ਤੇ ਹੇਠਲਿਆਂ ਤੋਂ ਖਫਾ; ਕਾਰਨ ਵੱਖੋ ਵੱਖਰੇ ਸਨ। ਵਿਰੋਧੀ ਪਾਰਟੀ ਦੀ ਸਰਕਾਰ ਚਾਹੇ ਜਿੰਨੀ ਮਰਜ਼ੀ ਚੰਗੀ ਹੋਵੇ, ਉਸ ਦੀ ਕਦੀ ਵੀ ਤਾਰੀਫ ਨਾ ਕਰਨ ਦੀ ਰਵਾਇਤ ਜੱਗ ਜਾਹਰ ਹੈ। ਅਕਾਲੀ ਦਲ ਦੀ ਸਟੇਜ 'ਤੇ ਕੋਈ ਲੀਡਰ, ਬੜੇ ਹੀ ਮਜ਼ੇਦਾਰ ਅਤੇ ਮਜ਼ਾਹੀਆ ਅੰਦਾਜ਼ ਵਿਚ ਭਾਸ਼ਣ ਕਰ ਰਿਹਾ ਸੀ; ਅਕਾਲੀਆਂ ਨੂੰ ਖ਼ੁਸ਼ ਕਰਨ ਵਾਲੀ ਸੁਰ ਅਲਾਪ ਰਿਹਾ ਸੀ। ਸਮਾਪਤੀ ਸਮੇਂ ਉਸ ਨੇ ਅਚਾਨਕ, ਬੜਾ ਹੀ ਹੈਰਾਨ ਕਰਨ ਵਾਲਾ ਨਾਅਰਾ ਲਾ ਮਾਰਿਆ: ਅਖੇ,

ਉਪਰ ਬਾਹਮਣੀ ਹੇਠ ਤਖਾਣ,
ਭੁੱਖਾ ਮਰ ਗਿਆ ਹਿੰਦੁਸਤਾਨ।

ਮੈਨੂੰ ਯਾਦ ਹੈ ਕਿ ਤਿੱਖੇ ਅਤੇ ਤਰਾਸ਼ੇ ਹੋਣੇ ਨੈਣ ਨਕਸ਼ਾਂ ਵਾਲੇ ਕਈ ਸਾਬਤ ਸੂਰਤ ਸਿੱਖ ਦੀਵਾਨ ਵਿਚੋਂ ਖਿਸਕਣੇ ਸ਼ੁਰੂ ਹੋ ਗਏ ਸਨ ਜਿਨ੍ਹਾਂ ਨੂੰ ਦੇਖ ਕੇ 'ਪੰਥ ਰਤਨ' ਨੇ ਉਸ ਬੁਲਾਰੇ ਨੂੰ ਇਸ਼ਾਰੇ ਨਾਲ ਸਮਝਾ ਦਿੱਤਾ ਕਿ 'ਯੇਹ ਅੰਦਰ ਕੀ ਬਾਤ ਹੈ ਪਿਆਰੇ, ਨਸ਼ਰ ਮੱਤ ਕਰ।'

ਮੈਂ ਹੈਰਾਨ ਰਹਿ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਚਰਨਾਂ ਵਿਚ ਸਜੇ ਦੀਵਾਨ ਅੰਦਰ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੀਆਂ ਜਾਤਾਂ ਉਛਾਲੀਆਂ ਜਾ ਰਹੀਆਂ ਹਨ। ਉਹ ਸਾਡੇ ਮਾੜੇ ਚੰਗੇ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਨਹੀਂ ਸਨ ਬਲਕਿ ਤਖਾਣ ਤੇ ਬ੍ਰਾਹਮਣ ਸਨ। ਪਹਿਲੀ ਵਾਰ ਪਤਾ ਲੱਗਾ ਕਿ ਪੰਜਾਬ ਵਿਚ ਬ੍ਰਾਹਮਣ ਹੋਣਾ ਜਾਂ ਤਰਖਾਣ ਹੋਣਾ ਇਕੋ ਗੱਲ ਹੈ, ਹਸ਼ਰ ਜੁ ਸਾਂਝਾ ਹੈ। ਜੇ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਦੀ ਜਾਤ ਉਛਾਲਣ 'ਤੇ ਕੋਈ ਰੋਕ-ਟੋਕ ਨਹੀਂ ਹੈ ਤਾਂ ਬਾਕੀ ਸਾਧਾਰਨ ਲੋਕਾਂ ਦਾ ਕੀ ਹਸ਼ਰ ਹੁੰਦਾ ਹੋਵੇਗਾ, ਅਸੀਂ ਅੰਦਾਜ਼ਾ ਲਾ ਸਕਦੇ ਹਾਂ।

ਸਮਾਂ ਆਇਆ, ਕਾਨੂੰਨ ਬਣਿਆ; ਕੋਈ ਕਿਸੇ ਨੂੰ ਜਾਤੀ ਸੂਚਕ ਸ਼ਬਦ ਨਾਲ ਸੰਬੋਧਨ ਨਹੀਂ ਕਰੇਗਾ। ਜੇ ਕਰੇਗਾ, ਤੁਰੰਤ ਗ੍ਰਿਫਤਾਰ ਹੋਵੇਗਾ। ਹੁਣ ਅਚਾਨਕ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਗ੍ਰਿਫਤਾਰੀ ਤੁਰੰਤ ਨਹੀਂ ਹੋਵੇਗੀ। ਜੇ ਉਸ ਦਾ ਬੌਸ ਜਾਂ ਕੋਈ ਹੋਰ ਪੁਲਿਸ ਅਫਸਰ ਹਾਮੀ ਭਰੇ, ਤਦ ਹੀ ਗ੍ਰਿਫਤਾਰੀ ਸੰਭਵ ਹੋਵੇਗੀ।

ਕੁਝ ਦਿਨ ਪਹਿਲਾਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਮੁਆਫੀ ਮੰਗੀ ਤਾਂ ਕਿਸੇ ਸਿਰ ਫਿਰੇ ਨੇ ਲਿਖਿਆ, "ਬਾਣੀਆਂ ਮੋਕ ਮਾਰ ਗਿਆ।" ਜਾਤੀ ਸੂਚਕ ਹੋਏ ਬਗੈਰ ਸਾਡਾ ਸਰਦਾ ਹੀ ਨਹੀਂ। ਦਰਅਸਲ ਜਾਤੀਵਾਦ ਭਾਰਤੀਆਂ ਦੇ ਰਗੋ-ਰੇਸ਼ੇ ਵਿਚ ਵੜਿਆ ਹੋਇਆ ਹੈ। ਇਹ ਸਾਡੇ ਅੰਤਹਕਰਣ ਵਿਚ ਵਸ ਅਤੇ ਰਸ ਚੁਕਾ ਹੈ। ਇਸ 'ਚੋਂ ਬਾਹਰ ਆਉਣਾ ਅਤਿ ਮੁਸ਼ਕਿਲ ਹੈ। ਜਿਥੇ ਪ੍ਰਧਾਨ ਮੰਤਰੀ ਸੁਰੱਖਿਅਤ ਨਹੀਂ, ਮੁੱਖ ਮੰਤਰੀ ਸੁਰੱਖਿਅਤ ਨਹੀਂ, ਉਥੇ ਕਿਸੇ ਗਰੀਬ ਦੀ ਕੀ ਪੇਸ਼ ਜਾ ਸਕਦੀ ਹੈ! ਭਾਰਤ ਵਿਚ ਗਰੀਬ ਲੋਕ ਤਾਂ ਸਿਰਫ ਜਾਤੀ ਸੂਚਕ ਗਾਲ੍ਹਾਂ ਖਾਣ ਲਈ ਬਣੇ ਹਨ।

ਮੈਨੂੰ ਯਾਦ ਹੈ, ਗਿਆਨੀ ਜ਼ੈਲ ਸਿੰਘ ਦੇ ਜੀਂਦੇ ਜੀ ਕਿਸੇ ਤਰ੍ਹਾਂ ਦੇ ਚੁਟਕਲੇ ਲਈ ਵੀ, ਸੰਤੇ-ਬੰਤੇ ਦੀ ਲੋੜ ਨਹੀਂ ਸੀ ਪੈਂਦੀ; ਜ਼ੈਲ ਸਿੰਘ ਹੀ ਕਾਫੀ ਸੀ। ਅਕਸਰ ਉਸ ਨੂੰ ਗੁੱਲੀ ਘਾੜਾ ਕਹਿ ਕਹਿ ਭੰਡਿਆ ਜਾਂਦਾ ਸੀ। ਜਦ ਵੀ ਮੈਂ ਸੰਤੇ-ਬੰਤੇ ਦੇ ਨਾਂ ਨਾਲ ਮੜ੍ਹੇ ਲਤੀਫੇ ਸੁਣਦਾ ਹਾਂ ਤਾਂ ਮੈਨੂੰ ਅਹਿਰਨ ਤਪਾ ਕੇ ਰੰਬੇ ਚੰਡਦੇ ਤੇ ਦਾਤੀਆਂ ਨੂੰ ਦੰਦੇ ਕੱਢਦੇ, ਲੋਹੇ ਨਾਲ ਲੋਹਾ ਹੋਏ ਪਿੰਡ ਦੇ ਦੋ ਕਿਰਤੀ ਭਾਈ ਸੰਤਾ-ਬੰਤਾ ਚੇਤੇ ਆਉਂਦੇ ਹਨ ਜਿਨ੍ਹਾਂ ਦੇ ਅਕਸ ਮਾਤਰ ਨਾਲ 'ਕਿਰਤ ਕਰੋ' ਦਾ ਸਿਧਾਂਤ ਦ੍ਰਿੜ੍ਹ ਹੁੰਦਾ ਹੈ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਦਾ ਖਿਆਲ ਆਉਂਦਾ ਹੈ, ਤੇ ਉਹ ਲੋਕ ਸਾਡੇ ਸ਼ੁਗਲ ਦਾ ਮਸਾਲਾ ਬਣੇ!

ਸੰਤੇ-ਬੰਤੇ ਵਾਲੇ ਲਤੀਫੇ ਸੁਣ ਕੇ ਮੈਨੂੰ ਕਦੀ ਵੀ ਹਾਸਾ ਨਹੀਂ ਆਉਂਦਾ ਬਲਕਿ ਉਨ੍ਹਾਂ ਦੇ ਮਿਹਨਤੀ ਜਿਸਮ ਵਿਚੋਂ ਵਗਦੇ ਪਸੀਨੇ ਦੇ ਖਿਆਲ ਨਾਲ ਅੱਖਾਂ ਨਮ ਹੋ ਜਾਂਦੀਆਂ ਹਨ।

ਰਗੋਂ ਮੇਂ ਦੌੜਤੇ ਫਿਰਨੇ ਕੇ,
ਹਮ ਨਹੀਂ ਕਾਇਲ,
ਜੋ ਆਂਖ ਹੀ ਸੇ ਨ ਟਪਕਾ
ਤੋ ਵੁਹ ਲਹੂ ਕਯਾ ਹੈ!
ਕਿਸੇ ਦਾ ਸੂਰਜ ਕਿਸੇ ਦਾ ਦੀਵਾ
ਕਿਸੇ ਦਾ ਤੀਰ ਕਮਾਨ,
ਸਾਡੀ ਅੱਖ 'ਚੋਂ ਡਿਗਦਾ ਹੰਝੂ,
ਸਾਡਾ ਚੋਣ ਨਿਸ਼ਾਨ।

ਕਿਸੇ ਨੂੰ ਗਾਲ੍ਹਾਂ ਕੱਢਣ ਅਤੇ ਲਤੀਫਾਬਾਜ਼ੀ 'ਤੇ ਪਲਣ ਵਾਲੇ ਲੋਕ ਇਨਸਾਨ ਨਹੀਂ ਹੁੰਦੇ। ਪੰਜਾਬੀ ਦੇ ਸਮਰੱਥ ਆਲੋਚਕ ਅਤੇ ਪ੍ਰਬੁੱਧ ਕਵੀ ਡਾ. ਹਰਭਜਨ ਸਿੰਘ ਨੂੰ ਕਿਸੇ ਨੇ ਕਿਸੇ ਸਮਾਗਮ ਵਿਚ ਕਿਰਪਾਨ ਭੇਟ ਕਰ ਦਿੱਤੀ। ਉਨ੍ਹਾਂ ਕਿਹਾ ਕਿ ਉਹ ਲੇਖਕ ਹਨ ਅਤੇ ਲੇਖਕ ਦੀ ਕਲਮ ਹੀ ਕਿਰਪਾਨ ਹੁੰਦੀ ਹੈ। ਕਿਸੇ ਕਿਸਾਨਬੁੱਧ ਪ੍ਰੋਫੈਸਰ ਨੇ ਜੁਮਲਾ ਕੱਸਿਆ, "ਡਾਕਟਰ ਸਾਹਿਬ ਦੀ ਕਿਰਪਾਨ ਨੂੰ ਦੰਦੇ ਕਢਵਾ ਦਿਓ।" ਮੇਰੇ ਹਿਸਾਬ ਨਾਲ ਜਾਤੀ ਸੂਚਕ ਜੁਮਲੇਬਾਜ਼ੀ ਦੀ ਇਹ ਹੁਣ ਤੱਕ ਦੀ ਸਭ ਤੋਂ ਨੀਚ ਮਿਸਾਲ ਹੈ। ਜਿਸ ਸਮਾਜ ਵਿਚ ਵਿਦਵਾਨ ਕਵੀ ਨਹੀਂ ਬਖਸ਼ੇ ਜਾਂਦੇ, ਉਥੇ ਮਜ਼ਦੂਰ ਦਾ ਕੀ ਹਾਲ ਹੁੰਦਾ ਹੋਊ?

ਕਿਸੇ ਥਾਂ ਚੋਣ ਹੋ ਰਹੀ ਸੀ। ਦਲਿਤ ਤੇ ਗੈਰ-ਦਲਿਤ ਇਕੱਠੇ ਚੁਣੇ ਜਾਣੇ ਸਨ ਤੇ ਦੋ ਵੋਟਾਂ ਇਕੱਠੀਆਂ ਪੈਣੀਆਂ ਸਨ। ਚੋਣ ਰੈਲੀਆਂ ਵਿਚ ਗੈਰ-ਦਲਿਤ ਨੇਤਾ ਇਹੋ ਕਹੀ ਜਾਵੇ ਕਿ "ਉਪਰਲੀ ਵੋਟ ਮੈਨੂੰ ਪਾਉਣੀ ਹੈ ਤੇ ਹੇਠਲੀ ਵੋਟ ਇਨ੍ਹਾਂ ਨੂੰ।" ਕਿਸੇ ਨੇ ਇਤਰਾਜ਼ ਕੀਤਾ ਕਿ ਇਹ ਉਪਰਲੀ-ਹੇਠਲੀ ਵੋਟ ਦਾ ਜੁਮਲਾ ਕਿਥੋਂ ਆ ਗਿਆ! ਉਸ ਗੈਰ-ਦਲਿਤ ਨੇਤਾ ਕੋਲ ਕੋਈ ਜਵਾਬ ਨਹੀਂ ਸੀ।

ਇਸ ਉਪਰ-ਹੇਠ ਜਾਂ ਹੇਠ-ਉਪਰ ਦੇ ਚੱਕਰਾਂ ਤੋਂ ਮੁਕਤੀ ਹਾਸਲ ਕਰ ਕੇ ਸਾਡੇ ਲਈ ਬੰਦੇ ਬਣਨਾ ਅਜੇ ਦੂਰ ਦੀ ਗੱਲ ਹੈ। ਜਿਨ੍ਹਾਂ ਲਈ ਬੰਦੇ ਹੋਣ ਦਾ ਅਰਥ ਕਿਰਤੀ ਹੋਣਾ ਨਹੀਂ, ਉਨ੍ਹਾਂ ਨੂੰ ਬੰਦੇ ਬਣਾਉਣ ਲਈ ਕਈ ਵਾਰੀ ਬੰਦ ਕਰਨੇ ਵੀ ਜ਼ਰੂਰੀ ਹੁੰਦੇ ਹਨ।

# ਖ਼ੁਸ਼ੀਆਂ ਦਾ ਦੇਵਤਾ

ਭਾਰਤ ਵਿਚ ਨਾ ਡਾਕਟਰਾਂ ਦੀ ਥੁੜ ਹੈ, ਨਾ ਹੀ ਇੰਜੀਨੀਅਰਾਂ, ਆਰਕੀਟੈਕਟਾਂ ਦੀ। ਵੱਡੀਆਂ ਫੀਸਾਂ ਖਰਚ ਕੇ ਬਣੇ ਜਿੱਥੇ ਪਹਿਲਿਆਂ ਦਾ ਜੀਵਨ-ਮਨੋਰਥ, ਲੋਕਾਂ ਦੀ ਸਿਹਤ ਨਹੀਂ, ਪੈਸਾ ਹੈ; ਉਥੇ ਮਗਰਲਿਆਂ ਦਾ ਉਦੇਸ਼ ਚੰਗੀਆਂ ਸੜਕਾਂ, ਹੰਢਣਸਾਰ ਪੁਲ, ਸੁਹਣੇ ਨਗਰ ਅਤੇ ਪਾਰਕਾਂ ਦੀ ਉਸਾਰੀ ਨਹੀਂ, ਸਗੋਂ ਕਮਿਸ਼ਨ ਰਾਹੀਂ ਮਾਇਆ ਇਕੱਠੀ ਕਰਨਾ ਹੁੰਦਾ ਹੈ। ਪਹਿਲਾਂ ਗੈਰ ਕਾਨੂੰਨੀ ਉਸਾਰੀਆਂ ਕਾਲੋਨੀਆਂ ਨੂੰ ਬਣਦੇ ਉਸਰਦੇ ਦੇਖਣਾ ਤੇ ਫਿਰ ਉਨ੍ਹਾਂ ਨੂੰ ਰੈਗੂਲਰ ਕਰਨ ਦੇ ਨਾਂ 'ਤੇ ਆਪਣਾ ਹਿੱਸਾ ਬਟੋਰਨਾ। ਮਾਹਿਰਾਂ ਦੀ ਇਸ ਭੀੜ ਵਿਚ ਕਈ ਅਜਿਹੇ ਮਰਜੀਵੜੇ ਵੀ ਹੁੰਦੇ ਹਨ, ਜੋ ਵਹਿਣ ਦੇ ਉਲਟ ਚੱਲਦੇ ਹਨ। ਅਜਿਹੀ ਹੀ ਸ਼ਖਸੀਅਤ ਹੈ, ਡਾ. ਹਰਸ਼ਿੰਦਰ ਕੌਰ। ਉਹ ਪਟਿਆਲੇ ਦੇ ਸਰਕਾਰੀ ਹਸਪਤਾਲ ਵਿਚ ਬੱਚਿਆਂ ਦੇ ਵਿਭਾਗ ਵਿਚ ਤਾਇਨਾਤ ਹੈ। ਉਹ ਉਨ੍ਹਾਂ

ਅਵਤਾਰ ਗੋਂਦਾਰਾ
ਫੋਨ: 559-375-2589

ਡਾਕਟਰਾਂ 'ਚੋਂ ਨਹੀਂ, ਜਿਨ੍ਹਾਂ ਲਈ ਰੋਗੀ ਇੱਕ ਚੂੰਗ ਹੋਵੇ; ਉਹ ਉਸ ਨੂੰ ਸਿਹਤਮੰਦ ਤੇ ਖੁਸ਼ ਦੇਖਣ ਲਈ ਯਤਨਸ਼ੀਲ ਹੈ।

ਕਈ ਕੌਮਾਂਤਰੀ, ਕੌਮੀ ਅਤੇ ਰਾਜਕੀ ਇਨਾਮਾਂ ਨਾਲ ਨਿਵਾਜੀ ਇਸ ਸਮਾਜ ਸੇਵੀ ਨੇ ਲੰਮਾ ਤੇ ਬਿਖੜਾ ਪੈਂਡਾ ਤੈਅ ਕੀਤਾ ਹੈ। ਪਿਛਲੇ ਦਿਨੀਂ ਇਸ ਸਫਰ ਦੇ ਮੋੜਾਂ-ਘੋੜਾਂ ਬਾਰੇ ਉਸ ਦੇ ਮੂੰਹੋਂ ਸੁਣਨ ਦਾ ਮੌਕਾ ਮਿਲਿਆ। ਸ਼ਾਂ ਸੀ, ਕਵੀ ਅਤੇ ਵਿਗਿਆਨੀ ਡਾ. ਗੁਰੂਮੇਲ ਸਿੱਧੂ ਦਾ ਫਰਿਜ਼ਨੋ ਨਿਵਾਸ, ਜਿੱਥੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਕਾਰਕੁਨ ਹਾਜਰ ਸਨ। ਡਾ. ਹਰਸ਼ਿੰਦਰ ਕੌਰ ਦੇ ਬੋਲਾਂ ਵਿਚ ਸਫਰ ਦਾ ਥਕੇਵਾਂ ਨਹੀਂ, ਚਿਹਰੇ 'ਤੇ ਮਿਲੇ ਸਨਮਾਨਾਂ, ਕੀਤੀ ਸੇਵਾ ਦਾ ਖੇੜਾ ਹੈ।

ਉਸ ਦਾ ਪਹਿਲਾ ਪ੍ਰਭਾਵ ਅਜਿਹਾ ਸੀ ਕਿ ਮਿਥੇ ਸਮੇਂ ਤੋਂ ਕਾਫੀ ਪੱਛੜ ਕੇ ਆਉਣਾ, ਕਿਸੇ ਨੂੰ ਚੁੱਭਿਆ ਨਹੀਂ। ਪੰਜਾਬੀਆਂ ਦੇ ਸਮੇਂ ਦੀ ਪਾਬੰਦੀ ਤੋਂ ਬੇਨਿਆਜ ਖੁੱਲ੍ਹੇ ਡੁੱਲ੍ਹੇ ਸੁਭਾ ਦੀ ਰਿਆਇਤ ਦਿੰਦਿਆਂ ਸਭਾ ਦੇ ਸਕੱਤਰ ਹਰਜਿੰਦਰ ਕੰਗ ਨੇ ਉਸ ਨੂੰ ਜੀ ਆਇਆਂ ਆਖਿਆ ਅਤੇ ਲਹਿੰਦੇ ਪੰਜਾਬ ਦੇ ਸ਼ਾਇਰ ਮੁਨੀਰ ਨਿਆਜੀ ਦੀਆਂ ਸਤਰਾਂ ਨਾਲ ਗੱਲ ਤੋਰੀ,

ਜਰੂਰੀ ਬਾਤ ਕਹਿਨੀ ਹੋ
ਕੋਈ ਵਾਅਦਾ ਨਿਭਾਨਾ ਹੋ
ਉਸੇ ਆਵਾਜ਼ ਦੇਨੀ ਹੋ
ਉਸੇ ਵਾਪਿਸ ਬੁਲਾਨਾ ਹੋ
ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ।

ਆਪਣੀ ਪ੍ਰੇਰਣਾ, ਜ਼ਿੰਦਗੀ 'ਚ ਆਏ ਕਹੁਣੀ ਮੋੜਾਂ ਬਾਰੇ ਉਹ ਗੱਲ ਸ਼ੁਰੂ ਕਰਦੀ ਹੈ। ਕਹਾਣੀਕਾਰ ਕਰਮ ਸਿੰਘ ਮਾਨ ਪੁੱਛਦਾ ਹੈ ਕਿ ਬਾਕੀ ਡਾਕਟਰਾਂ ਦੇ ਉਲਟ ਮਾਇਆ ਦੀ ਥਾਂ, ਉਸ ਨੇ ਮੋਹ ਦਾ ਰਾਹ ਕਿਵੇਂ ਫੜ ਲਿਆ? ਉਹ ਦੱਸਦੀ ਹੈ, ਕਿਸੇ ਪਿੰਡ ਕੈਂਪ ਲਾਉਣ ਜਾਂਦਿਆਂ ਦੋ ਦਹਾਕੇ ਪਹਿਲਾਂ, ਰਾਹ 'ਚ ਵਾਪਰੀ ਘਟਨਾ ਨੇ ਉਸ ਨੂੰ ਅੰਦਰ ਤੱਕ ਹਲੂਣ ਦਿੱਤਾ ਸੀ। ਹੱਡਾ ਰੋੜੀ ਵਿਚ ਕਿਸੇ ਦੇ ਰੋਣ ਦੀ ਆਵਾਜ਼ ਤੋਂ ਚੌਂਕੀ ਆਪਣੇ ਪਤੀ ਨਾਲ ਉਹ ਉਧਰ ਜਾਂਦੀ ਹੈ, ਜਿੱਥੇ ਕੁੱਤੇ ਇੱਕ ਨਵਜਾਤ ਨੂੰ ਕੋਹ ਕੇ ਮਾਰ ਚੁਕੇ ਹਨ। ਧਿਆਨ ਨਾਲ ਦੇਖਣ 'ਤੇ ਪਤਾ ਲੱਗਦਾ ਹੈ ਕਿ ਲਾਸ਼ ਕੁੜੀ ਦੀ ਹੈ। ਇਸ ਬਾਰੇ ਉਹ ਪਿੰਡ ਵਿਚ ਗੱਲ ਤੋਰਦੀ ਹੈ ਪਰ ਕਿਸੇ ਲਈ ਇਹ ਅਲੋਕਾਰੀ ਘਟਨਾ ਨਹੀਂ। ਪਿੰਡ ਵਾਲੇ ਸਰਸਰੀ ਦੱਸਦੇ ਹਨ ਕਿ ਫਲਾਣਿਆਂ ਦੀ ਗਰੀਬ ਘਰ ਦੀ ਔਰਤ ਆਪਣੀ ਨਵਜੰਮੀ ਕੁੜੀ ਨੂੰ ਹੱਡਾ ਰੋੜੀ ਵਿਚ ਸੁੱਟ ਕੇ ਆਈ ਹੈ। ਉਹ ਦੱਸਦੇ ਹਨ ਕਿ ਪਹਿਲਾਂ ਹੀ ਤਿੰਨ ਕੁੜੀਆਂ ਦੀ ਮਾਂ ਨੂੰ ਉਸ ਦੇ ਪਤੀ ਨੇ ਧਮਕੀ ਦਿੱਤੀ ਸੀ ਕਿ ਚੌਥੀ ਕੁੜੀ ਜੰਮਣ 'ਤੇ ਉਹ ਸਾਰੀਆਂ ਨੂੰ ਘਰੋਂ ਕੱਢ ਦੇਵੇਗਾ।

ਡਾ. ਹਰਸ਼ਿੰਦਰ ਕੌਰ ਨੂੰ ਔਰਤ ਹੋਣ ਦੇ ਸੰਤਾਪ ਦਾ ਪਹਿਲੀ ਵਾਰ ਪਤਾ ਲੱਗਦਾ ਹੈ ਤੇ ਫਿਰ ਖੋਜ ਸ਼ੁਰੂ ਹੋ ਹੁੰਦੀ ਹੈ। ਉਹ ਦੱਸਦੀ ਹੈ, "ਉਸ ਨੂੰ ਭਰੂਣ ਹੱਤਿਆ ਦਾ ਪਤਾ ਨਹੀਂ ਸੀ। ਆਪ ਕਿਤੇ ਵਿਤਕਰਾ ਦੇਖਿਆ ਨਹੀਂ ਸੀ। ਫਿਰ ਕੈਂਪਾਂ ਵਿਚ ਮੈਂ ਮੁੰਡੇ-ਕੁੜੀ ਦੇ ਪੈਦਾ ਹੋਣ ਵਿਚ ਔਰਤ ਮਰਦ ਦੇ ਰੋਲ ਬਾਰੇ ਬਾਕਾਇਦਾ ਦੱਸਣਾ ਸ਼ੁਰੂ ਕੀਤਾ।" ਉਹ ਦੁਨੀਆਂ ਦੀਆਂ 383 ਕੁੜੀ-ਮਾਰ ਜਾਤੀਆਂ ਬਾਰੇ ਦਸਦੀ ਹੈ, ਜਿਨ੍ਹਾਂ ਦੀ ਹੁਣ ਕੋਈ ਹੋਂਦ ਨਹੀਂ। ਔਰਤ ਪ੍ਰਤੀ ਵਿਤਕਰੇ ਦੀ ਤਲਾਸ਼ ਉਸ ਨੂੰ ਲਾਇਬਰੇਰੀਆਂ, ਮਰਦਮਸ਼ੁਮਾਰੀਆਂ, ਘਰੇ ਪਈਆਂ ਪੁਰਾਣੀਆਂ ਪੁਸਤਕਾਂ ਤੱਕ ਲਿਜਾਂਦੀ ਹੈ। ਉਸ ਨੇ ਆਮ ਪੇਂਡੂ ਔਰਤਾਂ ਅਤੇ ਲੜਕੀਆਂ ਨਾਲ ਹੁੰਦੇ ਵਿਤਕਰੇ ਤੇ ਸ਼ੋਸ਼ਣ ਦੀ ਵਿਆਪਕਤਾ ਨੂੰ ਡੂੰਘਾਈ ਤੱਕ ਦੇਖਿਆ ਹੈ।

ਡਾ. ਹਰਸ਼ਿੰਦਰ ਕੌਰ ਦਾ ਮਨ ਡਾਵਾਂਡੋਲ ਵੀ ਹੁੰਦਾ ਹੈ। ਕਈ ਸਾਲਾਂ ਦੇ ਪ੍ਰਚਾਰ ਪ੍ਰਸਾਰ ਨਾਲ ਵੀ ਜੇ ਉਹ ਕੁੱਖ ਪਲਦੀ ਕਿਸੇ ਕੁੜੀ ਨੂੰ ਨਹੀਂ ਬਚਾ ਸਕੀ ਤਾਂ ਇਸ ਭੱਜ ਨੱਠ ਦਾ ਕੀ ਮਕਸਦ? ਨਾਲ ਦੇ ਡਾਕਟਰ ਤਰੱਕੀਆਂ ਲੈ ਗਏ, ਕਈਆਂ ਨੇ ਚੋਖੀਆਂ ਕਮਾਈਆਂ ਕੀਤੀਆਂ। ਡਾਕਟਰੀ ਭਾਈਚਾਰਾ ਉਸ ਨੂੰ ਸਿਰਫਿਰੀ ਸਮਝਦਾ ਹੈ। ਉਹ ਸਭ ਕੁਝ ਛੱਡ ਦੇਣ ਬਾਰੇ ਸੋਚਦੀ ਹੈ, ਤਾਂ ਉਸ ਨੂੰ ਇੱਕ ਕੈਨੇਡਾ ਨਿਵਾਸੀ ਦਾ ਫੋਨ ਆਉਂਦਾ ਹੈ। ਉਹ ਦੱਸਦਾ ਹੈ ਕਿ ਉਹ ਪਤਨੀ ਨੂੰ ਲੈ ਕੇ ਰੋਪੜ ਦੇ ਮਸ਼ਹੂਰ ਐਨ. ਆਈ. ਆਰ. ਕਲਿਨਿਕ 'ਚ ਗਰਭਪਾਤ ਕਰਾਉਣ ਆਇਆ ਸੀ। ਜਦੋਂ ਉਸ ਦੀ ਪਤਨੀ ਓਪਰੇਸ਼ਨ ਥੀਏਟਰ 'ਚ ਸੀ, ਤਾਂ ਉਸ ਨੇ ਉਥੇ ਪਏ ਅਖਬਾਰ ਵਿਚ ਉਸ ਦਾ ਲੇਖ 'ਕੁੜੀਆਂ ਤਾਂ ਕੁੜੀਆਂ ਨੇ, ਕੁੜੀਆਂ ਦਾ ਕੀ ਏ' ਪੜ੍ਹਿਆ। ਉਹ ਕਹਿੰਦਾ, ਪੜ੍ਹਦਿਆਂ ਪੜ੍ਹਦਿਆਂ ਮੇਰਾ ਗੱਚ ਭਰ ਆਇਆ ਤੇ ਮੈਂ ਤੁਰੰਤ ਫੈਸਲਾ ਕੀਤਾ ਕਿ ਅਸੀਂ ਅਬੌਰਸ਼ਨ ਨਹੀਂ ਕਰਾਉਣਾ। ਅਸੀਂ ਕੈਨੇਡਾ ਵਾਪਸ ਆ ਗਏ। ਸਾਡੇ ਲੜਕੀ ਹੋਈ ਹੈ ਤੇ ਅਸੀਂ ਉਸ ਦਾ ਨਾਂ 'ਹਰਸ਼ਿੰਦਰ' ਰੱਖਿਆ ਹੈ।

ਇਸ ਘਟਨਾ ਨੇ ਉਸ ਦੇ ਡੋਲਦੇ ਮਨ ਨੂੰ ਫਿਰ ਤਕੜਾ ਕੀਤਾ। ਪਿੰਡ ਪਿੰਡ ਫਿਰਨ ਦੀ ਥਾਂ, ਉਸ ਨੇ ਇੱਕ ਪਿੰਡ ਮੱਲਾ ਖੇੜੀ ਅਪਨਾਇਆ, ਜਿੱਥੇ 100 ਮੁੰਡਿਆਂ ਪਿੱਛੇ 83 ਕੁੜੀਆਂ ਸਨ। ਧਾਗਿਆਂ ਦੀ ਮਦਦ ਨਾਲ X Y ਕਰੋਮੋਸੋਮਾਂ ਦੀ ਲੀਲਾ ਦੱਸੀ ਕਿ ਮੁੰਡਾ-ਕੁੜੀ ਕਿਵੇਂ ਬਣਦੇ ਹਨ। ਪ੍ਰੇਰਨਾ ਤੇ ਪ੍ਰਚਾਰ ਦਾ ਅਸਰ ਇਹ ਹੋਇਆ ਕਿ ਮੁੰਡਿਆਂ-ਕੁੜੀਆਂ ਦੀ ਅਨੁਪਾਤ 100 ਅਤੇ 103 ਵਿਚ ਬਦਲ ਗਈ। ਇਸ ਦੀ ਚਰਚਾ ਦੇਸ਼ ਵਿਦੇਸ਼ ਤੱਕ ਹੋਈ। ਨੀਦਰਲੈਂਡ ਤੋਂ ਟੀਮ ਆਈ, ਉਸ ਨੇ ਪਿੰਡ ਦਾ ਦੌਰਾ ਕੀਤਾ ਤੇ ਦਸਤਾਵੇਜ਼ੀ ਫਿਲਮ ਬਣਾਈ, ਜਿਸ ਨਾਂ ਰੱਖਿਆ, 'A lady with a thread, A lady with a mission.'

ਇੰਨੇ ਮਿਸ਼ਨਰੀ ਕੰਮ ਦੇ ਬਾਵਜੂਦ ਪੰਜਾਬ ਸਰਕਾਰ ਵਲੋਂ ਮੁਅੱਤਲ ਤੇ ਕੇਂਦਰ ਸਰਕਾਰ ਵਲੋਂ ਤੰਗ ਕੀਤੇ ਜਾਣ ਦਾ ਕਾਰਨ ਕੀ ਸੀ? ਕਵੀ ਸੰਤੋਖ ਮਿਨਹਾਸ ਪੁੱਛਦਾ ਹੈ। ਡਾ. ਹਰਸ਼ਿੰਦਰ ਕੌਰ ਦੱਸਦੀ ਹੈ, ਕਿਵੇਂ ਉਸ ਦੇ ਕੰਮ ਦੀ ਖਬਰ ਯੂ. ਐਨ. ਓ. ਤੱਕ ਪਹੁੰਚੀ ਤੇ ਕਿਵੇਂ ਉਨ੍ਹਾਂ ਨੇ ਉਥੇ ਬੋਲਣ ਲਈ ਸੱਦਾ ਦਿੱਤਾ, ਜਿਸ ਦਾ ਵਿਸ਼ਾ ਸੀ, 'ਪੰਜਾਬੀ ਕੁੜੀ ਮਾਰ ਕਿਉਂ ਹਨ?' ਇਸ ਵਿਸ਼ੇ ਨੇ ਉਸ ਨੂੰ ਹੋਰ ਉਕਸਾਇਆ ਤੇ ਉਸ ਨੇ ਮੁਲਕ ਭਰ ਵਿਚ ਮੁੰਡੇ-ਕੁੜੀ ਦੇ ਅਨੁਪਾਤ ਬਾਰੇ ਖੋਜ ਕੀਤੀ।

ਉਸ ਦੀ ਕਹਾਣੀ ਵਿਚ ਗਲੋਬਲੀ ਵਰਤਾਰੇ ਦੀਆਂ ਪਰਤਾਂ ਖੁਲ੍ਹਦੀਆਂ ਹਨ। ਕੁੜੀ ਮਾਰਾਂ ਵਿਚ ਸਾਰੇ ਮੁਲਕਾਂ ਦਾ ਨੁਮਾਇਆ ਯੋਗਦਾਨ ਹੈ। ਚੀਨ ਵਿਚ ਯਾਂਗਸੀ ਦਰਿਆ ਦਾ ਵਹਿਣ ਇਸ ਕਰਕੇ ਬਦਲਿਆ ਕਿਉਂਕਿ ਸਮੇਂ ਦੇ ਫੇਰ ਨਾਲ ਲੱਖਾਂ ਕੁੜੀਆਂ ਦੇ ਡੱਬੇ ਪਿੰਜਰਾਂ ਨੇ ਉਸ ਦੇ ਕਿਨਾਰੇ ਬੰਨ ਮਾਰ ਦਿੱਤਾ। ਭਾਰਤ ਸਰਕਾਰ ਦੇ ਹਵਾਲਿਆਂ ਮੁਤਾਬਕ ਰਾਜਸਥਾਨ ਦੇ ਭੱਟੀ ਰਾਜਪੂਤਾਂ ਵਿਚ 10,000 ਮੁੰਡਿਆਂ ਪਿੱਛੇ 50 ਕੁੜੀਆਂ ਰਹਿ ਗਈਆਂ ਹਨ। ਹਰਿਆਣਾ ਪੰਜਾਬ ਨੂੰ ਮਾਤ ਪਾ ਰਿਹਾ ਸੀ। ਬੰਬਈ ਦੇ ਇੱਕ ਹਸਪਤਾਲ ਵਿਚ ਇੱਕ ਸਾਲ ਵਿਚ 1000 ਕੁੜੀਆਂ ਦੀ ਭਰੂਣ ਹੱਤਿਆ ਦੀ ਰਿਪੋਰਟ ਇੱਕ ਮੈਡੀਕਲ ਰਸਾਲੇ 'ਚ ਛਪੀ। ਉਸ ਕੋਲ ਘਰਾਂ ਵਿਚ ਨਜਦੀਕੀ ਰਿਸ਼ਤੇਦਾਰਾਂ ਵਲੋਂ ਕੁੜੀਆਂ ਦੇ ਸੋਸ਼ਣ ਦੇ ਦਹਿਲਾਉਣ ਵਾਲੇ ਕਿੱਸੇ-ਕਹਾਣੀਆਂ ਹਨ। ਉਹ ਯੂ. ਐਨ. ਓ. ਜਾ ਕੇ ਪੰਜਾਬੀਆਂ ਬਾਰੇ ਦਰਜ ਅੰਕੜਿਆਂ ਨੂੰ ਚੁਣੌਤੀ ਦਿੰਦੀ ਹੈ ਕਿ ਕੁੜੀ ਮਾਰਾਂ ਵਿਚ ਬਾਕੀ ਸੂਬਿਆਂ ਦਾ ਹਾਲ ਏਦੂੰ ਵੀ ਮਾੜਾ ਹੈ। ਸੱਚ ਦੱਸਣਾ ਮਹਿੰਗਾ ਪਿਆ ਤੇ ਸਰਕਾਰ ਨੂੰ ਲੱਗਿਆ ਕਿ ਕੌਮਾਂਤਰੀ ਭਾਈਚਾਰੇ ਵਿਚ ਮੁਲਕ ਦੀ ਭੰਡੀ ਹੋਈ ਹੈ। ਫਿਰ ਵਿਭਾਗੀ ਕਾਰਵਾਈਆਂ ਤੇ ਸੂਹੀਆ ਏਜੰਸੀਆਂ ਦੀ ਘੇਰਾਬੰਦੀ ਸ਼ੁਰੂ ਹੋਈ। ਕਈ ਹਫਤੇ ਘਰ ਦਹਿਸ਼ਤ ਨਾਲ ਘਿਰਿਆ ਰਿਹਾ। ਯੂ. ਐਨ. ਓ. ਦੇ ਦਖਲ ਅਤੇ ਲੋਕਾਂ ਦੇ ਵਿਰੋਧ ਕਰਨ 'ਤੇ ਉਹ ਮਾਨਸਿਕ ਤੌਰ 'ਤੇ ਤੋੜਨ ਵਾਲੇ ਇਸ ਸੰਤਾਪ 'ਚੋਂ ਸਾਬਤ ਕਦਮੀਂ ਨਿਕਲਦੀ ਹੈ। ਹਾਲਾਤ ਬਦਲਦੇ ਹਨ। ਹੱਥਕੜੀਆਂ ਚੁੱਕੀ ਫਿਰਦੀ ਸਰਕਾਰ, ਹੁਣ ਉਸ ਨੂੰ ਇੱਕ ਤੋਂ ਬਾਅਦ ਇੱਕ ਇਨਾਮ ਨਾਲ ਨਿਵਾਜ ਰਹੀ ਹੈ।


ਡਾ. ਹਰਸ਼ਿੰਦਰ ਕੌਰ (ਖੜ੍ਹਿਆਂ 'ਚ ਖੱਬਿਓਂ ਚੌਥੀ) ਫਰਿਜ਼ਨੋ ਵਿਚ ਬੁੱਧੀਜੀਵੀਆਂ ਨਾਲ

ਉਸ ਨੇ ਨਸ਼ਿਆਂ ਨਾਲ ਰਸਾਤਲ ਵਿਚ ਪਹੁੰਚੇ ਪੰਜਾਬੀ ਪਰਿਵਾਰਾਂ, ਬੇਰੁਜਗਾਰੀ ਹੰਢਾ ਰਹੇ ਅਤੇ ਵਿਦੇਸ਼ਾਂ ਨੂੰ ਜਾਣ ਲਈ ਕਾਹਲੇ ਨੌਜਵਾਨਾਂ ਨੂੰ ਨੇੜਿਓਂ ਦੇਖਿਆ ਹੈ। ਗਰੀਬ ਕੁੜੀਆਂ ਦੀ ਦੁਰਦਸ਼ਾ ਨੇ ਉਸ ਨੂੰ ਟਰੱਸਟ ਬਣਾਉਣ ਲਈ ਪ੍ਰੇਰਿਆ, ਜੋ ਦਰਜਨਾਂ ਲੋੜਵੰਦ ਗਰੀਬ ਕੁੜੀਆਂ ਦੀ ਪੜ੍ਹਾਈ ਲਿਖਾਈ ਦਾ ਫਰਜ਼ ਨਿਭਾ ਰਿਹਾ ਹੈ।

ਜਦੋਂ ਡਾ. ਹਰਸ਼ਿੰਦਰ ਕੌਰ ਨੂੰ ਪੰਜਾਬ ਦੇ ਅਜੋਕੇ ਨਿਘਾਰ ਦੇ ਕਾਰਨਾਂ ਬਾਰੇ ਟਿੱਪਣੀ ਕਰਨ ਨੂੰ ਕਿਹਾ ਗਿਆ ਤਾਂ ਉਸ ਨੇ ਇਸ ਦਾ ਠੂਣਾ ਮਾੜੀਆਂ ਸਰਕਾਰੀ ਨੀਤੀਆਂ ਸਿਰ ਭੰਨਿਆ। ਮੁਫਤ ਬਿਜਲੀ ਪਾਣੀ ਨੇ ਲੋਕਾਂ ਦਾ ਉਦਮ ਖੋਹ ਲਿਆ ਹੈ, ਉਨ੍ਹਾਂ ਨੂੰ ਮੰਗਤੇ ਬਣਾ ਦਿੱਤਾ ਹੈ। ਉਹ ਸਰਕਾਰਾਂ ਨੂੰ ਸੁਆਲ ਕਰਨੋਂ ਹਟ ਗਏ ਹਨ। ਉਸ ਨੇ ਦੱਸਿਆ, ਜਦੋਂ ਉਸ ਨੇ ਬੋਲਣ ਲਈ ਸੱਦਾ ਭੇਜਣ ਵਾਲੇ ਅਦਾਰਿਆਂ ਤੋਂ ਟਰੱਸਟ ਲਈ ਪੈਸੇ ਮੰਗਣੇ ਸ਼ੁਰੂ ਕੀਤੇ, ਤਾਂ ਕਈਆਂ ਨੇ ਸੱਦਣਾ ਹੀ ਬੰਦ ਕਰ ਦਿੱਤਾ। ਉਨ੍ਹਾਂ ਨੇ ਵੀ ਜੋ ਆਪਣੇ ਸਾਲਾਨਾ ਸਮਾਗਮਾਂ 'ਤੇ ਗਾਉਣ ਵਾਲਿਆਂ ਨੂੰ ਲੱਖਾਂ ਰੁਪਏ ਦਿੰਦੇ ਹਨ। ਡਾ. ਹਰਸ਼ਿੰਦਰ ਕੌਰ ਨੇ ਉਨ੍ਹਾਂ ਪਰਵਾਸੀਆਂ ਨੂੰ ਵੀ ਕੋਸਿਆ ਜੋ ਸੋਨੇ ਦੇ ਮੋਟੇ ਕੜੇ, ਮੁੰਦੀਆਂ ਤੇ ਗਾਨੀਆਂ ਪਾ ਕੇ, ਆਪਣੀਆਂ ਪੰਜਾਬ ਫੇਰੀਆਂ ਦੌਰਾਨ ਅਮੀਰੀ ਦਾ ਲੱਚਰ ਵਿਖਾਵਾ ਕਰਦੇ ਹਨ, ਤੇ ਉਥੋਂ ਦੇ ਮੁੰਡੇ-ਕੁੜੀਆਂ ਵਿਚ ਝੂਠੇ ਸੁਫਨਿਆਂ ਦਾ ਬੀਜ ਬੀਜਦੇ ਹਨ। ਉਸ ਨੇ ਪਰਵਾਸੀਆਂ ਨੂੰ ਵਿਦੇਸ਼ ਫੇਰੀਆਂ 'ਤੇ ਆਉਂਦੇ ਭਾਰਤੀ ਸਿਆਸਤਦਾਨਾਂ ਨੂੰ ਸੁਆਲ ਕਰਨ ਦਾ ਸੱਦਾ ਦਿੱਤਾ।

ਵੱਖ ਵੱਖ ਧਿਰਾਂ ਦੀਆਂ ਜਿੰਮੇਵਾਰੀਆਂ ਅਤੇ ਬੇਵਸਾਹੀਆਂ ਦੀ ਲੰਮੀ ਚਰਚਾ ਬਾਅਦ ਕਵਿਤਾਵਾਂ ਦਾ ਦੌਰ ਸ਼ੁਰੂ ਹੁੰਦਾ ਹੈ। ਆਪਣੀਆਂ ਕਵਿਤਾਵਾਂ ਦੇ ਪਾਠ ਮਗਰੋਂ ਡਾ. ਹਰਸ਼ਿੰਦਰ ਕੌਰ ਦੇ ਇਸਰਾਰ 'ਤੇ ਹਾਜਰ ਕਵੀਆਂ 'ਚੋਂ ਅਸ਼ਰਫ ਗਿੱਲ, ਡਾ. ਗੁਰੂਮੇਲ ਸਿੱਧੂ, ਕਰਮ ਸਿੰਘ ਮਾਨ, ਮਹਿੰਦਰ ਸਿੰਘ ਢਾਅ, ਸੁਰਿੰਦਰ ਮੰਢਾਲੀ, ਨਵਦੀਪ ਧਾਲੀਵਾਲ, ਗੁੱਡੀ ਸਿੱਧੂ ਤੇ ਸੰਤੋਖ ਮਿਨਹਾਸ ਕਵਿਤਾਵਾਂ ਨਾਲ ਹਾਜਰੀ ਲੁਆਉਂਦੇ ਹਨ।

ਡਾ. ਹਰਸ਼ਿੰਦਰ ਕੌਰ ਨੇ ਦੱਸਿਆ ਕਿ ਜਨਮ ਸਮੇਂ ਵਾਪਰੀ ਘਟਨਾ ਨੇ ਉਸ ਦਾ ਜੀਵਨ ਮਿਸ਼ਨ ਤੈਅ ਕਰ ਦਿੱਤਾ। ਉਸ ਦੇ ਜਨਮ 'ਤੇ ਗੁਆਂਢਣਾਂ ਅਫਸੋਸ ਕਰਨ ਆਈਆਂ ਤਾਂ ਉਸ ਦੇ ਡੈਡੀ ਨੇ ਛਿੜਕਦੇ ਦਿੱਤੀਆਂ ਤੇ ਕਹਿੰਦੇ, "ਤੁਸੀਂ ਅਫਸੋਸ ਕਰਨ ਆਈਆਂ ਹੋ, ਅਸੀਂ ਕੁੜੀ ਦਾ ਨਾਂ ਹਰਸ਼ ਇੰਦਰ ਰੱਖਾਂਗੇ, ਖੁਸ਼ੀਆਂ ਦਾ ਦੇਵਤਾ।"

ਨਿਜੀ ਖੁਸ਼ੀ ਨੂੰ ਉਸ ਨੇ ਲੋਕਾਂ ਦੀ ਖੁਸ਼ੀ ਨਾਲ ਪਿਉਂਦ ਕਰ ਲਿਆ ਹੈ। ਡਾ. ਹਰਸ਼ਿੰਦਰ ਕੌਰ ਆਪਣੇ ਕੰਮਾਂ ਤੇ ਲਿਖਤਾਂ ਰਾਹੀਂ ਆਪਣੇ ਨਾਂ ਦੀ ਲੱਜ ਪਾਲ ਰਹੀ ਹੈ।

# ਹੋਮਿਓਪੈਥਿਕ ਦਵਾਈ ਦੇ ਖੋਜੀ ਡਾ. ਸੈਮੂਅਲ ਹੈਨੇਮਨ

**ਜਨਮ ਦਿਨ 'ਤੇ ਵਿਸ਼ੇਸ਼**

ਹੋਮਿਓਪੈਥੀ ਕੁਦਰਤ ਦਾ ਇਕ ਅਨਮੋਲ ਖਜਾਨਾ ਹੈ। ਇਹ ਇਕ ਅਜਿਹੀ ਕੁਦਰਤੀ ਇਲਾਜ ਪ੍ਰਣਾਲੀ ਹੈ, ਜੋ ਬਿਮਾਰੀ ਨੂੰ ਜੜ੍ਹੋਂ ਖਤਮ ਕਰਦੀ ਹੈ ਤੇ ਇਸ ਦਾ ਕੋਈ ਸਾਈਡ ਇਫੈਕਟ ਨਹੀਂ ਹੈ।

ਹੋਮਿਓਪੈਥਿਕ ਦਵਾਈਆਂ ਦੇ ਖੋਜ ਖੇਤਰ ਵਿਚ ਮਸੀਹਾ ਕਰਕੇ ਜਾਣੇ ਜਾਂਦੇ ਡਾ. ਸੈਮੂਅਲ ਹੈਨੇਮਨ ਦੀ ਯਾਦ ਵਿਚ ਜਰਮਨੀ ਦੇ ਸ਼ਹਿਰ ਲਿਪਜਿਕ ਵਿਚ ਉਸ ਦਾ ਬੁੱਤ ਲੱਗਾ ਹੋਇਆ ਹੈ, ਜਿਸ ਨੂੰ ਲੋਕ ਸਿਰ




ਡਾ. ਅਮੀਤਾ, ਮਹਿਲ ਕਲਾਂ
ਫੋਨ: 91-99157-27311

ਝੁਕਾ ਕੇ ਲੰਘਦੇ ਹਨ। ਡਾ. ਹੈਨੇਮਨ ਦਾ ਜਨਮ 10 ਅਪਰੈਲ 1755 ਨੂੰ ਜਰਮਨੀ ਦੇ ਪਿੰਡ ਮੀਸ਼ਨ ਵਿਚ ਹੋਇਆ। ਉਨ੍ਹਾਂ ਦੇ ਘਰ ਅੱਤਾਂ ਦੀ ਗਰੀਬੀ ਸੀ। ਪਿਤਾ ਚੀਨੀ ਦੇ ਬਰਤਨਾਂ 'ਤੇ ਚਿਤਰਕਾਰੀ ਕਰਦੇ ਸਨ। ਡਾ. ਸੈਮੂਅਲ ਨੇ ਵੀ ਪੜ੍ਹਾਈ ਦੇ ਨਾਲ ਪਿਤਾ ਦੇ ਕੰਮ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਗਰੀਬੀ ਅਤੇ ਪਰਿਵਾਰਕ ਦੁੱਖ ਉਨ੍ਹਾਂ ਦੇ ਰਾਹ ਵਿਚ ਕਾਫੀ ਵੱਡੀਆਂ ਮੁਸ਼ਕਲਾਂ ਲੈ ਕੇ ਆਏ ਪਰ ਉਹ ਬੜੀ ਦਲੇਰੀ ਨਾਲ ਇਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਵਿਚ ਅੱਗੇ ਵਧਦੇ ਗਏ। ਇਹੀ ਕਾਰਨ ਸੀ ਕਿ ਡਾ. ਸੈਮੂਅਲ ਹੈਨੇਮਨ ਨੂੰ ਦੁਨੀਆਂ ਦੀਆਂ 11 ਭਾਸ਼ਾਵਾਂ ਦਾ ਗਿਆਨ ਸੀ।

ਡਾ. ਸੈਮੂਅਲ ਹੈਨੇਮਨ ਨੇ 24 ਸਾਲ ਦੀ ਉਮਰ ਵਿਚ ਮੈਡੀਕਲ ਸਾਇੰਸ ਵਿਚ ਵੱਡੀਆਂ ਮੱਲ੍ਹਾਂ ਮਾਰਦਿਆਂ ਐਮ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਡਰੁਸਡਿਨ ਹਸਪਤਾਲ ਵਿਚ ਬਤੌਰ ਮੁੱਖ ਡਾਕਟਰ ਨਿਯੁਕਤ ਹੋਏ। ਉਸ ਨੂੰ ਬਚਪਨ ਤੋਂ ਹੀ ਘਰੋਂ ਮਿਲੀ ਸੇਵਾ ਕਰਨ ਦੀ ਲਗਨ ਕਾਰਨ ਰੋਗੀਆਂ ਨੂੰ ਰੋਗ ਮੁਕਤ ਕਰਨ ਦੀ ਦਿਲਚਸਪੀ ਸੀ। ਇੱਥੇ ਨੌਕਰੀ ਕਰਦੇ ਸਮੇਂ ਡਾ. ਹੈਨੇਮਨ ਦੇ ਦਿਮਾਗ ਵਿਚ ਦਵਾਈਆਂ ਦੇ ਅਸਰ ਬਾਰੇ ਤਰ੍ਹਾਂ ਤਰ੍ਹਾਂ ਦੇ ਖਿਆਲ ਆਉਣ ਕਾਰਨ ਉਸ ਦੀ ਪ੍ਰੇਸ਼ਾਨੀ ਬਹੁਤ ਵਧ ਗਈ ਤੇ ਉਸ ਨੇ ਦਵਾਈਆਂ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ।

ਜਦੋਂ ਡਾ. ਹੈਨੇਮਨ ਨੇ ਦੇਖਿਆ ਕਿ ਇਕੋ ਦਵਾਈ ਇਕ ਤਰ੍ਹਾਂ ਦੀ ਬਿਮਾਰੀ ਵਾਲੇ ਮਰੀਜਾਂ ਨੂੰ ਠੀਕ ਨਹੀਂ ਕਰ ਸਕਦੀ ਤਾਂ ਖੋਜ ਕਰਦਿਆਂ ਇਸ ਸਿੱਟੇ 'ਤੇ ਪੁੱਜੇ ਕਿ ਇਕ ਦਵਾਈ ਦਾ ਅਲੱਗ ਅਲੱਗ ਰੋਗੀਆਂ 'ਤੇ ਅਲੱਗ ਅਲੱਗ ਅਸਰ ਹੁੰਦਾ ਹੈ। ਉਸ ਨੇ ਖੋਜ ਦੌਰਾਨ ਪਤਾ ਲਾਇਆ ਕਿ ਅਲੱਗ ਅਲੱਗ ਰੋਗੀਆਂ ਵਿਚ ਰੋਗ ਭਾਵੇਂ ਇਕੋ ਜਿਹਾ ਹੋਵੇ ਪਰ ਰੋਗੀਆਂ ਦੇ ਸੁਭਾਅ ਮੁਤਾਬਕ ਦਵਾਈ ਅਲੱਗ ਤਰ੍ਹਾਂ ਹੀ ਅਸਰ ਕਰਦੀ ਹੈ। ਰੋਗੀ ਦੇ ਰੋਗ ਨਾਲ ਸੁਭਾਅ, ਮਾਨਸਿਕ ਅਤੇ ਸਰੀਰਕ ਇਲਾਜ ਕਰਨਾ ਵੀ ਬਹੁਤ ਜਰੂਰੀ ਹੁੰਦਾ ਹੈ। ਇਸ ਖੋਜ ਨੂੰ ਹੋਰ ਡੂੰਘਾਈ ਤੱਕ ਲੈ ਕੇ ਜਾਣ ਲਈ ਡਾ. ਹੈਨੇਮਨ ਨੌਕਰੀ ਤੋਂ ਅਸਤੀਫਾ ਦੇ ਕੇ ਦਵਾਈਆਂ ਦੀ ਖੋਜ ਕਰਨ ਵੱਲ ਜੁਟ ਗਏ।

ਸੰਨ 1790 ਵਿਚ ਡਾ. ਹੈਨੇਮਨ ਨੂੰ ਇਕ ਕਿਤਾਬ ਦਾ ਅਨੁਵਾਦ ਕਰਦਿਆਂ ਖਿਆਲ ਆਇਆ ਕਿ ਕੋਨੀਨ ਖਾਣ ਨਾਲ ਬੁਖਾਰ ਚੜ੍ਹ ਜਾਂਦਾ ਹੈ। ਇਹ ਖਿਆਲ ਪੂਰੀ ਦੁਨੀਆਂ ਲਈ ਸ਼ੁਭ ਸ਼ਗਨ ਸੀ, ਇਸ ਖਿਆਲ ਦੇ ਆਉਂਦੇ ਹੀ ਡਾ. ਹੈਨੇਮਨ ਨੇ ਕੋਨੀਨ ਦਿਨ ਵਿਚ ਦੋ ਵਾਰ ਖਾਣੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਨੂੰ ਬੁਖਾਰ ਚੜ੍ਹਨਾ ਸ਼ੁਰੂ ਹੋ ਗਿਆ, ਤੇ ਬਾਅਦ ਵਿਚ ਇਸੇ ਨਾਲ ਹੀ ਠੀਕ ਹੋ ਗਿਆ। ਇਸ ਤਜਰਬੇ ਨਾਲ ਡਾ. ਹੈਨੇਮਨ ਖੁਸ਼ੀ ਵਿਚ ਗਦਗਦ ਹੋ ਉਠੇ ਅਤੇ ਇਸ ਸਿੱਟੇ 'ਤੇ ਪੁੱਜੇ ਕਿ ਜੋ ਦਵਾਈ ਰੋਗ ਨੂੰ ਜਨਮ ਦੇ ਸਕਦੀ ਹੈ ਤਾਂ ਉਹ ਉਸੇ ਰੋਗ ਨੂੰ ਖਤਮ ਵੀ ਕਰ ਸਕਦੀ ਹੈ।


ਡਾ. ਸੈਮੂਅਲ ਹੈਨੇਮਨ

ਸੰਨ 1795 ਵਿਚ ਡਾ. ਹੈਨੇਮਨ ਨੇ ਹੋਮਿਓਪੈਥੀ ਉਪਰ ਇਕ ਹੋਰ ਕਿਤਾਬ ਦੀ ਰਚਨਾ ਕੀਤੀ, ਜਿਸ ਵਿਚ 27 ਦਵਾਈਆਂ ਦਾ ਜ਼ਿਕਰ ਕੀਤਾ ਅਤੇ ਅਲਾਮਤਾਂ ਦੱਸੀਆਂ। ਸੰਨ 1810 ਵਿਚ ਇਕ ਹੋਰ ਕਿਤਾਬ ਲਿਖੀ ਅਤੇ ਹੋਮਿਓਪੈਥੀ ਦੇ ਬੁਨਿਆਦੀ ਅਸੂਲਾਂ ਨੂੰ ਇਸ ਵਿਚ ਦਰਸਾਇਆ। ਇਹ ਕਿਤਾਬ ਹੋਮਿਓਪੈਥੀ ਵਿਚ ਇਕ ਵੱਡੇ ਧਾਰਮਿਕ ਗ੍ਰੰਥ ਦੀ ਤਰ੍ਹਾਂ ਮੰਨੀ ਜਾਂਦੀ ਹੈ।

ਸੰਨ 1821 ਤੱਕ ਡਾ. ਹੈਨੇਮਨ ਦੀ ਜ਼ਿੰਦਗੀ ਵਿਚ ਮਿੱਤਰਾਂ ਦੇ ਨਾਲ-ਨਾਲ ਵਿਰੋਧੀਆਂ ਦੀ ਗਿਣਤੀ ਵੀ ਵਧ ਗਈ ਜਿਸ ਕਾਰਨ ਉਸ ਨੂੰ ਸ਼ਹਿਰ ਲਿਪਜਿਕ ਛੱਡ ਕੇ ਜਾਣਾ ਪਿਆ। ਸ਼ਹਿਰ ਛੱਡ ਕੇ ਜਾਣ ਦਾ ਤਾਂ ਉਸ ਨੂੰ ਦੁੱਖ ਸੀ ਹੀ, ਪਰ ਰਸਤੇ ਵਿਚ ਜਾਂਦਿਆਂ ਇਕ ਹਾਦਸਾ ਵਾਪਰਿਆ, ਜਿਸ ਦੌਰਾਨ ਡਾ. ਹੈਨੇਮਨ ਦੇ ਦੋ ਨੌਜਵਾਨ ਬੱਚਿਆਂ ਦੀ ਮੌਤ ਹੋ ਗਈ। ਐਨੇ ਵੱਡੇ ਦੁੱਖ ਦੇ ਬਾਵਜੂਦ ਉਨ੍ਹਾਂ ਹੌਸਲਾ ਨਾ ਹਾਰਿਆ, ਸਗੋਂ ਦਵਾਈ ਦੇ ਖੋਜ ਕਾਰਜਾਂ ਵਿਚ ਜੁਟੇ ਰਹੇ। ਸੰਨ 1828 ਵਿਚ ਡਾ. ਹੈਨੇਮਨ ਨੇ ਗੰਭੀਰ ਅਤੇ ਪੁਰਾਣੀਆਂ ਬਿਮਾਰੀਆਂ 'ਤੇ ਖੋਜ ਕਰਦਿਆਂ ਇਕ ਕਿਤਾਬ ਲਿਖੀ, ਜਿਸ ਪਿਛੋਂ ਉਹ ਮੈਡੀਕਲ ਸਾਇੰਸ ਦੀ ਦੁਨੀਆਂ ਅੰਦਰ ਕਾਫੀ ਮਸ਼ਹੂਰ ਹੋ ਗਏ। ਇਸ ਪੁਸਤਕ ਵਿਚ ਬੜੀ ਬਾਰੀਕੀ ਨਾਲ ਖੋਜ ਦੇ ਵੇਰਵੇ ਦਿੰਦਿਆਂ ਲਿਖਿਆ ਕਿ ਕਿਸੇ ਵੀ ਦਵਾਈ ਨੂੰ ਜਿਨ੍ਹਾਂ ਸੂਖਮ ਰੂਪ ਵਿਚ ਬਣਾਇਆ ਜਾਵੇ, ਉਨੀ ਹੀ ਦਵਾਈ ਦੀ ਤਾਕਤ ਵਧਦੀ ਹੈ। ਕਈ ਛੋਟੀ ਸੋਚ ਵਾਲੇ ਲੋਕਾਂ ਨੇ ਡਾ. ਹੈਨੇਮਨ ਦਾ ਮਜ਼ਾਕ ਵੀ ਉਡਾਇਆ, ਪਰ ਇਹ ਗੱਲ ਹੁਣ ਵਿਗਿਆਨੀਆਂ ਦੀ ਸਮਝ ਵਿਚ ਵੀ ਆ ਚੁਕੀ ਹੈ।

ਸੰਨ 1830 ਵਿਚ ਡਾ. ਹੈਨੇਮਨ ਦੀ ਪਤਨੀ ਦਾ ਦਿਹਾਂਤ ਹੋ ਗਿਆ, ਜਿਸ ਪਿਛੋਂ ਉਨ੍ਹਾਂ ਇਕੱਲ ਮਹਿਸੂਸ ਕਰਦਿਆਂ 80 ਸਾਲ ਦੀ ਉਮਰ ਵਿਚ ਮਾਲਿਨੀ ਨਾਂ ਦੀ ਔਰਤ ਨਾਲ ਦੂਜਾ ਵਿਆਹ ਕਰਵਾ ਲਿਆ। ਵਿਆਹ ਤੋਂ ਤੇਰਾਂ ਸਾਲ ਬਾਅਦ 2 ਜੁਲਾਈ 1843 ਨੂੰ ਡਾ. ਹੈਨੇਮਨ ਪੈਰਿਸ (ਫਰਾਂਸ) ਵਿਖੇ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ। ਡਾ. ਹੈਨੇਮਨ ਦੀ ਮ੍ਰਿਤਕ ਦੇਹ ਨੂੰ ਸ਼ਮਸ਼ਾਨਘਾਟ ਲਿਜਾਣ ਲਈ 4 ਨੇੜਲੇ ਰਿਸ਼ਤੇਦਾਰਾਂ ਨੇ ਹੀ ਮੋਢਾ ਦਿੱਤਾ, ਉਨ੍ਹਾਂ ਦੇ ਮੌਤ 'ਤੇ ਅਫਸੋਸ ਕਰਨ ਹੋਰ ਕੋਈ ਵੀ ਨਾ ਗਿਆ।

ਕਾਫੀ ਸਮਾਂ ਬੀਤਣ ਪਿਛੋਂ ਵਿਰੋਧੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਡਾ. ਹੈਨੇਮਨ ਨਾਲ ਗਲਤ ਸਲੂਕ ਕਰਕੇ ਬਹੁਤ ਵੱਡੀ ਗਲਤੀ ਕੀਤੀ ਹੈ। ਉਹ ਤਾਂ ਦੁਨੀਆਂ ਲਈ ਦਵਾਈ ਦੇ ਰੂਪ ਵਿਚ ਇਕ ਬਹੁਤ ਵੱਡੀ ਸੁਗਾਤ ਦੇ ਗਏ ਹਨ, ਤਾਂ ਉਨ੍ਹਾਂ ਨੇ ਆਪਣੇ ਕੀਤੇ 'ਤੇ ਪਛਤਾਵਾ ਕਰਦਿਆਂ ਸੰਨ 1899 ਵਿਚ ਡਾ. ਹੈਨੇਮਨ ਦੀ ਮੌਤ ਤੋਂ 56 ਸਾਲ ਬਾਅਦ ਉਸ ਦੀ ਮ੍ਰਿਤਕ ਦੇਹ ਨੂੰ ਕਬਰ 'ਚੋਂ ਕੱਢ ਕੇ ਬੜੀ ਸ਼ਾਨੋ ਸ਼ੌਕਤ ਨਾਲ ਸ਼ਾਹੀ ਕਬਰ ਵਿਚ ਦਫਨਾਇਆ। ਹੁਣ ਡਾ. ਹੈਨੇਮਨ ਦੀ ਯਾਦਗਾਰ ਵਜੋਂ ਜਰਮਨੀ ਦੇ ਸ਼ਹਿਰ ਲਿਪਜਿਕ ਵਿਚ ਬੁੱਤ ਲੱਗਾ ਹੋਇਆ ਹੈ। ਡਾ. ਹੈਨੇਮਨ ਦੀ ਖੋਜ ਦੁਨੀਆਂ ਅੰਦਰ ਇਕ ਮਿਸਾਲ ਬਣ ਚੁਕੀ ਹੈ।

# ਪ੍ਰਛਾਵਿਆਂ ਦਾ ਪ੍ਰਗੀਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਇਸ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਸਮੁੰਦਰ ਦੀ ਵਿਸ਼ਾਲਤਾ ਦਾ ਵਿਖਿਆਨ ਕਰਦਿਆਂ ਕਿਹਾ ਸੀ ਕਿ ਕੌਣ ਏ ਜੋ ਪਾਣੀਆਂ ਨੂੰ ਵੰਡ ਸਕੇ! ਪਾਣੀ ਤਾਂ ਜੀਵਨ-ਦਾਨੀ ਜਿਸ ਦਾ ਕੋਈ ਮਜ਼ਹਬ, ਕੌਮ, ਧਰਮ ਜਾਂ ਦੇਸ਼ ਨਹੀਂ। ਡਾ. ਭੰਡਾਲ ਨੂੰ ਗਿਲਾ ਹੈ, "ਸਮੁੰਦਰ, ਅੱਜ ਕੱਲ ਆਪਣੀ ਹੋਣੀ 'ਤੇ ਹੰਝੂ ਕੇਰਦਾ। ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲਣੇ ਸ਼ੁਰੂ। ਸਮੁੰਦਰ ਦਾ ਪੱਧਰ ਉਪਰ ਉਠਣ 'ਤੇ ਇਸ ਦੇ ਕਿਨਾਰੇ ਵੱਸੇ ਸ਼ਹਿਰਾਂ ਦੇ ਨਾਮੋ-ਨਿਸ਼ਾਨ ਮਿਟਣ ਦਾ ਖਤਰਾ। ਪਰ ਮਨੁੱਖ ਸਮੁੰਦਰ ਦੀ ਹੂਕ ਸੁਣਨ ਤੋਂ ਆਕੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪ੍ਰਛਾਵੇਂ ਦਾ ਵਿਸ਼ਲੇਸ਼ਣ ਕੀਤਾ ਹੈ, "ਪ੍ਰਛਾਵਾਂ ਇਕ ਬਿੰਬ। ਤੁਸੀਂ ਇਸ ਬਿੰਬ ਵਿਚੋਂ ਕਿਸ ਤਰ੍ਹਾਂ ਦੇ ਨਕਸ਼ ਨਿਹਾਰਦੇ ਹੋ, ਕਿਸ ਤਰ੍ਹਾਂ ਦੀ ਕਲਾ-ਨਿਕਾਸ਼ੀ ਕਰਦੇ ਹੋ ਅਤੇ ਮਨ-ਮੰਦਿਰ 'ਤੇ ਕਿਹੜੀਆਂ ਸੋਚ-ਪਿੜੀਆਂ ਪਾਉਂਦੇ ਹੋ, ਇਹ ਤੁਹਾਡੀ ਦਿੱਭ-ਦ੍ਰਿਸ਼ਟੀ 'ਤੇ ਨਿਰਭਰ।" ਉਹ ਨਸੀਹਤ ਦਿੰਦੇ ਹਨ, "ਕਦੇ ਵੀ ਕਿਸੇ ਦਾ ਪ੍ਰਛਾਵਾਂ ਨਾ ਬਣੋ। ਸਗੋਂ ਆਪਣੀ ਸ਼ਖਸੀਅਤ ਨੂੰ ਇੰਨਾ ਕੁ ਵਿਸਥਾਰੋ ਕਿ ਲੋਕ ਤੁਹਾਡਾ ਪ੍ਰਛਾਵਾਂ ਬਣਨ ਲਈ ਅਹੁਲਣ ਅਤੇ ਤੁਹਾਡੇ ਵਰਗਾ ਬਣਨ ਦੀ ਲੋਚਾ ਉਨ੍ਹਾਂ ਦਾ ਸੁਪਨਾ ਹੋਵੇ।" ਇਸ ਲੇਖ ਵਿਚ ਡਾ. ਭੰਡਾਲ ਕਦੇ ਸ਼ਾਇਰ ਨਜ਼ਰ ਆਉਂਦੇ ਹਨ ਤੇ ਕਦੇ ਕੋਈ ਸੰਤ ਮਹਾਤਮਾ। -ਸੰਪਾਦਕ*

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪ੍ਰਛਾਵਾਂ, ਚਾਨਣ ਦੀ ਹੋਂਦ ਦਾ ਪ੍ਰਤੀਕ। ਹਨੇਰੇ ਵਿਚ ਤਾਂ ਅਸੀਂ ਖੁਦ ਹੀ ਪ੍ਰਛਾਵਾਂ ਬਣ, ਖੁਦ ਤੋਂ ਡਰਨ ਜੋਗੇ ਰਹਿ ਜਾਂਦੇ।

ਹਰ ਰੋਜ਼ ਸੈਰ ਕਰਦਾ ਹਾਂ। ਸਵੇਰ ਵੇਲੇ ਪ੍ਰਛਾਵਾਂ ਲੰਮਾ ਹੁੰਦਾ ਅਤੇ ਜਿਵੇਂ ਜਿਵੇਂ ਸੂਰਜ ਚੜ੍ਹਦਾ ਪ੍ਰਛਾਵਾਂ ਸੁੰਘੜਨ ਲੱਗਦਾ। ਸੂਰਜ ਸਿਰ 'ਤੇ ਹੁੰਦਾ ਤਾਂ ਪ੍ਰਛਾਵਾਂ ਇਕ ਬਿੰਦੂ 'ਤੇ ਸਿਮਟ ਜਾਂਦਾ। ਅਜਿਹੇ ਵਕਤ ਮਨੁੱਖ ਆਪਣੀ ਔਕਾਤ ਦੇ ਰੂਬਰੂ ਹੋ, ਖੁਦ ਦਾ ਗੁੰਮਿਆ ਪ੍ਰਛਾਵਾਂ ਤਲਾਸ਼ਦਾ।

ਲਹਿੰਦਾ ਸੂਰਜ ਢਲਦੇ ਪ੍ਰਛਾਵਿਆਂ ਦੀ ਦਸਤਕ, ਪ੍ਰਛਾਵਾਂ ਲੰਮੇਰਾ ਹੋ ਆਖਰ ਨੂੰ ਅਲੋਪ ਹੋ ਜਾਂਦਾ ਅਤੇ ਰਾਤ ਦੇ ਘੁਸਮੁਸੇ ਵਿਚ ਖੁਦ ਹੀ ਪ੍ਰਛਾਵਾਂ ਬਣਨ ਦਾ ਦਰਦ ਹੰਢਾਉਣਾ ਪੈਂਦਾ।

ਪ੍ਰਛਾਵਾਂ ਤੁਹਾਡੇ ਨਾਲ ਨਾਲ ਤੁਰਦਾ, ਤੁਹਾਡੀ ਹਰ ਹਰਕਤ, ਪੈੜਚਾਲ ਅਤੇ ਕਿਰਦਾਰ ਦਾ ਬਿੰਬ ਬਣ ਕੇ ਘੋਖਵੀਂ ਨਜ਼ਰ ਰੱਖਦਾ। ਤੁਹਾਨੂੰ ਸੁਚੇਤ ਕਰਦਾ ਅਤੇ ਤੁਹਾਡੇ ਪੈਰਾਂ ਵਿਚ ਸਾਵਧਾਨੀ ਤੇ ਚੇਤਾਵਨੀ ਧਰਦਾ। ਪਰ ਤੁਸੀਂ ਇਸ ਚੇਤਾਵਨੀ ਨੂੰ ਕਿਹੜੇ ਅਰਥਾਂ ਵਿਚ ਲੈਂਦੇ ਅਤੇ ਇਸ ਦੀ ਸੰਜ਼ੀਦਗੀ ਨੂੰ ਕਿੰਨਾ ਕੁ ਅਪਨਾਉਂਦੇ, ਇਹ ਤੁਹਾਡੇ 'ਤੇ ਨਿਰਭਰ।

ਕਦੇ ਵੀ ਕਿਸੇ ਦਾ ਪ੍ਰਛਾਵਾਂ ਨਾ ਬਣੋ। ਸਗੋਂ ਆਪਣੀ ਸ਼ਖਸੀਅਤ ਨੂੰ ਇੰਨਾ ਕੁ ਵਿਸਥਾਰੋ ਕਿ ਲੋਕ ਤੁਹਾਡਾ ਪ੍ਰਛਾਵਾਂ ਬਣਨ ਲਈ ਅਹੁਲਣ ਅਤੇ ਤੁਹਾਡੇ ਵਰਗਾ ਬਣਨ ਦੀ ਲੋਚਾ ਉਨ੍ਹਾਂ ਦਾ ਸੁਪਨਾ ਹੋਵੇ। ਆਪਣੀ ਹਾਜਰੀ ਲਗਵਾਉਣ ਲਈ ਉਚੇਚ ਨਾ ਕਰੋ ਸਗੋਂ ਆਪਣਾ ਬਿੰਬ ਅਜਿਹਾ ਸਿਰਜੋ ਕਿ ਤੁਹਾਡੀ ਗੈਰ-ਹਾਜਰੀ ਰੜਕਣ ਲੱਗ ਪਵੇ।

ਕਈ ਵਾਰ ਪ੍ਰਛਾਵੇਂ ਵਾਂਗ ਰਹਿਣ ਵਾਲੇ ਲੋਕ ਤੁਹਾਡੇ ਰਾਹਾਂ ਦਾ ਰੋੜਾ ਬਣ, ਤੁਹਾਡੀਆਂ ਮੰਜ਼ਲਾਂ ਨੂੰ ਉਝੜ ਰਾਹਾਂ ਵੰਨੀਂ ਧੱਕਣ ਲਈ ਤੁਹਾਡੇ ਰਹਿ ਜਾਂਦੇ। ਅਜਿਹੇ ਬਹੁਰੂਪੀਏ ਅਕਸਰ ਹੀ ਸਮਾਜ ਦੇ ਹਰ ਦਾਇਰੇ ਤੇ ਪਰਤ ਵਿਚ ਨਜ਼ਰ ਆਉਂਦੇ। ਪਰ ਉਨ੍ਹਾਂ ਦੀ ਅਸਲੀਅਤ ਪਤਾ ਲੱਗਣ 'ਤੇ ਉਹ ਨਮੋਸ਼ੀ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਜਾਂਦੇ।

ਖੁਦ ਦਾ ਖੁਦ ਦੇ ਪ੍ਰਛਾਵੇਂ ਨਾਲ ਸੰਵਾਦ ਬਹੁਤ ਸਾਰੇ ਸਵਾਲਾਂ ਤੇ ਜਵਾਬਾਂ ਦਾ ਸਬੱਬ, ਕਮੀਆਂ ਤੇ ਪੂਰਨਤਾਵਾਂ ਦੀ ਤਸ਼ਬੀਹ, ਦਾਨਾਈ ਤੇ ਬੁਰਾਈ

*ਪ੍ਰਛਾਵਾਂ ਬਣ ਕੇ ਜਿਉਣਾ ਲੋਚੇ ਰੂਹ ਦਾ ਇਕ ਪ੍ਰਛਾਵਾਂ।*
*ਪ੍ਰਛਾਵੇਂ ਵਾਂਗਰਾਂ ਉਮਰ-ਪੈਂਡੇ, ਸਦਾ ਹੀ ਤੁਰਿਆ ਜਾਵਾਂ।*
*ਚਾਨਣੀ ਰਾਤ ਦਾ ਇਕ ਪ੍ਰਛਾਵਾਂ, ਸਾਹਾਂ ਵਿਚ ਵਸੇਂਦਾ।*
*ਦਿਨ ਚੜ੍ਹੇ ਕਿਤੇ ਨਜ਼ਰ ਆ ਆਵੇ, ਪਤਾ ਨਹੀਂ ਕਿਧਰ ਜਾਂਦਾ।*
*ਸੋਚਾਂ ਦੇ ਵਿਚ ਕਰਮ-ਪ੍ਰਛਾਵਾਂ, ਜਦ ਹਾਸਲ ਬਣ ਜਾਵੇ।*
*ਤਾਂ ਜੀਵਨ ਦੀ ਸਰਦਲ ਉਤੇ, ਕੋਈ ਸ਼ਗਨ ਕਰ ਜਾਵੇ।*
*ਜੀਵਨ ਦੀ ਪੱਤਝੜ ਹੀ ਹੁੰਦੀ, ਪ੍ਰਛਾਵੇਂ ਦਾ ਨਾਮ।*
*ਜਿਸ ਦੀ ਜੂਹ ਵਿਚ ਸਾਹਾਂ-ਸੰਦਲਾ, ਗੂੰਜੇ ਇਕ ਪੈਗਾਮ।*
*ਜੀਵਨ ਇਕ ਪ੍ਰਛਾਵੇਂ ਵਾਂਗਰ, ਪਲ ਪਲ ਢਲਦਾ ਜਾਵੇ।*
*ਪਤਾ ਨਹੀਂ ਕਿਸ ਮੋੜ 'ਤੇ ਆ ਕੇ, ਸਾਥ-ਸਦੀਵੀ ਛੱਡ ਜਾਵੇ।*
*ਪ੍ਰਛਾਵੇਂ ਨਾਲ ਮੋਹ ਦਾ ਰਿਸ਼ਤਾ, ਜਾਪੇ ਨਿਰਾ ਛਲਾਵਾ।*
*ਪ੍ਰਛਾਵੇਂ ਵਰਗਾ ਜੱਗ ਏ ਬੀਬਾ, ਧੁੱਖਦਾ ਹੋਇਆ ਆਵਾ।*
*ਇਕ ਫੁੱਲ ਸਦਾ ਬਣ ਪ੍ਰਛਾਵਾਂ, ਵਸਦਾ ਮਨ ਦੀ ਜੂਹੇ।*
*ਇਸ ਸਦਕਾ ਹੀ ਰੂਹ ਦੀ ਬੀਹੀ, ਪੀਲੇ ਦਿਨ ਵੀ ਸੂਹੇ।*

ਦਿਸਹੱਦਿਆਂ ਵਿਚ ਧੁੰਧਲਕਾ ਪੈਦਾ ਕਰਦੇ। ਅਜਿਹੇ ਪ੍ਰਛਾਵਿਆਂ ਤੋਂ ਸੁਚੇਤ ਰਹੋ।

ਕਦੇ ਕਦਾਈਂ ਖੁਦ ਦੇ ਪ੍ਰਛਾਵੇਂ ਨੂੰ ਕਿਸੇ ਤਲਾਅ ਦੇ ਠਹਿਰੇ ਹੋਏ ਪਾਣੀ ਵਿਚ ਦੇਖੋ। ਆਪਣੇ ਆਪ ਨੂੰ ਨਿਹਾਰੋ ਤੇ ਚਿਤਾਰੋ। ਖੁਦ ਵਿਚੋਂ ਖੁਦ ਦੀ ਬਾਰੀਕਬੀਨੀ ਨਾਲ ਕੀਤੀ ਪੁਣਛਾਣ ਵਿਚੋਂ ਤੁਸੀਂ ਬਹੁਤ ਕੁਝ ਨੂੰ ਨਕਾਰਨ ਵਿਚ ਸਫਲ ਹੋਵੋਗੇ ਜੋ ਤੁਹਾਡਾ ਕੋਝਾਪਣ ਏ ਅਤੇ ਕੁਝ ਅਜਿਹੇ ਵਿਚ ਹੋਰ ਨਿਖਾਰ ਲਿਆਵੋਗੇ ਜੋ ਤੁਹਾਡਾ ਸੁਹੱਪਣ ਏ।

ਘੰਟਿਆਂ ਬੱਧੀ ਸ਼ੀਸ਼ੇ ਮੂਹਰੇ ਖੁਦ ਨੂੰ ਨਿਹਾਰਨ ਅਤੇ ਸੰਵਾਰਨ ਵਾਲੇ ਲੋਕ ਸਿਰਫ ਬਾਹਰੀ ਸੁੰਦਰਤਾ ਤੀਕ ਸੀਮਤ। ਅੰਦਰਲੀ ਸੁੰਦਰਤਾ ਅਤੇ ਸੀਰਤ ਨੂੰ ਨਿਖਾਰਨ ਲਈ ਅਸੀਂ ਬਿਨਾ ਸ਼ੀਸ਼ੇ ਤੋਂ ਵੀ ਖੁਦ ਨੂੰ ਨਿਹਾਰ ਸਕਦੇ ਹਾਂ ਅਤੇ ਆਪਣੀਆਂ ਗਲਤੀਆਂ ਤੇ ਊਣਤਾਈਆਂ ਨੂੰ ਜਾਣ ਕੇ ਇਨ੍ਹਾਂ ਨੂੰ ਸੁਧਾਰ ਸਕਦੇ ਹਾਂ।

ਕਿਸੇ ਰਹਿਬਰ ਦੇ ਪ੍ਰਛਾਵੇਂ ਵਿਚ ਰਹਿਣ ਵਾਲਿਆਂ ਦੀ ਸੋਚ, ਸਿਆਣਪ ਅਤੇ ਸਲੀਕੇ ਵਿਚ ਪੂਰਨਤਾ ਝਲਕਦੀ ਹੈ ਕਿਉਂਕਿ ਉਨ੍ਹਾਂ ਵਿਚ ਜੀਵਨੀ ਸੂਹਜ ਤੇ ਸਹਿਜ ਨੂੰ ਪ੍ਰਣਾਏ ਨਵੀਨਤਮ ਰਾਹਾਂ 'ਤੇ ਤੁਰਨ ਦੀ ਲੋਚਾ ਹੁੰਦੀ।

ਬਜ਼ੁਰਗਾਂ ਦੇ ਵਿਰਾਸਤੀ ਪ੍ਰਛਾਵੇਂ ਵਿਚ ਪਲਣ ਵਾਲੀ ਔਲਾਦ ਆਪਣੇ ਵਿਰਸੇ ਨਾਲ ਜੁੜੀ ਵਿਰਾਸਤ ਦੀ ਪਛਾਣ ਬਣ ਮੂਲ ਨਾਲ ਜੁੜਨ ਦਾ ਧਰਮ ਪਾਲਦੀ। ਉਸ ਦੇ ਜੀਵਨ-ਸਲੀਕੇ ਵਿਚ ਆਧੁਨਿਕਤਾ ਅਤੇ ਵਿਰਾਸਤ ਦਾ ਅਨੂਠਾ ਸੰਗਮ ਜਿਹੜਾ ਸਮੁੱਚੇ ਸਮਾਜ ਲਈ ਮਾਣ ਦਾ ਸਬੱਬ ਹੁੰਦਾ।

ਜਦ ਕੁਝ ਪਖੰਡੀ ਤੇ ਪਾਜੀ ਲੋਕ ਪ੍ਰਛਾਵਾਂ ਬਣਨ ਦਾ ਢਕਵੰਜ ਰਚਾਉਂਦੇ ਤਾਂ ਉਨ੍ਹਾਂ ਦੀ ਨੀਚਤਾ ਤੇ ਗਲਾਜ਼ਤ ਜਲਦੀ ਹੀ ਜੱਗ-ਜਾਹਰ ਹੋ ਜਾਂਦੀ। ਉਹ ਆਪਣੀ ਕਮੀਨਗੀ ਦਾ ਭਾਰ ਢੋਣ ਜੋਗੇ ਹੀ

ਵਿਚਲਾ ਪਾੜਾ ਅਤੇ ਕਰਮਯੋਗਤਾ ਤੇ ਕਰਮਹੀਣਤਾ ਵਿਚਲੇ ਖੱਪੇ ਨੂੰ ਸਾਡੇ ਸਾਹਵੇਂ ਕਰਦਾ। ਮਨੁੱਖ ਖੁਦ ਦੇ ਵਿਸ਼ਲੇਸ਼ਣ ਵਿਚੋਂ ਨਵੀਆਂ ਪੈੜਾਂ ਦਾ ਸਿਰਜਕ ਬਣਦਾ।

ਪ੍ਰਛਾਵਾਂ ਕਿਸੇ ਦਾ ਕਰਮਯੋਗ ਹੁੰਦਾ ਜੋ ਤੁਹਾਨੂੰ ਨੇਕ ਰਾਹਾਂ ਦੀ ਦੱਸ ਪਾਉਂਦਾ। ਪ੍ਰਛਾਵਾਂ ਕਿਸੇ ਦੇ ਬੋਲਾਂ ਦਾ ਵੀ ਹੁੰਦਾ ਜੋ ਮਿਕਨਾਤੀਸੀ ਖਿੱਚ ਦਾ ਸਬੱਬ ਹੁੰਦਾ। ਪ੍ਰਛਾਵਾਂ ਕਿਸੇ ਦੀ ਔਕਾਤ ਦਾ ਹੁੰਦਾ ਜੋ ਤੁਹਾਡਾ ਮਸਤਕ ਦਰ ਠਕੋਰਦਾ। ਪ੍ਰਛਾਵਾਂ ਅਬੋਲ ਵਾਰਤਾਲਾਪ ਦਾ ਵੀ ਹੁੰਦਾ ਜਿਹੜੀ ਰਾਹਗੀਰ ਬਣੇ ਸੁੰਨੇ ਰਾਹਾਂ 'ਤੇ ਸਿਰਜਦੇ ਹੋ। ਇਹ ਪ੍ਰਛਾਵੇਂ ਬਹੁਤ ਕੁਝ ਅਜਿਹਾ ਸੋਚ-ਧਰਾਤਲ ਵਿਚ ਧਰ ਜਾਂਦੇ ਜਿਨ੍ਹਾਂ ਨੇ ਤੁਹਾਨੂੰ ਵਿਸਥਾਰਨਾ ਤੇ ਵਿਸ਼ਾਲਣਾ ਹੁੰਦਾ।


ਦਿਨ ਵੇਲੇ ਪ੍ਰਛਾਵੇਂ ਕਦੇ ਵੀ ਥਿਰ ਨਹੀਂ। ਪਲ ਪਲ ਬਦਲ ਬਦਲਦੇ ਪ੍ਰਛਾਵਿਆਂ ਦੀ ਰੁੱਤ ਜ਼ਿੰਦਗੀ ਦੇ ਨਾਮ ਕਰਦੇ। ਮਸਨੂਈ ਰੋਸ਼ਨੀ ਵਿਚ ਪ੍ਰਛਾਵੇਂ ਥਿਰ ਰਹਿਣਗੇ ਜੇ ਮਨੁੱਖ ਅਹਿਲ ਰਹੇ। ਪਰ ਗਤੀਸ਼ੀਲ ਮਨੁੱਖ ਦਾ ਪ੍ਰਛਾਵਾਂ ਕਦੇ ਵੀ ਸਥਿੱਰ ਅਤੇ ਇਕਸਾਰ ਨਹੀਂ ਰਹਿੰਦਾ। ਪ੍ਰਛਾਵੇਂ ਦਾ ਬਦਲਨਾ ਹੀ ਨਿਰੰਤਰਤਾ ਦੀ ਨਿਸ਼ਾਨੀ ਜੋ ਜੀਵਨ ਦਾ ਧੁਰਾ। ਸਿਰਫ ਕਬਰ ਦਾ ਪ੍ਰਛਾਵਾਂ ਹੀ ਅਹਿਲ ਹੁੰਦਾ।

ਕਈ ਵਾਰ ਕੁਝ ਪ੍ਰਛਾਵੇਂ ਅਜਿਹੇ ਹੁੰਦੇ ਜੋ ਸਿਰਜਣਹਾਰੇ ਨੂੰ ਹੀ ਹੜੱਪ ਕਰ ਜਾਂਦੇ। ਅਜਿਹਾ ਕਰਕੇ ਉਹ ਖੁਦ ਹੀ ਆਪਣੀ ਹੋਂਦ ਗਵਾ ਬਹਿੰਦੇ। ਭਲਾ! ਸਿਰਜਣਹਾਰੇ ਤੋਂ ਬਗੈਰ ਪ੍ਰਛਾਵੇਂ ਦੀ ਔਕਾਤ ਹੀ ਕੀ ਏ?

ਪ੍ਰਛਾਵਾਂ ਹਮੇਸ਼ਾ ਰੌਸ਼ਨੀ ਵਿਚ ਬਣਦਾ ਏ। ਹਨੇਰਿਆਂ ਵਿਚ ਕੌਣ, ਕਿਸ ਦਾ, ਕਿਸ ਤਰ੍ਹਾਂ ਦਾ ਪ੍ਰਛਾਵਾਂ ਬਣਦਾ ਏ? ਹਨੇਰਾ ਹੀ ਹਨੇਰੇ ਦਾ ਪ੍ਰਛਾਵਾਂ।

ਪ੍ਰਛਾਵਾਂ ਇਕ ਬਿੰਬ। ਤੁਸੀਂ ਇਸ ਬਿੰਬ ਵਿਚੋਂ ਕਿਸ ਤਰ੍ਹਾਂ ਦੇ ਨਕਸ਼ ਨਿਹਾਰਦੇ ਹੋ, ਕਿਸ ਤਰ੍ਹਾਂ ਦੀ ਕਲਾ-ਨਿਕਾਸ਼ੀ ਕਰਦੇ ਹੋ ਅਤੇ ਮਨ-ਮੰਦਿਰ 'ਤੇ ਕਿਹੜੀਆਂ ਸੋਚ-ਪਿੜੀਆਂ ਪਾਉਂਦੇ ਹੋ, ਇਹ ਤੁਹਾਡੀ ਦਿੱਭ-ਦ੍ਰਿਸ਼ਟੀ 'ਤੇ ਨਿਰਭਰ।

ਪ੍ਰਛਾਵਾਂ ਇਕ ਛਲਾਵਾ, ਧੋਖਾ, ਫਰੇਬ ਅਤੇ ਮਨੋ-ਕਲਪਨਾ ਜਦ ਇਸ ਦੀਆਂ ਤਹਿਆਂ ਦੀ ਫਰੋ'ਲਾ-ਫਰਾਲੀ ਵਿਚੋਂ ਸਿਰਫ ਲੀਰਾਂ ਉਘੜਦੀਆਂ। ਜਦ ਕੋਈ ਬੱਦਲੀ ਸੂਰਜ ਨੂੰ ਲੁਕੋਵੇ ਜਾਂ ਜਗਦਾ ਬਲਬ ਫਿਊਜ਼ ਹੋ ਜਾਵੇ ਤਾਂ ਪ੍ਰਛਾਵੇਂ ਦਾ ਵਜੂਦ ਖਤਮ ਹੋ ਜਾਂਦਾ। ਕਿਸੇ 'ਤੇ ਨਿਰਭਰਤਾ ਦਾ ਅਜਿਹਾ ਅੰਜ਼ਾਮ ਹੀ ਤਾਂ ਹੁੰਦਾ।



ਪ੍ਰਛਾਵਾਂ ਬਣ ਕੇ ਜਿਉਣਾ ਲੋਚੇ ਰੂਹ ਦਾ ਇਕ ਪ੍ਰਛਾਵਾਂ। ਪ੍ਰਛਾਵੇਂ ਵਾਂਗਰਾਂ ਉਮਰ-ਪੈਂਡੇ, ਸਦਾ ਹੀ ਤੁਰਿਆ ਜਾਵਾਂ। ਚਾਨਣੀ ਰਾਤ ਦਾ ਇਕ ਪ੍ਰਛਾਵਾਂ, ਸਾਹਾਂ ਵਿਚ ਵਸੇਂਦਾ। ਦਿਨ ਚੜ੍ਹੇ ਕਿਤੇ ਨਜ਼ਰ ਆ ਆਵੇ, ਪਤਾ ਨਹੀਂ ਕਿਧਰ ਜਾਂਦਾ। ਸੋਚਾਂ ਦੇ ਵਿਚ ਕਰਮ-ਪ੍ਰਛਾਵਾਂ, ਜਦ ਹਾਸਲ ਬਣ ਜਾਵੇ। ਤਾਂ ਜੀਵਨ ਦੀ ਸਰਦਲ ਉਤੇ, ਕੋਈ ਸ਼ਗਨ ਕਰ ਜਾਵੇ। ਜੀਵਨ ਦੀ ਪੱਤਝੜ ਹੀ ਹੁੰਦੀ, ਪ੍ਰਛਾਵੇਂ ਦਾ ਨਾਮ। ਜਿਸ ਦੀ ਜੂਹ ਵਿਚ ਸਾਹਾਂ-ਸੰਦਲਾ, ਗੂੰਜੇ ਇਕ ਪੈਗਾਮ। ਜੀਵਨ ਇਕ ਪ੍ਰਛਾਵੇਂ ਵਾਂਗਰ, ਪਲ ਪਲ ਢਲਦਾ ਜਾਵੇ। ਪਤਾ ਨਹੀਂ ਕਿਸ ਮੋੜ 'ਤੇ ਆ ਕੇ, ਸਾਥ-ਸਦੀਵੀ ਛੱਡ ਜਾਵੇ। ਪ੍ਰਛਾਵੇਂ ਨਾਲ ਮੋਹ ਦਾ ਰਿਸ਼ਤਾ, ਜਾਪੇ ਨਿਰਾ ਛਲਾਵਾ। ਪ੍ਰਛਾਵੇਂ ਵਰਗਾ ਜੱਗ ਏ ਬੀਬਾ, ਧੁੱਖਦਾ ਹੋਇਆ ਆਵਾ। ਇਕ ਫੁੱਲ ਸਦਾ ਬਣ ਪ੍ਰਛਾਵਾਂ, ਵਸਦਾ ਮਨ ਦੀ ਜੂਹੇ। ਇਸ ਸਦਕਾ ਹੀ ਰੂਹ ਦੀ ਬੀਹੀ, ਪੀਲੇ ਦਿਨ ਵੀ ਸੂਹੇ।

ਕੁਝ ਲੋਕ ਪ੍ਰਛਾਵਿਆਂ ਨੂੰ ਪਕੜਨ ਦੀ ਵਿਅਰਥ ਕੋਸ਼ਿਸ਼ ਵਿਚ ਹੀ ਜੀਵਨ-ਪੈਂਡਾ ਖੋਟਾ ਕਰ ਜਾਂਦੇ। ਭਲਾ! ਪ੍ਰਛਾਵੇਂ ਵੀ ਕਦੇ ਕਿਸੇ ਦੀ ਪਕੜ ਵਿਚ ਆਏ ਨੇ? ਪ੍ਰਛਾਵਾਂ ਸਿਰਫ ਪ੍ਰਛਾਵਾਂ ਹੁੰਦਾ ਜੋ ਕਿਸੇ ਦੇ ਹੱਥ ਨਾ ਆਵੇ।

ਕਈ ਵਾਰ ਪ੍ਰਛਾਵੇਂ ਬਹੁਤ ਧੁੰਧਲੇ ਜਿਹੇ ਹੁੰਦੇ। ਉਨ੍ਹਾਂ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਨਾ, ਸਭ ਤੋਂ ਕਠਿਨ। ਅਜਿਹੇ ਪ੍ਰਛਾਵੇਂ ਸਿਰਫ ਪੀੜਾ, ਦਰਦ, ਉਦਾਸੀ ਅਤੇ ਗਮ ਸਦਕਾ ਆਪਣੀ ਹੋਂਦ ਜਤਾਉਣ ਜੋਗੇ ਹੁੰਦੇ। ਪਰ ਕੁਝ ਲੋਕ ਅਜਿਹੇ ਹੁੰਦੇ ਜੋ ਤੁਹਾਡੇ ਅਦਿੱਖ ਪ੍ਰਛਾਵੇਂ ਬਣ ਤੁਹਾਡੀਆਂ ਰਾਹਾਂ ਰੁਸ਼ਨਾਉਂਦੇ। ਤੁਹਾਡੀ ਉਂਗਲ ਫੜ੍ਹ ਕੇ ਤੁਰਨਾ ਸਿਖਾਉਂਦੇ। ਕਲਮ ਪਕੜਾ ਕੇ ਪੂਰਨਿਆਂ 'ਤੇ ਲਿਖਣਾ ਸਿਖਾਉਂਦੇ। ਮੁਹਾਰਨੀ ਪੜ੍ਹਾਉਂਦੇ ਅਤੇ ਮਸਤਕ ਵਿਚ ਗਿਆਨ-ਜੋਤ ਧਰਨ ਦਾ ਕਰਮ ਨਿਭਾਉਂਦੇ। ਮਾਪੇ ਸਾਰੀ ਉਮਰ ਹੀ ਪ੍ਰਛਾਵੇਂ ਦੀ ਤਰ੍ਹਾਂ ਬੱਚਿਆਂ ਦੇ ਸੁਪਨਿਆਂ ਦੀ ਪੂਰਨਤਾ ਅਤੇ ਉਨ੍ਹਾਂ ਦੇ ਜੀਵਨੀ-ਸਰੋਕਾਰਾਂ ਵਿਚ ਚਾਨਣ ਤਰੌਂਕਣ ਦਾ ਮਾਨਵੀ ਕਰਮ ਨਿਭਾਉਂਦੇ, ਆਪਣੀ ਅਦ੍ਰਿਸ਼ਟ ਹੋਂਦ ਵਿਚੋਂ ਹੀ ਸੰਤੁਸ਼ਟੀ ਪ੍ਰਾਪਤ ਕਰਦੇ।

ਸਮਾਜਕ ਪਰਦੇ 'ਤੇ ਦ੍ਰਿਸ਼ਟਮਾਨ ਹੁੰਦਾ ਤੁਹਾਡਾ ਪ੍ਰਛਾਵਾਂ, ਤੁਹਾਡੇ ਵਰਗਾ ਹੀ ਹੋਵੇਗਾ। ਇਸ ਲਈ ਜਰੂਰੀ ਹੈ ਕਿ ਆਪਣੇ ਪ੍ਰਛਾਵੇਂ ਪ੍ਰਤੀ ਸੁਹਿਰਦ ਹੋਵੋ ਅਤੇ ਇਸ ਦੀ ਦਿੱਖ, ਦ੍ਰਿਸ਼ਟੀ, ਦਿਸ਼ਾ ਅਤੇ ਦਸ਼ਾ ਪ੍ਰਤੀ ਕਦੇ ਵੀ ਅਵੇਸਲਾ ਨਾ ਹੋਇਆ ਜਾਵੇ।

ਮਨੁੱਖੀ ਮਨ ਦੇ ਚਿੱਤਰਪਟ 'ਤੇ ਨਜ਼ਰ ਆਉਂਦੇ ਕੁਝ ਪ੍ਰਛਾਵੇਂ ਮਨੁੱਖੀ ਸੂਰਤਾਂ ਨਾਲ ਮੇਲ ਨਹੀਂ ਖਾਂਦੇ। ਉਨ੍ਹਾਂ ਦੀ ਬਾਹਰੀ ਦਿੱਖ ਅਤੇ ਪ੍ਰਛਾਵੇਂ ਵਿਚਲਾ ਅੰਤਰ ਉਨ੍ਹਾਂ ਦੇ ਮਖੌਟਿਆਂ ਦੀ ਤਰਜ਼ਮਾਨੀ। ਤੁਹਾਨੂੰ ਮਖੌਟਿਆਂ ਨੂੰ ਜਾਣਨ, ਸਮਝਣ ਅਤੇ ਪੜ੍ਹਨ ਦੀ ਜਾਚ ਆਉਣੀ ਚਾਹੀਦੀ।

ਕਈ ਵਾਰ ਪ੍ਰਛਾਵਿਆਂ ਨਾਲ ਸਿਰਜੇ ਬਿੰਬ ਬੋਲਦੇ, ਹੁੰਗਾਰਾ ਭਰਦੇ ਅਤੇ ਤੁਹਾਡੀ ਚੇਤਨਾ ਵਿਚ ਕੁਝ ਅਜਿਹਾ ਅਣਕਿਹਾ ਧਰ ਜਾਂਦੇ ਕਿ ਤੁਸੀਂ ਇਸ ਦੇ ਅਰਥਾਂ ਦੀ ਅਸੀਮਤਾ ਤੱਕ ਪਹੁੰਚਣ ਤੋਂ ਵੀ ਅਮਸਰੱਥ ਹੁੰਦੇ। ਕਲਾਕਾਰ ਅਕਸਰ ਹੀ ਅਜਿਹਾ ਕਰਦੇ।

ਪ੍ਰਛਾਵੇਂ ਡਰਾਉਣੇ ਵੀ ਅਤੇ ਲੁਭਾਉਣੇ ਵੀ। ਸੰਦਰ ਸਰੂਪ ਵੀ ਅਤੇ ਕੋਝੇ ਕਰੂਪ ਵੀ। ਅਧੂਰੇ ਵੀ ਅਤੇ ਪੂਰੇ ਵੀ। ਕਾਤਲ ਵੀ, ਕਤਲ ਹੋਣ ਵਾਲੇ ਵੀ। ਦੂਰ ਜਾਂਦਾ ਵੀ ਅਤੇ ਨੇੜੇ ਆਉਂਦਾ ਵੀ। ਮੋਹ ਵੀ ਜਤਾਉਂਦਾ, ਤੋੜ-ਵਿਛੋੜਾ ਵੀ ਕਰਦਾ। ਸਭ ਕੁਝ ਪ੍ਰਛਾਵੇਂ ਦੀ ਤਾਸੀਰ ਤੇ ਤਕਦੀਰ 'ਤੇ ਨਿਰਭਰ।

ਕਦੇ ਬਿਰਖ ਵਰਗਾ ਬਣਨ ਦਾ ਮਨ ਵਿਚ ਵਿਚਾਰ ਪੈਦਾ ਕਰਨਾ ਜਿਸ ਦਾ ਪ੍ਰਛਾਵਾਂ ਕਦੇ ਛੋਟਾ ਹੁੰਦਾ, ਕਦੇ ਵੱਡਾ ਹੁੰਦਾ। ਕਦੇ ਬਿਰਖ ਦੀ ਪਰਿਕਰਮਾ ਕਰਦਿਆਂ ਇਕ ਥਾਂ ਤੋਂ ਦੂਜੀ ਥਾਂ 'ਤੇ ਤੁਰਦਾ ਰਹਿੰਦਾ, ਆਪ ਹੀ ਪੈਦਾ ਹੁੰਦਾ ਅਤੇ ਫਿਰ ਆਪ ਹੀ ਅਲੋਪ ਹੋ ਜਾਂਦਾ। ਪਰ ਬਿਰਖ ਹਮੇਸ਼ਾ ਅਡੋਲ ਰਹਿੰਦਾ। ਉਹ ਆਪਣੀ ਕਰਮਭੂਮੀ ਅਤੇ ਧਰਮ-ਰਹਿਤਲ ਨੂੰ ਕਦੇ ਨਹੀਂ ਤਿਆਗਦਾ। ਮਨੁੱਖ ਤਾਂ ਪ੍ਰਛਾਵਿਆਂ ਦੀ ਹੋਂਦ ਵਿਚ ਬਹੁਤ ਜਲਦੀ ਹੀ ਆਪਣੇ ਪੈਰ ਧਰਤੀ ਤੋਂ ਚੁੱਕ ਲੈਂਦਾ।

ਪ੍ਰਛਾਵੇਂ ਸਿਰਫ ਧਰਤੀ 'ਤੇ ਵਿਚਰਦਿਆਂ ਹੀ ਬਣਦੇ। ਬਹੁਤੀ ਵਾਰ ਉਡਦੇ ਪੰਛੀ ਦਾ ਪ੍ਰਛਾਵਾਂ ਤਾਂ ਨਜ਼ਰ ਹੀ ਨਹੀਂ ਆਉਂਦਾ। ਇਹ ਖਲਾਅ ਵਿਚ ਹੀ ਕਿਧਰੇ ਗਵਾਚ ਜਾਂਦਾ।

ਪ੍ਰਛਾਵਿਆਂ ਕਰਕੇ ਹੀ ਗ੍ਰਹਿਣ ਲਗਦੇ। ਇਹ ਭਾਵੇਂ ਸੂਰਜ ਗ੍ਰਹਿਣ ਹੋਵੇ ਜਾਂ ਚੰਦ ਗ੍ਰਹਿਣ। ਅਜਿਹੇ ਮੌਕੇ ਚਲਾਕ ਲੋਕ, ਲੋਕਾਂ ਦੀ ਅਗਿਆਨਤਾ ਵਿਚੋਂ ਹੀ ਨਿਜੀ ਮੁਫਾਦ ਪੂਰਾ ਕਰਦੇ। ਖੁਦ ਅਜਿਹੇ ਗ੍ਰਹਿਣ ਤੋਂ ਬਚੇ ਰਹੋਗੇ ਤਾਂ ਚੰਗੇ ਰਹੋਗੇ।

ਖੁਦ ਦੇ ਚਾਨਣ ਵਿਚ ਸਿਰਜੇ ਹੋਏ ਪ੍ਰਛਾਵੇਂ ਹੀ ਸਦੀਵ ਰਹਿੰਦੇ। ਉਨ੍ਹਾਂ ਦੇ ਨਕਸ਼ ਸਮਾਂ ਵੀ ਨਹੀਂ ਮਿਟਾ ਸਕਦਾ।

ਪ੍ਰਛਾਵਾਂ ਹਮੇਸ਼ਾ ਚਾਨਣ ਦੇ ਸਾਥ ਵਿਚੋਂ ਹੀ ਉਪਜਦਾ, ਚਾਨਣ ਜਿੰਨੀ ਉਮਰ ਭੋਗਦਾ ਅਤੇ ਚਾਨਣ ਦੇ ਅਸਤ ਹੋਣ ਨਾਲ ਹੀ ਖਤਮ ਹੋ ਜਾਂਦਾ।

ਸਾਡਾ ਇਤਿਹਾਸ, ਮਿਥਿਹਾਸ, ਵਿਰਾਸਤ, ਧਰਮ, ਰਹਿਤ-ਮਰਿਆਦਾ, ਸਮਾਜਕ ਰਸਮਾਂ ਆਦਿ ਬੀਤੇ ਹੋਏ ਦੇ ਪ੍ਰਛਾਵੇਂ ਜੋ ਦਸਤਾਵੇਜ਼ੀ ਰੂਪ ਜਾਂ ਜੀਵਨ-ਜਾਚ ਵਿਚ ਹਰ ਪੀੜ੍ਹੀ ਨੇ ਆਉਣ ਵਾਲੀ ਪੀੜ੍ਹੀ ਲਈ ਸੰਭਾਲ ਕੇ ਰੱਖੇ ਹੋਏ ਨੇ ਤਾਂ ਕਿ ਇਨ੍ਹਾਂ ਪ੍ਰਛਾਵਿਆਂ ਦੀ ਅਕੱਥ ਕਹਾਣੀ ਵਿਚੋਂ ਜੀਵਨ ਦਾ ਤਰਕ ਸਮਝਿਆ ਅਤੇ ਮਾਣਿਆ ਜਾ ਸਕੇ।

ਆਪਣਾ ਮੁੱਖ ਹਮੇਸ਼ਾ ਚਾਨਣ ਵੱਲ ਰੱਖੋ ਤਾਂ ਤੁਹਾਨੂੰ ਪ੍ਰਛਾਵਾਂ ਨਜ਼ਰ ਨਹੀਂ ਆਵੇਗਾ ਅਤੇ ਤੁਸੀਂ ਆਪਣੀ ਜ਼ਿੰਦਗੀ ਨੂੰ ਪ੍ਰਛਾਵਿਆਂ ਦਾ ਮੁਥਾਜ ਨਹੀਂ ਰਹਿਣ ਦੇਵੋਗੇ।

ਪ੍ਰਛਾਵਾਂ ਬਣਨਾ, ਆਉਂਦੇ ਚਾਨਣ ਦਾ ਸੰਕੇਤ, ਰੋਸ਼ਨ-ਸੰਦਰਭ। ਇਹ ਰੋਸ਼ਨੀ ਹੀ ਜ਼ਿੰਦਗੀ ਦੀ ਤਲੀ 'ਤੇ ਚਾਨਣ ਦੀ ਮਹਿੰਦੀ ਲਾਉਂਦੀ। ਇਸ ਵਿਚੋਂ ਮਨੁੱਖੀ ਸੋਚਾਂ ਦੇ ਤਾਰੇ ਉਗਮਦੇ ਜੋ ਜੀਵਨ-ਅੰਬਰ ਨੂੰ ਨੂਰੋ-ਨੂਰ ਕਰਦੇ। ਅਜਿਹੇ ਚਾਨਣਾਂ ਨੂੰ ਖੁਸ਼-ਆਮਦੀਦ ਕਹਿਣ ਵਾਲੇ ਹੀ ਜਗਤ ਦੀ ਰੋਸ਼ਨ-ਆਭਾ ਹੁੰਦੇ। ਉਨ੍ਹਾਂ ਦੇ ਬੋਲਾਂ, ਕਰਮਾਂ ਅਤੇ ਹਰਫਾਂ ਵਿਚ ਸੁੱਚਮ, ਪਾਕੀਜ਼ਗੀ ਅਤੇ ਸ਼ਫਾਫਤ। ਅਜਿਹੀ ਕਰਮ-ਧਰਾਤਲ ਅਤੇ ਸੋਚ-ਆਗਮਨ ਨੂੰ ਜੀ-ਆਇਆਂ ਤਾਂ ਕਹਿਣਾ ਹੀ ਬਣਦਾ ਏ!

## ਅਮਲੀ

## ਲਤੀਫਾ

ਇਕ ਅਮਲੀ ਆਪਣੇ ਦੋਸਤਾਂ ਨਾਲ ਸੱਥ ਵਿਚ ਕਬੱਡੀ ਖੇਡ ਰਿਹਾ ਸੀ। ਸ਼ਾਮ ਨੂੰ ਹਨੇਰਾ ਹੋਣ 'ਤੇ ਉਸ ਦੀ ਘਰ ਵਾਲੀ ਲੱਭਦੀ ਲੱਭਦੀ ਉਥੇ ਆ ਗਈ। ਅਮਲੀ ਨੇ ਅਫੀਮ ਜ਼ਰਾ ਵੱਧ ਖਾਧੀ ਹੋਈ ਸੀ, ਉਹਦੀ ਪੀਨਕ ਲੱਗ ਲਈ। ਬਾਕੀ ਸਾਰੇ ਖਿਡਾਰੀ ਤਾਂ ਚਲੇ ਗਏ, ਉਹ ਉਥੇ ਹੀ ਬੈਠਾ ਰਹਿ ਗਿਆ। ਉਹਦੇ ਘਰ ਵਾਲੀ ਕੋਲ ਆਈ ਤੇ ਮੋਢੇ ਫੜ੍ਹ ਕੇ ਉਹਨੂੰ ਹਿਲਾਇਆ ਤਾਂ ਉਹਦੀ ਪੀਨਕ ਖੁੱਲ੍ਹ ਗਈ। ਇਹ ਸਮਝ ਕੇ ਕਿ ਉਹ ਹਾਲੇ ਵੀ ਕਬੱਡੀ ਖੇਡ ਰਿਹਾ ਹੈ, ਛੜੱਪਾ ਮਾਰ ਕੇ ਉਠਿਆ ਤੇ ਘਰ ਵਾਲੀ ਨੂੰ ਦੂਸਰੀ ਟੀਮ ਦਾ ਖਿਡਾਰੀ ਸਮਝ ਕੇ ਜ਼ੋਰ ਨਾਲ ਧੌਲ ਮਾਰੀ। ਉਹਦੀ ਘਰ ਵਾਲੀ ਡਿੱਗ ਪਈ ਤੇ ਬੇਹੋਸ਼ ਹੋ ਗਈ।

ਜਦੋਂ ਅਮਲੀ ਨੂੰ ਪੂਰੀ ਹੋਸ਼ ਆਈ ਤਾਂ ਉਹਨੇ ਘਰ ਵਾਲੀ ਨੂੰ ਹਿਲਾ-ਜੁਲਾ ਕੇ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਉਹ ਬੇਹੋਸ਼ ਹੀ ਪਈ ਰਹੀ। ਅਮਲੀ ਘਬਰਾ ਗਿਆ ਕਿ ਕਿਤੇ ਉਹ ਮਰ ਹੀ ਨਾ ਗਈ ਹੋਵੇ।

ਕਿਸਮਤ ਨੂੰ ਕੋਸਦਾ ਅਮਲੀ ਆਪਣੀ ਜ਼ਿੰਦਗੀ ਵਿਚ ਘਰ ਹੋਈਆਂ ਮੌਤਾਂ ਯਾਦ ਕਰਕੇ ਰੋਂਦਾ ਰੋਂਦਾ ਕੀਰਨੇ ਪਾਉਣ ਲੱਗਾ, "ਹੁਣ ਕੋਈ ਵੀ ਮੇਰਾ ਦੁੱਖ ਵੰਡਾਉਣ ਨੂੰ ਕੋਲ ਨਹੀਂ ਆਈ। ਜਦ ਮੇਰੀ ਮਾਂ ਮਰੀ ਸੀ ਤਾਂ ਕਿੰਨੀਆਂ ਨੇ ਆ ਕੇ ਕਿਹਾ ਸੀ, 'ਦਿਲ ਨਾ ਛੱਡ ਅਮਲੀਆ, ਅਸੀਂ ਵੀ ਤੇਰੀ ਮਾਂ ਵਰਗੀਆਂ।' ਜਦੋਂ ਭੂਆ ਮਰੀ ਤਾਂ ਵੀ ਕਿੰਨੀਆਂ ਆ ਕੇ ਕਹਿੰਦੀਆਂ ਸਨ, 'ਕੋਈ ਨ੍ਹੀਂ ਅਮਲੀਆ ਫਿਕਰ ਨਾ ਕਰ, ਅਸੀਂ ਤੇਰੀ ਭੂਆ ਵਰਗੀਆਂ ਹੈਗੀਆਂ।' ਜਦੋਂ ਮੇਰੀ ਭੈਣ ਮਰੀ ਸੀ, ਉਦੋਂ ਵੀ ਕਿੰਨੀਆਂ ਨੇ ਆ ਕਿਹਾ ਸੀ, 'ਕੋਈ ਨਾ, ਅਸੀਂ ਸਭ ਤੇਰੀਆਂ ਭੈਣਾਂ ਹੀ ਆਂ।' ਹੁਣ ਦੇਖੋ ਮੇਰੀ ਕਿਸਮਤ ਮਾੜੀ, ਕੋਈ ਨਹੀਂ ਆ ਕੇ ਕਹਿੰਦੀ, ਅਮਲੀਆ ਫਿਕਰ ਨਾ ਕਰ, ਮੈਂ ਤੇਰੀ ਘਰ ਵਾਲੀ ਵਰਗੀ ਆਂ।"

*-ਹਰਜਿੰਦਰ ਸਿੰਘ ਧਾਲੀਵਾਲ*
*ਪੈਲਾਟਾਈਨ, ਇਲੀਨਾਏ।*

# ਗੰਦੀਆਂ ਬਸਤੀਆਂ 'ਚ ਗੁੰਮਦੀ ਮਾਸੂਮੀਅਤ ਦਾ ਰੁਦਨ: ਸਲਾਮ ਬੰਬੇ

ਕੁਲਦੀਪ ਕੌਰ


ਫਿਲਮਸਾਜ਼ ਮੀਰਾ ਨਾਇਰ ਦੀ ਫਿਲਮ 'ਸਲਾਮ ਬੰਬੇ' ਬਾਰੇ ਪਿਛਲੇ ਸਾਲਾਂ ਵਿਚ ਲਗਾਤਾਰ ਲਿਖਿਆ ਗਿਆ ਹੈ। ਇਸ ਫਿਲਮ ਦੀ ਪਟਕਥਾ ਅਤੇ ਵਿਚਾਰਧਾਰਾ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਫਿਲਮ ਨੂੰ ਬਣਾਉਣ ਦੀ ਪ੍ਰਕਿਰਿਆ ਅਤੇ ਕਾਰਨਾਂ ਬਦਏ ਜਾਣਨਾ ਘੱਟ ਦਿਲਚਸਪ ਨਹੀਂ ਹੈ। ਇਸ ਫਿਲਮ ਦਾ ਕੇਂਦਰੀ ਧੁਰਾ ਬੰਬਈ ਦੀਆਂ ਗੰਦੀਆਂ ਬਸਤੀਆਂ ਵਿਚ ਰਹਿੰਦੇ ਉਹ ਬੱਚੇ ਹਨ ਜਿਨ੍ਹਾਂ ਦਾ ਬਚਪਨ ਵੱਖ ਵੱਖ ਤਰ੍ਹਾਂ ਦੀਆਂ ਨਿੱਜੀ ਅਤੇ ਸਮਾਜਿਕ ਤਰਾਸਦੀਆਂ ਦਾ ਸ਼ਿਕਾਰ ਹੈ। ਫਿਲਮ ਦੇ ਸਾਰੇ ਕਿਰਦਾਰ ਇਨ੍ਹਾਂ ਅਸਲ ਬੱਚਿਆਂ ਨੇ ਹੀ ਅਦਾ ਕੀਤੀ ਹਨ ਜਿਸ ਕਾਰਨ ਫਿਲਮ ਵਿਚ ਕਿਤੇ ਵੀ ਬਣਾਵਟ ਜਾਂ ਧੱਕੇ ਨਾਲ ਥੋਪੀ ਨੈਤਕਿਤਾ ਦਾ ਪ੍ਰਵਚਨ ਨਜ਼ਰ ਨਹੀਂ ਆਉਂਦਾ।

ਇਸ ਫਿਲਮ ਦੀ ਖੂਬਸੂਰਤੀ ਇਸ ਤੱਥ ਵਿਚ ਹੈ ਕਿ ਇਹ ਫਿਲਮ ਉਨ੍ਹਾਂ ਫਿਲਮਾਂ ਦੇ ਟਾਕਰੇ ਤੇ ਪੱਛੜੇ ਮੁਲਕਾਂ ਦੇ ਬਾਸ਼ਿੰਦਿਆਂ ਦੀ ਉਮੀਦ ਨਾਲ ਭਰੀ ਤਸਵੀਰ ਸਿਰਜਦੀ ਹੈ ਜਿਹੜੀਆਂ ਫਿਲਮਾਂ ਵਿਚ ਭਾਰਤ ਵਰਗੇ ਮੁਲਕਾਂ ਨੂੰ ਸੱਪਾਂ, ਜੋਗੀਆਂ, ਬੇਕਾਰਾਂ ਅਤੇ ਅੰਧ-ਵਿਸ਼ਵਾਸੀਆਂ ਦਾ ਮੁਲਕ ਕਹਿ ਕੇ ਭੰਡਿਆ ਜਾਂਦਾ ਹੈ। ਇਸ ਦੇ ਨਾਲ ਹੀ ਫਿਲਮ ਨਾਲ ਸਬੰਧਿਤ ਹੋਰ ਸਵਾਲ ਵੀ ਉਠਦੇ ਹਨ ਜਿਵੇਂ ਅਜਿਹੀ ਫਿਲਮ ਬਣਾਉਣ ਵਾਲੇ ਦਾ ਫਿਲਮ ਵਿਚ ਕੰਮ ਕਰਨ ਵਾਲਿਆਂ (ਕਿਉਂਕਿ ਇਸ ਫਿਲਮ ਦੇ ਜ਼ਿਆਦਾਤਰ ਅਦਾਕਾਰ ਬੱਚੇ ਸਨ) ਨਾਲ ਕੀ ਸਬੰਧ ਬਣਦਾ ਹੈ? ਅਜਿਹੀਆਂ ਫਿਲਮਾਂ ਉਨ੍ਹਾਂ ਬੱਚਿਆਂ ਦੇ ਹਾਲਾਤ ਦਾ ਗਵਾਹ ਬਣਨ ਦੇ ਬਾਵਜੂਦ ਦਰਸ਼ਕਾਂ ਦੀ ਵੱਡੀ ਗਿਣਤੀ ਖਿੱਚਣ ਵਿਚ ਕਾਮਯਾਬ ਕਿਉਂ ਨਹੀਂ ਹੋ ਸਕਦੀਆਂ? ਇਸ ਤੋਂ ਵੀ ਵਧ ਕੇ ਸਵਾਲ ਇਹ ਕਿ ਅਜਿਹੀਆਂ ਫਿਲਮਾਂ ਮਹੱਤਵਪੂਰਨ ਸਵਾਲ ਕੌਮਾਂਤਰੀ ਪੱਧਰ ਤੱਕ ਉਠਾਉਣ ਦੇ ਬਾਵਜੂਦ ਇਨ੍ਹਾਂ ਸਬੰਧੀ ਕੋਈ ਜ਼ਿਕਰਯੋਗ ਤਬਦੀਲੀ ਕਿਉਂ ਨਹੀਂ ਕਰ ਕਰ ਸਕਦੀਆਂ।

ਫਿਲਮ 'ਸਲਾਮ ਬੰਬੇ' ਬੰਬਈ ਦੀ ਗੰਦੀ ਬਸਤੀ ਵਿਚ ਵੱਸਦੇ ਬਾਰਾਂ ਸਾਲਾਂ ਕ੍ਰਿਸ਼ਨਾ ਦੀ ਕਹਾਣੀ ਹੈ। ਕ੍ਰਿਸ਼ਨਾ ਆਪਣੇ ਪਿੰਡ ਸਰਕਸ ਵਿਚ ਕੰਮ ਕਰਦਾ ਹੈ। ਸਰਕਸ ਵਾਲਿਆਂ ਵੱਲੋਂ ਉਸ ਨੂੰ ਕੱਢਣ ਤੋਂ ਬਾਅਦ ਉਹ ਬੰਬਈ ਦੀ ਟਿਕਟ ਖਰੀਦ ਕੇ ਬੰਬਈ ਦੀ ਕਿਸੇ ਗੰਦੀ ਬਸਤੀ ਨੂੰ ਆਪਣੀ ਠਾਹਰ ਬਣਾ ਲੈਂਦਾ ਹੈ। ਇਥੇ ਉਸ ਵਰਗੇ ਹੀ ਸੈਂਕੜੇ ਬੱਚੇ ਰਹਿੰਦੇ ਹਨ ਜਿਨ੍ਹਾਂ ਲਈ ਹਰ ਨਵਾਂ ਦਿਨ ਨਵਾਂ ਸੰਘਰਸ਼ ਅਤੇ ਨਵੀਂ ਜ਼ਲਾਲਤ ਲੈ ਕੇ ਆਉਂਦਾ ਹੈ। ਕ੍ਰਿਸ਼ਨਾ ਚਾਹ ਦੇ ਢਾਬੇ 'ਤੇ ਕੰਮ ਕਰਦਾ ਹੈ। ਇਥੋਂ ਚਾਹ ਪੀਣ ਵਾਲੇ ਗਾਹਕਾਂ ਵਿਚ ਬਹੁਤੇ ਉਹ ਲੋਕ ਹਨ ਜਿਹੜੇ ਨਾਲ ਲਗਦੇ ਕੋਠੇ 'ਤੇ ਆਪਣੀ ਜਿਸਮਾਨੀ ਹਵਸ ਪੂਰੀ ਕਰਨ ਆਉਂਦੇ ਹਨ। ਇਥੇ ਹੀ ਉਸ ਦੀ ਦੋਸਤੀ ਡਰੱਗਜ਼ ਦਾ ਧੰਦਾ ਕਰਦੇ ਚਿਲਮ ਨਾਲ ਹੁੰਦੀ ਹੈ। ਚਿਲਮ ਉਸ ਲਈ ਪਹਿਲੇ ਪਹਿਲ ਉਮੀਦ ਦੀ ਕਿਰਨ ਬਣਦਾ ਹੈ ਪਰ ਸਮਾਂ ਬੀਤਣ ਨਾਲ ਨਸ਼ੇ ਦੀ ਮਾੜੀ ਲਤ ਕਾਰਨ ਚਿਲਮ ਨਾ ਸਿਰਫ ਆਪਣੇ ਕੰਮ-ਧੰਦੇ ਤੋਂ ਹੱਥ ਧੋ ਬੈਠਦਾ ਹੈ ਸਗੋਂ ਉਸ ਨੂੰ ਸੰਭਾਲਣ



'ਸਲਾਮ ਬੰਬੇ' ਦਾ ਇਕ ਦ੍ਰਿਸ਼।




'ਸਲਾਮ ਬੰਬੇ' ਦਾ ਪੋਸਟਰ।

ਦੀ ਜ਼ਿੰਮੇਵਾਰੀ ਵੀ ਕ੍ਰਿਸ਼ਨਾ 'ਤੇ ਆ ਪੈਂਦੀ ਹੈ। ਕ੍ਰਿਸ਼ਨਾ ਨੂੰ ਕੋਠੇ ਉਤੇ ਨੇਪਾਲ ਤੋਂ ਅਗਵਾ ਕਰ ਕੇ ਲਿਆਂਦੀ ਕੁੜੀ 'ਸੋਲਹ ਸਾਲ' ਨਾਲ ਦਿਲੀ ਹਮਦਰਦੀ ਹੈ। ਉਹ ਉਸ ਕੁੜੀ ਨੂੰ ਛੁਡਾਉਣ ਲਈ ਕੋਠੇ ਨੂੰ ਅੱਗ ਲਗਾ ਦਿੰਦਾ ਹੈ ਜਿਸ ਬਾਰੇ ਪਤਾ ਲੱਗਣ 'ਤੇ ਉਸ ਨੂੰ ਜਿਸਮਾਨੀ ਤਸ਼ੱਦਦ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸੇ ਬਸਤੀ ਵਿਚ ਰਹਿੰਦਾ ਬਾਬਾ ਨਾਮ ਦਾ ਦਲਾਲ ਨਾ ਸਿਰਫ ਪੈਸੇ ਲਈ ਆਪਣੀ ਪਤਨੀ ਤੋਂ ਵੇਣਵਾਗਿਰੀ ਕਰਵਾਉਂਦਾ ਹੈ ਸਗੋਂ ਉਹ ਬਸਤੀ ਵਿਚ ਰਹਿਣ ਵਾਲਿਆਂ ਨਾਲ ਗੁੰਡਾਗਰਦੀ ਵੀ ਕਰਦਾ ਹੈ। ਕਿਹੜੀ ਕੁੜੀ ਕਿੰਨੇ ਵਿਚ ਵਿਕੇਗੀ ਤੋਂ ਲੈ ਕੇ ਕਿਹੜਾ ਬੱਚਾ ਕਿੱਥੇ ਭੀਖ ਮੰਗੇਗਾ ਤੱਕ, ਉਹ ਬਸਤੀ ਵਿਚ ਰਹਿਣ ਵਾਲਿਆਂ ਲਈ ਆਪਣੀ ਤਰ੍ਹਾਂ ਦੇ ਨਿਯਮ ਬਣਾਉਂਦਾ ਰਹਿੰਦਾ ਹੈ ਜਿਨ੍ਹਾਂ ਖਿਲਾਫ ਕਿਤੇ ਕਾਰਵਾਈ ਨਹੀਂ ਹੋ ਸਕਦੀ। ਕ੍ਰਿਸ਼ਨਾ ਅਤੇ ਉਸ ਵਰਗੇ ਅਨੇਕਾਂ ਬੱਚਿਆਂ ਦੀ ਮਾਸੂਮੀਅਤ ਨੂੰ ਵੇਚਣ ਵਾਲਾ ਕੋਈ ਇਕ ਕਿਰਦਾਰ ਨਹੀਂ ਸਗੋਂ ਬੇਘਰੀ, ਬੇਕਾਰੀ ਗਰੀਬੀ ਦਾ ਉਹ ਚੱਕਰ ਹੈ ਜਿਸ ਕਾਰਨ ਉਨ੍ਹਾਂ ਦੀਆਂ ਉਮੀਦਾਂ ਇਕ ਇਕ ਕਰ ਕੇ ਖੁਰਦੀਆਂ ਜਾਂਦੀਆਂ ਹਨ। ਹੱਡ-ਤੋੜਵੀਂ ਮਿਹਨਤ ਕਰਨ ਦੇ ਬਾਵਜੂਦ ਕ੍ਰਿਸ਼ਨਾ ਦਾ ਘਰ ਵਾਪਸ ਜਾਣ ਲਈ 500 ਰੁਪਏ ਨਾ ਜੁਟਾ ਪਾਉਣਾ ਤਰਾਸਦੀ ਦਾ ਸਿਖਰ ਹੋ ਨਿਬੜਦਾ ਹੈ।

ਇਸ ਫਿਲਮ ਦਾ ਮੁੱਖ ਕਿਰਦਾਰ ਸਈਅਦ ਹੁਣ ਬੰਗਲੌਰ ਵਿਚ ਰਿਕਸ਼ਾ ਚਲਾਉਂਦਾ ਹੈ। ਉਸ ਸਮੇਂ ਉਹ ਬੰਬਈ ਵਿਚ ਸੰਘਰਸ਼ ਕਰ ਰਿਹਾ ਸੀ। ਉਸ ਲਈ ਫਿਲਮ ਦੀ ਰਿਲੀਜ਼ ਅਤੇ ਸੰਸਾਰ ਪੱਧਰ 'ਤੇ ਹੋਈ ਚਰਚਾ ਤੋਂ ਬਾਅਦ ਵੀ ਕੋਈ ਫਰਕ ਨਹੀਂ ਪਿਆ। ਉਹ ਉਨ੍ਹਾਂ ਦਿਨਾਂ ਨੂੰ ਹੁਣ ਹੇਰਵੇ ਅਤੇ ਹੈਰਾਨੀ ਨਾਲ ਯਾਦ ਕਰਦਾ ਹੈ। ਨਿਰਦੇਸ਼ਕ ਅਤੇ ਉਸ ਦੀ ਟੀਮ ਭਾਵੇਂ ਫਿਲਮ ਤੋਂ ਪ੍ਰਾਪਤ ਹੋਏ ਮੁਨਾਫੇ ਨਾਲ ਇਕ ਟਰੱਸਟ 'ਸਲਾਮ ਬੰਬੇ' ਰਾਹੀ ਅਜਿਹੇ ਬੱਚਿਆਂ ਦੇ ਪੁਨਰ-ਵਸੇਵੇ ਲਈ ਕੰਮ ਕਰ ਰਹੇ ਹਨ। ਉਂਜ, ਇਮਾਨਦਾਰੀ ਨਾਲ ਬਣਾਈ ਇਸ ਫਿਲਮ ਤੋਂ ਸਬਕ ਸਿੱਖਣ ਦਾ ਵਧੀਆ ਮੌਕਾ ਭਾਰਤ ਦੇ ਨੀਤੀਘਾੜਿਆਂ ਨੇ ਗੁਆ ਲਿਆ ਹੈ।



ਫਿਲਮਸਾਜ਼ ਮੀਰਾ ਨਾਇਰ

# ਫਿਲਮ ਜਗਤ ਦੀ ਨਗੀਨਾ: ਮੀਨਾ ਕੁਮਾਰੀ

ਸੁਖਚੈਨ ਸਿੰਘ ਲਾਇਲਪੁਰੀ

ਮੀਨਾ ਕੁਮਾਰੀ ਨੂੰ ਖ਼ਾਸ ਕਰ ਕੇ ਦੁਖਾਂਤਕ ਫ਼ਿਲਮਾਂ ਵਿਚ ਉਸ ਦੀਆਂ ਯਾਦਗਾਰੀ ਭੂਮਿਕਾਵਾਂ ਲਈ ਯਾਦ ਕੀਤਾ ਜਾਂਦਾ ਹੈ। 1952 ਵਿਚ ਦਿਖਾਈ ਗਈ ਫ਼ਿਲਮ 'ਬੈਜੂ ਬਾਵਰਾ' ਨਾਲ ਉਹ ਕਾਫ਼ੀ ਮਸ਼ਹੂਰ ਹੋਈ। ਮੀਨਾ ਕੁਮਾਰੀ ਦਾ ਅਸਲੀ ਨਾਂ ਮਹਿਜ਼ਬੀਂ ਬਾਨੋ ਸੀ ਜੋ ਬੰਬਈ ਵਿਚ ਪੈਦਾ ਹੋਈ ਸੀ। ਉਸ ਦੇ ਪਿਤਾ ਅਲੀ ਬਖਸ਼ ਵੀ ਫ਼ਿਲਮਾਂ ਅਤੇ ਪਾਰਸੀ ਰੰਗਮੰਚ ਦੇ ਮੰਨੇ ਹੋਏ ਕਲਾਕਾਰ ਸਨ ਅਤੇ ਉਨ੍ਹਾਂ ਨੇ ਕੁਝ ਫ਼ਿਲਮਾਂ ਵਿਚ ਸੰਗੀਤਕਾਰ ਦਾ ਵੀ ਕੰਮ ਕੀਤਾ ਸੀ। ਉਸ ਦੀ ਮਾਂ ਪ੍ਰਭਾਵਤੀ ਦੇਵੀ (ਬਾਅਦ ਵਿਚ ਇਕਬਾਲ ਬਾਨੋ) ਵੀ ਮਸ਼ਹੂਰ ਨਿਰਤਕੀ ਅਤੇ ਅਦਾਕਾਰਾ ਸੀ ਜਿਸ ਦਾ ਸਬੰਧ ਟੈਗੋਰ ਪਰਿਵਾਰ ਨਾਲ ਸੀ। ਮਹਿਜ਼ਬੀਂ ਨੇ ਪਹਿਲੀ ਵਾਰ 'ਫਰਜ਼ੰਦ-ਏ-ਵਤਨ' ਫ਼ਿਲਮ ਲਈ ਛੇ ਸਾਲ ਦੀ ਉਮਰ ਵਿਚ ਕੰਮ ਕੀਤਾ ਸੀ। ਉਸ ਦਾ ਨਾਂ ਮੀਨਾ ਕੁਮਾਰੀ ਵਿਜੈ ਭੱਟ ਦੀ ਮਸ਼ਹੂਰ ਫ਼ਿਲਮ 'ਬੈਜੂ ਬਾਵਰਾ' ਵਿਚ ਪਿਆ।

ਮੀਨਾ ਕੁਮਾਰੀ ਦੇ ਫ਼ਿਲਮਾਂ ਵਿਚ ਆਉਣ ਨਾਲ ਭਾਰਤੀ ਸਿਨਮਾ ਵਿਚ ਨਵੀਆਂ ਅਭਿਨੇਤਰੀਆਂ ਦਾ ਖ਼ਾਸ ਦੌਰ ਸ਼ੁਰੂ ਹੋਇਆ ਜਿਸ ਵਿਚ ਨਰਗਿਸ, ਨਿੰਮੀ, ਸੁਚਿਤਰਾ ਸੇਨ ਅਤੇ ਨੂਤਨ ਸ਼ਾਮਲ ਸਨ। 1953 ਤਕ ਮੀਨਾ ਕੁਮਾਰੀ ਦੀਆਂ ਤਿੰਨ ਸਫਲ ਫ਼ਿਲਮਾਂ ਆ ਚੁੱਕੀਆਂ ਸਨ ਜਿਨ੍ਹਾਂ ਵਿਚ 'ਦਾਇਰਾ', 'ਦੋ ਬੀਘਾ ਜ਼ਮੀਨ' ਅਤੇ 'ਪਰਿਣੀਤਾ' ਸ਼ਾਮਲ ਸਨ। 'ਪਰਿਣੀਤਾ' ਤੋਂ ਮੀਨਾ ਕੁਮਾਰੀ ਲਈ ਐਨ ਨਵਾਂ ਦੌਰ ਸ਼ੁਰੂ ਹੋਇਆ। ਇਸ ਵਿਚ ਉਸ ਦੀ ਭੂਮਿਕਾ ਨੇ ਭਾਰਤੀ ਔਰਤਾਂ ਨੂੰ ਖ਼ਾਸ ਪ੍ਰਭਾਵਿਤ ਕੀਤਾ ਸੀ। ਇਸ ਫ਼ਿਲਮ ਵਿਚ ਭਾਰਤੀ ਨਾਰੀਆਂ ਦੀ ਆਮ ਜ਼ਿੰਦਗੀ ਦੀਆਂ ਤਕਲੀਫ਼ਾਂ ਦਾ ਚਿਤਰਨ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਇਸ ਫ਼ਿਲਮ ਨਾਲ ਉਸ ਦੀ ਪਛਾਣ ਸਿਰਫ਼ ਦੁਖਾਂਤਕ ਭੂਮਿਕਾਵਾਂ ਕਰਨ ਵਾਲੀ ਤਕ ਹੀ ਸੀਮਿਤ ਹੋ ਗਈ। ਅਜਿਹਾ ਹੋਣ ਦੇ ਬਾਵਜੂਦ ਉਸ ਦੀ ਅਦਾਕਾਰੀ ਦੀ ਖ਼ਾਸ ਸ਼ੈਲੀ ਅਤੇ ਪ੍ਰਭਾਵਸ਼ਾਲੀ ਆਵਾਜ਼ ਦਾ ਜਾਦੂ ਭਾਰਤੀ ਦਰਸ਼ਕਾਂ ਉਤੇ ਹਮੇਸ਼ਾ ਛਾਇਆ ਰਿਹਾ।

ਮੀਨਾ ਕੁਮਾਰੀ ਦਾ ਵਿਆਹ ਮਸ਼ਹੂਰ ਫ਼ਿਲਮਸਾਜ਼ ਕਮਾਲ ਅਮਰੋਹੀ ਨਾਲ ਹੋਇਆ ਜਿਸ ਨੇ ਉਸ ਦੀਆਂ ਕੁਝ ਮਸ਼ਹੂਰ ਫ਼ਿਲਮਾਂ ਦਾ ਨਿਰਦੇਸ਼ਨ ਕੀਤਾ ਸੀ। ਮੀਨਾ ਉਸ ਦੀ ਦੂਸਰੀ ਪਤਨੀ ਸੀ, ਪਰ ਇਹ ਰਿਸ਼ਤਾ ਜ਼ਿਆਦਾ ਦੇਰ ਤਕ ਕਾਮਯਾਬ ਨਾ ਰਿਹਾ। ਉਹ ਦੋਨੋਂ 1964 ਵਿਚ ਅਲੱਗ ਹੋ ਗਏ।

ਸ਼ਰਮੀਲੀ ਮੀਨਾ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ ਕਿ ਉਹ ਕਵਿਤਰੀ ਵੀ ਸੀ, ਪਰ ਕਦੇ ਵੀ ਉਸ ਨੇ ਆਪਣੀਆਂ ਕਵਿਤਾਵਾਂ ਪ੍ਰਕਾਸ਼ਿਤ ਕਰਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਦੀਆਂ ਲਿਖੀਆਂ ਬਹੁਤ ਸਾਰੀਆਂ ਉਰਦੂ ਕਵਿਤਾਵਾਂ ਗੁਲਜ਼ਾਰ ਕੋਲ ਮੌਜੂਦ ਹਨ, ਕਿਉਂਕਿ ਉਹ ਆਪਣਾ ਸਾਰਾ ਲਿਖਿਆ ਸਾਹਿਤ ਗੁਲਜ਼ਾਰ ਨੂੰ ਦੇ ਗਈ ਸੀ। ਸ਼ਰੀਫ਼ ਭਾਰਤੀ ਨਾਰੀ ਦੀ ਅਦਾਕਾਰੀ ਵਿਚ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਉਸ ਦੀਆਂ ਮਸ਼ਹੂਰ ਫ਼ਿਲਮਾਂ 'ਛੋਟੀ ਬਹੂ', 'ਸਾਹਿਬ ਬੀਬੀ ਔਰ ਗ਼ੁਲਾਮ', 'ਮੇਰੇ ਅਪਨੇ', 'ਬਹੂ ਬੇਗ਼ਮ', 'ਦੁਸ਼ਮਨ' ਅਤੇ ਖ਼ਾਸ ਕਰ ਕੇ 'ਪਾਕੀਜ਼ਾ' ਹਨ। 'ਪਾਕੀਜ਼ਾ' ਉਸ ਦੇ ਜੀਵਨ ਦੀ ਯਾਦਗਾਰ ਫ਼ਿਲਮ ਸੀ ਕਿਉਂਕਿ ਕਮਾਲ ਅਮਰੋਹੀ ਨਾਲ ਨਿਕਾਹ ਕਰਨ 'ਤੇ ਇਸ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋਈ ਸੀ ਅਤੇ ਕਮਾਲ ਨਾਲੋਂ ਵੱਖ ਹੋਣ ਕਾਰਨ ਇਹ ਫ਼ਿਲਮ ਵਿਚਕਾਰ ਹੀ ਬੰਦ ਹੋ ਗਈ ਤੇ ਲਗਾਤਾਰ 14 ਸਾਲ ਬੰਦ ਰਹੀ। ਜ਼ਿੰਦਗੀ ਦੇ ਆਖਰੀ ਸਮੇਂ ਜਦੋਂ ਉਹ ਕੈਂਸਰ ਨਾਲ ਬਹੁਤ ਬਿਮਾਰ ਸੀ ਤੇ ਮੌਤ ਦੇ ਨਜ਼ਦੀਕ ਪਹੁੰਚ ਚੁੱਕੀ ਸੀ, ਉਸ ਵਕਤ ਕਮਾਲ ਅਮਰੋਹੀ ਉਸ ਕੋਲ ਪਹੁੰਚਿਆ ਤੇ ਉਸ ਨੇ ਇਸ ਫ਼ਿਲਮ ਨੂੰ ਪੂਰਾ ਕਰਨ ਲਈ ਉਸ ਨੂੰ ਮਨਾ ਲਿਆ। ਉਸ ਵਕਤ ਡਾਕਟਰਾਂ ਵੱਲੋਂ ਉਸ ਨੂੰ ਸੰਪੂਰਨ ਤੌਰ 'ਤੇ ਆਰਾਮ ਕਰਨ ਦੀ ਸਖ਼ਤ ਹਦਾਇਤ ਕੀਤੀ ਹੋਈ ਸੀ, ਪਰ ਉਸ ਨੂੰ ਜਿਵੇਂ ਮੌਤ ਨਜ਼ਰ ਆ ਰਹੀ ਸੀ, ਇਸ ਲਈ ਉਸ ਨੇ ਕਿਸੇ ਵੀ ਹਾਲਤ ਵਿਚ 'ਪਾਕੀਜ਼ਾ' ਫ਼ਿਲਮ ਨੂੰ ਪੂਰਾ ਕਰਨ ਲਈ ਮਨ ਬਣਾ ਲਿਆ ਅਤੇ ਫ਼ਿਲਮ ਦੁਬਾਰਾ ਬਣਾਉਣੀ ਸ਼ੁਰੂ ਕਰ ਦਿੱਤੀ। ਇਸ ਫ਼ਿਲਮ ਦੀ ਭੱਜ ਦੌੜ ਅਤੇ ਡਾਂਸ ਦੀ ਸਖ਼ਤ ਮਿਹਨਤ ਕਾਰਨ ਮੀਨਾ ਦਿਨੋ ਦਿਨ ਕਮਜ਼ੋਰ ਹੁੰਦੀ ਗਈ। ਫ਼ਿਲਮ ਦੇ ਆਖਰੀ ਸੈਟ ਜੋ ਮੁਜਰਾ ਦਾ ਸੀ, ਵਿਚ ਬਹੁਤ ਜ਼ਿਆਦਾ ਸ਼ਰਾਬ ਪੀ ਕੇ ਉਸ ਨੇ ਇਹ ਰੋਲ ਅਦਾ ਕੀਤਾ। ਉਸ ਮੁਜਰੇ ਵਿਚ ਬਲਦੇ ਹੋਏ ਲੈਂਪ ਨੂੰ ਤੋੜ ਕੇ ਉਸ ਦੇ ਕੱਚ ਉਪਰ ਨੱਚਣ ਦੀ ਅਦਾਕਾਰੀ ਕਰਨੀ ਸੀ, ਪਰ ਨਸ਼ੇ ਵਿਚ ਧੁੱਤ ਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਮੀਨਾ ਕੁਮਾਰੀ ਨੇ ਸੱਚਮੁੱਚ ਕੱਚ 'ਤੇ ਨੱਚ ਕੇ ਵਿਖਾਇਆ। ਇਥੇ ਉਹ ਬੇਹੋਸ਼ ਹੋ ਗਈ ਤੇ ਉਸ ਨੂੰ ਹਸਪਤਾਲ ਦਾਖਲ ਕਰਾਇਆ ਗਿਆ। ਬਾਕੀ ਦਾ ਦ੍ਰਿਸ਼ ਉਸ ਦੀ ਥਾਂ ਸਾਧਨਾ ਖੋਟੇ ਨਾਂ ਦੀ ਅਦਾਕਾਰਾ ਜਿਸ ਦੀ ਆਵਾਜ਼ ਮੀਨਾ ਕੁਮਾਰੀ ਨਾਲ ਮਿਲਦੀ ਸੀ, ਉਸ ਨੂੰ ਘੁੰਡ ਵਿਚ ਲਕੋ ਕੇ ਕਰਾਇਆ ਗਿਆ। ਹਸਪਤਾਲ ਪਹੁੰਚਾਉਣ ਤੋਂ ਬਾਅਦ ਮੀਨਾ ਕੁਮਾਰੀ ਦੀ ਕਿਸੇ ਨੇ ਸਾਰ ਤਕ ਨਾ ਲਈ।



ਕਮਾਲ ਅਮਰੋਹੀ ਬਹੁਤ ਮਤਲਬਪ੍ਰਸਤ ਇਨਸਾਨ ਸੀ। ਫ਼ਿਲਮ ਪੂਰੀ ਹੋਣ ਦੀ ਹੀ ਦੇਰ ਸੀ ਕਿ ਉਸ ਨੇ ਮੀਨਾ ਕੁਮਾਰੀ ਤੋਂ ਮੂੰਹ ਫੇਰ ਲਿਆ। ਕੁਝ ਦਿਨ ਕੋਮਾ ਵਿਚ ਰਹਿਣ ਤੋਂ ਬਾਅਦ ਮੀਨਾ ਕੁਮਾਰੀ ਦੀ ਮੌਤ ਹੋ ਗਈ। ਅਸਲ ਵਿਚ ਕਮਾਲ ਅਮਰੋਹੀ ਨੇ ਮੀਨਾ ਕੁਮਾਰੀ ਨੂੰ ਆਪਣੇ ਜਾਲ ਵਿਚ ਫਸਾ ਕੇ ਉਸ ਦੀ ਸਾਰੀ ਜ਼ਿੰਦਗੀ ਤਬਾਹ ਕਰ ਦਿੱਤੀ। ਉਸ ਨੇ ਮੀਨਾ ਕੁਮਾਰੀ ਨੂੰ ਮਰਦੇ ਦਮ ਤਕ ਤਲਾਕ ਨਾ ਦਿੱਤਾ ਤਾਂ ਕਿ ਉਹ ਕਿਸੇ ਹੋਰ ਨਾਲ ਵਿਆਹ ਨਾ ਕਰ ਸਕੇ। ਉਹ ਆਪਣੇ ਜ਼ਮਾਨੇ ਦੀ ਬਹੁਤ ਖ਼ੂਬਸੂਰਤ ਅਦਾਕਾਰਾ ਸੀ। ਉਸ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ, ਜਿਨ੍ਹਾਂ ਵਿਚ ਉਸ ਜ਼ਮਾਨੇ ਦੇ ਮਸ਼ਹੂਰ ਕਲਾਕਾਰ ਅਸ਼ੋਕ ਕੁਮਾਰ, ਪ੍ਰਸਿਧ ਗਾਇਕ ਕਿਸ਼ੋਰ ਕੁਮਾਰ, ਗੁਰੂ ਦੱਤ, ਮਨੋਜ ਕੁਮਾਰ, ਦੇਵ ਆਨੰਦ, ਰਾਜੇਸ਼ ਖੰਨਾ ਅਤੇ ਧਰਮਿੰਦਰ, ਉਸ ਤੋਂ ਜਾਨ ਵਾਰਦੇ ਸਨ, ਪਰ ਤਲਾਕ ਨਾ ਹੋਣ ਕਰ ਕੇ ਮੀਨਾ ਕਿਸੇ ਨਾਲ ਵਿਆਹ ਨਾ ਕਰ ਸਕੀ। ਉਸ ਦੀ ਮਾਂ ਬਣਨ ਦਾ ਬਹੁਤ ਇੱਛਾ ਸੀ। ਉਸ ਨੇ ਕਮਾਲ ਅਮਰੋਹੀ ਦੀ ਦੂਸਰੀ ਬੇਗ਼ਮ ਦੇ ਇਕ ਬੱਚੇ ਨੂੰ ਆਪਣੇ ਪੁੱਤਰ ਵਾਂਗ ਪਾਲਿਆ।

ਮੀਨਾ ਕੁਮਾਰੀ ਦੀ ਜ਼ਿੰਦਗੀ ਦਾ ਇਹ ਦੁਖਾਂਤ ਰਿਹਾ ਕਿ ਜਦੋਂ ਉਸ ਦਾ ਜਨਮ ਹੋਇਆ, ਉਸ ਦੇ ਮਾਂ ਬਾਪ ਇੰਨੇ ਗ਼ਰੀਬ ਸਨ ਕਿ ਹਸਪਤਾਲ ਵਿਚ ਉਸ ਦੇ ਜਨਮ ਦੀ ਫੀਸ ਅਦਾ ਨਾ ਕਰ ਸਕੇ, ਕੁਝ ਦਿਨ ਬਾਅਦ ਕਿਸੇ ਨੇ ਇਹ ਫੀਸ ਭਰ ਕੇ ਉਸ ਨੂੰ ਛੁਡਵਾਇਆ ਸੀ।

# ALL INDIA
# Sweets & Groceries

ਸਮੂਹ ਗਾਹਕਾਂ, ਸਰਪ੍ਰਸਤਾਂ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

## ਖਾਲਸਾ ਸਾਜਨਾ ਦਿਵਸ
## ਅਤੇ ਵਿਸਾਖੀ ਦੀ
## ਲੱਖ-ਲੱਖ ਵਧਾਈ



## Vegetarian Lunch & dinner buffet

ਸਵਾਦੀ ਮਠਿਆਈਆਂ

*Specializing in All Indian Mithais*

ਸਵਾਦੀ ਮਠਿਆਈਆਂ

## VINOD KAMBOJ
## &
## BABBU KAMBOJ

1715 S. Real Road , Bakersfield CA 93309

## 661.832.3900

# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਆਓ, ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ, ਦੇ ਹੁਕਮਾਂ ਉਪਰ ਪਹਿਰਾ ਦਿੰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਪੂਰਨ ਸੇਧ ਲਈਏ ਅਤੇ ਕਿਸੇ ਹੋਰ ਗ੍ਰੰਥ ਜਾਂ ਮਨੁੱਖ ਉਪਰ ਟੇਕ ਨਾ ਰੱਖਣ ਦਾ ਪ੍ਰਣ ਕਰੀਏ

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਸਮੂਹ ਸੰਗਤ ਨੂੰ

# ਕੋਟਾਨਿ-ਕੋਟਿ ਵਧਾਈ

ਵਲੋਂ: ਸੱਲ੍ਹਾਂ ਬ੍ਰਦਰਜ਼, ਇੰਡੀਆਨਾ



ਬਲਦੇਵ ਸਿੰਘ ਸੱਲ੍ਹਾਂ



ਗੁਰਮੀਤ ਸਿੰਘ ਸੱਲ੍ਹਾਂ



ਸਰਬਜੀਤ ਸਿੰਘ ਸੱਲ੍ਹਾਂ

## ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਖਾਲਸੇ ਦੇ ਸਾਜਨਾ ਪੁਰਬ ਅਤੇ ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
**1-866-FOR-RAJA** (367-7252)
**www.RajaSweets.com**




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.

## Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com
www.paradiseballrooms.com

# ਖਾਲਸਾ ਸਾਜਨਾ ਦਿਵਸ ਵਿਸਾਖੀ ਦੀ ਸਭ ਨੂੰ ਵਧਾਈ ਹੋਵੇ

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 31 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

**Time to buy new home in Tracy, Manteca, Lothrop and Stockton**

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067

DHMS, Loan Broker

CA BRE Lic.#01180969
NMLS# 352095

## Just Sold

1. 3242 Tristian Ave
   San Jose ca 95127
2. 3387 Rocky Mountain Dr
   San Jose ca 95127
3. 247 Dixon Rd
   Milpitas CA 95035
4. 37112 Aleppo Dr.
   Newark, CA 94560
5. 3437 Youngs Cir.
   San Jose, CA 95127
6. 5462 Spinnaker Ww #3
   San Jose, CA 95123
7. 130973 Brae Burn Ave,
   Haywar, CA 94544
8. 210 Valmy St.
   Milpitas, CA 95035
9. 2131 Cabana Ln.
   Tracy CA 95377
10. 2810 Crow Canyon Rd.
    San Ramon, CA 94583
11. 56 Benmore Dr.
    Hayward, CA 94542

**Call for Listing Special 2018**

Fremont Office:
86 Pilgrim Loop
Fremont CA 94539
Tel:510-440-9292



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015, 2016 & 2017
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

Follow us on zillow.com
and trulia.com

# Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.